15-SEP-PAGE-1.qxd 9/14/2024 10:52 PM Page 1

ਐਤਵਾਰ, 15 ਸਤੰਬਰ, 2024

31 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 105

# ਨਵਾਂ ਜ਼ਮਾਨਾ

DAILY NAWAN ZAMANA • SUNDAY, 15 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

**‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਦਹਿਸ਼ਤਗਰਦੀ ਆਖਰੀ ਸਾਹ ਲੈ ਰਹੀ : ਮੋਦੀ



**ਜੰਮੂ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਕਿਹਾ ਕਿ ਜੰਮੂ-ਕਸ਼ਮੀਰ ’ਚ ਦਹਿਸ਼ਤਗਰਦੀ ਆਖਰੀ ਸਾਹ ਲੈ ਰਹੀ ਹੈ ਅਤੇ ਉਨ੍ਹਾ ਦੀ ਸਰਕਾਰ ਨੇ ਇਸ ਸੁੰਦਰ ਖੇਤਰ ਨੂੰ ਨਸ਼ਟ ਕਰਨ ਵਾਲੀ ਵੰਸ਼ਵਾਦੀ ਰਾਜਨੀਤੀ ਦਾ ਮੁਕਾਬਲਾ ਕਰਨ ਲਈ ਇਕ ਨਵੀਂ ਲੀਡਰਸ਼ਿਪ ਪੇਸ਼ ਕੀਤੀ ਹੈ।

ਡੋਡਾ ਜ਼ਿਲ੍ਹੇ ’ਚ ਭਾਜਪਾ ਉਮੀਦਵਾਰਾਂ ਦੇ ਸਮਰਥਨ ’ਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ—ਅਸੀਂ ਅਤੇ ਤੁਸੀਂ ਮਿਲ ਕੇ ਜੰਮੂ-ਕਸ਼ਮੀਰ ਨੂੰ ਦੇਸ਼ ਦਾ ਇਕ ਸੁਰੱਖਿਅਤ ਤੇ ਖੁਸ਼ਹਾਲ ਹਿੱਸਾ ਬਣਾਵਾਂਗੇ। ਵਿਧਾਨ ਸਭਾ ਦੇ ਪਹਿਲੇ ਗੇੜ ਤਹਿਤ 18 ਸਤੰਬਰ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਚੋਣ ਰੈਲੀ ਸੀ। ਪ੍ਰਧਾਨ ਮੰਤਰੀ ਨੇ ਕਿਹਾ—ਆਜ਼ਾਦੀ ਤੋਂ ਬਾਅਦ ਜੰਮੂ-ਕਸ਼ਮੀਰ ਵਿਦੇਸ਼ੀ ਤਾਕਤਾਂ ਦੇ ਨਿਸ਼ਾਨੇ ’ਤੇ ਆ ਗਿਆ ਅਤੇ ਕਾਂਗਰਸ, ਨੈਸ਼ਨਲ ਕਾਨਫਰੰਸ ਤੇ ਪੀ ਡੀ ਪੀ ਦੀ ਵੰਸ਼ਵਾਦੀ ਰਾਜਨੀਤੀ ਨੇ ਇਸ ਸੋਹਣੇ ਖੇਤਰ ਨੂੰ ਅੰਦਰ ਤੋਂ ਖੋਖਲਾ ਕਰ ਦਿੱਤਾ। ਰਾਜਨੀਤਕ ਵੰਸ਼ਵਾਦੀਆਂ ਨੇ ਆਪਣੇ ਬੱਚਿਆਂ ਨੂੰ ਅੱਗੇ ਵਧਾਇਆ ਅਤੇ ਨਵੀਂ ਲੀਡਰਸ਼ਿਪ ਨੂੰ ਉਭਰਨ ਨਹੀਂ ਦਿੱਤਾ। 2014 ’ਚ ਕੇਂਦਰ ’ਚ ਸੱਤਾ ’ਚ ਆਉਣ ਤੋਂ ਤੁਰੰਤ ਬਾਅਦ ਅਸੀਂ ਨੌਜਵਾਨ ਲੀਡਰਸ਼ਿਪ ਨੂੰ ਉਭਾਰਨ ’ਤੇ ਧਿਆਨ ਕੇਂਦਰਤ ਕੀਤਾ। ਮੋਦੀ ਨੇ ਕੁਰੁਕਸ਼ੇਤਰ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਹਰਿਆਣਾ ਵਾਸੀਆਂ ਨੂੰ ਤੀਜੀ ਵਾਰ ਭਾਜਪਾ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਦਿਆਂ ਉਨ੍ਹਾ 100 ਦਿਨਾਂ ਵਿਚ ਵੱਡੇ ਫੈਸਲੇ ਲੈਣ ਦਾ ਵਾਅਦਾ ਕੀਤਾ ਸੀ। ਅਜੇ 100 ਦਿਨ ਪੂਰੇ ਨਹੀਂ ਹੋਏ ਤੇ 15 ਲੱਖ ਕਰੋੜ ਦੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਚੁੱਕੇ ਹਨ। ਗਰੀਬਾਂ ਪਰਵਾਰਾਂ ਲਈ ਤਿੰਨ ਕਰੋੜ ਪੱਕੇ ਮਕਾਨ ਮਨਜ਼ੂਰ ਕੀਤੇ ਜਾ ਚੁੱਕੇ ਹਨ। ਉਨ੍ਹਾ ਕਿਹਾ ਕਿ ਹਿਮਾਚਲ ਵਿਚ ਝੂਠੇ ਵਾਅਦੇ ਕਰਕੇ ਕਾਂਗਰਸ ਸੱਤਾ ’ਚ ਆਈ ਤੇ ਹੁਣ ਉੱਥੇ ਮੁਲਾਜ਼ਮ ਤਨਖਾਹ ਲਈ ਹੜਤਾਲ ਕਰ ਰਹੇ ਹਨ।

## 98 ਦਿਨਾਂ ’ਚ 25 ਹਮਲੇ ਹੋ ਚੁੱਕੇ ਹਨ : ਕਾਂਗਰਸ



**ਨਵੀਂ ਦਿੱਲੀ** : ਕਾਂਗਰਸ ਨੇ ਕਿਹਾ ਹੈ ਕਿ ਮੋਦੀ ਸਰਕਾਰ ਵਿਚ ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦਾਂ ਦੇ ਹਮਲੇ ਵਧੇ ਹਨ। ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ਼੍ਰੀਨੇਤ ਨੇ ਕਿਹਾ ਕਿ ਮੋਦੀ ਦੇ ਤੀਜੇ ਕਾਰਜਕਾਲ ’ਚ 98 ਦਿਨਾਂ ਵਿਚ ਦਹਿਸ਼ਤਗਰਦਾਂ ਨੇ 25 ਹਮਲੇ ਕੀਤੇ। ਉਨ੍ਹਾ ਕਿਹਾ—ਧਾਰ 370 ਖਤਮ ਕਰਨ ਵੇਲੇ ਅਗਸਤ 2019 ਵਿਚ ਵੱਡੇ ਦਾਅਵੇ ਕੀਤੇ ਗਏ ਸਨ ਕਿ ਜੰਮੂ-ਕਸ਼ਮੀਰ ’ਚ ਅਮਨ ਬਹਾਲ ਕਰ ਦਿੱਤਾ ਜਾਵੇਗਾ। ਮੈਂ 2014 ਜਾਂ 2019 ਦੀ ਗੱਲ ਨਹੀਂ ਕਰਦੀ, ਪਰ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਲੈ ਕੇ 98 ਦਿਨਾਂ ਵਿਚ 25 ਹਮਲਿਆਂ ’ਚ 21 ਜਵਾਨ ਸ਼ਹੀਦ ਹੋ ਚੁੱਕੇ ਹਨ ਤੇ 28 ਜ਼ਖਮੀ ਹੋਏ ਹਨ। 15 ਨਾਗਰਿਕ ਮਾਰੇ ਜਾ ਚੁੱਕੇ ਹਨ ਤੇ 47 ਜ਼ਖਮੀ ਹੋ ਚੁੱਕੇ ਹਨ। ਇਸ ਦਾ ਜਵਾਬ ਕੌਣ ਦੇਵੇਗਾ ? ਇਸੇ ਦੌਰਾਨ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦੋਸ਼ ਲਾਇਆ ਹੈ ਕਿ ਜੰਮੂ-ਕਸ਼ਮੀਰ ਭਾਜਪਾ ਅਤੇ ਆਰ ਐੱਸ ਐੱਸ ਵੱਲੋਂ ਕੰਟਰੋਲ ਕੀਤੀ ਜਾਂਦੀ ਅਫਸਰਸ਼ਾਹੀ ਦੀ ਜਗੀਰ ਬਣ ਗਿਆ ਹੈ। ਉਨ੍ਹਾ ਕਿਹਾ—2018 ’ਚ ਪੀ ਡੀ ਪੀ-ਭਾਜਪਾ ਸਰਕਾਰ ਡਿੱਗਣ ਦੇ ਬਾਅਦ ਤੋਂ ਜੰਮੂ-ਕਸ਼ਮੀਰ ਦਾ ਪ੍ਰਸ਼ਾਸਨ ਕੇਂਦਰ ਸਰਕਾਰ ਕੋਲ ਹੈ। ਅਜਿਹੇ ’ਚ ਨਾਨ-ਬਾਇਓਲੋਜੀਕਲ ਪ੍ਰਧਾਨ ਮੰਤਰੀ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਕਦੋਂ ਵਾਪਸ ਮਿਲੇਗਾ ?

## ਮੋਦੀ ਵੰਸ਼ਵਾਦੀਆਂ ਦੀ ਥਾਂ ਵਿਗੜਦੀ ਹਾਲਤ ਵੱਲ ਧਿਆਨ ਦੇਣ : ਉਮਰ



**ਕੁਲਗਾਮ** : ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਫਾਰੂਕ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਖਾਨਦਾਨੀ ਸਿਆਸਤ ਦਾ ਹਊਆ ਖੜ੍ਹਾ ਕਰਨ ਦੀ ਥਾਂ ਜੰਮੂ-ਕਸ਼ਮੀਰ ਦੀ ਵਿਗੜੀ ਸੁਰੱਖਿਆ ਸਥਿਤੀ ਵੱਲ ਧਿਆਨ ਦੇਣ। ਕਿਸ਼ਤਵਾੜ ਵਿਚ ਦੋ ਫੌਜੀ ਮਾਰੇ ਗਏ, ਪਰ ਮੋਦੀ ਉਨ੍ਹਾਂ ਬਾਰੇ ਕੁਝ ਨਹੀਂ ਬੋਲੇ। ਧਾਰਾ 370 ਖਤਮ ਕਰਨ ਵੇਲੇ ਮੋਦੀ ਨੇ ਕਿਹਾ ਸੀ ਕਿ ਕਸ਼ਮੀਰ ਵਿਚ ਹਿੰਸਾ 370 ਧਾਰਾ ਕਾਰਨ ਹੁੰਦੀ ਸੀ ਤੇ ਇਹ ਧਾਰਾ ਖਤਮ ਹੋਣ ਤੋਂ ਬਾਅਦ ਬੰਦੂਕਾਂ ਗਾਇਬ ਹੋ ਜਾਣਗੀਆਂ। ਇਸ ਦਾਅਵੇ ਨੂੰ ਪੰਜ ਸਾਲ ਹੋ ਗਏ, ਮੁਕਾਬਲੇ ਅਜੇ ਵੀ ਜਾਰੀ ਹਨ। ਉਨ੍ਹਾ ਇਹ ਵੀ ਕਿਹਾ ਕਿ ਸੱਤਾ ’ਤੇ ਹੱਥ ਵੱਜਦਾ ਨਜ਼ਰ ਆਵੇ ਤਾਂ ਭਾਜਪਾ ਵੰਸ਼ਵਾਦੀ ਪਾਰਟੀਆਂ ਨਾਲ ਹੱਥ ਮਿਲਾਉਣ ਤੋਂ ਨਹੀਂ ਸੰਗਦੀ।

## ਪੰਜਾਬ ਦੇ ਡਾਕਟਰਾਂ ਦੀ ਹੜਤਾਲ ਖਤਮ

### ਸੋਮ ਤੇ ਮੰਗਲਵਾਰ ਦੋ ਘੰਟੇ ਵੱਧ ਬੈਠਣਗੇ ਡਾਕਟਰ



ਹੜਤਾਲ ਖਤਮ ਹੋਣ ਤੋਂ ਬਾਅਦ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿਚ ਡਿਊਟੀ ’ਤੇ ਡਟਿਆ ਡਾਕਟਰ।

**ਚੰਡੀਗੜ੍ਹ** : ਪਿਛਲੇ 6 ਦਿਨਾਂ ਤੋਂ ਹੜਤਾਲ ’ਤੇ ਚੱਲ ਰਹੇ ਡਾਕਟਰਾਂ ਨੇ ਸਰਕਾਰ ਨਾਲ ਸ਼ਨੀਵਾਰ ਹੋਈ ਮੀਟਿੰਗ ਮਗਰੋਂ ਹੜਤਾਲ ਖਤਮ ਕਰਨ ਦਾ ਫੈਸਲਾ ਕੀਤਾ। ਪੀ ਸੀ ਐੱਮ ਐੱਸ ਏ ਨੇ ਕਿਹਾ ਕਿ ਸਰਕਾਰ ਨਾਲ ਮੀਟਿੰਗ ਚੰਗੇ ਮਾਹੌਲ ’ਚ ਹੋਈ ਤੇ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਮੰਨ ਲਿਆ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਲਦ ਹੀ ਡਾਕਟਰਾਂ ਦੀਆਂ ਨਵੀਆਂ ਭਰਤੀਆਂ ਕੀਤੀਆਂ ਜਾਣਗੀਆਂ। 400 ਡਾਕਟਰਾਂ ਦੀ ਫਿਲਹਾਲ ਭਰਤੀ ਕੀਤੀ ਵੀ ਜਾ ਰਹੀ ਹੈ। ਸੁਰੱਖਿਆ ਦੇ ਮੁੱਦਿਆਂ ਨੂੰ ਵੀ ਇਕ ਹਫਤੇ ਦੇ ਅੰਦਰ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਡਾਕਟਰਾਂ ਦੀਆਂ ਮੰਗਾਂ ਜਾਇਜ਼ ਸਨ। ਇਸ ਦੇ ਚਲਦੇ ਸਾਰੀਆਂ ਮੰਗਾਂ ਨੂੰ ਮੰਨ ਲਿਆ ਗਿਆ ਹੈ। ਜਲਦ ਹੀ ਨਵੀਂਆਂ ਸਹੂਲਤਾਂ ਵੀ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

ਪੀ ਸੀ ਐੱਮ ਐੱਸ ਏ ਦੇ ਪ੍ਰਧਾਨ ਡਾ. ਅਖਿਲ ਸਰੀਨ ਨੇ ਕਿਹਾ ਕਿ ਸਰਕਾਰ ਨੇ ਮੰਗਾਂ ਸਮਾਂਬੱਧ ਢੰਗ ਨਾਲ ਪੂਰੀਆਂ ਕਰਨ ਦਾ ਵਾਅਦਾ ਕੀਤਾ ਹੈ। ਮੰਗਾਂ ਵਿਚ ਐਸ਼ੋਰਡ ਕੈਰੀਅਰ ਪ੍ਰੋਗ੍ਰੈਸ਼ਨ (ਏ ਸੀ ਪੀ) ਸਕੀਮ ਬਹਾਲ ਕਰਨਾ ਸ਼ਾਮਲ ਹੈ, ਜਿਹੜੀ ਡਾਕਟਰਾਂ ਨੂੰ ਵਿੱਤੀ ਲਾਭ ਤੇ ਹਾਇਰ ਪੇ ਸਕੇਲ ਯਕੀਨੀ ਬਣਾਉਂਦੀ ਹੈ। ਉਨ੍ਹਾ ਕਿਹਾ ਕਿ ਲੋਕਾਂ ਨੂੰ ਹੋਈ ਪ੍ਰੇਸ਼ਾਨੀ ਦੇ ਮੱਦੇਨਜ਼ਰ 2500 ਡਾਕਟਰ ਸੋਮਵਾਰ ਤੇ ਮੰਗਲਵਾਰ ਦੋ-ਦੋ ਘੰਟੇ ਵੱਧ ਕੰਮ ਕਰਨਗੇ। ਉਂਜ ਸਿਹਤ ਕੇਂਦਰਾਂ ਵਿਚ ਓ ਪੀ ਡੀ ਦਾ ਸਮਾਂ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਦਾ ਹੁੰਦਾ ਹੈ।

## ਬਾਰਾਮੂਲਾ ’ਚ ਤਿੰਨ ਦਹਿਸ਼ਤਗਰਦ ਹਲਾਕ



ਪੱਟਨ ਇਲਾਕੇ ’ਚ ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਦੇ ਜਵਾਨ।

**ਸ੍ਰੀਨਗਰ** : ਬਾਰਾਮੂਲਾ ਜ਼ਿਲ੍ਹੇ ’ਚ ਸ਼ਨੀਵਾਰ ਮੁਕਾਬਲੇ ’ਚ 3 ਦਹਿਸ਼ਤਗਰਦ ਮਾਰੇ ਗਏ। ਪੁਲਸ ਨੇ ਦੱਸਿਆ ਕਿ ਉੱਤਰੀ ਕਸ਼ਮੀਰੀ ਜ਼ਿਲ੍ਹੇ ਦੇ ਪੱਟਨ ਇਲਾਕੇ ਦੇ ਚੱਕ ਟੱਪਰ ਕ੍ਰੀਰੀ ’ਚ ਸੁਰੱਖਿਆ ਬਲਾਂ ਨੇ ਸ਼ੁੱਕਰਵਾਰ ਦੇਰ ਰਾਤ ਘੇਰਾਬੰਦੀ ਕਰ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਦੌਰਾਨ ਦਹਿਸ਼ਤਗਰਦਾਂ ਨੇ ਸੁਰੱਖਿਆ ਬਲਾਂ ’ਤੇ ਗੋਲੀਬਾਰੀ ਕੀਤੀ, ਜਿਸ ਮਗਰੋਂ ਮੁਕਾਬਲਾ ਸ਼ੁਰੂ ਹੋ ਗਿਆ। ਸੁਰੱਖਿਆ ਬਲਾਂ ਨੇ ਇਲਾਕੇ ਨੂੰ ਚਾਰੋਂ ਪਾਸਿਓਂ ਘੇਰ ਲਿਆ ਅਤੇ ਸਵੇਰੇ 3 ਦਹਿਸ਼ਤਗਰਦ ਮਾਰ ਦਿੱਤੇ।

## ਮੋਦੀ ਜਾਣਬੁੱਝ ਕੇ ਮਨੀਪੁਰ ਨਹੀਂ ਜਾ ਰਹੇ : ਕਾਂਗਰਸ

ਨਵੀਂ ਦਿੱਲੀ : ਕਾਂਗਰਸ ਨੇ ਸ਼ਨੀਵਾਰ ਮੁੜ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਦੂਜੇ ਦੇਸ਼ਾਂ ਦੀ ਯਾਤਰਾ ਕਰ ਰਹੇ ਹਨ, ਪਰ ਅਸ਼ਾਂਤ ਸੂਬੇ ਮਨੀਪੁਰ ਜਾਣ ਤੋਂ ਜਾਣਬੁੱਝ ਕੇ ਬਚ ਰਹੇ ਹਨ।

ਮਨੀਪੁਰ ’ਚ ਪਿਛਲੇ ਸਾਲ ਮਈ ਤੋਂ ਹੁਣ ਤੱਕ ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿਚਾਲੇ ਸੰਘਰਸ਼ ’ਚ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

ਕਾਂਗਰਸ ਦੇ ਜਨਰਲ ਸਕੱਤਰ ਰਮੇਸ਼ ਨੇ ‘ਐੱਕਸ’ ਉੱਤੇ ਪਾਈ ਪੋਸਟ ’ਚ ਕਿਹਾ—3 ਮਈ 2023 ਨੂੰ ਮਨੀਪੁਰ ’ਚ ਹਿੰਸਾ ਭੜਕੀ ਅਤੇ ਸੂਬਾ ਸੜਨ ਲੱਗਾ। 3 ਜੂਨ 2023 ਨੂੰ ਹਿੰਸਾ ਅਤੇ ਦੰਗਿਆਂ ਦੇ ਫੈਲਣ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ।

ਇਸ ਨੂੰ ਆਪਣੀ ਰਿਪੋਰਟ ਸੌਂਪਣ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਅਜੇ ਤੱਕ ਕੋਈ ਰਿਪੋਰਟ ਨਹੀਂ ਸੌਂਪੀ ਗਈ ਅਤੇ ਕਮਿਸ਼ਨ ਦਾ ਸਮਾਂ 24 ਨਵੰਬਰ ਤੱਕ ਵਧਾ ਦਿੱਤਾ ਗਿਆ ਹੈ। ਇਸ ਵਿਚਾਲੇ ਮਨੀਪੁਰ ਦੇ ਲੋਕ ਲਗਾਤਾਰ ਦਰਦ ਦਾ ਸਾਹਮਣਾ ਕਰ ਰਹੇ ਹਨ।

### ‘ਸਰਕਾਰ ਦੇ ਮੂੰਹ ’ਚ ਦਹੀਂ ਜੰਮਿਆ’

**ਮੁੰਬਈ** : ਸ਼ਿਵ ਸੈਨਾ (ਯੂ ਬੀ ਟੀ) ਦੇ ਰਸਾਲੇ ‘ਸਾਮਨਾ’ ਵਿਚ ਛਪੇ ਲੇਖ ’ਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ ਰੂਸ-ਯੂਕਰੇਨ ਜੰਗ ਨੂੰ ਰੋਕਣ ਲਈ ਕਬੂਤਰ ਉਡਾ ਰਹੀ ਹੈ, ਪਰ ਮਨੀਪੁਰ ’ਚ ਲਗਾਤਾਰ ਹੋ ਰਹੀ ਹਿੰਸਾ ’ਤੇ ਕੋਈ ਠੋਸ ਕਦਮ ਨਹੀਂ ਚੁੱਕ ਰਹੀ। ਮਨੀਪੁਰ ਹਿੰਸਾ ਨੂੰ ਲੈ ਕੇ ਮੋਦੀ ਸਰਕਾਰ ਦੇ ਮੂੰਹ ’ਚ ਦਹੀਂ ਜੰਮਿਆ ਹੋਇਆ ਹੈ।

## ਪ੍ਰਧਾਨ ਮੰਤਰੀ ਦੇ ਘਰ ਵੱਛੀ ਦਾ ਜਨਮ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਘਰ ਵੱਛੀ ਨੇ ਜਨਮ ਲਿਆ ਹੈ। ਸ਼ਨੀਵਾਰ ਚੋਣ ਪ੍ਰਚਾਰ ਲਈ ਡੋਡਾ ਰਵਾਨਾ ਹੋਣ ਤੋਂ ਪਹਿਲਾਂ ਮੋਦੀ ਨੇ ਵੱਛੀ ਨਾਲ ਲਾਡ ਕਰਦਿਆਂ ਦੀ ਤਸਵੀਰ ਸਾਂਝੀ ਕੀਤੀ। ਉਨ੍ਹਾ ਵੱਛੀ ਦਾ ਨਾਂਅ ‘ਦੀਪਜਯੋਤੀ’ ਰੱਖਿਆ ਹੈ, ਕਿਉਂਕਿ ਉਸ ਦੇ ਮੱਥੇ ’ਤੇ ਰੌਸ਼ਨੀ ਦਾ ਚਿੰਨ੍ਹ ਹੈ।

## ਪਟਾਕੇ ਚਲਾਉਣ ’ਤੇ ਕੇਸ

**ਨਵੀਂ ਦਿੱਲੀ** : ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਤੋਂ ਰਿਹਾਅ ਹੋਣ ’ਤੇ ਉੱਤਰੀ ਦਿੱਲੀ ਦੇ ਸਿਵਲ ਲਾਈਨਜ਼ ’ਚ ਸਥਿਤ ਉਨ੍ਹਾ ਦੇ ਘਰ ਦੇ ਬਾਹਰ ਪਟਾਕੇ ਚੱਲਣ ਤੇ ਆਤਿਸ਼ਬਾਜ਼ੀ ਹੋਣ ਦੇ ਸੰਬੰਧ ’ਚ ਦਿੱਲੀ ਪੁਲਸ ਨੇ ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਹੈ। ਦਿੱਲੀ ਸਰਕਾਰ ਨੇ ਪ੍ਰਦੂਸ਼ਣ ਕੰਟਰੋਲ ਕਰਨ ਲਈ ਪਹਿਲੀ ਜਨਵਰੀ ਤੱਕ ਪਟਾਕਿਆਂ ਦੇ ਉਤਪਾਦਨ, ਵਿਕਰੀ ਅਤੇ ਇਸਤੇਮਾਲ ’ਤੇ ਪਾਬੰਦੀ ਲਗਾਈ ਹੋਈ ਹੈ।

## ਤਾਜ ਮਹਿਲ ਦਾ ਮੁੱਖ ਗੁੰਬਦ ਚੋਇਆ



**ਆਗਰਾ** : ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਮੀਂਹ ਕਰ ਕੇ ਤਾਜ ਮਹਿਲ ਦੇ ਮੁੱਖ ਗੁੰਬਦ ਤੋਂ ਪਾਣੀ ਰਿਸ ਰਿਹਾ ਹੈ ਅਤੇ ਕੰਪਲੈਕਸ ’ਚ ਸਥਿਤ ਇਕ ਬਾਗ ’ਚ ਪਾਣੀ ਭਰ ਗਿਆ ਹੈ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮੁੱਖ ਗੁੰਬਦ ’ਚ ਪਾਣੀ ਦਾ ਰਿਸਾਓ ਹੋ ਰਿਹਾ ਹੈ, ਪਰ ਇਸ ਨਾਲ ਇਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

## ਅੰਕੁਸ਼ ਭਈਆ ਗਰੋਹ ਦੇ 7 ਗੈਂਗਸਟਰ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**



ਜਲੰਧਰ ਦਿਹਾਤੀ ਪੁਲਸ ਨੇ ਬਦਨਾਮ ਅੰਕੁਸ਼ ਭਈਆ ਗਰੋਹ ਦੇ ਸੱਤ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਵਿਕਰਮ ਬਰਾੜ, ਗੋਲਡੀ ਬਰਾੜ, ਰਿੰਦਾ ਬਾਬਾ ਅਤੇ ਰਵੀ ਬਲਾਚੌਰੀਆ ਸਮੇਤ ਵੱਡੇ ਅਪਰਾਧਕ ਗਰੋਹਾਂ ਨਾਲ ਜੁੜੇ ਹੋਏ ਹਨ।

ਫੜੇ ਗਏ ਸੱਤ ਵਿਅਕਤੀਆਂ ਦੀ ਪਛਾਣ ਅੰਕੁਸ਼ ਸੱਭਰਵਾਲ ਉਰਫ ਭਾਯਾ ਵਾਸੀ ਮੁਹੱਲਾ ਰਿਸ਼ੀ ਨਗਰ, ਨਕੋਦਰ, ਪੰਕਜ ਸੱਭਰਵਾਲ ਉਰਫ਼ ਪੰਕੂ ਵਾਸੀ ਮੁਹੱਲਾ ਰਿਸ਼ੀ ਨਗਰ ਨਕੋਦਰ, ਵਿਸ਼ਾਲ ਸੱਭਰਵਾਲ ਉਰਫ ਭੱਠੂ ਵਾਸੀ ਰਿਸ਼ੀ ਨਗਰ ਨਕੋਦਰ, ਹਰਮਨਪ੍ਰੀਤ ਸਿੰਘ ਉਰਫ਼ ਹਰਮਨ ਵਾਸੀ ਮੁਹੱਲਾ ਰੌਂਤਾ, ਨਕੋਦਰ, ਜਸਕਰਨ ਸਿੰਘ ਪੁਰੇਵਾਲ ਉਰਫ ਕਰਨ ਉਰਫ ਜੱਸਾ ਵਾਸੀ ਮੁਹੱਲਾ ਗੌਂਸ, ਨਕੋਦਰ, ਆਰੀਅਨ ਸਿੰਘ ਵਾਸੀ ਪਿੰਡ ਨਮਾਜ਼ੀਪੁਰ, ਥਾਣਾ ਸ਼ਾਹਕੋਟ ਤੇ ਰੁਪੇਸ਼ ਕੁਮਾਰ ਵਾਸੀ ਰਿਸ਼ੀ ਨਗਰ, ਨਕੋਦਰ ਵਜੋਂ ਹੋਈ ਹੈ।ਮਾਮਲੇ ਵਿੱਚ ਕਰਨ ਸਭਰਵਾਲ ਉਰਫ਼ ਕਨੂੰ ਅਤੇ ਦਲਬੀਰ ਸਿੰਘ ਉਰਫ਼ ਹਰਮਨ ਉਰਫ਼ ਭੋਲਾ ਉਰਫ਼ ਲੰਗੜਾ ਨੂੰ ਨਾਮਜ਼ਦ ਕੀਤਾ ਗਿਆ ਹੈ। ਹੁਸ਼ਿਆਰਪੁਰ ਦਾ ਰਹਿਣ ਵਾਲਾ ਦੀਬੂ ਵੀ ਇਸ ਮਾਮਲੇ ਵਿੱਚ ਲੋੜੀਂਦਾ ਹੈ।ਮੀਡੀਆ ਨਾਲ ਗੱਲ ਕਰਦਿਆਂ ਐੱਸ ਐੱਸ ਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਸੰਗਠਤ ਅਪਰਾਧਾਂ ਖਿਲਾਫ਼ ਚੱਲ ਰਹੀ ਕਾਰਵਾਈ ਵਿੱਚ ਇਹ ਇੱਕ ਵੱਡੀ ਸਫਲਤਾ ਹੈ। ਇਨ੍ਹਾਂ ਅਪਰਾਧੀਆਂ ਦੀ ਗ੍ਰਿਫਤਾਰੀ ਇਨ੍ਹਾਂ ਹਿੰਸਕ ਗਰੋਹਾਂ ਦੀ ਰੀੜ੍ਹ ਦੀ ਹੱਡੀ ਨੂੰ ਤੋੜਨ ਵਿੱਚ ਇੱਕ ਮਹੱਤਵਪੂਰਨ ਜਿੱਤ ਹੈ।ਇਸ ਸਮੁੱਚੀ

● ਬਾਕੀ ਸਫ਼ਾ 2 ’ਤੇ

## ਮਮਤਾ ਭੈਣ ਬਣ ਕੇ ਡਾਕਟਰਾਂ ਨੂੰ ਮਨਾਉਣ ਪੁੱਜੀ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸ਼ਨੀਵਾਰ ਅਚਾਨਕ ਜੂਨੀਅਰ ਡਾਕਟਰਾਂ ਦੇ ਧਰਨਾ ਸਥਾਨ ’ਤੇ ਪੁੱਜੀ ਅਤੇ ਉਨ੍ਹਾਂ ਦੀਆਂ ਮੰਗਾਂ ’ਤੇ ਗੌਰ ਕਰਨ ਤੇ ਦੋਸ਼ੀ ਪਾਏ ਜਾਣ ਵਾਲੇ ਹਰ ਵਿਅਕਤੀ ਖਿਲਾਫ ਕਾਰਵਾਈ ਦਾ ਭਰੋਸਾ ਦਿੱਤਾ। ਸਾਲਟ ਲੇਕ ’ਚ ਸਵਾਸਥ ਭਵਨ ਦੇ ਬਾਹਰ ਪ੍ਰਦਰਸ਼ਨਕਾਰੀ ਡਾਕਟਰਾਂ ਨੂੰ ਸੰਬੋਧਨ ਕਰਦੇ ਹੋਏ ਬੈਨਰਜੀ ਨੇ ਕਿਹਾ ਕਿ ਡਾਕਟਰ ਬਾਰਿਸ਼ ’ਚ ਸੜਕ ’ਤੇ ਧਰਨਾ ਦੇ ਰਹੇ ਹਨ, ਜਿਸ ਕਾਰਨ ਉਨ੍ਹਾ ਦੀ ਰਾਤਾਂ ਦੀ ਨੀਂਦ ਉੱਡੀ ਹੋਈ ਹੈ। ਉਨ੍ਹਾ ਕਿਹਾ—ਮੈਂ ਤੁਹਾਨੂੰ ਮੁੱਖ ਮੰਤਰੀ ਵਜੋਂ ਨਹੀਂ, ਬਲਕਿ ਤੁਹਾਡੀ ਦੀਦੀ ਵਜੋਂ ਮਿਲਣ ਆਈ ਹਾਂ। ਮੈਂ ਤੁਹਾਨੂੰ ਭਰੋਸਾ ਦਿੰਦੀ ਹਾਂ ਕਿ ਤੁਹਾਡੀਆਂ ਮੰਗਾਂ ’ਤੇ ਗੌਰ ਕਰਾਂਗੀ ਅਤੇ ਜੇ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਕਰਾਂਗੀ। ਉਨ੍ਹਾ ਧਰਨੇ ’ਤੇ ਬੈਠੇ ਡਾਕਟਰਾਂ ਨੂੰ ਕੰਮ ’ਤੇ ਪਰਤਣ ਦੀ ਅਪੀਲ ਕੀਤੀ। ਬੈਨਰਜੀ ਨੇ ਇਹ ਐਲਾਨ ਵੀ ਕੀਤਾ ਕਿ ਸਾਰੇ ਸਰਕਾਰੀ ਹਸਪਤਾਲਾਂ ਦੀਆਂ ਮਰੀਜ਼ ਭਲਾਈ ਕਮੇਟੀਆਂ ਨੂੰ ਤੁਰੰਤ ਪ੍ਰਭਾਵ ਤੋਂ ਭੰਗ ਕਰ ਦਿੱਤਾ ਗਿਆ ਹੈ। ਬੈਨਰਜੀ ਨੇ ਕਿਹਾ—ਸੰਕਟ ਨੂੰ ਸੁਲਝਾਉਣ ਦੀ ਇਹ ਮੇਰੀ ਆਖਰੀ ਕੋਸ਼ਿਸ਼ ਹੈ। ਮੁੱਖ ਮੰਤਰੀ ਦੇ ਜਾਣ ਤੋਂ ਬਾਅਦ ਪ੍ਰਦਰਸ਼ਨਕਾਰੀ ਡਾਕਟਰਾਂ ਨੇ ਕਿਹਾ ਕਿ ਉਹ ਗੱਲਬਾਤ ਹੋਣ ਤੱਕ ਆਪਣੀਆਂ ਮੰਗਾਂ ਨੂੰ ਲੈ ਕੇ ਸਮਝੌਤਾ ਕਰਨ ਨੂੰ ਤਿਆਰ ਨਹੀਂ ਹਨ। ਇਸੇ ਦੌਰਾਨ ਸੀ ਪੀ ਆਈ (ਐੱਮ) ਆਗੂ ਕਲਾਤਨ

● ਬਾਕੀ ਸਫ਼ਾ 2 ’ਤੇ

## ਸੀਤਾ ਰਾਮ ਯੇਚੁਰੀ ਦੇ ਅੰਤਮ ਦਰਸ਼ਨ



**ਨਵੀਂ ਦਿੱਲੀ** : ਸੀ ਪੀ ਆਈ (ਐੱਮ) ਦੇ ਵਿਛੋੜਾ ਦੇ ਗਏ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੂੰ ਜ਼ਿੰਦਗੀ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਸ਼ਨੀਵਾਰ ਸ਼ਰਧਾਂਜਲੀ ਦਿੱਤੀ। ਉਨ੍ਹਾ ਦੀ ਮ੍ਰਿਤਕ ਦੇਹ ਪਾਰਟੀ ਦਫਤਰ ਵਿਚ ਰੱਖੀ ਹੋਈ ਸੀ। ਸ਼ਰਧਾਂਜਲੀ ਦੇਣ ਵਾਲਿਆਂ ਵਿਚ ਸੋਨੀਆ ਗਾਂਧੀ, ਪਾਰਟੀ ਦੇ ਸਾਬਕਾ ਜਨਰਲ ਸਕੱਤਰ ਪ੍ਰਕਾਸ਼ ਕਰਾਤ, ਬ੍ਰਿੰਦਾ ਕਰਾਤ, ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਤੇ ਸ਼ਰਦ ਪਵਾਰ ਸ਼ਾਮਲ ਸਨ।

## ਮੀਂਹ ਦੇ ਪਾਣੀ ਨਾਲ ਭਰੇ ਅੰਡਰਪਾਸ ’ਚ ਕਾਰ ਫਸੀ, ਦੋ ਬੈਂਕ ਮੁਲਾਜ਼ਮਾਂ ਦੀ ਮੌਤ

**ਫਰੀਦਾਬਾਦ (ਹਰਿਆਣਾ)**

ਓਲਡ ਫਰੀਦਾਬਾਦ ਰੇਲਵੇ ਅੰਡਰਪਾਸ ’ਚ ਪਾਣੀ ਭਰੇ ਹੋਣ ਕਾਰਨ ਸ਼ੁੱਕਰਵਾਰ ਦੇਰ ਰਾਤ ਕਾਰ ਫਸ ਗਈ ਤੇ ਉਸ ’ਚ ਸਵਾਰ ਦੋ ਬੈਂਕ ਮੁਲਾਜ਼ਮਾਂ ਦੀ ਮੌਤ ਹੋ ਗਈ।

ਕਾਰ ਸਵਾਰ ਪੁਨਿਆਸ਼੍ਰੇਅ ਸ਼ਰਮਾ (48) ਅਤੇ ਵਿਰਾਜ (26) ਗੁਰੂਗ੍ਰਾਮ ਤੋਂ ਗ੍ਰੇਟਰ ਫਰੀਦਾਬਾਦ ਸਥਿਤ ਆਪਣੇ ਘਰ ਪਰਤ ਰਹੇ ਸਨ। ਅਧਿਕਾਰੀਆਂ ਨੇ ਕਿਹਾ ਕਿ ਅੰਡਰਪਾਸ ’ਚ ਪਾਣੀ ਭਰਨ ਕਰਕੇ ਇਹਤਿਆਤ ਵਜੋਂ ਕਾਰਾਂ ਨੂੰ ਅੰਡਰਪਾਸ ਵੱਲ ਨਾ ਜਾਣ ਦੀ ਚਿਤਾਵਨੀ ਦਿੱਤੀ ਜਾ ਰਹੀ ਸੀ, ਪਰ ਰਾਤ ਕਰੀਬ 11.50 ਵਜੇ ਐੱਸ ਯੂ ਵੀ 700 ਸਾਰੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਅੰਡਰਪਾਸ ’ਚ ਦਾਖਲ ਹੋ ਗਈ ਅਤੇ ਡੂੰਘੇ ਪਾਣੀ ’ਚ ਫਸ ਗਈ।

ਰਾਹਗੀਰਾਂ ਨੇ ਕਾਰ ’ਚ ਫਸੇ ਦੋਵਾਂ ਨੂੰ ਕਾਫੀ ਕੋਸ਼ਿਸ਼ ਤੋਂ ਬਾਅਦ ਬਾਹਰ ਕੱਢਿਆ। ਵਿਰਾਜ ਦੀ ਮੌਤ ਹੋ ਚੁੱਕੀ ਸੀ, ਜਦਕਿ ਸ਼ਰਮਾ ਨੂੰ ਬਾਦਸ਼ਾਹ ਖਾਨ ਸਿਵਲ ਹਸਪਤਾਲ ਵਿਖੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।

## ਵਿਦਿਆਰਥੀ ਦੀ ਪੱਖੇ ਨਾਲ ਲਟਕਦੀ ਲਾਸ਼ ਮਿਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲ ’ਚ ਰਹਿੰਦੇ ਵਿਦਿਆਰਥੀ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਵਿਦਿਆਰਥੀ ਦੀ ਪਛਾਣ ਸ਼ੁਭਮ ਵਾਸੀ ਹਮੀਰਪੁਰ ਵਜੋਂ ਹੋਈ ਹੈ।ਸ਼ੁਭਮ ਬੀ ਫਾਰਮੇਸੀ ਭਾਗ ਪਹਿਲਾ ਦਾ ਵਿਦਿਆਰਥੀ ਸੀ ਤੇ ਯੂਨੀਵਰਸਿਟੀ ਦੇ ਬੰਦਾ ਸਿੰਘ ਬਹਾਦਰ ਹੋਸਟਲ ਦੀ 6ਵੀਂ ਮੰਜ਼ਲ ’ਤੇ ਕਮਰੇ ’ਚ ਰਹਿ ਰਿਹਾ ਸੀ। ਸ਼ਨੀਵਾਰ ਸਵੇਰੇ ਸ਼ੁਭਮ ਕਮਰੇ ’ਚੋਂ ਬਾਹਰ ਨਾ ਆਇਆ ਤਾਂ ਸਾਥੀਆਂ ਨੇ ਵਾਰਡਨ ਨੂੰ ਜਾਣਕਾਰੀ ਦਿੱਤੀ ਤੇ ਪੁਲਸ ਮੌਕੇ ’ਤੇ ਪੁੱਜੀ। ਸ਼ੁਭਮ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਗਰ ਨਿਗਮ ਬਟਾਲਾ ’ਚ ਹੋਈਆਂ ਧਾਂਦਲੀਆਂ ਦੀ ਜਾਂਚ ਕਰਵਾਈ ਜਾਵੇ : ਡਾ. ਤਜਿੰਦਰ ਭੱਲਾ

**ਸ਼ਾਹਕੋਟ (ਗਿਆਨ ਸੈਦਪੁਰੀ)**

ਜਲੰਧਰ ਜ਼ਿਲ੍ਹੇ ਦੇ ਕਸਬਾ ਸ਼ਾਹਕੋਟ ਦੇ ਇੱਕ ਨੌਜਵਾਨ ਡਾਕਟਰ (ਐੱਮ ਬੀ ਬੀ ਸੀ, ਐੱਮ ਐੱਸ ਆਰਥੋਪੈਡਿਕਸ) ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਬਟਾਲਾ ਦੀ ਇੱਕ ਨੌਜਵਾਨ ਡੈਂਟਿਸਟ ਦੇ ਚਾਵਾਂ-ਮਲ੍ਹਾਰਾਂ ਨਾਲ ਕੀਤੇ ਵਿਆਹ ਤੋਂ ਬਾਅਦ ਰਿਸ਼ਤੇ ’ਚ ਤਰੇੜਾਂ ਆਉਣ, ਤਾਹਨੇ-ਮਿਹਣਿਆਂ ਨਾਲ ਆਪਸੀ ਕੁੜੱਤਣ ਵਧ ਜਾਣ ’ਤੇ ਮਾਮਲਾ ਥਾਣੇ, ਕਚਹਿਰੀਆਂ ਵਿੱਚ ਖੱਜਲ-ਖੁਆਰੀ ਤੱਕ ਪਹੁੰਚਣ ਉਪਰੰਤ ਸਰਕਾਰੀ ਰਿਕਾਰਡ ਵਿੱਚ ਛੇੜਛਾੜ ਕਰਵਾਉਣ ਦੀ ਇਲਜ਼ਾਮ-ਤਰਾਸ਼ੀ ਹੋਣ ਦੀ ਕਹਾਣੀ ਸਾਹਮਣੇ ਆਈ ਹੈ। ਸਰਕਾਰੀ ਰਿਕਾਰਡ ਵਿੱਚ ਛੇੜਛਾੜ ਤੇ ਕੁਝ ਕਾਗਜ਼ਾਂ ਦੇ ਖੁਰਦ-ਬੁਰਦ ਕਰ ਦੇਣ ਦਾ ਦੋਸ਼ ਲਾਉਣ ਵਾਲੀ ਧਿਰ ਦਾ ਇਹ ਕਹਿਣਾ ਹੈ ਕਿ ਉਹਨਾਂ ਵੱਲੋਂ ਕੀਤੀ ਸ਼ਿਕਾਇਤ ਸਹੀ ਸਿੱਧ ਵੀ ਹੋ ਚੁੱਕੀ ਹੈ, ਜਿਸ ਦੀ ਜਾਣਕਾਰੀ ਆਰ ਟੀ ਆਈ ਰਾਹੀਂ ਪ੍ਰਾਪਤ ਕੀਤੀ ਹੈ।

ਇਸ ਮਸਲੇ ਸੰਬੰਧੀ ਡਾ. ਤਜਿੰਦਰ ਭੱਲਾ ਪਾਸੋਂ ਮਿਲੀ ਜਾਣਕਾਰੀ ਮੁਤਾਬਕ ਉਨ੍ਹਾ ਦਾ ਵਿਆਹ 2015 ਵਿੱਚ ਹੋਇਆ ਸੀ। ਜਲਦੀ ਹੀ ਪਤੀ-ਪਤਨੀ ਦੀ ਅਣਬਣ ਰਹਿਣ ਲੱਗ ਪਈ। ਸਮਾਜਕ ਅਤੇ ਪ੍ਰਵਾਰਕ ਚਾਰਾਜ਼ੋਈਆਂ ਦੇ ਬਾਵਜੂਦ ਇਕੱਠੇ ਰਹਿਣ ਦੀ ਸਹਿਮਤੀ ਨਾ ਹੋ ਸਕੀ।ਡਾ. ਮਮਤਾ ਸ਼ਰਮਾ (ਪਤਨੀ ਡਾ. ਤਜਿੰਦਰ ਭੱਲਾ) ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ 2023 ਵਿੱਚ ਪਟੀਸ਼ਨ ਵਿੱਚ ਆਪਣੀ ਜਨਮ ਮਿਤੀ 8-12-1977 ਦਰਸਾਈ ਹੈ।ਬਟਾਲਾ ਦੀਆਂ ਹੋਰ ਅਦਾਲਤਾਂ ਵਿੱਚ ਜਨਮ ਮਿਤੀ 2-12-1982 ਪੇਸ਼ ਕੀਤੀ ਹੈ। ਨਗਰ ਨਿਗਮ ਬਟਾਲਾ ਤੋਂ ਆਰ ਟੀ ਆਈ ਰਾਹੀਂ ਪ੍ਰਾਪਤ ਜਾਣਕਾਰੀ ਅਨੁਸਾਰ ਮਮਤਾ ਸ਼ਰਮਾ ਦੀ ਜਨਮ ਮਿਤੀ 2-12-1982 ਹੀ ਹੈ। ਦੂਸਰੇ ਪਾਸੇ ਮਮਤਾ ਸ਼ਰਮਾ ਦੇ ਮੈਟ੍ਰਿਕ ਸਰਟੀਫਿਕੇਟ ਅਤੇ ਬੁੱਧਾ ਇੰਸਟੀਚਿਊਟ ਆਫ ਡੈਂਟਲ ਕੌਂਸਲ ਕੋਲ ਰਜਿਸਟ੍ਰੇਸ਼ਨ ਨੰਬਰ 2636 ਮਿਤੀ 22-8-2001 ਦੇ ਤਹਿਤ ਜਨਮ ਮਿਤੀ 8-12- 1977 ਹੈ। ਸਥਾਨਕ ਰਜਿਸਟਰਾਰ ਨਗਰ ਨਿਗਮ ਬਟਾਲਾ ਤੋਂ ਆਰ ਟੀ ਆਈ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਮਮਤਾ ਸ਼ਰਮਾ ਦੀ ਜਨਮ ਮਿਤੀ 2-12-1982 ਹੈ। ਇਸ ਤੋਂ ਇਲਾਵਾ ਮਮਤਾ ਸ਼ਰਮਾ ਦੇ ਮਾਤਾ-ਪਿਤਾ ਦੀ ਵਿੱਦਿਅਕ ਯੋਗਤਾ ਰਜਿਸਟਰਡ ਜਾਣਕਾਰੀ ਨਾਲ ਮੇਲ ਨਹੀਂ ਖਾਂਦੀ। ਉਸ ਦੇ ਮਾਤਾ-ਪਿਤਾ ਦੋਵੇਂ ਪੋਸਟ ਗ੍ਰੈਜੂਏਟ ਹਨ, ਜਦੋਂ ਕਿ ਨਗਰ ਨਿਗਮ ਬਟਾਲਾ ਦੇ ਜਨਮ ਰਜਿਸਟਰਾਰ ਵਿੱਚ ਉਨ੍ਹਾ ਦੀ ਯੋਗਤਾ ਮੈਟ੍ਰਿਕ ਵਿਖਾਈ ਗਈ ਹੈ। ਇਸ ਤੋਂ ਬਿਨਾਂ ਨਗਰ ਨਿਗਮ ਦੇ ਰਿਕਾਰਡ ਵਿੱਚ ਹੋਰ ਵੀ ਕਥਿਤ ਧਾਂਦਲੀਆਂ ਸਾਹਮਣੇ ਆਈਆਂ ਹਨ।

ਡਾ. ਭੱਲਾ ਅਨੁਸਾਰ ਰਜਿਸਟਰਾਰ ਨਗਰ ਨਿਗਮ ਬਟਾਲਾ ਕੋਲ ਉਹਨਾ ਦੀ ਸ਼ਿਕਾਇਤ ਲੰਮੇ ਸਮੇਂ ਤੋਂ ਪਈ ਹੈ।ਸ਼ਿਕਾਇਤ ਦੀ ਜਾਂਚ ਨਹੀ ਕੀਤੀ ਗਈ।ਇਸ ਨਾਲ ਬਿਨੈਕਾਰ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੋਇਆ ਹੈ ਅਤੇ ਉਹ ਨਿਆਂ ਤੋਂ ਵਾਂਝਾ ਹੋ ਗਿਆ ਹੈ।ਡਾ. ਭੱਲਾ ਨੇ ਸਰਕਾਰ ਕੋਲ਼ੋਂ ਮੰਗ ਕੀਤੀ ਕਿ ਜਨਮ ਮਿਤੀਆਂ ਅਤੇ ਹੋਰ ਜਾਣਕਾਰੀਆਂ ਵਿੱਚ ਕਥਿਤ ਧਾਂਦਲੀਆਂ ਦੀ ਜਾਂਚ ਕਰਵਾ ਕੇ ਸੰਬੰਧਤ ਅਧਿਕਾਰੀਆਂ ਵਿਰੁੱਧ ਕਰਵਾਈ ਕੀਤੀ ਜਾਵੇ। ਇਸ ਦੌਰਾਨ ਇਸ ਪੱਤਰਕਾਰ ਨੇ ਇਸ ਮਾਮਲੇ ਬਾਰੇ ਫੋਨ ’ਤੇ ਐੱਸ ਡੀ ਐੱਮ ਬਟਾਲਾ ਪਾਸੋਂ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾ ਕਿਹਾ ਕਿ ਉਹ ਇਸ ਕੇਸ ਦੀ ਸੱਚਾਈ ਜਾਣ ਕੇ ਕੋਈ ਫੈਸਲਾ ਦੇਣਗੇ।ਇਸ ਤੋਂ ਪਹਿਲਾਂ ਇਸ ਮਾਮਲੇ ਨਾਲ ਸੰਬੰਧਤ ਕਰਮਚਾਰੀ ਨੇ ਕਿਹਾ ਕਿ ਅਸੀਂ ਡੀ ਸੀ ਗੁਰਦਾਸਪੁਰ ਨੂੰ ਇਸ ਸੰਬੰਧੀ ਰਿਪੋਰਟ ਭੇਜ ਦਿੱਤੀ ਹੈ। ਇਹ ਮਾਮਲਾ ਕਾਰਪੋਰੇਸ਼ਨ ਨਾਲ ਸੰਬੰਧਤ ਹੈ। ਮੌਤ ਅਤੇ ਜਨਮ ਨਾਲ ਸੰਬੰਧਤ ਨਗਰ ਨਿਗਮ ਦੇ ਇੱਕ ਅਧਿਕਾਰੀ ਨੂੰ ਇਸ ਮਾਮਲੇ ਸਬੰਧੀ ਫੋਨ ਕੀਤਾ ਤਾਂ ਉਨ੍ਹਾ ਦਾ ਕਹਿਣਾ ਸੀ ਕਿ ਮਾਮਲੇ ਵਿੱਚ ਕੋਈ ਗੜਬੜ ਤਾਂ ਲੱਗਦੀ ਹੈ। ਸੀਨੀਅਰ ਸਕੱਤਰ ਨਗਰ ਨਿਗਮ ਦਾ ਕਹਿਣਾ ਸੀ ਕਿ ਜਲਦੀ ਹੀ ਇਹ ਮਾਮਲਾ ਕਿਸੇ ਤਣ-ਪੱਤਣ ਲੱਗ ਜਾਵੇਗਾ। ਸੰਬੰਧਤ ਸਾਰੀਆਂ ਧਿਰਾਂ ਦੇ ਪੱਖ ਸੁਣਨ ਤੋਂ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਨਗਰ ਨਿਗਮ ਬਟਾਲਾ ਵਿੱਚ ਕਥਿਤ ਹੋਈਆਂ ਬੇਨਿਯਮੀਆਂ ਦੀ ਉੱਚ ਅਧਿਕਾਰੀ ਜਾਂਚ ਕਰਕੇ ਸੰਬੰਧਤ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

## ਅੱਜ-ਨਾਮਾ

ਮੋਦੀ ਪਕੜ ਹਮਲਾਵਰ ਜਿਹੀ ਚੋਣ ਨੀਤੀ,
ਜੰਮੂ-ਕਸ਼ਮੀਰ ਨੂੰ ਪਿਆ ਈ ਚੱਲ ਮੀਆਂ।
ਆਪਣੇ ਆਗੂਆਂ ਦੇ ਨੁਕਸ ਗੌਲਦਾ ਨਹੀਂ,
ਵਿਰੋਧੀ ਆਗੂਆਂ ਦੀ ਦੱਸਦਾ ਗੱਲ ਮੀਆਂ।
ਸਿਹਰਾ ਲੈਣ ਲਈ ਨਾਲ ਉਹ ਕਹੀ ਜਾਵੇ,
ਮਸਲੇ ਕੀਤੇ ਪਏ ਸਾਰੇ ਬੱਸ ਹੱਲ ਮੀਆਂ।
ਜਨਤਾ ਸਾਰੀ ਹਕੀਕਤ ਪਈ ਜਾਣਦੀ ਆ,
ਮਿਲਦੀ ਕਦੇ ਨਾ ਗੱਲਾਂ ਨਾਲ ਭੱਲ ਮੀਆਂ।
ਮਸਲੇ ਕੀਤੇ-ਕਰਵਾਏ ਗਏ ਹੱਲ ਜੇਕਰ,
ਦੂਸਰੇ ਕਿਸੇ ਦੀ ਕੋਈ ਨਹੀਂ ਲੋੜ ਮੀਆਂ।
ਭਾਜਪਾ ਕਈਆਂ ਦੇ ਦਰ ਖੜਕਾਈ ਜਾਵੇ,
’ਵਾਜ਼ਾਂ ਮਾਰਦੀ ਕਰਨ ਲਈ ਜੋੜ ਮੀਆਂ।

-ਤੀਸ ਮਾਰ ਖਾਂ

## ਪਾਕਿ ਨੇ ਲੀਡ ਲਈ, ਪਰ ਅੰਤ ਨੂੰ ਜਿੱਤਿਆ ਭਾਰਤ




**ਹੁਲੁਨਬੁਈਰ (ਚੀਨ)** : ਪਿਛਲੇ ਚੈਂਪੀਅਨ ਭਾਰਤ ਨੇ ਆਪਣੀ ਜੇਤੂ ਮੁਹਿੰਮ ਜਾਰੀ ਰੱਖਦੇ ਹੋਏ ਸ਼ਨੀਵਾਰ ਹੀਰੋ ਏਸ਼ੀਆਈ ਚੈਂਪੀਅਨਜ਼ ਟਰਾਫੀ ’ਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 2-1 ਨਾਲ ਹਰਾਇਆ। ਛੇ ਟੀਮਾਂ ਦੇ ਰਾਊਂਡ ਰੌਬਿਨ ਟੂਰਨਾਮੈਂਟ ’ਚ ਭਾਰਤ ਦੀ ਇਹ ਲਗਾਤਾਰ ਪੰਜਵੀਂ ਜਿੱਤ ਹੈ।

ਪਾਕਿਸਤਾਨ ਨੇ ਅਹਿਮਦ ਨਦੀਮ ਵੱਲੋਂ ਅੱਠਵੇਂ ਮਿੰਟ ’ਚ ਕੀਤੇ ਗਏ ਗੋਲ ਨਾਲ ਬੜ੍ਹਤ ਹਾਸਲ ਕੀਤੀ, ਪਰ ਹਰਮਨਪ੍ਰੀਤ ਸਿੰਘ ਨੇ 13ਵੇਂ ਤੇ 19ਵੇਂ ਮਿੰਟ ’ਚ ਦੋ ਪੈਨਲਟੀ ਕਾਰਨਰ ਗੋਲ ’ਚ ਬਦਲ ਕੇ ਭਾਰਤ ਨੂੰ ਜਿੱਤ ਦਿਵਾਈ। ਇਸ ਮੈਚ ਤੋਂ ਪਹਿਲਾਂ ਹੀ ਭਾਰਤ ਤੇ ਪਾਕਿਸਤਾਨ ਨੇ ਉਤਲੀਆਂ ਚਾਰ ਟੀਮਾਂ ਵਿਚ ਰਹਿ ਕੇ 16 ਸਤੰਬਰ ਨੂੰ ਹੋਣ ਵਾਲੇ ਸੈਮੀਫਾਈਨਲ ਲਈ ਕੁਆਲੀਫਾਈ ਕਰ ਲਿਆ ਸੀ। ਫਾਈਨਲ ਮੁਕਾਬਲਾ 17 ਸਤੰਬਰ ਨੂੰ ਹੋਵੇਗਾ। ਪਾਕਿਸਤਾਨ ਨੇ ਇਸ ਮੈਚ ਤੋਂ ਪਹਿਲਾਂ 2 ਮੈਚ ਜਿੱਤੇ ਤੇ 2 ਬਰਾਬਰ ਰੱਖੇ। ਪਾਕਿਸਤਾਨ ਦਾ ਪ੍ਰਦਰਸ਼ਨ ਇਸ ਪੱਖੋਂ ਚੰਗਾ ਰਿਹਾ ਹੈ ਕਿ ਉਹ ਪਿਛਲੇ ਤਿੰਨ ਉਲੰਪਿਕ ਟੂਰਨਾਮੈਂਟ ਨਹੀਂ ਖੇਡ ਸਕਿਆ।

CMYK

## ਕਿਸਾਨ ਪ੍ਰੇਸ਼ਾਨੀ ਤੋਂ ਬਚਣ ਲਈ ਮੰਡੀਆਂ 'ਚ 17 ਫੀਸਦੀ ਨਮੀ ਵਾਲਾ ਝੋਨਾ ਹੀ ਲਿਆਉਣ : ਪ੍ਰਧਾਨ ਕੁੰਦਰਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਅਨਾਜ ਮੰਡੀ ਦੇ ਸਮੂਹ ਆੜ੍ਹਤੀਆਂ ਵੱਲੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ ਜਿਹੜਾ ਕਿਸਾਨ ਮੰਡੀਆਂ ਵਿੱਚ 17 ਫੀਸਦੀ ਨਮੀ ਵਾਲਾ ਝੋਨਾ ਲੈ ਕੇ ਆਵੇਗਾ, ਉਸ ਦੀ ਹੀ ਖਰੀਦ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮਾਛੀਵਾੜਾ ਅਨਾਜ ਮੰਡੀ ਵਿੱਚ ਝੋਨੇ ਦੀ ਅਗੇਤੀ ਕਿਸਮ ਦੀ ਆਮਦ ਸ਼ੁਰੂ ਹੋ ਚੁੱਕੀ ਹੈ, ਜਿਸ ਨੂੰ ਪ੍ਰਾਈਵੇਟ ਤੌਰ 'ਤੇ ਵਪਾਰੀ ਖਰੀਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਨਾਜ ਮੰਡੀ ਮਾਛੀਵਾੜਾ ਵਿੱਚ ਸਰਕਾਰੀ ਤੌਰ 'ਤੇ ਝੋਨੇ ਦੀ ਫਸਲ 1 ਅਕਤੂਬਰ ਤੋਂ ਸ਼ੁਰੂ ਹੋ ਜਾਵੇਗੀ, ਪਰ ਜੇਕਰ ਕੋਈ ਵੀ ਕਿਸਾਨ 17 ਫੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਲੈ ਕੇ ਆਇਆ ਤਾਂ ਉਹ ਨਹੀਂ ਵਿਕੇਗਾ ਅਤੇ ਆਉਣ ਵਾਲੀ ਪ੍ਰੇਸ਼ਾਨੀ ਲਈ ਜ਼ਿੰਮੇਵਾਰ ਕਿਸਾਨ ਹੀ ਹੋਵੇਗਾ। ਇਸ ਲਈ ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਜਲਦਬਾਜ਼ੀ ਨਾ ਕਰਨ ਤੇ ਫਸਲ ਪੂਰੀ ਤਰ੍ਹਾਂ ਪੱਕਣ ਉਪਰੰਤ ਹੀ ਉਸ ਨੂੰ ਕਟਾਈ ਕਰ ਮੰਡੀ ਵਿੱਚ ਵੇਚਣ ਲਈ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਫਿਲਹਾਲ ਸ਼ੈਲਰ ਮਾਲਕਾਂ ਵੱਲੋਂ ਵੀ ਇਸ ਸਾਲ ਵਿੱਤੀ ਆਰਥਿਕ ਘਾਟੇ ਕਾਰਨ ਝੋਨੇ ਦੀ ਚੁਕਾਈ ਤੋਂ ਹੱਥ ਖਿੱਚਿਆ ਹੋਇਆ ਹੈ ਤੇ ਉਹ 17 ਫੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਤਾਂ ਬਿਲਕੁਲ ਵੀ ਨਹੀਂ ਚੁੱਕਣਗੇ।

## ਦਸਮੇਸ਼ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ




**ਕੋਟਕਪੂਰਾ, (ਰਛਪਾਲ ਭੁੱਲਰ)** ਦਸਮੇਸ਼ ਪਬਲਿਕ ਸਕੂਲ ਆਪਣੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਜਾਣੀ ਜਾਂਦੀ ਹੈ।ਇਸੇ ਲੜੀ ਵਿੱਚ ਵਾਧਾ ਕਰਦਿਆਂ ਸੰਸਥਾ ਦੇ ਹੋਣਹਾਰ ਵਿਦਿਆਰਥੀਆਂ ਨੇ ਸਕੂਲ ਮੁਖੀ ਸੁਰਿੰਦਰ ਸਿੰਘ ਦੀ ਪ੍ਰੇਰਨਾ ਅਤੇ ਕੋਆਰਡੀਨੇਟਰਜ ਗਗਨਦੀਪ ਸਿੰਘ ਬਰਾੜ ਤੇ ਮੈਡਮ ਵੀਨਾ ਗਰੋਵਰ ਦੀ ਸੁਚੱਜੀ ਅਗਵਾਈ ਅਧੀਨ ਸਕੂਲੀ ਜ਼ਿਲ੍ਹਾ ਪੱਧਰੀ ਵੱਖ-ਵੱਖ ਖੇਡਾਂ 'ਚ ਮੱਲਾਂ ਮਾਰੀਆਂ ਹਨ। ਜ਼ਿਕਰਯੋਗ ਹੈ ਕਿ ਜਪਮਨ ਸਿੰਘ ਤੇ ਸਾਥੀਆਂ ਅੰਡਰ-17 ਨੇ ਬਾਸਕਟਬਾਲ ਵਿੱਚ ਸੋਨ ਤਮਗਾ, ਪਰਮਪਾਲ ਗਰੋਵਰ ਅੰਡਰ-14 ਤੇ ਸਨੋਵਰ ਕੌਰ ਸੰਧੂ ਅੰਡਰ-17 ਨੇ ਸ਼ਤਰੰਜ ਖੇਡ 'ਚ ਸੋਨ ਤਮਗਾ, ਜਸਨੂਰ ਕੌਰ ਸਿੱਧੂ ਅੰਡਰ-14 ਨੇ ਬਾਕਸਿੰਗ ਖੇਡ ਵਿੱਚ ਸੋਨ ਤਮਗਾ, ਜਪਨੀਤ ਕੌਰ ਤੇ ਸਾਥੀਆਂ ਅੰਡਰ-14 ਨੇ ਹਾਕੀ ਖੇਡ ਵਿੱਚ ਸੋਨ ਤਮਗਾ, ਏਕਮਪ੍ਰੀਤ ਕੌਰ ਤੇ ਕੁਦਰਤ ਅੰਡਰ-17 ਨੇ ਬੈਡਮਿੰਟਨ ਖੇਡ 'ਚ ਸਿਲਵਰ ਤਮਗਾ ਅਤੇ ਮਾਹਿਰ ਸੇਠੀ ਅਤੇ ਸਾਥੀਆਂ ਨੇ ਰਗਬੀ ਖੇਡ ਵਿੱਚ ਸਿਲਵਰ ਤਮਗਾ ਹਾਸਲ ਕਰਕੇ ਆਪਣੇ ਖੇਡ ਅਧਿਆਪਕਾਂ ਨੂੰ ਮਾਣ ਮਹਿਸੂਸ ਕਰਾਇਆ।

## ਮਾਨਵਤਾ ਪਬਲਿਕ ਸਕੂਲ ਵਿਖੇ ਦੰਦਾਂ ਦਾ ਚੈੱਕਅੱਪ ਕੈਂਪ ਲਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫ਼ਿਰੋਜ਼ਪੁਰ ਸ਼ਹਿਰ ਸਥਿਤ ਮਾਨਵਤਾ ਪਬਲਿਕ ਸਕੂਲ ਵਿਖੇ ਦੰਦਾਂ ਦਾ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਸਿਖਲਾਈ ਪ੍ਰਾਪਤ ਡਾਕਟਰਾਂ ਨੇ ਸਕੂਲ ਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ।ਸਕੂਲ ਦੀ ਪ੍ਰਿੰਸੀਪਲ ਸਪਨਾ ਧਵਨ ਨੇ ਦੱਸਿਆ ਕਿ ਸਕੂਲ ਵਿੱਚ ਦੰਦਾਂ ਦਾ ਮੁਫਤ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਜੈਨੇਸਿਸ ਡੈਂਟਲ ਕਾਲਜ ਤੋਂ ਡਾ. ਸੁਕੀਰਤ ਕੌਰ, ਡਾ. ਮਨੀਸ਼ਾ ਤੇ ਡਾ. ਸਿਰਜਨ ਨੇ ਸਕੂਲ ਦੀਆਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ।ਇਸ ਮੌਕੇ ਪੀ ਆਰ ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਸਕੂਲ ਸਟਾਫ਼ ਹਾਜ਼ਰ ਸੀ।

## ਗੁਰੂ ਨਾਨਕ ਕਾਲਜ ਵੱਲੋਂ ਗੁਰਮਤਿ ਚੇਤਨਾ ਮਾਰਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵੱਲੋਂ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਤੇ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਵਿਦਿਆਰਥੀਆਂ ਅਤੇ ਸਮੂਹ ਸਟਾਫ ਵੱਲੋਂ ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ।ਗੁਰਮਤਿ ਮਾਰਚ ਤੋਂ ਪਹਿਲਾਂ ਸਵੇਰੇ ਕਾਲਜ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕੀਤੇ ਗਏ।ਵਿਦਿਆਰਥੀਆਂ ਵੱਲੋਂ ਕੇਸਰੀ ਤੇ ਨੀਲੇ ਰੰਗ ਦੀਆਂ ਦਸਤਾਰਾਂ ਅਤੇ ਦੁਪੱਟੇ ਸਜਾ ਕੇ ਗੁਰਮਤਿ ਮਾਰਚ ਕੱਢਿਆ ਗਿਆ, ਜੋ ਕਾਲਜ ਤੋਂ ਹੁੰਦਾ ਹੋਇਆ ਜਲਾਲਾਬਾਦ ਰੋਡ ਰਾਹੀਂ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਉਪਰੰਤ ਮਾਰਚ ਕਾਲਜ ਪਹੁੰਚਿਆ।ਡੀਨ, ਧਰਮ ਅਧਿਐਨ ਡਾ. ਸੁਖਵਿੰਦਰ ਸਿੰਘ ਵੱਲੋਂ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਡੀਨ ਅਕਾਦਮਿਕ ਡਾ. ਨੀਨਾ ਮਹਿਤਾ ਨੇ ਕਿਹਾ ਕਿ ਗੁਰਮਤਿ ਚੇਤਨਾ ਮਾਰਚ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਸੰਦੇਸ਼ ਦੇਣਾ ਤੇ ਸਿੱਖ ਇਤਿਹਾਸ ਨਾਲ ਜੋੜਨਾ ਹੈ।

## ਨਿਸ਼ਾਨ ਅਕੈਡਮੀ ਵਿਖੇ ਹਿੰਦੀ ਦਿਵਸ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)** : ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਤੇ ਹਰ ਇਕ ਖਾਸ ਦਿਨ ਦੀ ਮਹੱਤਤਾ ਬਾਰੇ ਪੂਰਨ ਜਾਣਕਾਰੀ ਦੇਣ ਨੂੰ ਧਿਆਨ 'ਚ ਰੱਖਦੇ ਹੋਏ ਅਕੈਡਮੀ ਦੇ ਹਿੰਦੀ ਵਿਭਾਗ ਦੇ ਸਾਰੇ ਅਧਿਆਪਕਾਂ ਵੱਲੋਂ ਹਿੰਦੀ ਦਿਵਸ ਨੂੰ ਬੜੇ ਸੁਚੱਜੇ ਢੰਗ ਨਾਲ ਮਨਾਇਆ ਗਿਆ। ਬੜੇ ਥੋੜ੍ਹੇ ਸਮੇਂ ਦੀ ਤਿਆਰੀ ਵਿੱਚ ਬਹੁਤ ਸੁੰਦਰ ਗਤੀਵਿਧੀਆਂ ਕਰਵਾਈਆਂ ਗਈਆਂ। ਸਾਰੀਆਂ ਹੀ ਗਤੀਵਿਧੀਆਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਰਾਹੀਂ ਵਿਦਿਆਰਥੀਆਂ ਨੂੰ ਹਿੰਦੀ ਵਿਸ਼ੇ ਬਾਰੇ ਵੱਧ ਜਾਣਕਾਰੀ ਪ੍ਰਾਪਤ ਹੋ ਸਕੇ। ਪ੍ਰੋਗਰਾਮ ਦੀ ਸ਼ੁਰੂਆਤ ਹਿੰਦੀ ਵਿਭਾਗ ਦੇ ਅਧਿਆਪਕ ਮੈਡਮ ਰਜਨੀ ਅਰੋੜਾ ਦੇ ਭਾਸ਼ਣ ਨਾਲ ਕੀਤੀ ਗਈ। ਉਸ ਤੋਂ ਬਾਅਦ ਭਾਸ਼ਾ ਦਾ ਮਹੱਤਤਾ, ਕਹਾਣੀ ਲੇਖਨ, ਦੋਹੇ ਮੁਹਾਵਰੇ, ਸੰਵਾਦ ਆਦਿ ਨੂੰ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆ ਜਿਵੇਂ ਕੋਰੀਓਗ੍ਰਾਫੀ ਗਰੁੱਪ ਡਾਂਸ, ਨਾਟਕ, ਕਵਿਤਾ ਉਚਾਰਨ ਰਾਹੀਂ ਪੇਸ਼ ਕੀਤਾ ਗਿਆ। ਸਾਰੀਆਂ ਗਤੀਵਿਧੀਆਂ ਨੂੰ ਤਿਆਰ ਕਰਵਾਉਣ ਲਈ ਹਿੰਦੀ ਵਿਭਾਗ ਦੇ ਅਧਿਆਪਕ ਮੈਡਮ ਰਜਨੀ ਅਰੋੜਾ, ਦਵਿੰਦਰ ਕੌਰ, ਰੇਖਾ ਰਾਣੀ, ਹਰਪ੍ਰੀਤ ਕੌਰ, ਨੇਹਾ ਅਰੋੜਾ ਤੋਂ ਇਲਾਵਾ ਮਾਸਟਰ ਗੁਰਦੀਪ ਸਿੰਘ ਤੇ ਸੰਗੀਤ ਅਧਿਆਪਕ ਸਤਵਿੰਦਰ ਸਿੰਘ ਨੇ ਵੀ ਆਪਣਾ ਯੋਗਦਾਨ ਪਾਇਆ। ਪ੍ਰੋਗਰਾਮ ਦੀਆਂ ਸਾਰੀਆਂ ਹੀ ਗਤੀਵਿਧੀਆਂ ਦੀ ਅਕੈਡਮੀ ਦੇ ਚੇਅਰਮੈਨ ਕਸ਼ਮੀਰ ਸਿੰਘ, ਡਾਇਰੈਕਟਰ ਇਰਉਂਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਵਾਈਸ ਪ੍ਰਿੰ. ਵੀਰਪਾਲ ਕੌਰ ਵੱਲੋਂ ਸ਼ਲਾਘਾ ਕੀਤੀ ਗਈ।

## ਬਲਜੀਤ ਸਿੰਘ ਖੀਵਾ ਨੂੰ ਮੁੱਖ ਸਲਾਹਕਾਰ ਨਿਯੁਕਤ



**ਕੋਟਕਪੂਰਾ, (ਰਛਪਾਲ ਭੁੱਲਰ)** ਗੁਰਦੁਆਰਾ ਪਾਤਸ਼ਾਹੀ ਦਸਵੀਂ ਛਾਉਣੀ ਨਿਹੰਗ ਸਿੰਘਾਂ ਅਧੀਨ ਚੱਲ ਰਹੀ ਸੰਸਥਾ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਦਾ ਗਠਨ 2007 ਵਿੱਚ ਹੋਇਆ ਸੀ ਤੇ ਬੀਤੇ ਦਿਨੀਂ 211ਵਾਂ ਮਹੀਨਾਵਾਰੀ ਸਮਾਗਮ ਸਫਲਤਾਪੂਰਵਕ ਨੇਪਰੇ ਚੜ੍ਹਿਆ ਹੈ।ਸੰਸਥਾ ਦੇ ਸੇਵਾਦਾਰ ਗੁਰਪ੍ਰੀਤ ਸਿੰਘ ਰਾਜਾ ਨੇ ਦੱਸਿਆ ਕਿ ਸੰਸਥਾ ਵਿੱਚ ਸਮੇਂ-ਸਮੇਂ 'ਤੇ ਨਿਯੁਕਤੀਆਂ ਕੀਤੀਆਂ ਜਾਂਦੀਆ ਹਨ ਤਾਂ ਜੁ ਸੰਸਥਾ ਵੱਲੋਂ ਆਉਣ ਵਾਲੇ ਸਮੇਂ ਵਿੱਚ ਕਰਾਏ ਜਾਣ ਵਾਲੇ ਧਾਰਮਿਕ ਸਮਾਗਮ ਵਧੇਰੇ ਚੜ੍ਹਦੀ ਕਲਾ ਵਿੱਚ ਮਨਾਏ ਜਾਣ।ਇਸ ਲੜੀ ਤਹਿਤ ਬੀਤੇ ਦਿਨੀਂ ਸ਼ਹਿਰ ਦੀ ਪ੍ਰਮੁੱਖ ਹਸਤੀ ਤੇ ਸਮਾਜਸੇਵੀ ਬਲਜੀਤ ਸਿੰਘ ਖੀਵਾ ਨੂੰ ਮੁੱਖ ਸਲਾਹਕਾਰ, ਗੁਰਮੁੱਖ ਸਿੰਘ ਭੁੱਲਰ ਨੂੰ ਮੀਤ ਪ੍ਰਧਾਨ, ਜਤਿੰਦਰ ਸਿੰਘ ਜਸ਼ਨ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਗੁਰੂ ਘਰ ਕੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਕੁਲਵੰਤ ਸਿੰਘ ਚਾਨਕੀਆ ਵੱਲੋਂ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਿਰੋਪਾਓ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

## ਇਲਾਕੇ 'ਚ ਚੱਲ ਰਹੇ ਲਾਟਰੀ ਦੇ ਧੰਦੇ ਦੀ ਉੱਚ ਪੱਧਰੀ ਜਾਂਚ ਹੋਵੇ : ਗੁਰਬਿੰਦਰ ਭਗਤਾ

**ਬਠਿੰਡਾ (ਪਰਵਿੰਦਰ ਜੀਤ ਸਿੰਘ/ਰਾਜੀਵ ਗੋਇਲ)** : ਪਿਛਲੇ ਕਾਫੀ ਦਿਨਾਂ ਤੋਂ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਇਲਾਕੇ ਵਿੱਚ ਚੱਲ ਰਹੇ ਲਾਟਰੀ ਦੇ ਧੰਦੇ ਦੀ ਆਮ ਲੋਕਾਂ ਵਿੱਚ ਚਰਚਾ ਜ਼ੋਰਾਂ 'ਤੇ ਹੈ। ਇਸ ਲਾਟਰੀ ਨੂੰ ਲੈ ਕੇ ਲੋਕ ਭੰਬਲਭੂਸੇ ਵਿੱਚ ਪਏ ਹੋਏ ਹਨ, ਕਿਉਂਕਿ ਆਮ ਲੋਕਾਂ ਨੂੰ ਸਰਕਾਰੀ ਮਨਜ਼ੂਰੀ ਹੋਣ ਦਾ ਕਹਿ ਕੇ ਲਾਟਰੀ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ, ਪਰ ਜਦੋਂ ਕੋਈ ਵੀ ਆਮ ਨਾਗਰਿਕ ਸਰਕਾਰ ਵੱਲੋਂ ਦਿੱਤੀ ਗਈ ਮਨਜ਼ੂਰੀ ਦਿਖਾਉਣ ਦੀ ਮੰਗ ਕਰਦਾ ਹੈ ਤਾਂ ਫਿਰ ਟਾਲ-ਮਟੋਲ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਮਸਲੇ ਨੂੰ ਲੈ ਕੇ ਭਾਜਪਾ ਦੇ ਸੀਨੀਅਰ ਆਗੂ ਗੁਰਬਿੰਦਰ ਭਗਤਾ ਵੱਲੋਂ ਉੱਚ-ਪੱਧਰੀ ਵਿਭਾਗੀ ਜਾਂਚ ਦੀ ਮੰਗ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਆਮ ਲੋਕਾਂ ਨੂੰ ਚੂਨਾ ਲਗਾਉਣਾ ਵਾਜਿਬ ਨਹੀਂ ਹੈ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਸਲੇ ਦੀ ਵਿਜੀਲੈਂਸ ਜਾਂਚ ਹੋਣੀ ਚਾਹੀਦੀ ਹੈ ਅਤੇ ਲੋਕਾਂ ਸਾਹਮਣੇ ਸੱਚ ਆਉਣਾ ਚਾਹੀਦਾ ਹੈ, ਜੇਕਰ ਇਹ ਲੋਕ ਗਲਤ ਸਾਬਿਤ ਹੁੰਦੇ ਹਨ ਤਾਂ ਇਸ ਧੰਦੇ ਵਿੱਚ ਸ਼ਾਮਲ ਤੇ ਪ੍ਰਮੋਟ ਕਰਨ ਵਾਲੇ ਲੋਕਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਪਰਮਿੰਦਰ ਢੀਂਡਸਾ ਨੇ ਨੱਤ ਦੇ ਚਲਾਣੇ 'ਤੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਸੰਗਰੂਰ (ਪ੍ਰਵੀਨ ਸਿੰਘ)** : ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਤੇ ਸਾਬਕਾ ਵਿੱਤ ਮੰਤਰੀ ਸ੍ਰ. ਪਰਮਿੰਦਰ ਸਿੰਘ ਢੀਂਡਸਾ ਅੱਜ ਸੁਵੱਖਤੇ ਹੀ ਚਮਨਦੀਪ ਸਿੰਘ ਮਿਲਖੀ ਦੇ ਪਿਤਾ ਬੀਰਇੰਦਰਜੀਤ ਸਿੰਘ ਨੱਤ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਘਰ ਗਏ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਉਨ੍ਹਾਂ ਕਿਹਾ ਕਿ ਸ੍ਰ. ਨੱਤ ਦੇ ਸੁਭਾਅ ਕਾਰਨ ਉਨ੍ਹਾਂ ਦੀ ਸੋਚ ਵੀ ਫ਼ੱਕਰਾਂ ਵਾਲੀ ਸੀ।ਉਹ ਧਾਰਮਿਕ, ਮਿਲਣਸਾਰ ਤੇ ਲੋੜਵੰਦਾਂ ਦੇ ਹਮਦਰਦ ਸਨ, ਮੈਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਸਾਥੋਂ ਵਿੱਛੜੀ ਨੇ ਆਤਮਾ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਾ ਹਾਂ।

## ਮਨਰੇਗਾ ਮਜ਼ਦੂਰਾਂ ਵੱਲੋਂ ਵਿਧਾਇਕ ਦੇਵ ਮਾਨ ਦੇ ਦਫਤਰ ਅੱਗੇ ਸੜਕ ਜਾਮ

### ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਨਾਭਾ (ਵਰਿੰਦਰ ਵਰਮਾ)**-ਡੈਮੋਕ੍ਰੇਟਿਕ ਮਨਰੇਗਾ ਫ਼ਰੰਟ ਦੀ ਅਗਵਾਈ ਵਿੱਚ ਮਨਰੇਗਾ ਮਜ਼ਦੂਰਾਂ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਦਫਤਰ ਦੇ ਬਾਹਰ ਸੜਕ ਜਾਮ ਕੀਤੀ।ਫ਼ਰੰਟ ਦੇ ਆਗੂਆਂ ਨੇ ਦੱਸਿਆ ਕਿ ਅੱਜ ਦਾ ਜਾਮ ਪ੍ਰਸ਼ਾਸਨ ਖਿਲਾਫ ਹੈ ਤੇ ਦੂਜਾ ਅਸੀਂ ਸਾਰੇ ਨਾਭਾ ਵਿਧਾਇਕ ਤੋਂ ਉਨ੍ਹਾਂ ਦੀ ਮਜਬੂਰੀ ਪੁੱਛਣ ਆਏ ਹਾਂ, ਜਿਸ ਦੇ ਚਲਦੇ ਉਨ੍ਹਾਂ ਨੇ ਲੋਕਾਂ ਦੇ ਮੁੱਦੇ ਵਿਧਾਨ ਸਭਾ ਵਿੱਚ ਨਾ ਉਠਾਏ। ਜ਼ਿਕਰਯੋਗ ਹੈ ਕਿ ਜੁਲਾਈ ਮਹੀਨੇ ਦੌਂ ਮਨਰੇਗਾ ਮਜ਼ਦੂਰਾਂ ਦੀ ਕੰਮ 'ਤੇ ਦੁਰਘਟਨਾ 'ਚ ਮੌਤ ਤੋਂ ਬਾਅਦ ਲੱਗੇ ਧਰਨੇ 'ਚ ਵਿਧਾਇਕ ਦੇਵ ਮਾਨ ਨੇ ਆਪਣੀ ਤਨਖਾਹ ਵਿਚੋਂ ਪੀੜਤ ਪਰਵਾਰਾਂ ਨੂੰ ਇੱਕ ਇੱਕ ਲੱਖ ਦੇਣ ਦਾ ਐਲਾਨ ਕੀਤਾ ਸੀ, ਪਰ ਨਿੰਜੀ ਤਨਖਾਹ ਵਿੱਚੋਂ ਮੁਆਵਜ਼ਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।ਇਸ ਦੇ ਉਲਟ ਪੀੜਤ ਪਰਵਾਰਾਂ ਸਮੇਤ ਹਜ਼ਾਰਾਂ ਮਜ਼ਦੂਰਾਂ ਨੇ ਵਿਧਾਇਕ ਅੱਗੇ ਲਿਖਤੀ ਮੰਗ ਰੱਖੀ ਸੀ ਕਿ ਉਹ ਵਿਧਾਨ ਸਭਾ 'ਚ ਸਵਾਲ ਉਠਾਉਣ ਕਿ ਪੰਜਾਬ ਸਰਕਾਰ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ ਮਨਰੇਗਾ ਤਹਿਤ ਬੇਰੁਜ਼ਗਾਰੀ ਭੱਤੇ ਦੇ ਨਿਯਮ ਬਣਾਉਣ ਤੋਂ ਇਨਕਾਰੀ ਕਿਉਂ ਹੈ? ਇਸ ਤੋਂ ਇਲਾਵਾ ਕਾਨੂੰਨ ਮੁਤਾਬਕ ਕੰਮ ਕਰਨ ਤੋਂ ਇਨਕਾਰੀ ਪ੍ਰਸ਼ਾਸਨ ਦਾ ਮੁੱਦਾ ਵੀ ਵਿਧਾਨ ਸਭਾ 'ਚ ਉਠਾਇਆ ਜਾਵੇ।

ਇਸ ਮੌਕੇ ਫ਼ਰੰਟ ਦੀ ਆਗੂ ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਕੌਰ ਬਾਬਰਪੁਰ ਨੇ ਸੰਬੋਧਨ ਕੀਤਾ ਕਿ ਨਾਭਾ ਬੀਡੀਪੀਓ ਦਫਤਰ ਵਿਖੇ 31 ਜੁਲਾਈ ਤੋਂ ਲਗਾਤਾਰ ਧਰਨੇ ਦੇ ਬਾਵਜੂਦ ਨਾਭਾ ਬੀਡੀਪੀਓ ਨੇ ਇੱਕ ਵੀ ਅਰਜ਼ੀ ਦਾ ਹੱਲ ਨਹੀਂ ਕੀਤਾ ਤੇ ਐੱਸ ਡੀ ਐੱਮ ਨਾਭਾ ਵੱਲੋਂ ਮੰਗੇ ਸਪੱਸ਼ਟੀਕਰਨ ਦਾ ਜਵਾਬ ਵੀ 22 ਦਿਨ ਬਾਅਦ ਤਾਂ ਦਿੱਤਾ, ਕਿਉਂਕਿ ਅੱਜ ਦੇ ਧਰਨੇ ਵਿੱਚ ਉਹ ਵਿਸ਼ੇਸ਼ ਮੁੱਦਾ ਬਣਨਾ ਸੀ।ਮਜ਼ਦੂਰ ਆਗੂਆਂ ਨੇ ਦੋਸ਼ ਲਗਾਏ ਕਿ ਸਪੱਸ਼ਟੀਕਰਨ ਵਿੱਚ ਨਾਭਾ ਬੀਡੀਪੀਓ ਨੇ ਉੱਚ ਅਧਿਕਾਰੀਆਂ ਅੱਗੇ ਗਲਤ ਤੱਥ ਪੇਸ਼ ਕਰਕੇ ਭ੍ਰਿਸ਼ਟ ਆਚਰਣ ਵਾਲੇ ਸਟਾਫ ਨੂੰ ਬਚਾਉਣ ਦਾ ਯਤਨ ਕੀਤਾ ਹੈ।ਉਨ੍ਹਾਂ ਕਿਹਾ ਕਿ ਸਪੱਸ਼ਟੀਕਰਨ 'ਚ ਪੇਸ਼ ਗਲਤ ਤੱਥਾਂ ਬਾਰੇ ਵਿਸਤਾਰ 'ਚ ਰਿਪੋਰਟ ਬਣਾ ਕੇ ਮੁੱਖ ਮੰਤਰੀ ਤੇ ਡੀ ਸੀ ਪਟਿਆਲਾ ਨੂੰ ਮੰਗ ਪੱਤਰ ਦੇ ਨਾਲ ਭੇਜੀ ਜਾਵੇਗੀ।

ਵਿਧਾਇਕ ਦੇਵ ਮਾਨ ਧਰਨੇ ਦੌਰਾਨ ਆਪਣੇ ਦਫਤਰ ਨਾ ਪਹੁੰਚੇ।ਨਾਭਾ ਨਾਇਬ ਤਹਿਸੀਲਦਾਰ ਜਗਦੀਸ਼ ਇੰਦਰ ਸਿੰਘ ਸੋਢੀ ਨੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਪ੍ਰਾਪਤ ਕੀਤਾ, ਜਿਸ ਵਿੱਚ ਨਾਭਾ ਬੀਡੀਪੀਓ ਤੇ ਏਡੀਸੀ ਪੰਚਾਇਤ ਵਿਭਾਗ ਪਟਿਆਲਾ ਖਿਲਾਫ ਮਨਰੇਗਾ ਐਕਟ ਤਹਿਤ ਕਾਰਵਾਈ ਦੀ ਮੰਗ ਕੀਤੀ ਗਈ।ਦੋ ਘੰਟੇ ਦੇ ਜਾਮ ਤੋਂ ਬਾਅਦ ਬੀਡੀਪੀਓ ਦਫਤਰ ਅੱਗੇ ਧਰਨਾ ਜਾਰੀ ਰੱਖਿਆ ਗਿਆ। ਵਿਧਾਇਕ ਦੇਵ ਮਾਨ ਨਾਲ ਸੰਪਰਕ ਨਾ ਹੋ ਸਕਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪ੍ਰੀਤ ਕੌਰ ਲੋਪੇ, ਜਗਦੇਵ ਸਿੰਘ ਭੇੜੇ, ਭਿੰਦਰ ਕੌਰ ਗੁੱਜਰਹੇੜੀ, ਸੁਖਵਿੰਦਰ ਕੌਰ ਨੌਹਰਾ, ਹਰਬੰਸ ਕੌਰ ਮੱਲੇਵਾਲ, ਕੇਵਲ ਕੋਟ, ਕ੍ਰਿਸ਼ਨ ਸਿੰਘ ਲਵਾਣਾ ਸੁਨੀਤਾ ਰਾਣੀ ਕੈਦੂਪੁਰ ਰਾਣੀ ਕਾਠਮੱਠੀ, ਰਾਜ ਕੌਰ ਬੂਹੀ ਆਦਿ ਆਗੂਆਂ ਨੇ ਸਰਗਰਮ ਸ਼ਮੂਲੀਅਤ ਕੀਤੀ।

## ਸ਼ਹੀਦ ਸਭ ਦੇ ਸਾਂਝੇ ਤੇ ਕੌਮ ਦਾ ਸਰਮਾਇਆ : ਹੈਰੀ ਮਾਨ/ਹਰੀਸ਼

### ਸ਼ਹੀਦ ਨਾਇਕ ਮਲਕੀਤ ਸਿੰਘ ਦੀ 24ਵੀਂ ਬਰਸੀ ਮਨਾਈ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਸਭ ਦੇ ਸਾਂਝੇ ਤੇ ਕੌਮ ਦਾ ਸਰਮਾਇਆ ਹੁੰਦੇ ਹਨ, ਉਨ੍ਹਾਂ ਦੀ ਬਰਸੀ ਸਾਨੂੰ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਮਨਾਉਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਿੰਦਰਪਾਲ ਸਿੰਘ ਹੈਰੀਮਾਨ ਹਲਕਾ ਇੰਚਾਰਜ ਕਾਂਗਰਸ ਸਨੌਰ ਨੇ ਪਿੰਡ ਹਡਾਣਾ ਵਿਖੇ ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਦੀ 24ਵੀਂ ਬਰਸੀ ਮੌਕੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸ਼ਹੀਦ ਨਾਇਕ ਮਲਕੀਤ ਸਿੰਘ ਹਡਾਣਾ ਨੇ ਦੇਸ਼ ਦੀ ਖਾਤਰ, ਜੋ ਕਾਰਗਿੱਲ ਦੇ ਯੁੱਧ ਵਿੱਚ ਮਹਾਨ ਕੁਰਬਾਨੀ ਦਿੱਤੀ, ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਅਮਰਜੀਤ ਸਿੰਘ ਜਾਗਦੇ ਰਹੋ, ਲਖਮੀਰ ਸਿੰਘ ਸਲੋਟ ਤੇ ਸ਼ਹੀਦ ਦੇ ਭਰਾ ਗੁਰਮੀਤ ਸਿੰਘ ਨੇ ਕੀਤੀ। ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਨੂਨਗਰ ਲਵਣਕਾਰ, ਸਮਾਜ ਦੇ ਲੋਕ ਵੀ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ। ਇਸ ਮੌਕੇ ਸ਼ਹੀਦ ਮਲਕੀਤ ਸਿੰਘ ਦੇ ਪਿਤਾ ਰਾਮ ਨਾਥ, ਭਰਾ ਗੁਰਮੀਤ ਸਿੰਘ, ਪਤਨੀ ਕਰਮਜੀਤ ਕੌਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਪੀ ਆਰ ਟੀ ਸੀ ਪੰਜਾਬ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਦਾ ਪ੍ਰਬੰਧ ਤੇ ਸਹਿਯੋਗ ਕੀਤਾ ਗਿਆ। ਇਹ ਬਰਸੀ ਅੰਤਰਰਾਸ਼ਟਰੀ ਪੱਧਰ 'ਤੇ ਮਨਾਈ ਗਈ। ਇਸ ਮੌਕੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਹਰਜਸ਼ਨ ਸਿੰਘ ਪਠਾਨਮਾਜਰਾ, ਹਰਮੇਲ ਸਿੰਘ ਟੌਹੜਾ, ਹਰਿੰਦਰਪਾਲ ਸਿੰਘ ਟੌਹੜਾ, ਹਰਿੰਦਰਪਾਲ ਸਿੰਘ ਹੈਰੀਮਾਨ, ਜੋਗਿੰਦਰ ਸਿੰਘ ਕਾਕੜਾ, ਜਸਪਾਲ ਸਿੰਘ ਗੰਗਰੌਲੀ ਜ਼ਿਲ੍ਹਾ ਪ੍ਰਧਾਨ ਭਾਜਪਾ, ਹਰੀਸ਼ ਮਹਿਤੋ ਦਿੱਲੀ ਬਿਹਾਰ, ਬੀਰੂ ਪ੍ਰਸਾਦ ਬੱਚੂ ਬਿਹਾਰ, ਰਾਮਾਧਰ ਚੌਹਾਨ ਬਿਹਾਰ, ਉਪਿੰਦਰ ਚੌਧਰੀ ਬਿਹਾਰ, ਮਨਿੰਦਰ ਸਿੰਘ ਹਡਾਣਾ, ਇੰਦਰਜੀਤ ਸਿੰਘ ਸੰਧੂ, ਅਸ਼ਵਨੀ ਕੁਮਾਰ ਬੱਤਾ, ਲਖਮੀਰ ਸਿੰਘ ਸਲੋਟ, ਨਛੱਤਰ ਦੀਵਾਨਵਾਲਾ, ਸਰਪੰਚ ਲਖਵੀਰ ਸਿੰਘ, ਅਮਰਜੀਤ ਸਿੰਘ ਜਾਗਦੇ ਰਹੋ, ਹਰਚੰਦ ਸਿੰਘ ਹਡਾਣਾ ਤੇ ਹਰਪਾਲ ਸਿੰਘ ਕੰਬੋਜ ਆਦਿ ਹਾਜ਼ਰ ਸਨ।

## ਅਮਨ ਅਰੋੜਾ ਨੇ ਹਲਕਾ ਗਿੱਦੜਬਾਹਾ ਦੇ ਪਿੰਡਾਂ 'ਚ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

### ਪੰਜਾਬ ਸਰਕਾਰ ਵਿਕਾਸ ਕਾਰਜਾਂ ਲਈ ਵਚਨਬੱਧ : ਕੈਬਨਿਟ ਮੰਤਰੀ



**ਸ੍ਰੀ ਮੁਕਤਸਰ ਸਾਹਿਬ/ਦੋਦਾ/ਗਿੱਦੜਬਾਹਾ, (ਸ਼ਮਿੰਦਰਪਾਲ/ਪਰਮਜੀਤ/ਪੂਜਾ/ਚਾਵਲਾ/ਵਕੀਲ ਬਰਾੜ/ਜਸਵੰਤ ਗਿੱਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਲਈ ਵਚਨਬੱਧ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਗਿੱਦੜਬਾਹਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ 18 ਕਰੋੜ 57 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਮੌਕੇ ਕੀਤਾ।ਉਨ੍ਹਾ ਕਿਹਾ ਕਿ ਵਿਕਾਸ ਪੱਧਰ ਦੇ ਕੰਮਾਂ ਦੀ ਲੜੀ ਤਹਿਤ ਗਿੱਦੜਬਾਹਾ ਹਲਕੇ ਦੇ ਪਿੰਡ ਦੂਹੇ ਵਾਲਾ, ਮਧੀਰ, ਛੱਤੇਆਣਾ, ਦੋਦਾ, ਕਾਉਣੀ, ਕੋਟਲੀ ਅਬਲੂ ਤੇ ਕੋਠੇ ਹਿੰਮਤਪੁਰਾ ਵਿਖੇ ਸੜਕਾਂ ਦੇ ਨਿਰਮਾਣ ਕਾਰਜਾਂ ਦੇ ਨੀਂਹ ਪੱਧਰ ਰੱਖੇ ਗਏ ਹਨ ਅਤੇ ਜਲਦ ਹੀ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਕੰਮਾਂ ਨੂੰ ਜਲਦੀ ਹੀ ਮੁਕੰਮਲ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਇਨ੍ਹਾਂ ਸੱਤ ਪਿੰਡਾਂ ਵਿੱਚ 130 ਕਿਲੋਮੀਟਰ ਲੰਮੀਆਂ 23 ਸੜਕਾਂ, ਫਿਰਨੀਆਂ ਤੇ ਲਿੰਕ ਸੜਕਾਂ ਦਾ ਨਵੀਨੀਕਰਨ ਨਾਲ ਇਨ੍ਹਾਂ ਪਿੰਡ ਦੇ ਵਾਸੀਆਂ ਨੂੰ ਫਾਇਦਾ ਹੋਵੇਗਾ, ਜਿਸ ਨਾਲ ਉਨ੍ਹਾਂ ਨੂੰ ਆਵਾਜਾਈ ਦੌਰਾਨ ਸੌਖ ਮਿਲੇਗੀ ਤੇ ਸਮੱਸਿਆਵਾਂ ਦਾ ਹੱਲ ਹੋਵੇਗਾ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਗਿੱਦੜਬਾਹਾ ਹਲਕੇ ਦੇ ਬਕਾਇਆ ਕੰਮਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਸ਼ੁਰੂ ਕਰਵਾ ਕੇ ਜਲਦੀ ਮੁਕੰਮਲ ਕੀਤਾ ਜਾਵੇਗਾ ਤਾਂ ਜੋ ਗਿੱਦੜਬਾਹਾ ਵਾਸੀ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਸਨ ਅਤੇ ਹੁਣ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਇਸ ਮੌਕੇ ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ, ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਹਰਦੀਪ ਸਿੰਘ ਡਿੰਪੀ ਢਿੱਲੋਂ, ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਪ੍ਰਿਤਪਾਲ ਸ਼ਰਮਾ ਚੇਅਰਮੈਨ ਮਾਰਕਿਟ ਕਮੇਟੀ, ਜਗਦੇਵ ਸਿੰਘ ਬਾਮ, ਜਸ਼ਨ ਬਰਾੜ ਵਾਇਸ ਚੇਅਰਮੈਨ ਮੌਜੂਦ ਸਨ।

## ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਸ਼ਰਧਾਂਜਲੀਆਂ



ਪਟਿਆਲਾ




ਮਾਨਸਾ



ਲਹਿਰਾ ਮੁਹੱਬਤ

**ਪਟਿਆਲਾ (ਅਵਤਾਰ ਜਟਾਣਾ)**-ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਵਾਦੀ) ਦੇ ਜਨਰਲ ਸੈਕਟਰੀ ਕਾਮਰੇਡ ਸੀਤਾਰਾਮ ਯੇਚੁਰੀ ਦਾ ਬੀਤੇ ਦਿਨ ਏਮਜ਼ ਦਿੱਲੀ ਵਿਖੇ ਦਿਹਾਂਤ ਹੋ ਗਿਆ।ਉਹ ਕਈ ਦਿਨਾਂ ਤੋਂ ਸਾਹ ਦੀ ਬਿਮਾਰੀ ਨਾਲ ਜੂਝ ਰਹੇ ਸਨ। ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਤੋਂ ਆਪਣਾ ਰਾਜਨੀਤਕ ਸਫ਼ਰ ਸ਼ੁਰੂ ਕਰਨ ਵਾਲੇ ਸੀਤਾ ਰਾਮ ਯੇਚੁਰੀ 40 ਸਾਲ ਤੋਂ ਭਾਰਤ ਦੀ ਰਾਜਨੀਤੀ 'ਚ ਸਰਗਰਮ ਰਹੇ। ਸਟੈਂਡਸ ਫੈਡਰੇਸ਼ਨ ਆਫ ਇੰਡੀਆ ਇਕਾਈ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਏ ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ 'ਚ ਦੋ ਮਿੰਟ ਦਾ ਮੌਨ ਧਾਰਨ ਤੋਂ ਬਾਅਦ ਉਨ੍ਹਾਂ ਦੇ ਰਾਜਨੀਤਕ ਸਫ਼ਰ ਬਾਰੇ ਚਰਚਾ ਕੀਤੀ ਗਈ। ਸੂਬਾ ਆਗੂ ਅੰਮ੍ਰਿਤਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੀਤਾ ਰਾਮ ਯੇਚੁਰੀ ਦੇ ਸਮਾਜਵਾਦ ਦੇ ਸੰਕਲਪ ਨੂੰ ਅੱਗੇ ਤੋਰਨ ਬਾਰੇ ਅਪੀਲ ਕੀਤੀ। ਡਾ. ਰਾਜਦੀਪ ਸਿੰਘ, ਡਾ. ਚਰਨਜੀਤ ਨੌਹਰਾ ਨੇ ਯੇਚੁਰੀ ਦੇ ਰਾਜਨੀਤਕ ਸਫ਼ਰ 'ਤੇ ਚਾਨਣਾ ਪਾਇਆ, ਸਟੇਜ ਸਕੱਤਰ ਦੀ ਭੂਮਿਕਾ ਰਾਜਵਿੰਦਰ ਭੋਤਨਾ ਵੱਲੋਂ ਨਿਭਾਈ ਗਈ। ਪੰਜਾਬੀ ਵਿਭਾਗ ਤੋਂ ਡਾ. ਗੁਰਜੰਟ ਸਿੰਘ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਪੰਜਾਬ ਸਟੂਡੈਂਟਸ ਫੈਡਰੇਸ਼ਨ ਸਮੇਤ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਸ਼ਰਧਾਂਜਲੀ ਸਮਾਗਮ 'ਚ ਸ਼ਮੂਲੀਅਤ ਕੀਤੀ।

**ਮਾਨਸਾ (ਆਤਮਾ ਸਿੰਘ ਪਮਾਰ)**-ਸੀ.ਪੀ.ਆਈ. (ਐੱਮ) ਦੇ ਰਾਸ਼ਟਰੀ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ (ਸਾਬਕਾ ਮੈਂਬਰ ਰਾਜ ਸਭਾ) ਦੇ ਵਿਛੋੜੇ 'ਤੇ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਕਾਮਰੇਡ ਗੱਜਣ ਸਿੰਘ ਟਾਂਡੀਆਂ ਭਵਨ ਵਿਖੇ ਸ਼ੋਕ ਸਭਾ ਕਰਕੇ ਕਾ. ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸੀ.ਪੀ.ਆਈ. (ਐੱਮ) ਦੇ ਸੂਬਾ ਸਕੱਤਰੇਤ ਮੈਂਬਰ ਤੇ ਜ਼ਿਲ੍ਹਾ ਸਕੱਤਰ ਕਾ. ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਕਿਹਾ ਕਿ ਕਾ. ਯੇਚੁਰੀ ਦੀ ਮੌਤ ਨਾਲ ਪਾਰਟੀ ਤੇ ਖੱਬੀ ਜਮਹੂਰੀ ਲਹਿਰ ਨੂੰ ਵੱਡਾ ਘਾਟਾ ਪਿਆ ਹੈ।ਇਸ ਸ਼ੋਕ ਸਭਾ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰਾਂ ਕਾ. ਅਮਰਜੀਤ ਸਿੰਘ ਸਿੱਧੂ, ਜਸਵੰਤ ਸਿੰਘ ਬੀਰੋਕੇ, ਘਨੀਸ਼ਾਮ ਨਿੱਕੂ ਤੋਂ ਇਲਾਵਾ ਸੁਰੇਸ਼ ਕੁਮਾਰ ਮਾਨਸਾ, ਟਰੇਡ ਯੂਨੀਅਨ ਆਗੂ ਪੀ. ਐੱਸ. ਸਿੱਧੂ, ਦਰਸ਼ਨ ਸਿੰਘ ਜੋਗਾ, ਰਾਜ ਕੁਮਾਰ ਗਰਗ, ਭਾਰਤੀ ਭਵਨ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਦੇ ਜ਼ਿਲ੍ਹਾ ਆਗੂਆਂ ਸੰਜੀਤ ਕੁਮਾਰ, ਮਨੋਜ ਪਟੇਲ, ਦਿਨੇਸ਼ ਕੁਮਾਰ, ਜਸਵਿੰਦਰ ਆਦਿ ਹਾਜ਼ਰ ਸਨ।

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਗਰਾਸਿਮ ਸੀਮਿੰਟ ਕੰਟਰੈਕਟਰ ਵਰਕਰਜ਼ ਯੂਨੀਅਨ (ਸੀਟੂ) ਵੱਲੋਂ ਸੀਮਿੰਟ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ ਅੱਗੇ ਸ਼ੋਕ ਸਭਾ ਕਰਕੇ ਸੀ. ਪੀ. ਆਈ. (ਐੱਮ) ਦੇ ਉੱਘੇ ਕਮਿਊਨਿਸਟ ਆਗੂ ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਯੂਨੀਅਨ ਦਾ ਝੰਡਾ ਝੁਕਾਅ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਟੂ ਦੇ ਸੂਬਾਈ ਆਗੂ ਬਲਕਾਰ ਸਿੰਘ, ਜੁਆਇੰਟ ਜਨਰਲ ਸਕੱਤਰ ਗੁਰਦੀਪ ਸਿੰਘ, ਵਿੱਤ ਸਕੱਤਰ ਮਨੋਜ ਕੁਮਾਰ ਤੇ ਪ੍ਰੈੱਸ ਸਕੱਤਰ ਜਰਨੈਲ ਸਿੰਘ ਸਮੇਤ ਸੈਂਕੜੇ ਵਰਕਰ ਹਾਜ਼ਰ ਸਨ।

## ਵਿਆਹ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਾਇਆ



**ਕੋਟਕਪੂਰਾ, (ਰਛਪਾਲ ਭੁੱਲਰ)** ਗੁਰਦੁਆਰਾ ਪਾਤਸ਼ਾਹੀ ਦਸਵੀਂ ਛਾਉਣੀ ਨਿਹੰਗ ਸਿੰਘਾਂ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਅਤੇ ਜਥੇਦਾਰ ਬਾਬਾ ਕੁਲਵੰਤ ਸਿੰਘ ਚਾਨਕੀਆ ਵੱਲੋਂ ਗੁਰੂ ਨਾਨਕ ਪਾਤਸ਼ਾਹ ਤੇ ਮਾਤਾ ਸੁਲੱਖਣੀ ਜੀ ਦੇ ਸ਼ੁਭ ਵਿਆਹ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਾਇਆ ਗਿਆ।ਇਸ ਸਬੰਧ ਵਿੱਚ ਮਰਿਯਾਦਾ ਅਨੁਸਾਰ ਸ਼ਾਮ ਵੇਲੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਆਰਤੀ ਆਰਤਾ ਤੋਂ ਬਾਅਦ ਕਥਾ ਕੀਰਤਨ ਦੀ ਆਰੰਭਤਾ ਕੀਤੀ ਗਈ।ਇਸ ਮੌਕੇ ਗੁਰੂ ਘਰ ਨੂੰ ਵੱਖ-ਵੱਖ ਤਰ੍ਹਾਂ ਦੀਆਂ ਫੈਨਸੀ ਲਾਈਟਾਂ ਅਤੇ ਫੁੱਲਾਂ ਨਾਲ ਸਜਾਇਆ ਗਿਆ।ਗੁਰਪ੍ਰੀਤ ਸਿੰਘ ਰਾਜਾ ਨੇ ਦੱਸਿਆ ਕਿ ਸੰਸਥਾ ਵੱਲੋਂ ਬਰਾਤ ਰੂਪੀ ਸੰਗਤਾਂ ਦਾ ਸਵਾਗਤ ਫੁੱਲਾਂ ਦੀ ਵਰਖਾ ਕਰਕੇ ਕੀਤਾ ਗਿਆ।ਰਹੁਰੀਤ ਮੁਤਾਬਕ ਸੰਗਤ ਲਈ ਚਾਹ-ਪਕੌੜਿਆਂ ਤੇ ਮਠਿਆਈਆਂ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।ਸਮਾਗਮ ਦੀ ਸ਼ੁਰੂਆਤ ਹਜ਼ੂਰੀ ਰਾਗੀ ਭਾਈ ਦਲਜੋਧ ਸਿੰਘ ਦੇ ਜੱਥੇ ਵੱਲੋਂ 'ਗੁਰਮੁਖਿ ਵੀਆਹਣਿ ਆਇਆ' ਸ਼ਬਦ ਗਾਇਣ ਕਰਕੇ ਕੀਤੀ ਗਈ, ਜਿਸ ਨੂੰ ਸਰਵਨ ਕਰਦਿਆਂ ਹੀ ਸਮੁੱਚੀ ਸੰਗਤਾਂ ਗੁਰੂ ਉਸਤਤ ਵਿੱਚ ਜੁੜ ਗਈਆਂ।ਉਚੇਚੇ ਤੌਰ 'ਤੇ ਪਹੁੰਚੇ ਬਾਬਾ ਬੇਦੀ ਜੀ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਆਖਿਆ ਕਿ ਭਾਵੇਂ 9 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਨੇਊ ਪਾਉਣ ਅਤੇ ਵਿਆਹ ਵੇਲੇ ਅਗਨੀ ਦੁਆਲੇ ਫੇਰੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਫੋਕੇ ਕਰਮਕਾਂਡਾਂ ਨੂੰ ਮੰਨਣ ਤੋਂ ਗੁਰੇਜ਼ ਕੀਤਾ ਸੀ ਅਤੇ ਅਕਾਲ ਪੁਰਖ ਦੀ ਬਾਣੀ ਨੂੰ ਮੁੱਖ ਰੱਖਦਿਆਂ ਸ਼ਬਦ ਗੁਰੂ ਦੁਆਲੇ ਲਾਵਾਂ ਲਈਆਂ।ਸੰਬੋਧਨ ਦੌਰਾਨ ਜਥੇਦਾਰ ਬਾਬਾ ਕੁਲਵੰਤ ਸਿੰਘ ਚਾਨਕੀਆ ਨੇ ਸੰਗਤਾਂ ਦਾ ਗੁਰੂ ਘਰ ਪਹੁੰਚਣ 'ਤੇ ਧੰਨਵਾਦ ਕੀਤਾ।ਬਾਬਾ ਜੈਮਲ ਸਿੰਘ ਤੇ ਅਮਰਦੀਪ ਸਿੰਘ ਦੀਪਾ ਵੱਲੋਂ ਆਉਣ ਵਾਲੇ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ ਗਈ।

## ਸਾਬਕਾ ਪਟਵਾਰੀ ਨਾਲ ਸੁਖਬੀਰ ਬਾਦਲ ਤੇ ਅਫਸਰਾਂ ਵੱਲੋਂ ਕੀਤੇ ਜਬਰ ਦੀ ਨਿਰਪੱਖਤਾ ਨਾਲ ਜਾਂਚ ਹੋਵੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਜਦੋਂ 2007 ਤੋਂ ਲੈ ਕੇ 2017 ਤੱਕ ਪੰਜਾਬ ਸੂਬੇ ਵਿੱਚ ਬਾਦਲ ਦਲ-ਬੀਜੇਪੀ ਦੀ ਸਰਕਾਰ ਰਹੀ ਤਾਂ ਉਸ ਸਮੇਂ ਸ੍ਰ. ਮੋਹਨ ਸਿੰਘ ਪਟਵਾਰੀ, ਜੋ ਸਰਕਾਰੀ ਨੌਕਰੀ 'ਤੇ ਸੇਵਾ ਕਰਦੇ ਰਹੇ ਹਨ, ਨੇ ਸ੍ਰ. ਸੁਖਬੀਰ ਸਿੰਘ ਬਾਦਲ ਗ੍ਰਹਿ ਵਜ਼ੀਰ ਨੂੰ 2009 ਵਿੱਚ ਉਨ੍ਹਾਂ ਦੀ ਜ਼ਮੀਨ ਦੀ ਜਮ੍ਹਾਂਬੰਦੀ ਦੇ ਕਾਨੂੰਨੀ ਤੌਰ 'ਤੇ ਬਣਦੀ 20 ਰੁਪਏ ਫ਼ੀਸ ਜਮ੍ਹਾਂ ਕਰਵਾਉਣ ਲਈ ਕਿਹਾ ਤਾਂ ਉਸ ਨੂੰ ਇੱਕ ਝੂਠੇ ਕੇਸ ਵਿੱਚ ਉਲਝਾ ਕੇ ਆਪਣੇ ਚਹੇਤੇ ਪੁਲਸ ਅਫਸਰਾਂ ਦੇ ਹਵਾਲੇ ਕਰ ਦਿੱਤਾ, ਜਿਨ੍ਹਾਂ ਨੇ ਸ੍ਰ. ਮੋਹਨ ਸਿੰਘ ਭੇਡਪੁਰਾ ਪਟਵਾਰੀ ਨਾਲ ਗੈਰ-ਕਾਨੂੰਨੀ ਤੇ ਗੈਰ-ਇਨਸਾਨੀਅਤ ਤਰੀਕੇ ਜਬਰ ਕਰਦੇ ਹੋਏ ਉਸ ਦੇ ਕੱਪੜੇ ਲੁਹਾ ਕੇ ਅਤਿ ਸ਼ਰਮਨਾਕ ਢੰਗ ਨਾਲ ਤਸ਼ੱਦਦ ਕਰਨ ਵਾਲੇ ਦੋਸ਼ੀ ਅਫਸਰਾਨ ਤੇ ਇਸ ਹੋਈ ਘਟਨਾ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਮੰਗ ਰੱਖੀ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਅਨ ਵਿਧਾਨ ਦੀ ਧਾਰਾ 14 ਅਨੁਸਾਰ ਭਾਵੇ ਕੋਈ ਵੀ ਇਨਸਾਨ ਜਾਂ ਇੰਡੀਅਨ ਨਾਗਰਿਕ ਕਿੰਨੇ ਵੀ ਵੱਡੇ ਅਹੁਦੇ 'ਤੇ ਬਿਰਾਜ਼ਮਾਨ ਹੋਵੇ, ਨੂੰ ਬਰਾਬਰਤਾ ਤੇ ਇਨਸਾਫ ਦੇ ਆਧਾਰ 'ਤੇ ਵਿਵਹਾਰ ਕਰਨ ਤੇ ਇਨਸਾਫ ਮਿਲਣ ਦੀ ਗੱਲ ਕਰਦੇ ਹੋਏ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਤੋਂ ਇਸ ਅਤਿ ਹਿਰਦੇਵੇਦਕ ਘਟਨਾ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਪੰਜਾਬ ਦੀ ਸ੍ਰ. ਭਗਵੰਤ ਮਾਨ ਸਰਕਾਰ ਇਸ ਹੋਈ ਬੇਇਨਸਾਫ਼ੀ ਤੇ ਜਬਰ ਨੂੰ ਹਲਕੇ ਵਿੱਚ ਨਾ ਲੈ ਕੇ ਗੰਭੀਰਤਾ ਨਾਲ ਲੈਂਦੇ ਹੋਏ, ਜਿੱਥੇ ਜਾਂਚ ਕਰਵਾਏ, ਉਥੇ ਆਉਣ ਵਾਲੇ ਸਮੇਂ ਵਿੱਚ ਸਿਆਸਤਦਾਨਾਂ ਤੇ ਹਕੂਮਤ 'ਤੇ ਕਾਬਜ਼ ਲੋਕਾਂ ਤੇ ਅਫਸਰਾਨ ਨੂੰ ਇੱਕ ਚੰਗੀ ਦਿਸ਼ਾ ਵੱਲ ਪ੍ਰੇਰਣ 'ਤੇ ਅਮਲ ਕਰੇਗੀ, ਜਿਸ ਨਾਲ ਸੱਚ ਤੇ ਇਨਸਾਫ਼ ਦੇ ਤਕਾਜ਼ੇ ਨੂੰ ਬਲ ਮਿਲੇਗਾ ਅਤੇ ਕਦੀ ਵੀ ਕੋਈ ਤਾਕਤ ਤੇ ਪੈਸੇ ਦੇ ਨਸ਼ੇ ਵਿੱਚ ਕਿਸੇ ਨਾਲ ਵਧੀਕੀ ਜਾਂ ਬੇਇਨਸਾਫ਼ੀ ਨਹੀਂ ਕਰੇਗੀ।

## ਜੂਡੋ ਤੇ ਕੁਰੈਸ਼ 'ਚ ਡਰੀਮਲੈਂਡ ਸਕੂਲ ਦੇ ਲੜਕਿਆਂ ਜਿੱਤੇ ਮੈਡਲ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਸਿੱਖਾਂਵਾਲਾ ਰੋਡ 'ਤੇ ਸਥਿਤ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਵਜੋਂ ਉੱਭਰ ਰਹੀ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਲੜਕਿਆਂ ਨੇ ਫਰੀਦਕੋਟ ਦੇ ਨਹਿਰੂ ਸਟੇਡੀਅਮ ਵਿੱਚ ਹੋਏ ਜੂਡੋ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਤੇ ਸਿਲਵਰ ਮੈਡਲ ਹਾਸਲ ਕੀਤੇ।ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ ਵਿੱਚ 29 ਖਿਡਾਰੀਆਂ ਨੇ ਗੋਲਡ, 14 ਖਿਡਾਰੀਆਂ ਨੇ ਸਿਲਵਰ ਤੇ ਤਿੰਨ ਖਿਡਾਰੀਆਂ ਨੇ ਬਰਾਊਂਜ਼ ਮੈਡਲ ਪ੍ਰਾਪਤ ਕੀਤੇ।ਸਕੂਲ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਹਰਵਿੰਦਰ ਸਿੰਘ ਕੋਚ, ਮਨਪ੍ਰੀਤ ਸਿੰਘ ਕੋਚ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣਾ ਮੁਕਾਮ ਹਾਸਲ ਕਰਨ ਲਈ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਨਵਪ੍ਰੀਤ ਸ਼ਰਮਾ, ਮੈਡਮ ਅਮਨਦੀਪ ਕੌਰ, ਪ੍ਰਦੀਪ ਕੁਮਾਰ, ਗਗਨਦੀਪ ਸਿੰਘ ਸਮੇਤ ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਅੰਕੁਸ਼ ਭਈਆ ਗਰੋਹ...

ਕਾਰਵਾਈ ਦੀ ਅਗਵਾਈ ਆਈ ਪੀ ਐੱਸ ਅਧਿਕਾਰੀ ਜਸਰੂਪ ਕੌਰ ਬਾਠ ਐੱਸ ਪੀ ਇਨਵੈਸਟੀਗੇਸ਼ਨ ਨੇ ਕੀਤੀ, ਜਿਸ ਵਿੱਚ ਡੀ ਐੱਸ ਪੀ ਇਨਵੈਸਟੀਗੇਸ਼ਨ ਲਖਵੀਰ ਸਿੰਘ ਦੀ ਦੇਖ-ਰੇਖ ਵਿੱਚ ਇੰਚਾਰਜ ਸੀ ਆਈ ਏ ਸਟਾਫ ਪੁਸ਼ਪ ਬਾਲੀ ਅਤੇ ਐੱਸ ਐੱਚ ਓ ਸਿਟੀ ਥਾਣਾ ਸੰਜੀਵ ਕਪੂਰ ਦੀ ਅਗਵਾਈ ਵਿੱਚ ਦੋ ਪੁਲਸ ਪਾਰਟੀਆਂ ਸ਼ਾਮਲ ਸਨ।ਪੁਲਸ ਟੀਮਾਂ ਨੇ ਨਕੋਦਰ ਸ਼ਹਿਰ ਦੇ ਜੀ.ਟੀ. ਰੋਡ ਸਥਿਤ ਮਾਲੜੀ ਪਿੰਡ ਨੇੜੇ ਇੱਕ ਨਾਕਾ ਲਗਾਇਆ, ਜਿੱਥੇ ਉਨ੍ਹਾਂ ਇੱਕ ਚਿੱਟੇ ਰੰਗ ਦੀ ਕਾਰ ਨੂੰ ਰੋਕਿਆ। ਕਾਬੂ ਕੀਤੇ ਵਿਅਕਤੀ ਭਾਰੀ ਹਥਿਆਰਾਂ ਨਾਲ ਲੈਸ ਸਨ। ਉਨ੍ਹਾਂ ਪਾਸ 1000 ਅਲਪਰਾਜ਼ੋਲਮ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਕਾਰਵਾਈ ਦੌਰਾਨ ਜ਼ਬਤ ਕੀਤੇ ਗਏ ਗੈਰ-ਕਾਨੂੰਨੀ ਹਥਿਆਰਾਂ ਵਿੱਚ ਚਾਰ ਪਿਸਤੌਲ- ਦੋ .30 ਬੋਰ ਪਿਸਤੌਲ, ਇੱਕ .32 ਬੋਰ ਦਾ ਪਿਸਤੌਲ ਅਤੇ ਇੱਕ .315 ਬੋਰ ਦੇਸੀ ਪਿਸਤੌਲ ਸਮੇਤ ਸੱਤ ਜ਼ਿੰਦਾ ਕਾਰਤੂਸ ਸ਼ਾਮਲ ਹਨ। ਪੁਲਸ ਨੇ ਹੁਸ਼ਿਆਰਪੁਰ ਵਿੱਚ ਬੈਂਕ ਲੁੱਟਣ ਅਤੇ ਵਿਰੋਧੀ ਗਰੋਹ ਦੇ ਮੈਂਬਰਾਂ ਦੇ ਕਤਲ ਨੂੰ ਅੰਜਾਮ ਦੇਣ ਦੇ ਗੈਂਗ ਦੇ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ।

ਮੁੱਢਲੀ ਤਫ਼ਤੀਸ਼ ਦੌਰਾਨ ਫੜੇ ਗਏ ਸ਼ੱਕੀਆਂ ਨੇ ਅਹਿਮ ਜਾਣਕਾਰੀਆਂ ਦਾ ਖੁਲਾਸਾ ਕੀਤਾ। ਕਾਰ ਦੇ ਮਾਲਕ, ਜਿਸ ਦੀ ਪਛਾਣ ਰੁਪੇਸ਼ ਵਜੋਂ ਹੋਈ ਹੈ, ਨੇ ਮੁਲਜ਼ਮਾਂ ਨੂੰ ਲੌਜਿਸਟਿਕਲ ਸਹਾਇਤਾ ਅਤੇ ਪਨਾਹ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਤੋਂ ਇਲਾਵਾ ਪੁਲਿਸ ਕਰਮਚਾਰੀ ਆਰੀਅਨ ਸਿੰਘ ਨੇ ਕਥਿਤ ਤੌਰ 'ਤੇ ਸ਼ੱਕੀਆਂ ਦੀ ਤਰਫੋਂ ਹਥਿਆਰਾਂ ਅਤੇ ਗੈਰ-ਕਾਨੂੰਨੀ ਪਦਾਰਥਾਂ ਦੇ ਭੰਡਾਰਨ ਦੀ ਸਹੂਲਤ ਦਿੱਤੀ ਸੀ। ਸਦਰ ਨਕੋਦਰ ਪੁਲਸ ਸਟੇਸ਼ਨ ਦੇ ਇੱਕ ਪੁਲਸ ਕਾਂਸਟੇਬਲ ਆਰੀਅਨ ਸਿੰਘ ਨੂੰ ਗਰੋਹ ਨੂੰ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਆਰੀਅਨ ਲਗਭਗ 1.5 ਮਹੀਨਿਆਂ ਤੋਂ ਡਿਊਟੀ ਤੋਂ ਗੈਰ ਹਾਜ਼ਰ ਸੀ ਅਤੇ ਪਲਿਸ ਕਾਰਵਾਈਆਂ ਦੇ ਗੁਪਤ ਵੇਰਵਿਆਂ ਦਾ ਖੁਲਾਸਾ ਕਰਨ ਅਤੇ ਗੈਂਗਸਟਰਾਂ ਨੂੰ ਲੌਜਿਸਟਿਕਸ ਸਹਾਇਤਾ ਪ੍ਰਦਾਨ ਕਰਨ ਵਿੱਚ ਸ਼ਾਮਲ ਸੀ।ਕਾਰ ਮਾਲਕ ਰੁਪੇਸ਼, ਜਿਸ ਨੇ ਗਰੋਹ ਨੂੰ ਸੁਰੱਖਿਅਤ ਘਰ ਅਤੇ ਹਥਿਆਰਾਂ ਦੇ ਭੰਡਾਰ ਸਮੇਤ ਮਾਲੀ ਸਹਾਇਤਾ ਪ੍ਰਦਾਨ ਕੀਤੀ ਸੀ, ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਗਰੋਹ ਨੂੰ ਵੇਚਣ ਲਈ ਨਸ਼ਾ ਸਪਲਾਈ ਕਰਨ ਵਾਲੇ ਹੁਸ਼ਿਆਰਪੁਰ ਦੇ ਰਹਿਣ ਵਾਲੇ ਦੀਬੂ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ।

ਵਿਦੇਸ਼ੀ ਲਵਪ੍ਰੀਤ ਸਿੰਘ ਉਰਫ਼ ਲਾਡੀ ਤੇ ਜੇਲ੍ਹ ਵਿੱਚ ਬੰਦ ਗੈਂਗਸਟਰ ਰਵੀ ਬਲਾਚੌਰੀਆ ਨਾਲ ਜੁੜੇ ਮੁੱਖ ਆਗੂ ਅੰਕੁਸ਼ 'ਤੇ ਵਿਰੋਧੀ ਗਰੋਹ ਦੇ ਮੈਂਬਰਾਂ ਨੂੰ ਮਾਰਨ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਝਗੜੇ ਦੇ ਚੱਲਦਿਆਂ ਇਨ੍ਹਾਂ ਦੇ ਨਿਸ਼ਾਨੇ 'ਤੇ ਚਾਰ ਵਿਅਕਤੀ ਸਨ। ਹਮਲੇ ਲਈ ਬੰਦੂਕਾਂ ਲਾਡੀ ਅਤੇ ਵਿਸ਼ਾਲ ਸੱਭਰਵਾਲ ਨੇ ਮੁਹੱਈਆ ਕਰਵਾਈਆਂ ਸਨ ਅਤੇ ਇਕ ਬੰਦੂਕ ਪੁਲਸ ਨੇ ਪਹਿਲਾਂ ਹੀ ਬਰਾਮਦ ਕਰ ਲਈ ਹੈ। ਗ੍ਰਿਫ਼ਤਾਰ ਕੀਤੇ ਗਏ ਗਰੋਹ ਦੇ ਮੈਂਬਰਾਂ ਦਾ ਕਈ ਜ਼ਿਲ੍ਹਿਆਂ ਵਿੱਚ ਗੰਭੀਰ ਅਪਰਾਧਿਕ ਗਤੀਵਿਧੀਆਂ ਦਾ ਇਤਿਹਾਸ ਹੈ। ਇਹ ਰਿਕਾਰਡ ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਿੰਸਕ ਗਤੀਵਿਧੀਆਂ ਵਿੱਚ ਗਰੋਹ ਦੀ ਲੰਮੇ ਸਮੇਂ ਤੋਂ ਸ਼ਮੂਲੀਅਤ ਨੂੰ ਦਰਸਾਉਂਦੇ ਹਨ। ਇਸ ਸਬੰਧੀ ਥਾਣਾ ਨਕੋਦਰ ਵਿਖੇ ਅਸਲਾ ਐਕਟ ਦੀ ਧਾਰਾ 25, 54, 59 ਤਹਿਤ ਕੇਸ ਦਰਜ ਕੀਤਾ ਗਿਆ ਸੀ। ਗ੍ਰਿਫ਼ਤਾਰ ਵਿਅਕਤੀਆਂ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਅਤੇ ਸਥਾਨਕ ਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਆਪਕ ਨੈੱਟਵਰਕ ਦੀ ਜਾਂਚ ਕਰਨ ਲਈ ਪੁਲਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ। ਗਰੋਹ ਦੇ ਦੋ ਹੋਰ ਮੈਂਬਰਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ, ਜੋ ਅਜੇ ਫ਼ਰਾਰ ਹਨ।

### ਮਮਤਾ ਭੈਣ ਬਣ...

ਦਾਸਗੁਪਤਾ ਸਣੇ ਦੋ ਵਿਅਕਤੀਆਂ ਨੂੰ ਪ੍ਰਦਰਸ਼ਨਕਾਰੀ ਜੂਨੀਅਰ ਡਾਕਟਰਾਂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਸ ਨੇ ਦੱਸਿਆ ਕਿ ਤ੍ਰਿਣਮੂਲ ਕਾਂਗਰਸ ਦੇ ਆਗੂ ਕੁਨਾਲ ਘੋਸ਼ ਨੇ ਇਕ ਫੋਨ ਕਾਲ ਦੀ ਆਡੀਓ ਕਲਿੱਪ ਜਾਰੀ ਕੀਤੀ ਸੀ, ਜਿਸ ਤੋਂ ਬਾਅਦ ਦੋਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਘੋਸ਼ ਨੇ ਦੋਸ਼ ਲਗਾਇਆ ਸੀ ਕਿ ਮਮਤਾ ਬੈਨਰਜੀ ਸਰਕਾਰ ਨੂੰ ਬਦਨਾਮ ਕਰਨ ਲਈ ਸਵਾਸਥ ਭਵਨ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਜੂਨੀਅਰ ਡਾਕਟਰਾਂ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਗ੍ਰਿਫਤਾਰ ਕੀਤੇ ਗਏ ਦੂਜੇ ਵਿਅਕਤੀ ਦੀ ਪਛਾਣ ਸੰਜੀਵ ਦਾਸ ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਦਾਸ ਨੂੰ ਸ਼ੁੱਕਰਵਾਰ ਰਾਤ ਨੂੰ ਦੱਖਣੀ ਕੋਲਕਾਤਾ ਦੇ ਹਲਟੂ ਤੋਂ, ਜਦਕਿ ਦਾਸਗੁਪਤਾ ਨੂੰ ਸੈਕਟਰ-5 ਸਵਾਸਥ ਭਵਨ ਦੇ ਬਾਹਰ ਵਿਰੋਧ ਪ੍ਰਦਰਸ਼ਨ ਵਾਲੀ ਥਾਂ ਤੋਂ ਗ੍ਰਿਫਤਾਰ ਕੀਤਾ ਗਿਆ।

## ਦਾਸ ਐਂਡ ਬ੍ਰਾਊਨ ਦੇ ਖਿਡਾਰੀਆਂ ਜਿੱਤੇ ਸੋਨੇ ਤੇ ਕਾਂਸੀ ਦੇ ਤਮਗੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਖੇਡਾਂ ਵਤਨ ਪੰਜਾਬ ਦੀਆਂ ਤੇ ਵਾਲੀਬਾਲ ਜ਼ੋਨਲ ਚੈਂਪੀਅਨਸ਼ਿਪ ਵਿੱਚ ਦਾਸ ਤੇ ਬਰਾਊਨ ਵਰਲਡ ਸਕੂਲ ਦੇ 7 ਵਿਦਿਆਰਥੀਆਂ ਨੇ 5 ਸੋਨੇ ਤੇ 2 ਕਾਂਸੀ ਦੇ ਮੈਡਲ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਦੱਸਿਆ ਕਿ ਚੈਂਪੀਅਨਸ਼ਿਪ 'ਚ ਸਕੂਲ ਦੇ 10 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ 'ਚੋਂ 7 ਵਿਦਿਆਰਥੀ ਜੇਤੂ ਰਹੇ।ਉਨ੍ਹਾਂ ਦੱਸਿਆ ਕਿ ਜਮਾਤ ਬਾਰਵੀਂ ਦੇ ਅਤੁਲ ਕੁਮਾਰ ਨੇ ਵਾਲੀਬਾਲ ਵਿੱਚ ਗੋਲਡ ਮੈਡਲ, ਕਲਾਸ ਬਾਰਵੀਂ ਦੇ ਵਰਦਾਨ ਨੇ ਵਾਲੀਬਾਲ ਵਿੱਚ ਗੋਲਡ ਮੈਡਲ, ਕਲਾਸ ਬਾਰਵੀਂ ਦੇ ਅਸ਼ਵੀਰ ਸਿੰਘ ਨੇ ਸ਼ਾਟਪੁੱਟ ਵਿੱਚ ਗੋਲਡ ਮੈਡਲ ਜਿੱਤਿਆ।

ਇਸੇ ਤਰ੍ਹਾਂ ਸੱਤਵੀਂ ਜਮਾਤ ਦੇ ਨਵਦੀਪ ਸਿੰਘ ਨੇ 600 ਮੀਟਰ ਦੌੜ ਵਿੱਚ ਗੋਲਡ ਮੈਡਲ, ਗਿਆਰਵੀਂ ਜਮਾਤ ਦੇ ਚੰਦਵੀਰ ਨੇ ਡਿਸਕਸ ਥਰੋਅ ਵਿੱਚ ਸੋਨੇ ਦਾ ਮੈਡਲ ਜਿੱਤਿਆ।ਬਾਰਵੀਂ ਦੇ ਨਕੁਲ ਠੁਕਰਾਲ ਨੇ ਸ਼ਾਟਪੁੱਟ ਵਿੱਚ ਤਾਂਬੇ ਦਾ ਮੈਡਲ ਤੇ ਨੌਵੀਂ ਜਮਾਤ ਦੇ ਆਦਿੱਤਿਆ ਨੇ 800 ਮੀਟਰ ਦੌੜ ਵਿੱਚ ਤਾਂਬੇ ਦਾ ਮੈਡਲ ਜਿੱਤਿਆ ਹੈ। ਸਕੂਲ ਦੇ ਖੇਡ ਅਧਿਕਾਰੀ ਆਕਾਸ਼ ਦੱਤਾ ਨੇ ਦੱਸਿਆ ਕਿ ਉਪਰੋਕਤ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੇ ਕੋਚ ਸੰਬਲ ਤੇ ਆਕਾਸ਼ ਵੱਲੋਂ ਕੋਚਿੰਗ ਦਿੱਤੀ ਗਈ।ਪ੍ਰਿੰਸੀਪਲ ਨੇ ਸਾਰੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਭਾਕਿਯੂ (ਲੱਖੋਵਾਲ) ਹਰੇਕ ਅਹੁਦੇਦਾਰ ਨੂੰ ਪੂਰਾ ਮਾਣ ਦੇਵੇਗੀ : ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)** : ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਹੀ ਇੱਕ ਅਜਿਹੀ ਯੂਨੀਅਨ, ਜੋ ਆਪਣੇ ਨਾਲ ਜੁੜੇ ਹਰ ਵਰਕਰ ਦਾ ਪੂਰਨ ਸਤਿਕਾਰ ਕਰਕੇ, ਉਸ ਦੁਆਰਾ ਕੀਤੇ ਕਾਰਜਾਂ ਪ੍ਰਤੀ ਸੁਹਿਰਦਤਾ ਨਾਲ ਉਸ ਦਾ ਮਾਣ ਸਤਿਕਾਰ ਕਰਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਦੁਆਰਾ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਨ੍ਹਾ ਕਿਹਾ ਕਿ ਬੀ. ਕੇ. ਯੂ. (ਲੱਖੋਵਾਲ) ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਨੀਅਨ ਦੇ ਹਰ ਵਰਕਰ ਜਾਂ ਅਹੁਦੇਦਾਰ ਨੂੰ ਉਸ ਦੁਆਰਾ ਕੀਤੇ ਜਾਂਦੇ ਕਾਰਜਾਂ ਅਨੁਸਾਰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ।ਉਨ੍ਹਾਂ ਦੇ ਅਦੇਸ਼ਾਂ ਤਹਿਤ ਹੀ ਭਾਕਿਯੂ (ਲੱਖੋਵਾਲ) ਨਾਲ ਕਾਫੀ ਪੁਰਾਣੇ ਸਮੇਂ ਤੋਂ ਜੁੜੇ ਵਰਕਰ ਹਰਵਿੰਦਰ ਸਿੰਘ ਨਾਗਰਾ ਵਾਸੀ ਰਤੀਪੁਰ ਨੂੰ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੁਧਿਆਣਾ ਜ਼ਿਲ੍ਹੇ ਦਾ ਜਨਰਲ ਸਕੱਤਰ ਲਗਾਇਆ ਗਿਆ ਹੈ। ਹਰਵਿੰਦਰ ਸਿੰਘ ਨਾਗਰਾ ਕਿਸਾਨੀ ਸੰਘਰਸ਼ ਦੌਰਾਨ ਆਪਣੇ ਆਲੇ ਦੁਆਲੇ ਦੇ ਪਿੰਡਾਂ ਵਿੱਚੋਂ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਕਰਕੇ ਦਿੱਲੀ ਬਾਰਡਰਾਂ 'ਤੇ ਲੈ ਕੇ ਗਏ, ਉੱਥੇ ਦਿਨ-ਰਾਤ ਪੂਰੀ ਤਨਦੇਹੀ ਨਾਲ ਕੰਮ ਕੀਤਾ।ਦਿੱਲੀ ਸੰਘਰਸ਼ ਉਪਰੰਤ ਵੀ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਬੀ. ਕੇ. ਯੂ. (ਲੱਖੋਵਾਲ) ਦੀਆਂ ਨੀਤੀਆਂ ਸਬੰਧੀ ਦੱਸਿਆ ਤੇ ਵੱਡੀ ਗਿਣਤੀ ਕਿਸਾਨਾਂ ਤੇ ਮਜ਼ਦੂਰਾਂ ਨੂੰ ਆਪਣੇ ਨਾਲ ਜੋੜਿਆ। ਇਸ ਮੌਕੇ ਹਰਿੰਦਰ ਸਿੰਘ ਨਾਗਰਾ ਨੇ ਯੂਨੀਅਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੋ ਅਹੁਦਾ ਮੈਨੂੰ ਦਿੱਤਾ ਗਿਆ ਹੈ, ਉਸ ਪ੍ਰਤੀ ਮੈਂ ਪੂਰੀ ਮਿਹਨਤ ਤੇ ਵਫਾਦਾਰੀ ਨਾਲ ਕੰਮ ਕਰਾਂਗਾ।ਇਸ ਤੋਂ ਇਲਾਵਾ ਯੂਨੀਅਨ ਦੀਆਂ ਨੀਤੀਆਂ ਪ੍ਰਤੀ ਦੱਸ ਕੇ ਵੱਡੀ ਗਿਣਤੀ ਵਿੱਚ ਹੋਰ ਵੀ ਕਿਸਾਨਾਂ ਤੇ ਮਜ਼ਦੂਰਾਂ ਨੂੰ ਯੂਨੀਅਨ ਨਾਲ ਜੋੜਾਂਗਾ।

## ਭਾਰਤੀਯ ਅੰਬੇਡਕਰ ਮਿਸ਼ਨ ਨੇ ਐੱਸ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**-ਸ਼ਹਿਰ ਦੇ ਸਿਵਲ ਹਸਪਤਾਲ ਵਿਖੇ ਬੀਤੇ ਦਿਨੀਂ ਹੋਏ ਖ਼ੂਨੀ ਝੜਪ ਨੂੰ ਲੈ ਕੇ ਹਸਪਤਾਲ ਦੇ ਸਟਾਫ ਤੇ ਆਮ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਸ ਨੂੰ ਲੈ ਕੇ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਸਿਵਲ ਹਸਪਤਾਲ ਵਿਖੇ ਪੱਕੇ ਤੌਰ 'ਤੇ ਪੁਲਸ ਚੌਕੀ ਬਣਾਉਣ ਦੀ ਮੰਗ ਨੂੰ ਲੈ ਕੇ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜ ਦੀ ਅਗਵਾਈ ਹੇਠ ਡੀਜੀਪੀ ਪੰਜਾਬ ਦੇ ਨੇ ਐੱਸ ਐੱਸ ਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸ੍ਰੀ ਕਾਂਗੜ ਨੇ ਕਿਹਾ ਕਿ ਸਿਵਲ ਹਸਪਤਾਲ ਵਿਖੇ ਜੋ ਬੀਤੇ ਦਿਨੀਂ ਖ਼ੂਨੀ ਝੜਪ ਹੋਈ ਹੈ, ਉਸ ਨੂੰ ਲੈ ਕੇ ਲੋਕਾਂ ਅੰਦਰ ਡਰ ਦਾ ਮਾਹੌਲ ਬਣਿਆ ਹੋਇਆ ਹੈ।ਲੋਕ ਸਿਵਲ ਹਸਪਤਾਲ ਵਿਖੇ ਆਪਣਾ ਇਲਾਜ ਕਰਵਾਉਣ ਲਈ ਆਉਣ ਤੋਂ ਵੀ ਘਬਰਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਗਰੂਰ ਵਿਖੇ ਜ਼ਿਲ੍ਹਾ ਹਸਪਤਾਲ ਹੋਣ ਕਾਰਨ ਜ਼ਿਲ੍ਹਾ ਭਰ ਵਿੱਚੋਂ ਵੱਡੀ ਗਿਣਤੀ ਇਲਾਜ ਕਰਵਾਉਣ ਲਈ ਲੋਕਾਂ ਦਾ ਆਉਣਾ ਜਾਣਾ ਰਹਿੰਦਾ ਹੈ, ਪ੍ਰੰਤੂ ਹਸਪਤਾਲ ਅੰਦਰ ਪਿਛਲੇ ਕਾਫ਼ੀ ਸਮੇਂ ਤੋਂ ਵੱਡੇ ਵੱਡੇ ਝਗੜੇ ਹੁੰਦੇ ਆ ਰਹੇ ਹਨ। ਬਿਤੇ ਦਿਨੀਂ ਜੋ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਝਗੜਾ ਹੋਇਆ ਸੀ, ਬੇਸ਼ੱਕ ਉਸ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਪ੍ਰੰਤੂ ਅਜੇ ਵੀ ਲੋਕ ਕਾਫ਼ੀ ਸਹਿਮੇ ਹੋਏ ਹਨ।ਉਨ੍ਹਾ ਕਿਹਾ ਕਿ ਹਸਪਤਾਲ ਅੰਦਰ ਲੋਕਾਂ ਦੀ ਸੁਰੱਖਿਆ ਲਈ ਕੋਈ ਖ਼ਾਸ ਪ੍ਰਬੰਧ ਨਹੀਂ ਹੈ, ਜਿਸ ਕਰਕੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਸਪਤਾਲ ਅੰਦਰ ਪੱਕੇ ਤੌਰ 'ਤੇ ਪੁਲਸ ਚੌਕੀ ਬਣਾਉਣਾ ਅਤਿ ਜ਼ਰੂਰੀ ਹੈ।ਇਸ ਮੌਕੇ ਮਿਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲ ਸਿੰਘ ਭੰਮਾਬੱਦੀ, ਰਾਣਾ ਬਾਲੂ ਜਗਸੀਰ ਸਿੰਘ ਜੱਗਾ, ਕਮਲਪ੍ਰੀਤ ਸਿੰਘ ਸੋਨੂੰ, ਐਡਵੋਕੇਟ ਲਲਿਤ ਕੁਮਾਰ, ਸੂਬਾ ਸਕੱਤਰ ਸ਼ਕਤੀ ਸਿੰਘ ਠੇਕੇਦਾਰ, ਰਣਜੀਤ ਸਿੰਘ ਹੈਪੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

# ਬਿਜਲੀ ਮੁਲਾਜ਼ਮਾਂ ਵੱਲੋਂ ਤੀਸਰੇ ਦਿਨ ਵੀ ਕੰਮਕਾਜ ਠੱਪ ਕਰਕੇ ਰੋਸ ਰੈਲੀ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)**-ਬਿਜਲੀ ਮੁਲਾਜ਼ਮਾਂ ਵੱਲੋਂ ਲਮਕਾ ਵਿੱਚ ਪਈਆਂ ਮੰਗਾਂ ਲਾਗੂ ਕਰਵਾਉਣ ਵਾਸਤੇ ਜੁਆਇੰਟ ਫੋਰਮ ਅਤੇ ਏਕਤਾ ਮੰਚ ਪੰਜਾਬ ਵਿੱਚ ਸ਼ਾਮਿਲ ਵੱਖ-ਵੱਖ ਜਥੇਬੰਦੀਆਂ ਵੱਲੋਂ 10-11 ਅਤੇ 12 ਸਤੰਬਰ ਤਿੰਨ ਦਿਨ ਛੁੱਟੀ ਉਪਰ ਜਾਣ ਦੇ ਦਿੱਤੇ ਸੱਦੇ ਤਹਿਤ ਮੰਡਲ ਪੱਟੀ ਅਧੀਨ ਸਮੂਹ ਮੁਲਾਜ਼ਮਾਂ ਵੱਲੋਂ ਛੁੱਟੀ ਦੇ ਅਖੀਰਲੇ ਦਿਨ ਸਮੁੱਚਾ ਕੰਮਕਾਜ ਠੱਪ ਕਰਕੇ ਦਫ਼ਤਰ ਅੱਗੇ ਵਿਸ਼ਾਲ ਰੋਸ ਰੈਲੀ ਕੀਤੀ ਜਿਸ ਵਿੱਚ ਪੈਨਸ਼ਨਰ ਐਸੋ: (ਰਜਿ) ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਤੇ ਵਰਕਰਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਕੀਤੀ।ਇਸ ਮੌਕੇ ਰੋਸ ਰੈਲੀ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਸੋਹਣ ਸਿੰਘ ਸਭਰਾ, ਸਤਨਾਮ ਸਿੰਘ ਸਭਰਾ, ਹਰਚਰਨ ਸਿੰਘ ਲੌਹਕਾ, ਕਰਮਜੀਤ ਸਿੰਘ ਰਿੰਕੂ ਅਤੇ ਜਤਿੰਦਰ ਸਿੰਘ ਬੱਗਾ ਭਲਵਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਜਾਣ ਬੁੱਝ ਕੇ ਬਿਜਲੀ ਮੁਲਾਜ਼ਮਾਂ ਦੀਆਂ ਸਹੀ ਅਤੇ ਜਾਇਜ਼ ਮੰਗਾਂ ਨਹੀਂ ਮੰਨ ਰਹੀ ਜਿਸ ਕਾਰਨ ਬਿਜਲੀ ਮੁਲਾਜ਼ਮਾਂ ਨੂੰ ਤਿੰਨ ਦਿਨਾਂ ਦੀ ਛੁੱਟੀ 'ਤੇ ਜਾਣ ਵਾਸਤੇ ਮਜਬੂਰ ਹੋਣਾ ਪਿਆ ਜਿਸ ਕਾਰਨ ਆਮ ਜਨਤਾ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਮੁਲਾਜ਼ਮਾਂ ਦਾ ਆਪਸੀ ਰਿਸ਼ਤਾ ਨਹੁੰ ਮਾਸ ਦਾ ਰਿਸ਼ਤਾ ਹੈ। ਅਸੀਂ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਤੁਹਾਡੇ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ ਜਾਵੇਗਾ।

ਉਨ੍ਹਾਂ ਸਰਕਾਰ ਤੋਂ ਵੀ ਮੰਗ ਕੀਤੀ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣ।ਇਸ ਮੌਕੇ ਬਿਜਲੀ ਮੁਲਾਜ਼ਮ ਆਗੂ ਮੰਗਲ ਸਿੰਘ ਸਭਰਾ ਨੇ ਵੀ ਸੰਬੋਧਨ ਕੀਤਾ।

# ਸੀਪੀਆਈ ਦੇ ਅਹੁਦੇਦਾਰਾਂ ਤੇ ਵਰਕਰਾਂ ਥਾਣਾ ਕੱਥੂਨੰਗਲ ਘੇਰਿਆ

## * ਇਲਾਕੇ 'ਚ ਆਏ ਨਸ਼ਿਆਂ ਦੇ ਹੜ੍ਹ ਨੂੰ ਫੌਰੀ ਠੱਲ੍ਹ ਪਾਉਣ ਦੀ ਕੀਤੀ ਮੰਗ

**ਵੇਰਕਾ (ਰਾਣਾ)**-ਬੀਤੇ ਦਿਨ ਸੀ. ਪੀ. ਆਈ. ਦੇ ਅਹੁਦੇਦਾਰ ਅਤੇ ਵਰਕਰਾਂ ਨੇ ਪੀੜਤ ਇਲਾਕਾ ਨਿਵਾਸੀਆਂ ਨਾਲ ਮਿਲ ਕੇ ਪੁਲਸ ਥਾਣਾ ਕੱਥੂਨੰਗਲ ਦਾ ਘਿਰਾਓ ਕੀਤਾ ਅਤੇ ਪੁਲਸ ਪ੍ਰਸ਼ਾਸਨ ਦੀਆਂ ਖਾਮੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਪੁਲਸ ਥਾਣਾ ਕੱਥੂਨੰਗਲ ਅਧੀਨ ਪੈਂਦੇ ਪਿੰਡਾਂ, ਕਸਬਿਆਂ ਵਿੱਚ ਸ਼ਰੇਆਮ ਹੁੰਦੀਆਂ ਲੁੱਟ ਦੀਆਂ ਘਟਨਾਵਾਂ, ਬੇਖੌਫ ਵਿਕਦੇ ਨਸ਼ਿਆਂ ਕਾਰਨ ਲੋਕ ਡਾਢੇ ਤੰਗ-ਪ੍ਰੇਸ਼ਾਨ ਹਨ।ਨਸ਼ਿਆਂ ਕਾਰਨ ਘਰਾਂ ਦੇ ਘਰ ਉਜੜ ਰਹੇ ਹਨ ਪਰ ਪੁਲਸ ਪ੍ਰਸ਼ਾਸ਼ਨ ਮੂਕ-ਦਰਸ਼ਕ ਬਣਿਆ ਹੋਇਆ ਹੈ।ਪੁਲਸ ਨਸ਼ਾ ਵੇਚਣ ਵਾਲੇ ਦੁਕਾਨਦਾਰਾਂ/ਵਪਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਤੋਂ ਗੁਰੇਜ਼ ਕਰਦੀ ਹੈ ਜਿਸ ਕਾਰਨ ਉਨ੍ਹਾਂ ਦੇ ਹੌਸਲੇ ਬੁਲੰਦ ਹੋਏ ਹਨ। ਤਦ ਹੀ ਉਹ ਨਿਡਰ ਤੇ ਬੇਖੌਫ ਹੋ ਕੇ ਨਸੇ ਵੇਚਣ ਦਾ ਗੋਰਖ ਧੰਦਾ ਕਰ ਰਹੇ ਹਨ।ਆਪਣੇ ਭਵਿੱਖ ਦੀ ਬਿਨਾਂ ਪ੍ਰਵਾਹ ਕੀਤੇ ਨੌਜਵਾਨ ਕੁਰਾਹੇ ਪੈ ਗਏ ਹਨ।ਉਕਤ ਵਾਰਦਾਤਾਂ ਨੂੰ ਠੱਲ ਨਾ ਪੈਂਦੀ ਵੇਖ ਕੇ ਸੀ. ਪੀ. ਆਈ. ਦੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਕੱਥੂਨੰਗਲ ਪੁਲਸ ਥਾਣੇ ਦਾ ਮਜਬੂਰਨ ਘਿਰਾਓ ਕਰਨਾ ਪਿਆ ਹੈ।ਇਸ ਮੌਕੇ ਡੀ. ਐੱਸ. ਪੀ ਮਜੀਠਾ ਜਸਪਾਲ ਸਿੰਘ ਗਿੱਲ ਨੇ ਪੁਲਸ ਖਿਲਾਫ ਨਾਅਰੇਬਾਜ਼ੀ ਕਰਨ ਵਾਲੇ ਧਰਨਾਕਾਰੀਆਂ ਨੂੰ ਇਸ ਮਾਮਲੇ ਵਿੱਚ ਫੌਰੀ ਸਖ਼ਤ ਕਾਨੂੰਨੀ ਕਾਰਵਾਈ ਕਰਨ ਦਾ ਭਰੋਸਾ ਦਿਵਾਉਣ ਉਪਰੰਤ ਹੀ ਸ਼ਾਂਤ ਕਰਵਾਇਆ। ਇਲਾਕਾ ਨਿਵਾਸੀਆ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਮਾਨਯੋਗ ਡੀ. ਜੀ. ਪੀ ਪੁਲਸ ਵਿਭਾਗ ਪੰਜਾਬ ਪਾਸੋਂ ਇਲਾਕੇ ਵਿੱਚ ਆਏ ਨਸ਼ਿਆਂ ਦੇ ਹੜ ਨੂੰ ਫੌਰੀ ਠੱਲ ਪਾਏ ਜਾਣ ਦੀ ਮੰਗ ਕੀਤੀ ਹੈ।

# ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿੱਚ ਅੰਗਰੇਜ਼ੀ ਰਾਜ ਸਮੇਂ ਸਾਰਾਗੜ੍ਹੀ ਵਿਖੇ 21 ਬਹਾਦਰ ਸਿੱਖ ਸੈਨਿਕਾਂ ਦੁਆਰਾ ਲੜੀ ਗਈ ਇਤਿਹਾਸਕ ਜੰਗ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਸਾਰੇ ਸ਼ਹੀਦਾਂ ਦੀ ਸ਼ਹਾਦਤ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਕਰਵਾਏ ਗਏ ਪੇਂਟਿੰਗ ਮੁਕਾਬਲੇ ਦੌਰਾਨ ਬਹਾਦਰ ਸਿੱਖ ਫੌਜੀਆਂ ਦੀਆਂ ਤਸਵੀਰਾਂ ਵੀ ਤਿਆਰ ਕੀਤੀਆਂ।ਇਸ ਮੌਕੇ ਰੂਪਨੀਤ ਕੌਰ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਕਿਸ ਪ੍ਰਕਾਰ ਵਿਰੋਧੀ ਧਿਰ ਤੇ ਅਫਗਾਨ ਆਗੂ ਗੁਲਬਾਦਸ਼ਾਹ ਦੇ ਵਿਰੁੱਧ ਹਵਾਲਦਾਰ ਈਸ਼ਰ ਸਿੰਘ ਦੀ ਕਮਾਂਡ ਹੇਠ ਲੜੀ ਗਈ ਇਸ ਲੜਾਈ ਵਿੱਚ ਸਿੱਖ ਫੌਜ ਦੀ ਬਹਾਦਰੀ ਦੀ ਤਰੀਫ ਕੀਤੀ।ਸ਼੍ਰੇਆ ਠਾਕੁਰ, ਗੁਰਪ੍ਰੀਤ ਕੌਰ, ਲਵਨੀਤ ਕੌਰ, ਜਸਮੀਤ ਕੌਰ, ਕੋਮਲਪ੍ਰੀਤ ਕੌਰ, ਜਸਲੀਨ ਕੌਰ, ਮਹਿਕਦੀਪ ਕੌਰ ਅਤੇ ਅਰਸ਼ਪ੍ਰੀਤ ਕੌਰ ਨੇ ਕ੍ਰਮਵਾਰ ਕਵਿਤਾ, ਲੈਕਚਰ, ਦੇਸ਼ ਭਗਤੀ ਦੇ ਗੀਤ, ਕਾਰਡ ਪੇਂਟਿੰਗ, ਚਿੱਤਰਕਾਰੀ ਅਤੇ ਮੈਗਜ਼ੀਨ ਪੇਸ਼ ਕਰਕੇ ਪ੍ਰੋਗਰਾਮ ਨੂੰ ਹੋਰ ਸੋਹਬਤ ਦਿੱਤੀ।ਸਿੱਖ ਸਿਪਾਹੀਆਂ ਦੀ ਬਹਾਦਰੀ ਨੂੰ ਪੇਸ਼ ਕਰਦਾ ਨਾਟਕ ਵੀ ਖੇਡਿਆ ਗਿਆ।ਇਸ ਸਮੇਂ ਸਕੂਲ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਦੱਸਿਆ ਕਿ ਸਾਡੇ ਸਾਰੇ ਭਾਰਤੀਆਂ ਲਈ ਮਾਣ ਵਾਲੀ ਗੱਲ ਹੈ ਕਿ ਫਰਾਂਸ ਦੇ ਸਕੂਲਾਂ ਵਿੱਚ ਇਹ ਇਤਿਹਾਸਕ ਲੜਾਈ ਪੜ੍ਹਾਈ ਜਾਂਦੀ ਹੈ।ਇਸ ਮੌਕੇ ਪ੍ਰੋਗਰਾਮ ਦੇ ਕੋਆਰਡੀਨੇਟਰ ਮੈਡਮ ਪਵਨਦੀਪ ਕੌਰ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਡਾਇਰੈਕਟਰ ਮਨਪ੍ਰੀਤ ਕੌਰ, ਪ੍ਰਿੰ. ਇੰਦਰਜੀਤ ਕੌਰ, ਕੋਆਰਡੀਨੇਟਰ ਹਰਕਿੰਦਰਬੀਰ ਸਿੰਘ, ਸੁਮਨਦੀਪ ਕੌਰ, ਰੁਪਿੰਦਰ ਕੌਰ, ਸੁਰਜੀਤ ਕੌਰ, ਬਲਜੀਤ ਕੌਰ, ਚਰਨਜੀਤ ਕੌਰ, ਜਸਪ੍ਰੀਤ ਕੌਰ ਵੀ ਹਾਜ਼ਰ ਸਨ।ਅਖੀਰ 'ਤੇ ਵਿਦਿਆਰਥੀਆਂ ਵੱਲੋਂ ਲੜਾਈ 'ਤੇ ਕਟਾਕਸ਼ ਕਰਦੀ ਗੁਰਭਜਨ ਗਿੱਲ ਦੀ ਕਵਿਤਾ ਪਖਤੂਨ ਭਾਗੀ ਆਜ਼ਾਦੀ ਵੀ ਪੜ੍ਹੀ ਗਈ।

## ਹੜਤਾਲ ਦੇ ਬਾਵਜੂਦ ਐਮਰਜੈਂਸੀ ਸੇਵਾਵਾਂ ਚਾਲੂ : ਸਿਵਲ ਸਰਜਨ



ਚੋਹਲਾ ਸਾਹਿਬ (ਰਮਨ ਚੱਢਾ)-ਜ਼ਿਲਾ ਹਸਪਤਾਲ ਵਿਖੇ ਚੱਲ ਰਹੀ ਮੈਡੀਕਲ ਅਫਸਰਾਂ ਦੀ ਹੜਤਾਲ ਦੇ ਮੱਦੇਨਜ਼ਰ ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਸ਼ੁੱਕਰਵਾਰ ਨੂੰ ਸਿਵਲ ਹਸਪਤਾਲ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਿਵਲ ਹਸਪਤਾਲ ਤਰਨ ਤਾਰਨ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਰਬਜੀਤ ਸਿੰਘ ਵੀ ਮੌਜੂਦ ਰਹੇ। ਡਾਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਮੈਡੀਕਲ ਅਫਸਰਾਂ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਦੇ ਵਿੱਚ ਹੜਤਾਲ ਕੀਤੀ ਜਾ ਰਹੀ ਹੈ ਪਰ ਹੜਤਾਲ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਵੱਲੋਂ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਐਮਰਜੰਸੀ ਸੇਵਾਵਾਂ ਲਈ ਆ ਰਹੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਉਨ੍ਹਾਂ ਕਿਹਾ ਕਿ ਜ਼ਿਲੇ ਦੀਆਂ ਸਾਰੀਆਂ ਹੀ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਐਮਰਜੈਂਸੀ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ ਅਤੇ ਡਾਕਟਰਾਂ ਵੱਲੋਂ ਐਮਰਜੈਂਸੀ ਵਿੱਚ ਆ ਰਹੇ ਮਰੀਜ਼ਾਂ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

## ਬਹਿਲ ਨੇ ਕਾਂਗਰਸੀ ਵਿਧਾਇਕ ਤੇ ਨਗਰ ਕੌਂਸਲ ਪ੍ਰਧਾਨ ਨੂੰ ਲਿਆ ਆੜੇ ਹੱਥੀਂ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਗੁਰਦਾਸਪੁਰ ਤੋਂ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਪਾਹੜਾ ਤੇ ਤਿੱਖੇ ਸ਼ਬਦੀ ਹਮਲੇ ਕੀਤੇ ਗਏ।ਬਹਿਲ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਕਾਂਗਰਸ ਪਿਛਲੇ ਕੁਝ ਮਹੀਨਿਆਂ ਤੋਂ ਸ਼ਹਿਰ ਵਿੱਚ ਚੱਲ ਰਹੀ ਕੂੜੇ ਦੀ ਸਮੱਸਿਆ ਨੂੰ ਲੈ ਕੇ ਪੂਰੀ ਤਰ੍ਹਾਂ ਰਾਜਨੀਤੀ ਕਰ ਰਹੀ ਹੈ।ਜਦਕਿ ਨਗਰ ਕੌਂਸਲ ਨੂੰ ਸਿਆਸਤ ਕਰਨ ਦੀ ਬਜਾਏ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ।ਕੌਂਸਲ ਪ੍ਰਧਾਨ 'ਤੇ ਵਰ ਦੇ ਹੋਏ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੂੜੇ ਤੋਂ ਨਿਜਾਤ ਦਵਾਓ ਨਹੀਂ ਤਾ ਪਾਸੇ ਹਟ ਜਾਓ।ਰਮਨ ਬਹਿਲ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਉਹ ਆਪ ਨਗਰ ਕੌਂਸਲ ਗੁਰਦਾਸਪੁਰ ਦੇ ਪ੍ਰਧਾਨ ਰਹਿ ਚੁੱਕੇ ਹਨ, ਪਰ ਉਨ੍ਹਾਂ ਨੇ ਕਿਸੇ ਨਾਲ ਮਤਰੇਈ ਮਾਂ ਵਾਲਾ ਵਤੀਰਾ ਨਹੀਂ ਕੀਤਾ, ਜਦਕਿ ਹੁਣ ਨਗਰ ਕੌਂਸਲ 'ਚ ਕੂੜੇ ਨੂੰ ਲੈ ਕੇ ਮੁੱਦੇ 'ਤੇ ਸਿਆਸਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਭੋਲੇ-ਭਾਲੇ ਮੁਲਾਜ਼ਮਾਂ ਨੂੰ ਗੁੰਮਰਾਹ ਕਰਕੇ ਸਿਆਸਤ ਨਹੀਂ ਕਰਨੀ ਚਾਹੀਦੀ।

## ਪ੍ਰਿੰ. ਅਨਿਲ ਸ਼ਰਮਾ ਨੇ ਡਿਪਟੀ ਡੀਈਓ (ਪ) ਦਾ ਅਹੁਦਾ ਸੰਭਾਲਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪ੍ਰਿੰ. ਅਨਿਲ ਸ਼ਰਮਾਂ ਨੇ ਜ਼ਿਲ੍ਹਾ ਸਿੱਖਿਆ ਅਫਸਰ (ਪ) ਗੁਰਦਾਸਪੁਰ ਦਾ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਉਹ ਸਰਕਾਰੀ ਸੀਨੀਅਰ ਸਕੂਲ ਲੜਕੇ ਬਟਾਲਾ ਵਿਖੇ ਸੇਵਾਵਾਂ ਨਿਭਾ ਰਹੇ ਸਨ।ਅਹੁਦਾ ਸੰਭਾਲਣ ਮੌਕੇ ਉਨ੍ਹਾਂ ਦੇ ਨਾਲ ਪ੍ਰਿੰ. ਅਨੀਤਾ ਅਰੋੜਾ, ਪ੍ਰਿੰ. ਪਰਮਜੀਤ ਕੌਰ, ਪ੍ਰਿੰ. ਬਲਵਿੰਦਰਪਾਲ ਸਿੰਘ, ਪ੍ਰਿੰ. ਰੰਜੀਵ ਅਰੋੜਾ, ਨਵਦੀਪ ਸਿੰਘ, ਗਗਨਦੀਪ ਸਿੰਘ, ਮਨਜੀਤ ਸਟੇਟ ਐਵਾਰਡੀ, ਮਾਸਟਰ ਵਿਨੋਦ, ਨੀਤੂ ਯਾਦਵ, ਗੁਰਵਿੰਦਰ ਸਿੰਘ, ਹਰਸਿਮਰਨ ਸਿੰਘ, ਅਤੇ ਦਫਤਰ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।ਇਸ ਮੌਕੇ ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫਸਰ ਦੇ ਸਟਾਫ ਨਾਲ ਮੀਟਿੰਗ ਕੀਤੀ ਅਤੇ ਕਿਹਾ ਕਿ ਦਫਤਰ ਵਿੱਚ ਆਉਣ ਵਾਲੇ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ।



## ਝਬਾਲ ਪੁਹੰਚਣ 'ਤੇ ਨਗਰ ਕੀਰਤਨ ਦਾ ਨਿੱਘਾ ਸਵਾਗਤ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾ ਗੁਰਿਆਈ ਗੁਰਪੁਰਬ ਅਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ ਦੇ 450 ਸਾਲਾ ਜੋਤੀ-ਜੋਤਿ ਸ਼ਤਾਬਦੀ ਗੁਰਪੁਰਬ ਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਨਾਏ ਜਾ ਰਹੇ ਹਨ। ਉਨ੍ਹਾਂ ਦੇ ਸਬੰਧ ਵਿੱਚ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ ਹੈੱਡਕੁਆਟਰ ਗੁ: ਛਾਉਣੀ ਸਾਹਿਬ ਨਗਰ ਸੁਰ ਸਿੰਘ ਤੋਂ ਤੋਂ ਸਜਾਏ ਵਿਸ਼ਾਲ ਨਗਰ ਕੀਰਤਨ ਦਾ ਅੱਡਾ ਝਬਾਲ ਵਿਖੇ ਪਹੁੰਚਣ ਤੇ ਸਮਾਜ ਸੇਵੀ ਮਨਜਿੰਦਰ ਸਿੰਘ ਲਹਿਰੀ, ਲਹਿਰੀ ਹੈਡਲੂਮ ਤਰਨਤਾਰਨ ਰੋਡ ਝਬਾਲ ਵਾਲਿਆਂ ਨੇ ਨਿੱਘਾ ਸਵਾਗਤ ਕੀਤਾ ਤੇ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਾਮਲ ਪੰਜ ਪਿਆਰਿਆਂ ਸਾਹਿਬਾਨਾਂ ਅਤੇ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ, ਬਾਬਾ ਜਰਨੈਲ ਸਿੰਘ, ਕੰਵਲਜੀਤ ਸਿੰਘ, ਇੰਦਰਜੀਤ ਸਿੰਘ, ਤੇਜਿੰਦਰ ਸਿੰਘ ਲਹਿਰੀ, ਬਾਬਾ ਸੁਖਦੇਵ ਸਿੰਘ ਸੁੱਖਾ, ਸੁਖਚੈਨ ਸਿੰਘ, ਕੰਵਲ ਟੇਲਰ, ਲਵਪ੍ਰੀਤ ਸਿੰਘ ਬਲਗੇਰ ਸਿੰਘ, ਕੁਲਦੀਪ ਸਿੰਘ, ਨਰਿੰਦਰ ਸਿੰਘ ਮੰਨਣ, ਰਾਜਵਿੰਦਰ ਸਿੰਘ ਐੱਸ. ਆਰ. ਟੈਲੀਕਾਮ, ਸ਼ਰਾਬੀ ਫਰਨੀਚਰ ਵਾਲੇ ਹਾਜ਼ਰ ਸਨ।

## ਸ੍ਰੀ ਰਾਮ ਲੀਲ੍ਹਾ ਨਾਟਕ ਕਲੱਬ ਚਾਵਾਂ ਵੱਲੋਂ ਝੰਡਾ ਚੜ੍ਹਾਉਣ ਦੀ ਰਸਮ ਅਦਾ

**ਗੁਰਦਾਸਪੁਰ (ਜਨਕ ਮਹਾਜਨ)**-ਸ੍ਰੀ ਰਾਮ ਲੀਲ੍ਹਾ ਨਾਟਕ ਕਲੱਬ ਚਾਵਾ ਰਜਿ. ਗੁਰਦਾਸਪੁਰ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮ ਲੀਲ੍ਹਾ ਨੂੰ ਮੁੱਖ ਰੱਖਦੇ ਹੋਏ ਅੱਜ ਕੰਜਕ ਪੂਜਨ ਤੇ ਝੰਡਾ ਚੜ੍ਹਾਉਣ ਦੀ ਰਸਮ ਉਘੇ ਵਿਦਵਾਨ ਭਰਤ ਦਾਸ ਮਹਾਰਾਜ ਨੌਸ਼ਹਿਰੇ ਵਾਲਿਆਂ ਨੇ ਮੂਲ ਮੰਤਰਾਂ ਨਾਲ ਕੀਤਾ। ਰਾਮ ਲੀਲ੍ਹਾ ਨਾਟਕ ਦੇ ਪ੍ਰਧਾਨ ਰਾਜੂ ਪਠਾਨੀਆ, ਰਾਜੇਸ਼ ਮਿਨਹਾਸ, ਰਾਜੇਸ਼ ਮੰਗਾ, ਬਲਵਿੰਦਰ ਪਠਾਨੀਆ, ਡਾ. ਰਿਪਾ, ਪੰਕੂ ਮਿਨਹਾਸ, ਅਜੇ ਕੁਮਾਰ, ਰਾਮ ਕਾਟਲ, ਅਨਮੋਲ ਸ਼ਰਮਾ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਰਾਮ ਲੀਲ੍ਹਾ ਦੀ ਸ਼ੁਰੂਆਤ 2 ਅਕਤੂਬਰ ਨੂੰ ਹੋਵੇਗੀ ਅਤੇ ਇਸ ਸਮਾਗਮ ਵਿਚ ਇਲਾਕੇ ਦੇ ਲੋਕਾਂ ਤੇ ਪ੍ਰਵਾਸੀ ਭਾਰਤੀਆਂ ਦਾ ਵੱਡਾ ਸਹਿਯੋਗ ਮਿਲ ਰਿਹਾ ਹੈ ਅਤੇ ਰਾਮ ਲੀਲ੍ਹਾ ਦੀ ਰਿਹਰਸਲ ਸ਼ੁਰੂ ਕੀਤੀ ਅਤੇ ਇਸ ਕਾਰਜ ਵਿਚ ਕਲਾਕਾਰਾਂ ਦਾ ਵੱਡਾ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚਾਵਾ ਰਾਮ ਲੀਲ੍ਹਾ ਇਸ ਇਲਕੇ ਦੀ ਵੱਖਰੀ ਪਹਿਚਾਣ ਰੱਖਦੀ ਹੈ ਜਿਸ ਕਰਕੇ 20 ਪਿੰਡਾਂ ਦੇ ਲੋਕਾਂ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਦੇ ਹਨ ਅਤੇ ਪ੍ਰਵਾਸੀ ਭਾਰਤੀਆਂ ਵਾਸਤੇ ਸ੍ਰੀ ਰਾਮ ਲੀਲ੍ਹਾ ਦਾ ਲਾਈਵ ਪ੍ਰੋਗਰਾਮ ਦੇ ਅਗੇਤੇ ਪ੍ਰਬੰਧ ਦੇ ਨਾਲ ਸਾਉਂਡ ਤੇ ਖ਼ਾਸ ਪ੍ਰਬੰਧ ਕੀਤੇ ਜਾ ਰਹੇ ਹਨ।

## ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਾ ਕਰਨ ਦੀ ਸ਼ੁਰੂਆਤ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਪਿੰਡ ਬੁਤਾਲਾ ਵਿਖੇ ਡੇਰਾ ਬਾਬਾ ਬੋਹੜਾਂ ਵਾਲਾਂ ਦੇ ਨੇੜੇ 10 ਤੋਂ 12 ਡੇਰਿਆਂ ਦੇ ਕੱਚੇ ਰਸਤੇ ਨੂੰ ਪੱਕਾ ਕਰਨ ਲਈ ਵਿਧਾਇਕ ਦਲਬੀਰ ਸਿੰਘ ਟੌਂਗ ਦੀ ਦਿਸ਼ਾ ਨਿਰਦੇਸ਼ ਹੇਠ ਬਲਾਕ ਪ੍ਰਧਾਨ ਸਰਵਣ ਸਿੰਘ ਸਰਾਏ ਦੀ ਮੌਜੂਦਗੀ ਵਿੱਚ ਪੱਕਾ ਕਰਨ ਦੀ ਸ਼ੁਰੂਆਤ ਕੀਤੀ ਗਈ।ਡੇਰੇ ਦੇ ਇੱਕ ਬਜ਼ੁਰਗ ਬਾਪੂ ਜੀਵਨ ਸਿੰਘ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਸਾਰੇ ਡੇਰੇ ਵਾਲਿਆਂ ਨੂੰ ਡੇਰੇ ਤੋਂ ਪਿੰਡ ਬੁਤਾਲਾ ਵਿਖੇ ਆਉਣ ਵਿੱਚ ਬੜੀ ਮੁਸ਼ਕਿਲ ਆਉਂਦੀ ਸੀ, ਹੁਣ ਸਾਨੂੰ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਇਸ ਮੁਸੀਬਤ ਤੋਂ ਛੁਟਕਾਰਾ ਦਿਵਾਇਆ ਹੈ।ਅਸੀਂ ਸਾਰੀ ਟੀਮ ਦੇ ਬਹੁਤ ਸ਼ੁਕਰਗੁਜ਼ਾਰ ਹਾਂ।ਰਸਤਾ ਪੱਕਾ ਕਰਨ ਦੀ ਸ਼ੁਰੂਆਤ ਮੌਕੇ ਬਲਾਕ ਪ੍ਰਧਾਨ ਸਰਵਣ ਸਿੰਘ ਸਰਾਏ, ਤੇਜਵੰਤ ਸਿੰਘ ਬੱਲ, ਬਲਾਕ ਪ੍ਰਧਾਨ ਤੇਜਿੰਦਰ ਸਿੰਘ, ਬਲਾਕ ਪ੍ਰਧਾਨ ਚਰਨਜੀਤ ਸਿੰਘ ਜ਼ੈਲਦਾਰ, ਤੇਜਿੰਦਰ ਸਿੰਘ ਲਾਡੀ, ਮੋਹਪ੍ਰੀਤ ਸਿੰਘ, ਲਖਵਿੰਦਰ ਸਿੰਘ (ਫੌਜੀ) ਅਤੇ ਬਾਪੂ ਜੀਵਨ ਸਿੰਘ ਆਦਿ ਹਾਜ਼ਰ ਸਨ।

## ਐੱਸ ਐੱਸ ਐੱਮ ਕਾਲਜ 'ਚ ਟ੍ਰੈਫਿਕ ਜਾਗਰੂਕਤਾ ਕੈਂਪ ਲਗਾਇਆ




**ਦੀਨਾਨਗਰ, (ਸੰਜੀਵ)**:-ਐੱਸ. ਐੱਸ. ਐੱਮ. ਕਾਲਜ ਦੀਨਾਨਗਰ ਵਿਖੇ ਪ੍ਰਿੰਸੀਪਲ. ਡਾ: ਆਰ. ਕੇ ਤੁਲੀ ਦੀ ਪ੍ਰਧਾਨਗੀ ਹੇਠ ਐਨ. ਐੱਸ. ਐੱਸ ਵਿਭਾਗ ਦੇ ਸਹਿਯੋਗ ਨਾਲ ਟਰੈਫਿਕਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਟਰੈਫਿਕ ਪੁਲਸ ਗੁਰਦਾਸਪੁਰ ਦੇ ਇੰਚਾਰਜਅਤੇ ਪ੍ਰਧਾਨ ਵਲੰਟੀਅਰ ਐਵਾਰਡ ਜੇਤੂ ਏ. ਐੱਸ. ਆਈ. ਜਸਵਿੰਦਰ ਸਿੰਘ, ਏ. ਐੱਸ. ਆਈਅਮਨਦੀਪ ਸਿੰਘ ਮੁੱਖ ਬੁਲਾਰੇ ਵਜੋਂ ਹਾਜ਼ਰ ਹੋਏ।ਪ੍ਰਿੰ. ਡਾ: ਆਰ. ਕੇ. ਤੁਲੀ ਨੇ ਇਸ ਜਾਗਰੂਕਤਾ ਪ੍ਰੋਗਰਾਮ ਨੂੰ ਸਮੇਂ ਦੀ ਲੋੜ ਦੱਸਿਆ। ਐਨ. ਐੱਸ. ਅੱਸ. ਅਧਿਕਾਰੀ ਡਾ: ਰਾਜਨ ਹਾਂਡਾ ਨੇ ਬੁਲਾਰਿਆਂ ਦਾ ਸਵਾਗਤ ਕੀਤਾ। ਏ. ਐੱਸ. ਆਈ. ਅਮਨਦੀਪ ਸਿੰਘ ਨੇ ਕਿਹਾ ਕਿ ਸੜਕ 'ਤੇ ਵਾਹਨ ਚਲਾਉਂਦੇ ਸਮੇਂ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਐਕਟ 199ਏ ਤਹਿਤ 25,000 ਰੁਪਏ ਜੁਰਮਾਨਾ, ਹੈਲਮਟ ਅਤੇ ਸੀਟ ਬੈਲਟ ਦੀ ਵਰਤੋਂ, ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ, ਪੈਦਲ ਚੱਲਣ ਵਾਲਿਆਂ ਦੀ ਆਵਾਜਾਈ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਾਹਨ ਚਲਾਉਣ ਦੀ ਮਨਾਹੀ, ਟ੍ਰੈਫਿਕ ਸਿਗਨਲਾਂ ਵੱਲ ਧਿਆਨ ਦੇਣਾ, ਮੋਬਾਇਲ ਫੋਨ 'ਤੇ ਪਾਬੰਦੀ, ਜ਼ਖਮੀ ਪੈਦਲ ਯਾਤਰੀ ਨੂੰ ਮੁੱਢਲੀ ਸਹਾਇਤਾ ਦੇਣ ਵਾਲ ਵਿਅਕਤੀ ਨੂੰ 2000 ਰੁਪਏ ਦਾ ਇਨਾਮ, ਸੁਰੱਖਿਆ ਬਲ ਅਤੇ ਸੁਪਰੀਮ ਕੋਰਟ ਵੱਲੋਂ ਗੁੱਡ ਸਮਾਰਟ ਸਿਟੀਜ਼ਨ ਸਰਟੀਫਿਕੇਟ ਬਾਰੇ ਜਾਣਕਾਰੀ ਵੀ ਦਿੱਤੀ ਗਈ।

ਇਸ ਮੌਕੇ ਐਨ. ਐੱਸ. ਐੱਮ. ਅਫਸਰ ਡਾ. ਰਾਜਨ ਹਾਂਡਾ ਅਤੇ ਪ੍ਰੋ. ਪ੍ਰਬੋਧ ਗਰੋਵਰ ਅਤੇ ਪ੍ਰੋ. ਸੁਸ਼ਮਾ ਆਦਿ ਮੌਜੂਦ ਸਨ।

## ਕਾਰ ਨੇ ਐਕਟਿਵਾ ਸਵਾਰ ਔਰਤ ਨੂੰ ਦਰੜਿਆ, ਮੌਕੇ 'ਤੇ ਮੌਤ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਸਬ ਡਵੀਜ਼ਨ ਪੱਟੀ ਅਧੀਨ ਪੈਂਦੇ ਪਿੰਡ ਸੰਗਵਾਂ ਵਿਖੇ ਤੇਜ਼ ਰਫਤਾਰ ਆ ਰਹੀ ਆਈ ਟਵੰਟੀ ਕਾਰ ਨੰਬਰੀ ਪੀਬੀ.46 ਜ਼ੈਡ 2257 ਚਿੱਟੇ ਰੰਗ ਨੇ ਐਕਟਿਵਾ ਸਵਾਰ ਔਰਤ ਨੂੰ ਟੱਕਰ ਮਾਰੀ ਜਿਸ ਕਾਰਨ ਐਕਟਿਵਾ ਸਵਾਰ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ ਔਰਤ ਦੀ ਪਹਿਚਾਣ ਦਲਜੀਤ ਕੌਰ 23 ਸਾਲ ਪੁੱਤਰੀ ਗੁਰਮੁੱਖ ਸਿੰਘ ਵਾਸੀ ਪਿੰਡ ਸੈਦੋਂ ਵਜੋਂ ਹੋਈ।ਇਸ ਮੌਕੇ ਥਾਣਾ ਸਦਰ ਪੱਟੀ ਦੀ ਪੁਲਸ ਨੇ ਘਟਨਾ ਸਥਾਨ 'ਤੇ ਜਾ ਕੇ ਜਾਇਜ਼ਾ ਲਿਆ ਤੇ ਮ੍ਰਿਤਕਾ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਕਰਾਉਣ ਲਈ ਸਿਵਲ ਹਸਪਤਾਲ ਪੱਟੀ ਵਿਖੇ ਭੇਜਿਆ।ਮ੍ਰਿਤਕਾ ਦੇ ਚਾਚਾ ਅਜੀਤ ਸਿੰਘ ਚੌਹਾਨ ਨੇ ਦੱਸਿਆ ਕਿ ਦਲਜੀਤ ਕੌਰ ਰੋਜ਼ਾਨਾ ਪੱਟੀ ਦੇ ਨਿੱਜੀ ਅਕੈਡਮੀ ਵਿਖੇ ਕੋਰਸ ਕਰਨ ਆਉਂਦੀ ਸੀ ਅਤੇ ਪੱਟੀ ਤੋਂ ਵਾਪਸ ਆਪਣੇ ਘਰ ਨੂੰ ਜਾ ਰਹੀ ਸੀ ਕਿ ਰਸਤੇ ਵਿੱਚ ਸੰਗਵਾਂ ਦੇ ਸਰਕਾਰੀ ਸਕੂਲ ਨਜ਼ਦੀਕ ਆਈ ਟਵੰਟੀ ਕਾਰ ਨੇ ਟੱਕਰ ਮਾਰ ਦਿੱਤੀ ਤੇ ਕਾਰ ਚਾਲਕ ਮੌਕੇ ਤੋਂ ਕਾਰ ਛੱਡ ਕੇ ਫਰਾਰ ਹੋ ਗਿਆ।ਇਸ ਸੰਬੰਧੀ ਸਬ ਡਵੀਜ਼ਨ ਪੱਟੀ ਦੇ ਡੀ.ਐੱਸ.ਪੀ ਕੰਵਲਪ੍ਰੀਤ ਸਿੰਘ ਮੰਡ ਨੇ ਦੱਸਿਆ ਕਿ ਕਾਰ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਮ੍ਰਿਤਕਾ ਦੇ ਪਰਿਵਾਰ ਵੱਲੋਂ ਜੋ ਬਿਆਨ ਦਰਜ਼ ਕਰਵਾਏ ਗਏ ਉਨ੍ਹਾਂ ਬਿਆਨਾਂ ਦੇ ਅਧਾਰ 'ਤੇ ਕਾਰ ਚਾਲਕ ਖਿਲਾਫ਼ ਮੁਕੱਦਮਾ ਦਰਜ ਕੀਤਾ ਜਾ ਰਿਹਾ ਹੈ।

## ਜਾਗਰਣ ਮੌਕੇ ਚੇਅਰਮੈਨ ਰਜਿੰਦਰ ਸਿੰਘ ਬੇਦੀ ਤੇ ਗੁਰਦੀਪ ਸਿੰਘ ਰੰਧਾਵਾ ਸਨਮਾਨਤ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬੇ ਦੀ ਦਾਨਾ ਮੰਡੀ ਸਥਿਤ ਪੁਰਾਤਨ ਸ਼ੀਤਲਾ ਮਾਤਾ ਮੰਦਿਰ ਵਿਖੇ ਵੈਸ਼ਨੋ ਭਜਨ ਮੰਡਲੀ ਸ਼ੀਤਲਾ ਵੈੱਲਫੇਅਰ ਲੋਕ ਹਿੱਤ ਸੁਸਾਇਟੀ ਰਜਿ; ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ 53ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਐੱਨ ਆਰ ਆਈ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇਨਚਾਰਜ ਗੁਰਦੀਪ ਸਿੰਘ ਰੰਧਾਵਾ ਨੂੰ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਬੂਹਵਨ ਸ਼ਾਸਤਰੀ ਦੀ ਅਗਵਾਈ ਵਿੱਚ ਮੰਦਰ ਕਮੇਟੀ ਵੱਲੋਂ ਮਾਤਾ ਦੀ ਲਾਲ ਚੁੰਨੀ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਸੰਗਤਾਂ ਲਈ ਲੰਗਰ ਭੰਡਾਰਾ ਅਟੁੱਟ ਵਰਤਾਇਆ ਗਿਆ।ਇਸ ਮੌਕੇ ਪੰਡਿਤ ਬੂਹਵਨ ਸ਼ਾਸ਼ਤਰੀ, ਮਾਸਟਰ ਮੁਕੇਸ਼ ਸ਼ਰਮਾ, ਰਾਜ਼ੇਸ਼ ਕੁਮਾਰ ਬਿੱਟਾ, ਸਰਪੰਚ ਹਰਜੀਤ ਸਿੰਘ ਠੇਠਰਕੇ, ਸੱਤਪਾਲ ਸ਼ੋਕੀ, ਮੇਜਰ ਸਿੰਘ ਠੇਠਰਕੇ, ਰਾਜ ਕੁਮਾਰ, ਮਾਸਟਰ ਓਮ ਪ੍ਰਕਾਸ਼ ਸ਼ਰਮਾ , ਮਾਸਟਰ ਦਵਿੰਦਰ ਕੁਮਾਰ, ਮਾਸਟਰ ਸੰਜੀਵ ਸਰਨਾ, ਨੀਰਜ ਕੁਮਾਰ ਟਿੰਕੂ, ਨਰੇਸ਼ ਕੁਮਾਰ, ਯਸ਼ਪਾਲ, ਬਾਵਾ ਦਾਸ ਬਟਾਲਾ, ਬੱਬੀ ਅੰਮ੍ਰਿਤਸਰ, ਡਾ: ਸੁਧੀਰ ਸ਼ਰਮਾ, ਰਵਿੰਦਰ ਸਿੰਘ ਬੇਦੀ, ਰਮਨਦੀਪ ਸਿੰਘ ਬੇਦੀ, ਕਰਨਦੀਪ, ਸੁਮਿਤ ਅਰੋੜਾ, ਰੁਪਿੰਦਰ ਕੁਮਾਰ ਜੇ ਈ, ਅਭੇ ਸ਼ਰਮਾ, ਨਵੀ ਸ਼ਰਮਾ, ਅਸ਼ੋਕ ਕੁਮਾਰ ਮਹਿਰਾ, ਨਰਿੰਦਰ ਕੁਮਾਰ, ਸੁਧੀਰ ਬੇਦੀ, ਸ਼ਰਨਜੀਤ ਤਲਵੰਡੀ ਰਾਮਾ, ਤਰਲੋਚਨ ਸਿੰਘ ਜੇ ਈ, ਗੁਰਮੁੱਖ ਸਿੰਘ ਫੌਜੀ ਮਸ਼ਰਾਲਾ, ਵਿਕਰਾਂਤ ਸਿੰਘ, ਭੱਲਾ ਕਵਾੜੀਆ, ਦੀਪਕ ਸ਼ਰਮਾ, ਕੇਤਨ ਕੁਮਾਰ, ਅਭੀ ਢਿੱਲੋਂ, ਮੋਹਨ ਲਾਲ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਾਲਾਨਾ ਜੋੜ ਮੇਲੇ ਮੌਕੇ ਜਗਤਪੁਰਾ 'ਚ ਕਰਵਾਏ ਕਬੱਡੀ ਦੇ ਮੈਚ

## * ਕਰਨਬੀਰ ਸਿੰਘ ਬੁਰਜ ਨੇ ਜੇਤੂ ਟੀਮਾਂ ਨੂੰ ਦਿੱਤੇ 51-51 ਸੌ ਦੇ ਨਕਦ ਇਨਾਮ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਪਿੰਡ ਜਗਤਪੁਰਾ ਵਿਖੇ ਗੁਰਦੁਆਰਾ ਸ੍ਰੀ ਚੰਦ ਜੀ ਟਾਹਲੀ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਜੋੜ ਮੇਲਾ ਪਿੰਡ ਦੀ ਸਮੂਹ ਸਾਧ ਸੰਗਤ ਦੀ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਉਪਰੰਤ ਸ਼ਾਮ ਨੂੰ ਪੇਂਡੂ ਮਾਂ ਖੇਡ ਕਬੱਡੀ ਦੇ ਮੈਚ ਕਰਵਾਏ ਗਏ ਜਿਸ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੇ ਹਿੱਸਾ ਲਿਆ। ਬਾਬਾ ਰਾਜਾ ਰਾਮ ਸਪੋਰਟਸ ਕਲੱਬ ਗੁਰਦਾਸਪੁਰ ਤੇ ਬਾਬਾ ਬਿਸ਼ਨ ਦਾਸ ਸਪੋਰਟਸ ਕਲੱਬ ਨੱਥੂਚੱਕ ਦੇ ਕਬੱਡੀ ਖਿਡਾਰੀਆਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਹਲਕਾ ਤਰਨਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਨੇ ਕਬੱਡੀਆਂ ਦੀਆਂ ਟੀਮਾਂ ਨੂੰ ਆਪਣੇ ਕੋਲੋਂ 51-51 ਸੌ ਦੇ ਨਕਦ ਇਨਾਮਾਂ ਤੋਂ ਇਲਾਵਾ ਬੈਸਟ ਰੇਡਰ ਅਤੇ ਜਾਫੀਆਂ ਨੂੰ ਨਕਦ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕਰਨ ਲਈ ਕਿਹਾ।ਇਸ ਮੌਕੇ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਕੱਬਡੀ ਮੈਚ ਵਿਚ ਜੇਤੂ ਟੀਮ ਨੂੰ 51 ਹਜ਼ਾਰ ਤੇ ਦੂਜੇ ਨੰਬਰ 'ਤੇ ਰਹੀ ਟੀਮ ਨੂੰ 45 ਹਜ਼ਾਰ ਦੇ ਨਕਦ ਇਨਾਮ ਦਿੱਤੇ।ਇਸ ਮੌਕੇ ਪ੍ਰਧਾਨ ਦਲਬੀਰ ਸਿੰਘ, ਸਰਪੰਚ ਗੁਰਪਾਲ ਸਿੰਘ ਜਗਤਪੁਰਾ ਨੇ ਸੀਨੀਅਰ ਕਾਂਗਰਸੀ ਆਗੂ ਤੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ, ਚੇਅਰਮੈਨ ਰਮਨ ਕੁਮਾਰ ਝਬਾਲ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਮੈਂਬਰ ਇਕਬਾਲ ਸਿੰਘ, ਮੈਂਬਰ ਸਤਪਾਲ ਸਿੰਘ, ਮੈਂਬਰ ਮੇਜਰ ਸਿੰਘ, ਮੈਂਬਰ ਲਵਪ੍ਰੀਤ ਸਿੰਘ, ਮੈਂਬਰ ਸੁਖਮੰਦਰ ਸਿੰਘ, ਸਾਬਕਾ ਸਰਪੰਚ ਲਖਬੀਰ ਸਿੰਘ, ਸੋਨੀ ਜਗਤਪੁਰਾ, ਸਾਬਕਾ ਮੈਂਬਰ ਰਵੇਲ ਸਿੰਘ, ਸਾਬਕਾ ਮੈਂਬਰ ਹਰਜਿੰਦਰ ਸਿੰਘ, ਸਾਬਕਾ ਮੈਂਬਰ ਨਿਸ਼ਾਨ ਸਿੰਘ, ਸਾਬਕਾ ਮੈਂਬਰ ਗੁਰਮੀਤ ਸਿੰਘ, ਲਾਲ ਸਿੰਘ ਲਹੀਆ ਵਾਲੇ, ਪਲਵਿੰਦਰ ਸਿੰਘ ਲਹੀਆਂ ਵਾਲੇ, ਗੁਰਮੀਤ ਸਿੰਘ ਕਾਲਾ ਲਹੀਆਂ ਵਾਲੇ, ਸਰਪੰਚ ਮਾਹਬੀਰ ਸਿੰਘ ਗਹਿਰੀ, ਮਲਕੀਤ ਸਿੰਘ ਗਹਿਰੀ, ਦਿਲਬਾਗ ਸਿੰਘ ਠੱਠਗੜ ਆਦਿ ਹਾਜ਼ਰ ਸਨ।

## ਅਹੁਦਾ ਸੰਭਾਲਣ 'ਤੇ ਨਾਇਬ ਤਹਿਸੀਲਦਾਰ ਭਿੱਖੀਵਿੰਡ ਦਾ ਮਾਣ-ਸਨਮਾਨ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਨਵ-ਨਿਯੁਕਤ ਨਾਇਬ ਤਹਿਸੀਲਦਾਰ ਭਿੱਖੀਵਿੰਡ ਰਾਜ ਪ੍ਰਿਤਪਾਲ ਸਿੰਘ ਦਾ ਅਹੁਦਾ ਸੰਭਾਲਣ 'ਤੇ ਦੀ ਰੈਵੀਨਿਊ ਪਟਵਾਰ ਯੂਨੀਅਨ ਤਹਿਸੀਲ ਭਿੱਖੀਵਿੰਡ ਵੱਲੋਂ ਸਨਮਾਨ ਕੀਤਾ ਗਿਆ।ਯੂਨੀਅਨ ਦੇ ਤਹਿਸੀਲ ਭਿੱਖੀਵਿੰਡ ਤੋਂ ਪ੍ਰਧਾਨ ਜਸਵਿੰਦਰ ਸਿੰਘ ਜੋਧ ਸਿੰਘ ਵਾਲਾ ਤੇ ਸਮੁੱਚੀ ਪਟਵਾਰ ਯੂਨੀਅਨ ਦੇ ਸਾਥੀਆਂ ਨੇ ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ ਨੂੰ ਸਿਰੋਪਾਓ ਭੇਟ ਕਰਦਿਆਂ ਜੀ ਆਇਆਂ ਆਖਿਆ।ਦੱਸਣਯੋਗ ਹੈ ਕਿ ਨਾਇਬ-ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ ਦੀ ਬਦਲੀ ਅਜਨਾਲਾ ਤਹਿਸੀਲ ਤੋਂ ਭਿੱਖੀਵਿੰਡ 'ਚ ਹੋਈ ਹੈ।ਇਸ ਮੌਕੇ ਨਵ-ਨਿਯੁਕਤ ਨਾਇਬ ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਤਹਿਸੀਲ ਨਾਲ ਸੰਬੰਧਤ ਕੰਮਾਂ ਸੰਬੰਧੀ ਪਟਵਾਰੀਆਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਦਫ਼ਤਰ 'ਚ ਆਏ ਹਰੇਕ ਵਿਅਕਤੀ ਦਾ ਬਣਦਾ ਮਾਨ-ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਖਜ਼ਾਨਚੀ ਰਾਜਬੀਰ ਸਿੰਘ ਮਰਗਿੰਦਪੁਰਾ, ਸੁਰਿੰਦਰ ਸਿੰਘ ਦਿਓਲ ਨੁਮਾਇੰਦਾ ਪੰਜਾਬ, ਜਨਰਲ ਸਕੱਤਰ ਹਰਮੁਹਿੰਦਰ ਸਿੰਘ, ਗੁਰਜੰਟ ਸਿੰਘ, ਜਤਿਨ ਸ਼ਰਮਾ, ਕਵਲਜੀਤ ਸਿੰਘ, ਭੁਪਿੰਦਰ ਸਿੰਘ, ਜਗਜੀਤ ਸਿੰਘ, ਜੋਗਾ ਸਿੰਘ, ਬਲਜਿੰਦਰ ਸਿੰਘ, ਗੁਰਵੇਲ ਸਿੰਘ ਆਦਿ ਪਟਵਾਰੀ ਹਾਜ਼ਰ ਸਨ।

## ਅਰਵਿੰਦ ਕੇਜਰੀਵਾਲ ਦੀ ਸੋਚ ਨੂੰ ਦੱਬਿਆ ਨਹੀਂ ਜਾ ਸਕਦਾ-ਚੇਅਰਮੈਨ ਰਮਨ ਬਹਿਲ

**ਗੁਰਦਾਸਪੁਰ, (ਜਨਕ ਮਹਾਜਨ)**- ਦੇਸ਼ ਰਾਜਨੀਤੀ ਨੂੰ ਨਵੀਂ ਦਿਸ਼ਾ ਤੇ ਹਰਮਨ ਪਿਆਰੇ ਲੋਕ ਨੇਤਾ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਮਿਲਣ ਤੇ ਲੋਕਤੰਤਰ ਵਿੱਚ ਆਸਥਾ ਰੱਖਣ ਵਾਲੇ ਸਾਰੇ ਇਨਕਲਾਬੀ ਸਾਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਰਮਨ ਬਹਿਲ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਪੰਜਾਬ ਨੇ ਕਿਹਾ ਕਿ ਦੇਸ਼ ਦੇ ਮਕਬੂਲ ਨੇਤਾ ਅਰਵਿੰਦ ਕੇਜਰੀਵਾਲ ਦੀ ਸੋਚ ਨੂੰ ਦੱਬਿਆ ਨਹੀਂ ਜਾ ਸਕਦਾ ਅਤੇ ਉਹ ਲੋਕ ਹਿੱਤਾਂ ਖਾਤਰ ਆਪਣੀ ਜੰਗ ਰਾਹੀ ਰੱਖਣਗੇ। ਚੇਅਰਮੈਨ ਰਮਨ ਬਹਿਲ ਦੀ ਹਾਜ਼ਰੀ ਵਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਵਰਕਰਾਂ ਤੇ ਆਗੂਆਂ ਵੱਲੋਂ ਲੱਡੂ ਵੰਡ ਕੇ ਆਤਿਸ਼ਬਾਜ਼ੀ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਾਂ ਦੇ ਹਮਦਰਦ ਨੇਤਾ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜੇਲ ਵਿੱਚ ਬੰਦ ਕੀਤਾ ਪਰ ਮਾਣਯੋਗ ਸੁਪਰੀਮ ਕੋਰਟ ਨੇ ਅਰਵਿੰਦ ਕੇਜਰੀਵਾਲ ਨੂੰ ਨਿਆਂ ਦਿੱਤਾ ਹੈ ਤੇ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਵੱਲੋਂ ਲੋਕ ਭਲਾਈ ਦੇ ਕੰਮ ਜਿਵੇ ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲੇ ਗਏ ਅਤੇ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਸਕੂਲ ਆਫ ਐਮੀਨੈਸ ਸਫਲਤਾਪੂਰਵਕ ਚੱਲ ਰਹੇ ਹਨ। ਚੇਅਰਮੈਨ ਬਹਿਲ ਨੇ ਅੱਗੇ ਕਿਹਾ ਕਿ ਆਪ ਪਾਰਟੀ ਵਿਕਾਸ ਦੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਵਿਰੋਧੀਆਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪਾਰਟੀ ਤਿਆਰ ਬਰ ਤਿਆਰ ਹੈ।

## ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਤਹਿਤ ਲਗਾਇਆ ਕਿਸਾਨ ਜਾਗਰੂਕਤਾ ਕੈਂਪ



**ਬਟਾਲਾ (ਡਾ. ਮਲਵਿੰਦਰ ਸਿੰਘ)**-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਟਾਲਾ ਵੱਲੋ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪਾਰ ਡਾ. ਸੁਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਖੇਤੀਬਾੜੀ ਅਫਸਰ ਬਟਾਲਾ ਦੀ ਯੋਗ ਅਗਵਾਈ ਅਤੇ ਡਾ. ਸਿਮਰਨਜੀਤ ਸਿੰਘ ਭਿੰਡਰ ਖੇਤੀਬਾੜੀ ਵਿਕਾਸ ਅਫਸਰ (ਬਟਾਲਾ) ਦੇ ਪ੍ਰਬੰਧਾਂ ਹੇਠ ਬਟਾਲਾ ਵਿਖੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਕੈਂਪ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਸਿਮਰਨਜੀਤ ਸਿੰਘ ਭਿੰਡਰ, ਖੇਤੀਬਾੜੀ ਵਿਕਾਸ ਅਫਸਰ (ਬਟਾਲਾ) ਨੇ ਝੋਨੇ ਅਤੇ ਬਾਸਮਤੀ ਦੀ ਫਸਲ ਦੇ ਉਤਪਾਦਨ ਬਾਰੇ ਡਿਟੇਲ ਜਾਣਕਾਰੀ ਦਿੰਦਿਆ ਵੱਖ-ਵੱਖ ਬਿਮਾਰੀਆਂ ਅਤੇ ਕੀੜੇ-ਮਕੋੜਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਅਤੇ ਝੋਨੇ ਦੀ ਪਰਾਲੀ ਦਾ ਇਨ-ਸੀਟੂ ਢੰਗ ਨਾਲ ਪ੍ਰਬੰਧਨ ਕਰਕੇ ਕਣਕ ਦੀ ਬਜਾਈ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ।

ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ (ਟ੍ਰੇਨਿੰਗ) ਗੁਰਦਾਸਪੁਰ ਨੇ ਕਿਸਾਨਾਂ ਨਾਲ ਪਰਾਲੀ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਸਫ਼ਲ ਕਾਸ਼ਤ ਸਬੰਧੀ ਵੀ ਨੁਕਤੇ ਸਾਂਝੇ ਕੀਤੇ ਅਤੇ ਪੀ. ਐੱਮ, ਕਿਸਾਨ ਨਿਧੀ ਸਕੀਮ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।

## ਲੋਕਾਂ ਨੂੰ ਖੇਡਾਂ ਨਾਲ ਜੁੜਨ ਤੇ ਨਸ਼ਾ ਛੱਡਣ ਲਈ ਕੀਤਾ ਜਾਗਰੂਕ

**ਗੁਰਦਾਸਪੁਰ, (ਜਨਕ ਮਹਾਜਨ)**-ਐੱਸ. ਐੱਸ. ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ ਦੀ ਅਗਵਾਈ ਹੇਠ ਪੁਲਿਸ ਜਿਲਾ ਗੁਰਦਾਸਪੁਰ ਵਲੋਂ ਨਸ਼ਿਆ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਜਿਸਦੇ ਚੱਲਦਿਆਂ ਪੁਲਿਸ ਜਿਲਾ ਗੁਰਦਾਸਪੁਰ ਵਲੋਂ ਪੁਲਿਸ (ਇੰਚਾਰਜ ਨਾਰਕੋਟਿਕ ਸੈੱਲ) ਜੋ ਕਿ ਖੁਦ ਵੀ ਜੂਡੋ ਖਿਡਾਰੀ ਹਨ, ਵੱਲੋਂ ਬਟਾਲਾ ਰੋਡ, ਗੁਰਦਾਸਪੁਰ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਲੋਕਾਂ ਨੂੰ ਖੇਡਾਂ ਨਾਲ ਜੁੜਣ, ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਅਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਗੱਲ ਕਰਦਿਆਂ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਗੁਰਦਾਸਪੁਰ ਪੁਲਿਸ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਮਿਸ਼ਨ ਨਿਸ਼ਚੇ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੁਲਸ ਵਲੋਂ ਸਰਹੱਦੀ ਪਿੰਡਾਂ ਵਿੱਚ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਨੌਜਵਾਨ ਪੂਰੇ ਉਤਸ਼ਾਹ ਨੀਲ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸ਼ੇ ਦੀ ਗ੍ਰਿਫਤ ਚ ਆਏ ਵਿਅਕਤੀਆਂ ਦਾ ਮੁਫਤ ਇਲਾਜ ਕੀਤੀ ਜਾ ਰਿਹਾ ਹੈ, ਉਥੇ ਇਨ੍ਹਾਂ ਨੌਜਵਾਨਾਂ ਦੇ ਪੁਨਰਵਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਨ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਰਹੇਗੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖ਼ਸੀਅਤ ਡਾ. ਐੱਸ ਪੀ ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਸਮੂਹ ਟੀਮ ਮੈਂਬਰਾਂ ਵੱਲੋਂ ਵਿਧਵਾ ਔਰਤਾਂ, ਅੰਗਹੀਣਾਂ, ਗਰੀਬਾਂ, ਬੇਸਹਾਰਾ ਅਤੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡਣ ਲਈ ਸਥਾਨਕ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਅਤੇ ਲਾਇਨਜ਼ ਕਲੱਬ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਰਾਜੂ ਗਿੱਲ ਸ਼ਾਮਲ ਹੋਏ ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਸਮਾਜ ਸੇਵੀ ਸ਼ਖ਼ਸ਼ੀਅਤ ਅਤੇ ਕੌਂਸਲਰ ਸੁਖਦੇਵ ਸਿੰਘ ਬਾਜਵਾ ਸ਼ਾਮਲ ਸਨ।ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਭੇਂਟ ਕਰਦਿਆ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਰਾਜੂ ਗਿੱਲ ਅਤੇ ਕੌਂਸਲਰ ਸੁਖਦੇਵ ਸਿੰਘ ਬਾਜਵਾ ਨੇ ਕਿਹਾ ਕਿ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ।ਜਦ ਕਿ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਡਾ ਓਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ।ਪ੍ਰਧਾਨ ਰਾਜੂ ਗਿੱਲ ਅਤੇ ਕੌਂਸਲਰ ਸੁਖਦੇਵ ਸਿੰਘ ਬਾਜਵਾ ਨੇ ਕਿਹਾ ਕਿ ਡਾ. ਓਬਰਾਏ ਦੀ ਯੋਗ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਉਨਾਂ ਦੀ ਸਮੁੱਚੀ ਟੀਮ ਬਹੁਤ ਹੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੈ।ਇਸ ਦੌਰਾਨ ਪੈਨਸ਼ਨਾਂ ਦੇ ਚੈਕ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਨੇ ਡਾ. ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਟਰੱਸਟ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਵਿੱਤ ਸਕੱਤਰ ਰਜਿੰਦਰ ਸਿੰਘ ਰਾਜੂ ਸਰਪੰਚ, ਸਲਾਹਕਾਰ ਸਲਵਿੰਦਰ ਸਿੰਘ ਬਿੱਟੂ ਰੰਧਾਵਾ , ਤੇਜਪਾਲ ਸਿੰਘ, ਰੋਹਿਤ ਕੁਮਾਰ, ਜੋਧਵੀਰ ਸਿੰਘ, ਹਰਵਿੰਦਰ ਸਿੰਘ ਟਿੰਕੂ, ਕੇਵਲ ਕੁਮਾਰ ਤੇ ਹੋਰ ਵੀ ਆਗੂ ਹਾਜ਼ਰ ਸਨ।

## ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ 'ਚ ਬੂਟੇ ਲਗਾਏ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖਜਾਲਾ ਮਹਿਤਾ ਰੋਡ ਵਿਖੇ ਸਕੂਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਗਮਟਾਲਾ ਅਤੇ ਪ੍ਰਿੰ. ਮੈਡਮ ਬਲਵਿੰਦਰ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਬੂਟੇ ਲਗਾਏ ਗਏ।ਇਸ ਮੌਕੇ ਡਾ. ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰ. ਮੈਡਮ ਬਲਵਿੰਦਰ ਕੌਰ ਨੇ ਬੱਚਿਆ ਨੂੰ ਸੁਨੇਹਾ ਦਿੱਤਾ ਕਿ ਸਾਨੂੰ ਸਾਰਿਆਂ ਨੂੰ ਇੱਕ ਇੱਕ ਰੁੱਖ ਲਗਾਉਣਾ ਚਾਹੀਦਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆ ਨੂੰ ਸਾਫ ਸੁਥਰਾ ਵਾਤਾਵਰਣ ਮਿਲ ਸਕੇ।ਉਨ੍ਹਾਂ ਕਿਹਾ ਕਿ ਰੁੱਖਾਂ ਦੀ ਸਾਡੇ ਜੀਵਨ ਵਿੱਚ ਖਾਸ ਮਹੱਤਤਾ ਹੈ। ਰੁੱਖ ਜਿੱਥੇ ਪ੍ਰਦੂਸ਼ਣ ਤੋਂ ਸਾਨੂੰ ਬਚਾਉਂਦੇ ਹਨ ਉੱਥੇ ਸਾਨੂੰ ਆਕਸੀਜਨ ਪ੍ਰਦਾਨ ਕਰਕੇ ਨਵਾਂ ਜੀਵਨ ਬਖਸ਼ ਰਹੇ ਹਨ।

ਇਸ ਲਈ ਸਾਨੂੰ ਰੁੱਖਾਂ ਦੀ ਕਟਾਈ ਨਹੀਂ ਕਰਨੀ ਚਾਹੀਦੀ ਅਤੇ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣਾ ਚਾਹੀਦਾ ਹੈ। ਉਨ੍ਹਾਂ ਬੱਚਿਆਂ ਤੋਂ ਪ੍ਰਣ ਲਿਆ ਕੇ ਉਹ ਰੁੱਖ ਲਗਾ ਕੇ ਇਨ੍ਹਾਂ ਦੀ ਦੇਖਭਾਲ ਕਰਨ ਵਿੱਚ ਕੋਈ ਕਸਰ ਨਹੀਂ ਛੱਡਣਗੇ।

## ਸਰਕਾਰੀ ਹਾਈ ਸਕੂਲ ਬਸਰਾਏ 'ਚ ਸਾਲਾਨਾ ਇਨਾਮ ਵੰਡ ਸਮਾਗਮ ਆਯੋਜਿਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਹਾਈ ਸਕੂਲ ਬਸਰਾਏ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਵਿੱਚ ਛੇਵੀਂ ਕਲਾਸ ਤੋਂ ਲੈ ਕੇ ਦਸਵੀਂ ਜਮਾਤ ਤੱਕ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਸਮਾਗਮ ਦੇ ਕੇਂਦਰ ਬਿੰਦੂ ਰਿਟਾਇਰਡ ਡੀ. ਆਰ. ਪੀ. ਲੈਕਚਰਾਰ ਅਤੇ ਸਮਾਜ ਸੇਵੀ ਦਿਲਬਾਗ ਸਿੰਘ ਰਹੇ, ਜਿਨ੍ਹਾਂ ਨੇ ਆਪਣੀ ਮਾਤਾ ਦਰਸ਼ਨ ਕੌਰ ਦੀ ਯਾਦ ਵਿੱਚ ਅਠਵੀਂ ਵਿੱਚੋਂ ਪਹਿਲੀ ਪੁਜੀਸ਼ਨ ਹਾਸਿਲ ਕਰਨ ਵਾਲੀ ਵਿਦਿਆਰਥਣ ਏਂਜਲ ਨੂੰ 1100 ਰੁਪਏ ਅਤੇ ਦਸਵੀ ਜਮਾਤ ਵਿੱਚੋਂ ਪਹਿਲੀ ਪੁਜੀਸ਼ਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਸੁਮਨਦੀਪ ਕੌਰ ਨੂੰ 2100 ਰੁਪਏ ਅਤੇ ਪੰਜਵੀਂ ਕਲਾਸ ਦੀ ਵਿਦਿਆਰਥਣ ਪ੍ਰਭਜੋਤ ਕੌਰ ਨੂੰ 500 ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ।ਛੇਵੀਂ ਦੇ ਵਿਦਿਆਰਥੀ ਜੈਸਮੀਨ, ਗੁਰਲੀਨ ਕੌਰ, ਅੰਮ੍ਰਿਤ ਸਿੰਘ ਅਤੇ ਸਤਵੀਂ ਦੇ ਵਿਦਿਆਰਥੀ ਪ੍ਰਿਅੰਕਾ, ਜਸਲੀਨ ਕੌਰ, ਸਿਮਰਨਜੀਤ ਕੌਰ, ਅਠਵੀਂ ਦੇ ਵਿਦਿਆਰਥੀ ਏਂਜਲ, ਜੀਆ ਅਤੇ ਗੁਰਮਨ ਸਿੰਘ, ਨੌਵੀਂ ਦੇ ਵਿਦਿਆਰਥੀ ਹਰਮਨਦੀਪ ਕੌਰ, ਅੰਮ੍ਰਿਤ, ਨਵਨੀਤ ਕੌਰ, ਦਸਵੀ ਦੇ ਵਿਦਿਆਰਥੀ, ਪਲਕ, ਸੁਨੇਹਾ, ਹਰਜੀਤ ਕੌਰ ਅਤੇ ਸੁਮਨ ਨੂੰ ਵਧੀਆ ਕਾਰਗੁਜ਼ਾਰੀ ਲਈ ਹੈੱਡਮਾਸਟਰ ਵੱਲੋਂ ਸਨਮਾਨਿਤ ਕੀਤਾ ਗਿਆ।ਸਮਾਜ ਸੇਵੀ ਦਿਲਬਾਗ ਸਿੰਘ ਵੱਲੋਂ ਐਲਾਨ ਕੀਤਾ ਗਿਆ ਕਿ ਉਹ ਹਰ ਸਾਲ ਆਪਣੇ ਮਾਤਾ ਦੀ ਯਾਦ ਵਿੱਚ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਗੇ।ਹੈੱਡਮਾਸਟਰ ਵਿਜੈ ਕੁਮਾਰ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਾਰੇ ਪਤਵੰਤੇ ਸੱਜਣਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੌਜੂਦਾ ਚੇਅਰਮੈਨ ਰਣਜੀਤ ਸਿੰਘ, ਬਲਵਿੰਦਰ ਸਿੰਘ, ਹਰਸਿਮਰਨ ਸਿੰਘ, ਸੰਦੀਪ ਸਿੰਘ, ਗੁਲਜ਼ਾਰ ਸਿੰਘ, ਸਾਬਕਾ ਚੇਅਰਮੈਨ ਬਲਜੀਤ ਸਿੰਘ, ਮਨਪ੍ਰੀਤ ਕੌਰ, ਪੂਜਾ ਖੋਸਲਾ ਆਦਿ ਕਮੇਟੀ ਮੈਂਬਰ ਅਤੇ ਅਧਿਆਪਕ ਨੇਹਾ ਠਾਕੁਰ ਮੈਥ ਮਿਸਟਰੈਸ , ਸਤਨਾਮ ਸਿੰਘ ਕੰਪਿਊਟਰ ਫੈਕਲਟੀ, ਮੰਗਲ ਸਿੰਘ ਸ਼ਰਨਜੀਤ ਕੌਰ, ਮਨਦੀਪ ਕੌਰ, ਅਨੁਰਾਧਾ, ਨਵਪ੍ਰੀਤ ਕੌਰ, ਕੁਲਦੀਪ ਕੌਰ, ਮਲਿਕਾ ਗੁਰਾਇਆ ਹਾਜ਼ਰ ਸਨ।

## ਰੈੱਡ ਰਿਬਨ ਕਲੱਬ ਨੇ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਸੰਬੰਧੀ ਕੀਤਾ ਜਾਗਰੂਕ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਰੈੱਡ ਰਿਬਨ ਕਲੱਬ ਵੱਲੋਂ ਟ੍ਰੈਫ਼ਿਕ ਅਤੇ ਸੜਕੀ ਆਵਾਜਾਈ ਨਿਯਮਾਂ ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਟ੍ਰੈਫ਼ਿਕ ਸੈੱਲ ਬਟਾਲਾ ਦੇ ਇੰਚਾਰਜ ਇੰਸਪੈਕਟਰ ਸਰਵਣ ਸਿੰਘ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਪੁੱਜੇ। ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ. ਸਿਮਰਤਪਾਲ ਸਿੰਘ ਨੇ ਕਾਲਜ ਦੇ ਅੰਦਰ ਪੁੱਜੇ ਟ੍ਰੈਫ਼ਿਕ ਸੈੱਲ ਇੰਚਾਰਜ ਇੰਸਪੈਕਟਰ ਸਰਵਣ ਸਿੰਘ ਦਾ ਸਵਾਗਤ ਕੀਤਾ ਅਤੇ ਸੈਮੀਨਾਰ ਦੇ ਮੰਤਵ ਬਾਰੇ ਸਾਰਿਆਂ ਨੂੰ ਜਾਣਕਾਰੀ ਦਿੱਤੀ। ਟ੍ਰੈਫ਼ਿਕ ਇੰਚਾਰਜ ਇੰਸਪੈਕਟਰ ਸਰਵਣ ਸਿੰਘ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਸੜਕਾਂ ਉਪਰ ਜਿਸ ਤਰ੍ਹਾਂ ਭੀੜ- ਭੜੱਕਾ ਵਧ ਰਿਹਾ ਉਸ ਦੇ ਮੱਦੇਨਜ਼ਰ ਟ੍ਰੈਫ਼ਿਕ ਤੇ ਸੜਕੀ ਆਵਾਜਾਈ ਦੇ ਨਿਯਮਾਂ ਬਾਰੇ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀ ਵਰਗ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਰਕਾਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦੋ ਪਹੀਆ ਵਾਹਨਾਂ ਦੀ ਵਰਤੋਂ ਕਰਨ 'ਤੇ ਕਾਨੂੰਨੀ ਤੌਰ 'ਤੇ ਮਨਾਹੀ ਕੀਤੀ ਹੈ ਤੇ ਜੇਕਰ ਕੋਈ ਘੱਟ ਉਮਰ ਵਾਲਾ ਬੱਚਾ ਵਾਹਨ ਚਲਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਦੇ ਨਾਲ ਮਾਪਿਆਂ ਨੂੰ ਵੀ ਸਰਕਾਰ ਵਲੋਂ ਜੁਰਮਾਨਾ ਕੀਤਾ ਜਾਵੇਗਾ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਕਾਲਜ ਪ੍ਰਿੰ. ਡਾਕਟਰ ਹਰਪ੍ਰੀਤ ਸਿੰਘ ਹੁੰਦਲ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਦੌਰਾਨ ਡਾ. ਸ਼ਿਦਰਪਾਲ ਸਿੰਘ ਤੋਂ ਇਲਾਵਾ ਪ੍ਰੋ. ਰਾਕੇਸ਼ ਕੁਮਾਰ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਕੁਲਵਿੰਦਰ ਸਿੰਘ ਭਾਟੀਆ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

15-SEP-PAGE-4.qxd 9/14/2024 10:55 PM Page 1



# ਖੱਬੇ-ਪੱਖੀ ਪਾਰਟੀਆਂ ਵੱਲੋਂ ਕਾਕਾ ਬਰਾੜ ਦੀ ਕੋਠੀ ਅੱਗੇ ਧਰਨਾ ਪ੍ਰਦਰਸ਼ਨ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪੰਜਾਬ ਦੀਆਂ ਤਿੰਨ ਖੱਬੇ ਪੱਖੀ ਪਾਰਟੀਆਂ ਵੱਲੋਂ ਪੰਜਾਬ ਭਰ ਵਿੱਚ ਮੰਤਰੀਆਂ ਤੇ ਵਿਧਾਇਕਾਂ ਘਰਾਂ ਸਾਹਮਣੇ ਧਰਨਾ ਪ੍ਰਦਰਸ਼ਨ ਕਰਨ ਦੀ ਕੜੀ ਤਹਿਤ ਮੁਕਤਸਰ ਸਾਹਿਬ ਤੋਂ ਮੌਜੂਦਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਕੋਠੀ ਸਾਹਮਣੇ ਪ੍ਰਭਾਵਸ਼ਾਲੀ ਇਕੱਠ ਕਰਕੇ ਭਗਵੰਤ ਮਾਨ ਸਰਕਾਰ ਵਿਰੁੱਧ ਜੰਮ ਕੇ ਨਾਹਰੇਬਾਜ਼ੀ ਕੀਤੀ ਅਤੇ ਇਸ ਸਰਕਾਰ ਵੱਲੋਂ ਪੈਟਰੋਲ, ਡੀਜ਼ਲ, ਬਿਜਲੀ ਰੇਟਾਂ ਤੇ ਬੱਸਾਂ ਦੇ ਕਿਰਾਏ ਵਧਾਉਣ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਇਸ ਵਾਧੇ ਨੂੰ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਗਈ। ਪਹਿਲਾਂ ਗੁਰੂ ਗੋਬਿੰਦ ਪਾਰਕ ਵਿੱਚ ਪ੍ਰਭਾਵਸ਼ਾਲੀ ਇਕੱਠ ਨੂੰ ਜ਼ਿਲ੍ਹਾ ਪਾਰਟੀ ਪ੍ਰਧਾਨ, ਸਕੱਤਰ ਜਗਜੀਤ ਸਿੰਘ ਜੱਸੇਆਣਾ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਤਖ਼ਤ ਮੁਲਾਣਾ ਨੇ ਸੰਬੋਧਨ ਕੀਤਾ। ਇਸ ਤੋਂ ਬਾਅਦ ਸ਼ਹਿਰ ਵਿੱਚ ਰੋਸ ਮਾਰਚ ਕਰਦਿਆਂ ਕਾਕਾ ਬਰਾੜ ਵਿਧਾਇਕ ਦੇ ਘਰ ਸਾਹਮਣੇ ਜਾਮ ਲਾਇਆ ਗਿਆ। ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪਾਰਟੀ ਦੀ ਕੇਂਦਰੀ ਮੈਂਬਰ ਕਾਮਰੇਡ ਗੁਰਨਾਮ ਸਿੰਘ ਦਾਊਦ ਨੇ ਕਿਹਾ ਕਿ ਬਦਲਾਅ ਦਾ ਨਾਹਰਾ ਤੇ ਝੂਠੀਆਂ ਚੋਣ ਗਰੰਟੀਆਂ ਅਤੇ ਹੋਰ ਝੂਠੇ ਵਾਅਦੇ ਕਰਕੇ ਸੱਤਾ ਹਥਿਆਉਣ ਵਾਲੀ ਮਾਨ ਸਰਕਾਰ ਲੋਕ ਵਿਰੋਧੀ ਸਾਬਿਤ ਹੋਈ ਹੈ।

ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਦੀ ਸਰਕਾਰ ਨਹੀਂ ਅਮੀਰਾਂ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਇਸ ਨਾਦਰਸ਼ਾਹੀ ਸਰਕਾਰ ਨੇ ਜੋ ਫੁਰਮਾਨ ਜਾਰੀ ਕੀਤੇ ਹਨ, ਲੋਕ ਇਸ ਨੂੰ ਮਾਫ਼ ਨਹੀਂ ਕਰਨਗੇ ਅਤੇ ਇਸ ਸਬਕ ਸਿਖਾਉਣ ਲਈ ਤਿਆਰੀ ਵੱਟ ਰਹੇ ਅਤੇ ਸੜਕਾਂ 'ਤੇ ਸੰਘਰਸ਼ ਮਘਾਉਣਗੇ। ਉਨ੍ਹਾਂ ਕਿਹਾ ਕਿ ਇਹ ਸਰਕਾਰ ਵੀ ਪਹਿਲਾਂ ਰਹਿ ਚੁੱਕੀਆਂ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਤੋਂ ਵੱਖਰੀ ਨਹੀਂ ਤੇ ਉਨ੍ਹਾਂ ਵਾਂਗ ਹੀ ਲੋਕ ਵਿਰੋਧੀ ਨੀਤੀਆਂ ਨੀਤੀਆਂ ਤੋਂ ਦੋ ਕਦਮ ਅੱਗੇ ਵਧ ਕੇ ਲੋਕ ਵਿਰੋਧੀ ਫਰਮਾਨ ਜਾਰੀ ਕਰ ਰਹੀ ਹੈ। ਇਸ ਸਰਕਾਰ ਨੇ ਵੋਟਾਂ ਸਮੇਂ ਔਰਤਾਂ ਦੇ ਖਾਤਿਆਂ ਵਿੱਚ ਇੱਕ ਹਜ਼ਾਰ ਪਾਉਣ ਤੇ ਵਾਅਦੇ ਚੋਣ ਗਰੰਟੀਆਂ ਨੂੰ ਠੰਡੇ ਬਸਤੇ ਵਿੱਚ ਬੰਦ ਕਰ ਦਿੱਤਾ ਹੈ। ਅਖੀਰ ਵਿੱਚ ਸਾਥੀ ਦਾਊਦ ਨੇ ਸਮੁੱਚੀਆਂ ਖੱਬੇਪੱਖੀ ਪਾਰਟੀਆਂ ਤੇ ਇਨਕਲਾਬੀ ਜਨ ਸੰਗਠਨਾਂ ਨੂੰ ਅਪੀਲ ਕੀਤੀ ਕਿ ਸਾਰੇ ਇੱਕ ਮੰਚ 'ਤੇ ਇਕੱਠੇ ਹੋਣ ਤਾਂ ਜੋ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਭਾਂਜ ਦਿੱਤੀ ਜਾ ਸਕੇ।

# ਸਿਹਾਲਾ ਦੰਗਲ ਮੇਲੇ 'ਚ ਪ੍ਰਿਤਪਾਲ ਫਗਵਾੜਾ ਨੇ ਜਿੱਤੀ ਝੰਡੀ ਦੀ ਕੁਸ਼ਤੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਸਿਹਾਲਾ ਵਿਖੇ ਗੁੱਗਾ ਜ਼ਾਹਰ ਪੀਰ ਛਿੰਝ ਕਮੇਟੀ, ਗ੍ਰਾਮ ਪੰਚਾਇਤ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 130 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਕੁਸ਼ਤੀ ਦੇ ਜੌਹਰ ਦਿਖਾਏ। ਦੰਗਲ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਮਨਜੀਤ ਸਿੰਘ ਰਾਣਾ, ਰਾਕੇਸ਼ ਰਾਣਾ, ਭੋਲਾ ਚੌਧਰੀ ਤੇ ਗੋਨੀ ਰਾਣਾ ਨੇ ਦੱਸਿਆ ਕਿ ਦੰਗਲ ਮੇਲੇ ਦਾ ਉਦਘਾਟਨ ਡੇਰਾ ਬਾਬਾ ਮਸਤ ਰਾਮ ਦੇ ਗੱਦੀ ਨਸ਼ੀਨ ਬਾਬਾ ਮਨੀ ਦਾਸ ਨੇ ਕੀਤਾ। ਇਸ ਉਪਰੰਤ ਪੰਜ ਪੀਰ ਦਰਬਾਰ ਸ਼ੇਰਗੜ੍ਹ ਬੇਟ ਦੇ ਗੱਦੀ ਨਸ਼ੀਨ ਬਾਬਾ ਦੀਪਾ ਫਲਾਹੀ ਦੀ ਦੇਖ-ਰੇਖ ਹੇਠ ਹੋਈ ਝੰਡੀ ਦੀ ਕੁਸ਼ਤੀ ਪ੍ਰਿਤਪਾਲ ਫਗਵਾੜਾ ਨੇ ਨੰਬਰਾਂ ਦੇ ਅਧਾਰ 'ਤੇ ਧਰਮਿੰਦਰ ਕੁਹਾਲੀ ਨੂੰ ਹਰਾਇਆ, ਜਦਕਿ ਦੂਜੇ ਨੰਬਰ ਦੀ ਕੁਸ਼ਤੀ ਵਿੱਚ ਤਾਲਿਬ ਬਾਬਾ ਫਲਾਹੀ ਨੇ ਸੋਨੂੰ ਕਾਂਗੜਾ ਨੂੰ ਚਿੱਤ ਕਰਕੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ। ਗ੍ਰਾਮ ਪੰਚਾਇਤ ਸਿਹਾਲਾ ਤੇ ਦੰਗਲ ਕਮੇਟੀ ਵੱਲੋਂ ਉਚੇਚੇ ਤੌਰ 'ਤੇ ਬਾਬਾ ਦੀਪਾ ਫਲਾਹੀ ਦਾ 41 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ। ਦੰਗਲ ਮੇਲੇ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਸਮੇਲ ਸਿੰਘ ਬੌਂਦਲੀ, ਜ਼ਿਲ੍ਹਾ ਮੀਤ ਪ੍ਰਧਾਨ ਮਨਦੀਪ ਖੁੱਲਰ, ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ, ਚੇਅਰਮੈਨ ਮੇਜਰ ਸਿੰਘ ਬਾਲਿਓਂ ਪੁੱਜੇ, ਜਿਨ੍ਹਾਂ ਜੇਤੂ ਪਹਿਲਵਾਨਾਂ ਨੂੰ ਅਰੁਣ ਰਾਣਾ ਪਦਰਾਣਾ ਵੱਲੋਂ ਆਪਣੀ ਨਾਨੀ ਸਵ. ਮਾਤਾ ਬਿਮਲਾ ਦੇਵੀ ਦੀ ਯਾਦ ਵਿੱਚ 1 ਲੱਖ 31 ਹਜ਼ਾਰ ਰੁਪਏ ਤੇ ਰਿਸ਼ੀ ਸ਼ਰਮਾ ਕੈਨੇਡਾ ਵੱਲੋਂ 1 ਲੱਖ ਰੁਪਏ ਨਕਦੀ ਰਾਸ਼ੀ ਦੇ ਕੇ ਸਨਮਾਨਤ ਕੀਤਾ, ਜਦਕਿ ਦੂਜੀ ਝੰਡੀ ਦੀ ਕੁਸ਼ਤੀ ਦੇ ਜੇਤੂਆਂ ਨੂੰ ਪੰਡਿਤ ਪ੍ਰਿਤਪਾਲ ਸ਼ਾਸਤਰੀ ਤੇ ਰਾਣਾ ਪ੍ਰੇਮ ਸਿੰਘ ਨੇ 1 ਲੱਖ 31 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਤ ਕੀਤਾ।

# ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਨਗਰ 'ਚ ਬਣਾਏ ਵਿਸ਼ਾਲ ਗੇਟ ਦਾ ਉਦਘਾਟਨ



**ਬਾਘਾ ਪੁਰਾਣਾ, ਸਤੰਬਰ (ਮਨੀ ਸਿੰਗਲਾ)**-ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਆਪਣੇ ਨਗਰ ਵਿੱਚ ਬਣਾਇਆ ਗਿਆ ਇਕ ਵਿਸ਼ਾਲ ਗੇਟ ਸੰਗਤਾਂ ਨੂੰ ਸਮਰਪਤ ਕਰ ਦਿੱਤਾ ਗਿਆ ਹੈ।ਇਹ ਗੇਟ ਗੁਰਦੁਆਰਾ ਸੰਤ ਬਾਬਾ ਪ੍ਰੇਮ ਦਾਸ ਜੀ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ 'ਤੇ ਬਣਾਇਆ ਗਿਆ।ਇਸ ਦਾ ਉਦਘਾਟਨ ਬਾਬਾ ਪ੍ਰੇਮ ਦਾਸ ਜੀ ਦੀ ਬਰਸੀ ਮੌਕੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਕੀਤਾ ਗਿਆ।ਇਸ ਗੇਟ ਉੱਪਰ ਸਾਢੇ ਤਿੰਨ ਲੱਖ ਰੁਪਏ ਖਰਚਾ ਆਇਆ ਹੈ।ਇਸ ਮੌਕੇ ਰੱਬੀ ਬਾਣੀ ਦਾ ਕੀਰਤਨ ਭਾਈ ਸੋਹਣ ਸਿੰਘ ਨੇ ਕੀਤਾ ਅਤੇ ਕਥਾ ਵਿਚਾਰਾਂ ਵੀ ਕੀਤੀਆਂ।ਸਾਲਾਨਾ ਸਮਾਗਮ ਦੌਰਾਨ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਨੇ ਆਪਣੀ ਪ੍ਰੇਰਨਾ ਸਦਕਾ ਕਥਾ ਵਿੱਚ ਮਹਾਂਪੁਰਸ਼ਾਂ ਦੇ ਯੋਗਦਾਨ ਤੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਹਾਂਪੁਰਸ਼ਾਂ ਦਾ ਜਗਤ ਵਿੱਚ ਇੱਕ ਖਾਸ ਸਥਾਨ ਹੈ।

ਬਾਬਾ ਜੀ ਨੇ ਕਿਹਾ ਕਿ ਮਹਾਂਪੁਰਸ਼ ਕਦੇ ਨਹੀਂ ਮਰਦੇ।ਉਹ ਹਮੇਸ਼ਾ ਜਗਤ ਵਿੱਚ ਆਪਣੀ ਸਿੱਖਿਆ ਤੇ ਆਦਰਸ਼ਾਂ ਰਾਹੀਂ ਜਿਉਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਮਹਾਂਪੁਰਸ਼ ਸਿਰਫ ਆਪਣੇ ਸਰੀਰ ਦੇ ਨਾਲ ਹੀ ਨਹੀਂ ਬਲਕਿ ਉਹ ਆਪਣੀ ਆਤਮਕ ਬਲ ਦੇ ਨਾਲ ਹਮੇਸ਼ਾ ਜਗਤ ਵਿੱਚ ਮੌਜੂਦ ਰਹਿੰਦੇ ਹਨ।ਪਿੰਡ ਵਾਸੀਆਂ ਵੱਲੋਂ ਬਾਬਾ ਜੀ ਦਾ ਸ੍ਰੀ ਸਾਹਿਬ ਤੇ ਲੋਈ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਮਹਿੰਦਰ ਸਿੰਘ, ਕਮੇਟੀ ਮੈਂਬਰ ਭਾਈ ਥਾਣਾ ਸਿੰਘ, ਨਿਰਮਲ ਸਿੰਘ ਡੇਅਰੀ ਵਾਲਾ, ਗੁਰਜੰਟ ਸਿੰਘ ਨੀਲਾ ਤੇ ਭਿੰਦਾ ਸਿੰਘ ਸਮੇਤ ਕਈ ਪਿੰਡ ਵਾਸੀਆਂ ਨੇ ਵੀ ਬਾਬਾ ਜੀ ਦਾ ਸਨਮਾਨ ਕੀਤਾ। ਇਹ ਗੇਟ ਤਿਆਰ ਕਰਨ ਵਿੱਚ ਬਹੁਤ ਸਾਰੇ ਐਨ ਆਰ ਆਈਆਂ ਨੇ ਯੋਗਦਾਨ ਪਾਇਆ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਬਲਵੰਤ ਸਿੰਘ ਕਾਕਾ (ਕੈਨੇਡਾ), ਨਿਰਭੈ ਸਿੰਘ ਵਿਦੇਸਾਂ, ਗੁਰਪ੍ਰੀਤ ਸਿੰਘ ਗੋਗੀ ਕੈਨੇਡਾ, ਚਮਕੌਰ ਸਿੰਘ (ਜਰਮਨੀ) ਅਤੇ ਨਿਰਮਲ ਸਿੰਘ ਡੇਅਰੀ ਵਾਲਾ ਦਾ ਬਾਬਾ ਜੀ ਵੱਲੋਂ ਧੰਨਵਾਦ ਕੀਤਾ ਗਿਆ।ਇਸ ਦੇ ਨਾਲ ਹੀ, ਬਾਬਾ ਜੀ ਨੇ ਸਵਰਗਵਾਸੀ ਸ੍ਰ. ਗੁਰਦੀਪ ਸਿੰਘ ਦੇ ਪਰਿਵਾਰ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਬੇਟੇ ਦਲਜੀਤ ਸਿੰਘ ਬਿੱਟਾ ਵੱਲੋਂ ਇੱਕ ਲੱਖ ਰੁਪਏ ਤੋਂ ਵੱਧ ਦੀ ਲਾਗਤ ਨਾਲ ਸਟੀਲ ਦਾ ਗੇਟ ਲਗਵਾਇਆ ਗਿਆ। ਇਸ ਸਮਾਗਮ ਵਿੱਚ ਪਿੰਡ ਦੇ ਕਈ ਨੌਜਵਾਨ, ਬੀਬੀਆਂ, ਭੈਣਾਂ ਹਾਜ਼ਰ ਸਨ।

## ਬਿਜਲੀ ਮੁਲਾਜ਼ਮਾਂ ਦੇ ਹੱਕ 'ਚ ਉਤਰੀਆਂ ਜਥੇਬੰਦੀਆਂ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਵਿਖੇ ਬਿਜਲੀ ਮੁਲਾਜ਼ਮਾਂ ਦੇ ਹੱਕ ਵਿੱਚ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਸੁਨਾਮ ਵੱਲੋਂ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਸ਼ਮੂਲੀਅਤ ਕੀਤੀ। ਸਾਥੀ ਜਗਦੇਵ ਸਿੰਘ ਬਾਹੀਆ, ਸੁਰਿੰਦਰ ਸਿੰਘ ਸੁਨਾਮ, ਹਰਮੇਲ ਸਿੰਘ ਮਹਿਰੋਕ, ਪ੍ਰਿਤਪਾਲ ਸਿੰਘ ਮਹਿਰੋਕ, ਕੇ ਪੀ ਸਿੰਘ, ਬਰਖਾ ਸਿੰਘ, ਕੁਲਦੀਪ ਸ਼ਰਮਾ ਨੇ ਸੰਬੋਧਨ ਕਰਦਿਆਂ ਪਾਵਰਕਾਮ ਦੇ ਅੜੀਅਲ ਵਤੀਰੇ ਦੀ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਬਿਜਲੀ ਮੁਲਾਜ਼ਮ ਆਗੂਆਂ ਨੂੰ ਗੱਲਬਾਤ ਲਈ ਬੁਲਾ ਕੇ ਮਸਲੇ ਦਾ ਹੱਲ ਕਰੇ। ਸਾਥੀਆਂ ਨੇ ਪੰਜਾਬ ਸਰਕਾਰ ਦੀ ਮੀਟਿੰਗ ਦੇ ਕੇ ਮੀਟਿੰਗ ਕੈਂਸਲ ਕਰਨ ਦੀ ਵੀ ਨਿਖੇਧੀ ਕੀਤੀ ਤੇ ਚੰਡੀਗੜ੍ਹ ਧਰਨੇ ਵਿੱਚ ਪੈਨਸ਼ਨਰਜ਼ ਆਗੂਆਂ 'ਤੇ ਕੀਤੇ ਕੇਸਾਂ ਨੂੰ ਰੱਦ ਕਰਨ ਦੀ ਮੰਗ ਕੀਤੀ। ਸਾਥੀਆਂ ਨੇ ਬਿਜਲੀ ਮੁਲਾਜ਼ਮਾਂ ਦੇ ਚੱਲ ਰਹੇ ਧਰਨਿਆਂ ਵਿੱਚ ਲਗਾਤਾਰ ਸ਼ਮੂਲੀਅਤ ਕਰਨ ਦਾ ਵਾਅਦਾ ਕੀਤਾ।

# ਲਾਇਨਜ਼ ਕਲੱਬ ਨਾਭਾ ਵੱਲੋਂ ਸਹੁੰ ਚੁੱਕ ਸਮਾਗਮ



**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਨਾਭਾ ਦੀ ਆਉਣ ਵਾਲੇ ਸਾਲ 2024-25 ਲਈ ਨਵੀਂ ਟੀਮ ਦਾ ਐਲਾਨ ਕਰ ਦਿੱਤਾ ਗਿਆ, ਜਿਸ ਵਿੱਚ ਪ੍ਰਧਾਨ ਦੀ ਜ਼ਿੰਮੇਵਾਰੀ ਲਾਇਨ ਐੱਮਜੇਐੱਫ ਸੰਨੀ ਸਿੰਗਲਾ, ਸਕੱਤਰ ਗਿਰਧਾਰੀ ਲਾਲ ਬਾਂਸਲ ਤੇ ਕੈਸ਼ੀਅਰ ਸੋਮ ਨਾਥ ਢੱਲ ਨਿਭਾਉਣਗੇ।ਇਸ ਮੌਕੇ ਕਲੱਬ ਵੱਲੋਂ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਡਿਸਟ੍ਰਿਕ ਗਵਰਨਰ ਐੱਮਜੇਐੱਫ ਲਾਇਨ ਰਵਿੰਦਰ ਸਗੜ ਉਚੇਚੇ ਤੌਰ 'ਤੇ ਪਹੁੰਚੇ। ਵਾਇਸ ਡਿਸਟ੍ਰਿਕ ਗਵਰਨਰ ਲਾਇਨ ਅੰਮ੍ਰਿਤ ਪਾਲ ਸਿੰਘ ਜੰਡੂ ਨੇ ਸਾਲ 2024-25 ਲਈ ਪ੍ਰਧਾਨ ਐੱਮਜੇਐੱਫ਼ ਲਾਇਨ ਸੰਨੀ ਸਿੰਗਲਾ, ਸੈਕਟਰੀ ਲਾਇਨ ਗਿਰਧਾਰੀ ਲਾਲ ਬਾਂਸਲ ਤੇ ਖਜ਼ਾਨਚੀ ਲਾਇਨ ਸੋਮਨਾਥ ਢੱਲ ਅਤੇ ਹੋਰ ਬਾਕੀ ਟੀਮ ਨੂੰ ਸਹੁੰ ਚੁਕਵਾਈ, ਵਾਇਸ ਡਿਸਟ੍ਰਿਕ ਗਵਰਨਰ 2 ਲਾਇਨ ਅਜੇ ਗੋਇਲ ਵੀ ਸਪੈਸ਼ਲ ਗੈਸਟ ਦੇ ਤੌਰ 'ਤੇ ਪਹੁੰਚੇ। ਇਸ ਮੌਕੇ ਡਿਸਟ੍ਰਿਕਟ ਗਵਰਨਰ ਲਾਈਨ ਰਵਿੰਦਰ ਸੱਗੜ, ਰੀਜਨ ਚੇਅਰਮੈਨ ਲਾਈਨ ਭੁਪਿੰਦਰ ਸ਼ਰਮਾ ਨੇ ਲਾਇਨਜ਼ ਕਲੱਬ ਨਾਭਾ ਦੇ ਕੰਮਾਂ ਦੀ ਸ਼ਲਾਘਾ ਕੀਤੀ।ਸਮਾਗਮ ਵਿੱਚ ਮਾਸਟਰ ਆਫ ਸੈਰੇਮਨੀ ਦੀ ਭੂਮਿਕਾ ਲਾਈਨ ਸੁਰਿੰਦਰ ਬੀਰ ਸਿੰਘ ਸੇਠੀ ਨੇ ਬਾਖੂਬੀ ਨਿਭਾਈ।ਇਸ ਮੌਕੇ ਕਮੇਟੀ ਚੇਅਰ ਪਰਸਨ ਲਾਈਨ ਰਾਜ ਕੁਮਾਰ ਗੁਪਤਾ ਨੇ ਆਏ ਹੋਏ ਸਾਰੇ ਲਾਈਨ ਮੈਂਬਰਾਂ ਤੇ ਉਨ੍ਹਾਂ ਦੇ ਪਰਵਾਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਲਾਇਨਜ਼ ਕਲੱਬ ਨਾਭਾ ਵੱਲੋਂ ਮਹਾਂਵੀਰ ਜੈਨ ਸਲਾਈ ਸਕੂਲ ਨਾਭਾ ਨੂੰ 2 ਸਿਲਾਈ ਮਸ਼ੀਨਾਂ, ਆਰ ਐੱਸ ਜੈਨ ਮਾਡਲ ਸਕੂਲ ਦੇ ਬੱਚਿਆਂ ਨੂੰ ਬੂਟ ਤੇ ਨਵੀਂ ਦਿਸ਼ਾ ਸਕੂਲ ਲੁਬਾਣਾ ਟੇਕੂ ਨੂੰ ਇਨਵਰਟਰ ਤੇ ਬੈਟਰਾ ਦਿੱਤਾ ਗਿਆ। ਇਸ ਸਮਾਗਮ ਵਿੱਚ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ।

# ਬਾਬਾ ਮੋਨੀ ਜੀ ਕਾਲਜ 'ਚ ਜਾਗਰੂਕਤਾ ਕੈਂਪ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਬਾਬਾ ਮੋਨੀ ਜੀ ਗਰੁੱਪ ਆਫ਼ ਕਾਲਜਿਜ਼ ਲਹਿਰਾ ਮੁਹੱਬਤ ਵਿਖੇ ਮਲਟੀਪਰਪਜ਼ ਹੈਲਥ ਵਰਕਰ (ਮੇਲ) ਲਹਿਰਾ ਮੁਹੱਬਤ ਵੱਲੋਂ ਵਿਦਿਆਰਥੀਆਂ ਨੂੰ ਡੇਂਗੂ ਅਤੇ ਚਿਕਨਗੁਨੀਆਂ ਦੇ ਇਲਾਜ ਅਤੇ ਬਚਾਉ ਦੇ ਤਰੀਕਿਆਂ ਬਾਰੇ ਦੱਸਿਆ ਗਿਆ। ਸਿਹਤ ਕਰਮਚਾਰੀ ਕਰਮਜੀਤ ਸਿੰਘ, ਵਿਕਰਮਜੀਤ ਸਿੰਘ, ਲਛਮਣ ਸਿੰਘ ਅਤੇ ਕਮਲਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਹ ਮੱਛਰ ਸਾਫ਼ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਸਿਰਫ ਦਿਨ ਵੇਲੇ ਕੱਟਦਾ ਹੈ। ਤੇਜ਼ ਬੁਖਾਰ, ਸਿਰ ਦਰਦ ਤੇ ਚਮੜੀ ਤੇ ਦਾਣੇ ਇਸ ਦੇ ਮੁੱਖ ਲੱਛਣ ਹਨ। ਡੇਂਗੂ ਅਤੇ ਚਿਕਨਗੁਨੀਆ ਏਡੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦੇ ਹਨ। ਇਸ ਦੌਰਾਨ ਸਿਹਤ ਵਿਭਾਗ ਦੀ ਟੀਮ ਵੱਲੋਂ ਕਾਲਜ ਅਤੇ ਹੋਸਟਲ ਦੀ ਚੈਕਿੰਗ ਕੀਤੀ ਗਈ। ਸਾਫ਼ ਸਫਾਈ ਦਾ ਪ੍ਰਬੰਧ ਬਹੁਤ ਵਧੀਆ ਸੀ ਅਤੇ ਕਿਸੇ ਵੀ ਜਗ੍ਹਾਂ ਤੋਂ ਲਾਰਵਾ ਨਹੀਂ ਪਾਇਆ ਗਿਆ। ਇਸ ਮੌਕੇ ਕਾਲਜ ਦੇ ਸਟਾਫ ਮੈਂਬਰ ਪ੍ਰੋ. ਸੁਖਦੀਪ ਕੌਰ, ਪ੍ਰੋ. ਰੁਚਿਕਾ, ਪ੍ਰੋ. ਸੁਮਨ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਖਵੀਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਦਲਜੀਤ ਕੌਰ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਮਨੀਸ਼ਾ ਅਤੇ ਪ੍ਰੋ. ਕਰਮਵੀਰ ਕੌਰ ਸ਼ਾਮਿਲ ਸਨ।

## ਬਾਬਾ ਫ਼ਰੀਦ 'ਵਰਸਿਟੀ ਵਿਖੇ 9 ਨਵੇਂ ਹੈਲਥ ਕੇਅਰ ਸਕਿੱਲ ਡਿਵੈੱਲਪਮੈਂਟ ਕੋਰਸਾਂ ਨੂੰ ਪ੍ਰਵਾਨਗੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਵਿੱਚ ਸਿਹਤ ਸੰਭਾਲ ਹੁਨਰ ਵਿਕਾਸ ਨੂੰ ਹੁਲਾਰਾ ਦੇਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ.ਐਫ.ਯੂ.ਐਚ.ਐਸ.), ਫ਼ਰੀਦਕੋਟ ਦੇ ਮਾਨਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਵੱਲੋਂ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਉੱਚ-ਪੱਧਰੀ ਵਰਚੁਅਲ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦਾ ਉਦੇਸ਼ ਵਿਸ਼ੇਸ਼ ਹੈਲਥਕੇਅਰ ਟ੍ਰੇਨਿੰਗ ਰਾਹੀਂ ਆਪਣੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਲਈ ਰਾਜ ਦੇ ਵਿਜ਼ਨ ਅਨੁਸਾਰ ਨਵੀਆਂ ਪਹਿਲਕਦਮੀਆਂ ਨੂੰ ਅੰਤਿਮ ਰੂਪ ਦੇਣਾ ਸੀ।ਮੀਟਿੰਗ ਦੌਰਾਨ ਬੀ.ਐਫ.ਯੂ.ਐਚ.ਐਸ. ਦੇ ਹੈਲਥ ਸਕਿੱਲ ਡਿਵੈਲਪਮੈਂਟ ਸੈਂਟਰ ਵਿਖੇ ਹੈਲਥਕੇਅਰ ਸੈਕਟਰ ਵਿੱਚ 9 ਨਵੇਂ ਹੁਨਰ ਵਿਕਾਸ ਕੋਰਸ ਸ਼ੁਰੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ।ਇਹ ਕੋਰਸ ਸਿਹਤ ਸੰਭਾਲ ਪੇਸ਼ੇਵਰਾਂ ਦੇ ਚਾਹਵਾਨਾਂ ਨੂੰ ਮਿਆਰੀ ਸਿੱਖਿਆ ਤੇ ਵਿਹਾਰਕ ਹੁਨਰ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ ਅਤੇ ਪੰਜਾਬ ਦੇ ਵਸਨੀਕਾਂ ਲਈ ਇਹ ਪੂਰੀ ਤਰ੍ਹਾਂ ਮੁਫ਼ਤ ਕਰਵਾਏ ਜਾਣਗੇ।ਇਸ ਤੋਂ ਇਲਾਵਾ, ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਰਿਹਾਇਸ਼ ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀ ਜਾਵੇਗੀ।ਪ੍ਰੋ. (ਡਾ.) ਰਾਜੀਵ ਸੂਦ ਨੇ ਪੰਜਾਬ ਭਰ ਵਿੱਚ ਹੁਨਰ ਵਿਕਾਸ ਦੇ ਮੌਕਿਆਂ ਦਾ ਵਿਸਤਾਰ ਕਰਨ ਲਈ ਸ੍ਰੀ ਅਮਨ ਅਰੋੜਾ ਮਾਨਯੋਗ ਕੈਬਨਿਟ ਮੰਤਰੀ ਦੀ ਅਗਵਾਈ ਵਿੱਚ ਲਗਾਤਾਰ ਕੀਤੇ ਜਾ ਰਹੇ ਯਤਨਾਂ 'ਤੇ ਜ਼ੋਰ ਦਿੱਤਾ।ਉਨ੍ਹਾਂ ਨੌਜਵਾਨਾਂ ਨੂੰ ਇਨ੍ਹਾਂ ਨਵੇਂ ਪ੍ਰੋਗਰਾਮਾਂ ਦਾ ਪੂਰਾ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਉਨ੍ਹਾਂ ਨੂੰ ਸਿਹਤ ਸੰਭਾਲ ਵਿੱਚ ਸਫਲ ਕਰੀਅਰ ਲਈ ਲੋੜੀਂਦੇ ਹੁਨਰਾਂ ਨਾਲ ਲੈਸ ਕੀਤਾ ਜਾਵੇਗਾ।ਇਨ੍ਹਾਂ ਕੋਰਸਾਂ ਲਈ ਦਾਖਲਾ ਪ੍ਰਕਿਰਿਆ ਬਾਰੇ ਵੇਰਵਿਆਂ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ ਅਤੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਹੋਰ ਅਪਡੇਟਾਂ ਲਈ ਜੁੜੇ ਰਹਿਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

## ਬੀ ਕੇ ਯੂ ਲੱਖੋਵਾਲ ਵੱਲੋਂ ਮਨਾਵਾਂ ਇਕਾਈ ਦਾ ਗਠਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਆਗੂ ਮੰਦਰਜੀਤ ਸਿੰਘ ਮਨਾਵਾਂ ਤੇ ਜ਼ਿਲ੍ਹਾ ਆਗੂ ਨਿਰਮਲ ਸਿੰਘ ਮਨਾਵਾਂ ਦੀ ਪ੍ਰੇਰਨਾ ਸਦਕਾ ਪਿੰਡ ਮਨਾਵਾਂ ਵਿਖੇ ਪਿੰਡ ਤੇ ਪਤਵੰਤੇ ਸੱਜਣ ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ, ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਕਾਦਰ ਵਾਲਾ ਆਦਿ ਦੀ ਹਾਜ਼ਰੀ ਵਿੱਚ ਪਿੰਡ ਮਨਾਵਾਂ ਵਿਖੇ ਇਕਾਈ ਦਾ ਗਠਨ ਕੀਤਾ, ਜਿਸ ਵਿੱਚ ਇਕਾਈ ਪ੍ਰਧਾਨ ਹਰਦੀਪ ਸਿੰਘ, ਜਨਰਲ ਸਕੱਤਰ ਅਜਮੇਰ ਸਿੰਘ, ਖਜ਼ਾਨਚੀ ਮਨਦੀਪ ਸਿੰਘ, ਮੀਤ ਪ੍ਰਧਾਨ ਪਰਮਿੰਦਰ ਸਿੰਘ, ਪ੍ਰੈੱਸ ਸਕੱਤਰ ਚਰਨਪ੍ਰੀਤ ਸਿੰਘ ਤੇ ਸੇਵਕ ਸਿੰਘ, ਜਗਸੀਰ ਸਿੰਘ, ਅਜਮੇਰ ਸਿੰਘ, ਸਵਰਨ ਸਿੰਘ ਸੰਧੂ, ਆਤਮਾ ਸਿੰਘ, ਮਨਦੀਪ ਸਿੰਘ, ਪ੍ਰਦੀਪ ਸਿੰਘ, ਪ੍ਰਭਜੋਤ ਸਿੰਘ, ਅਮਰ ਸਿੰਘ, ਚਰਨ ਪ੍ਰੀਤ ਸਿੰਘ, ਦਲਵਿੰਦਰਜੀਤ ਸਿੰਘ ਸਾਰੇ ਮੈਂਬਰ ਸਾਹਿਬਾਨ ਨੂੰ ਅਹੁਦੇਦਾਰੀਆਂ ਦਿੱਤੀਆਂ। ਉਪਰੰਤ ਨਵੀਂ ਚੁਣੀ ਟੀਮ ਨੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਆਗੂਆਂ ਨੂੰ ਪੂਰਨ ਭਰੋਸਾ ਦਿਵਾਇਆ ਕਿ ਅਸੀਂ ਯੂਨੀਅਨ ਲਈ ਵਧ ਚੜ੍ਹ ਕੇ ਕੰਮ ਕਰਨਗੇ।

# ਹੁਣ ਸੀਵਰੇਜ ਦੀ ਸਮੱਸਿਆ ਤੋਂ ਲੋਕਾਂ ਨੂੰ ਜਲਦ ਮਿਲੇਗੀ ਰਾਹਤ : ਸੰਧਵਾਂ



**ਕੋਟਕਪੂਰਾ, (ਰਛਪਾਲ ਭੁੱਲਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਗਠਨ ਤੋਂ ਲੈ ਕੇ ਹੁਣ ਤੱਕ ਸੂਬੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਾਏ ਗਏ ਹਨ, ਜੋ ਨਿਰੰਤਰ ਜਾਰੀ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਕੋਠੇ ਅਨੋਖਪੁਰਾ, ਬਲਾਕ ਨੰਗਲ ਵਿਖੇ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਲਗਭਗ 19.20 ਲੱਖ ਰੁਪਏ ਦੀ ਲਾਗਤ ਨਾਲ ਪੈਣ ਵਾਲੀ ਪਾਈਪ ਲਾਈਨ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੂੰ ਬਰਸਾਤ ਦੇ ਮੌਕੇ 'ਤੇ ਗਲੀਆਂ ਵਿਚ ਪਾਣੀ ਖੜਨ ਦੀ ਸਮੱਸਿਆ, ਸੀਵਰੇਜ਼, ਪੀਣ ਵਾਲੇ ਪਾਣੀ ਦੀ ਸਮੱਸਿਆ ਆਦਿ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਨੂੰ ਪਿੰਡ ਵਾਸੀਆਂ ਨੇ ਉਨ੍ਹਾਂ ਧਿਆਨ ਵਿੱਚ ਲਿਆਂਦਾ, ਜਿਸ 'ਤੇ ਕਾਰਵਾਈ ਕਰਦਿਆਂ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਪਾਈਪ ਲਾਈਨ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਤੇ ਗੰਦੇ ਪਾਣੀ ਦੇ ਨਿਕਾਸ ਵਿੱਚ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪਿੰਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿਚ ਫੰਡਾਂ ਸੰਬਧੀ ਕਿਸੇ ਤਰ੍ਹਾਂ ਦੀ ਕੋਈ ਵੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਧੀਰਜ ਕੁਮਾਰ ਦੀ ਯਾਦ 'ਚ ਹੋਣਹਾਰ ਵਿਦਿਆਰਥੀ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** -ਅਧਿਆਪਨ ਦੇ ਕਿੱਤੇ ਨੂੰ ਪੂਰਨ ਸਮਰਪਤ ਭਾਵਨਾ ਨਾਲ ਆਖਰੀ ਸਮੇਂ ਤੱਕ ਨਿਭਾਉਣ ਵਾਲੇ ਮਰਹੂਮ ਮੁੱਖ ਅਧਿਆਪਕ ਧੀਰਜ ਕੁਮਾਰ ਦਾ ਜਨਮ ਦਿਨ ਸਰਕਾਰੀ ਪ੍ਰਾਇਮਰੀ ਸਕੂਲ ਗੁਰਮ ਵਿਖੇ ਮਨਾਇਆ ਗਿਆ। ਆਗੂਆਂ ਨੇ ਕਿਹਾ ਕਿ ਅਧਿਆਪਕ ਧੀਰਜ ਕੁਮਾਰ ਨੇ ਆਪਣੇ ਜੀਵਨ ਦੌਰਾਨ ਆਪਣੀਆਂ ਸ਼ਾਨਦਾਰ ਸੇਵਾਵਾਂ ਬਦਲੇ ਅਨੇਕਾਂ ਮਾਣ ਸਨਮਾਨ ਹਾਸਲ ਕੀਤੇ।ਉਨ੍ਹਾਂ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਪਰਵਾਰ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਰਕਾਰੀ ਹਾਈ ਸਕੂਲ ਗੁਰਮ ਤੇ ਸਰਕਾਰੀ ਪ੍ਰਾਇਮਰੀ ਸਕੂਲ ਗੁਰਮ ਦੇ ਸਾਰੇ ਵਿਦਿਆਰਥੀਆਂ ਲਈ ਛੋਲੇ ਪੂੜੀਆਂ ਦਾ ਲੰਗਰ ਲਾਇਆ ਗਿਆ।ਵੱਖ-ਵੱਖ ਜਮਾਤਾਂ ਵਿੱਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਉਤਸ਼ਾਹਤ ਵਜੋਂ 26 ਹੋਰ ਵਿਦਿਆਰਥੀਆਂ ਨੂੰ ਨੂੰ ਟਰਾਫੀਆਂ ਅਤੇ ਕਾਪੀਆਂ, ਪੈੱਨ ਵੀ ਵੰਡੇ ਗਏ। ਇਸ ਮੌਕੇ ਪਰਵਾਰ ਨੇ ਸਕੂਲ ਦੀ ਬਿਹਤਰੀ ਲਈ 11000 ਰੁਪਏ ਦੀ ਸਹਾਇਤਾ ਰਾਸ਼ੀ ਵੀ ਭੇਟ ਕੀਤੀ ਗਈ।

# ਪ੍ਰਾਇਮਰੀ ਸਕੂਲ (ਲੜਕੀਆਂ) ਵੱਲੋਂ ਵਿਲੱਖਣ ਢੰਗ ਨਾਲ ਮਨਾਇਆ ਜਾ ਰਿਹਾ ਸਵੱਛਤਾ ਪੱਖਵਾੜਾ



**ਜਲਾਲਾਬਾਦ (ਪਰਮਜੀਤ ਢਾਬਾਂ)** ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਸਵੱਛਤਾ ਪਖਵਾੜਾ ਮਨਾਇਆ ਜਾ ਰਿਹਾ ਹੈ।ਇਸ ਤਹਿਤ ਬਲਾਕ ਜਲਾਲਾਬਾਦ ਦੇ ਸਰਕਾਰੀ ਪ੍ਰਾਇਮਰੀ ਸਕੂਲ, ਲੜਕੀਆਂ ਦੀ ਕੇਂਦਰੀ ਮੁੱਖ ਅਧਿਆਪਕਾ ਮੈਡਮ ਰਜਨੀ ਬਾਲਾ ਦੀ ਯੋਗ ਅਗਵਾਈ ਹੇਠ ਜਿੱਥੇ ਇਸ ਸਕੂਲ ਦੇ ਵਿਦਿਆਰਥੀਆਂ ਵਿੱਚ ਇਸ ਪਖਵਾੜੇ ਤਹਿਤ ਸਵੱਛ ਰਹਿਣ ਦੇ ਗੁਣ ਪੈਦਾ ਕੀਤੇ ਜਾ ਰਹੇ ਹਨ, ਉਥੇ ਹੀ ਉਨ੍ਹਾਂ ਦੇ ਮਾਪਿਆਂ ਤੇ ਹੋਰ ਲੋਕਾਂ ਨੂੰ ਇਸ ਅਭਿਆਨ ਵਿੱਚ ਸ਼ਾਮਿਲ ਕਰਕੇ ਇਸ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

ਸੈਂਟਰ ਹੈਡ ਟੀਚਰ ਮੈਡਮ ਰਜਨੀ ਬਾਲਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਹ ਪਖਵਾੜਾ 2016 ਤੋਂ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਪੂਰੇ ਦੇਸ਼ ਵਿੱਚ ਸਫਾਈ ਅਭਿਆਨ ਚਲਾਇਆ ਜਾਂਦਾ ਹੈ।ਇਸ ਅਭਿਆਨ ਤਹਿਤ ਸਕੂਲ ਵਿੱਚ ਵਿਦਿਆਰਥੀਆਂ ਨੂੰ ਸਾਫ ਸੁਥਰਾ ਬਣ ਕੇ ਰਹਿਣ ਤੇ ਖਾਣ ਪੀਣ ਮੌਕੇ ਹਰ ਤਰ੍ਹਾਂ ਦੀ ਸਫਾਈ ਦਾ ਧਿਆਨ ਰੱਖਣ ਦੇ ਗੁਣ ਪੈਦਾ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਵਿੱਚ ਜਿੱਥੇ ਸਮੂਹ ਸਕੂਲ ਦੇ ਅਧਿਆਪਕਾਂ ਵੱਲੋਂ ਲਗਨ ਤੇ ਮਿਹਨਤ ਨਾਲ ਇਹ ਅਭਿਆਨ ਚਲਾਇਆ ਜਾ ਰਿਹਾ ਹੈ, ਉਥੇ ਵੱਡਾ ਅਹਿਮ ਯੋਗਦਾਨ ਸਕੂਲ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਹੈ, ਜਿਨ੍ਹਾਂ ਸਦਕਾ ਵੱਖ-ਵੱਖ ਕਿਰਿਆਵਾਂ ਵਿੱਚ ਹਿੱਸਾ ਲੈ ਕੇ ਵਿਦਿਆਰਥੀ ਸਵੱਛ ਬਣ ਰਹੇ ਹਨ।ਸਕੂਲ ਦੀ ਅਧਿਆਪਕਾ ਪਰਮਿੰਦਰ ਕੌਰ ਤੇ ਅਧਿਆਪਕ ਰਮਨਜੀਤ ਸਿੰਘ ਨੇ ਦੱਸਿਆ ਕਿ ਇਸ ਅਭਿਆਨ ਤਹਿਤ ਬੱਚਿਆਂ ਵਿੱਚ ਆਪਣੇ ਆਪ ਨੂੰ ਅਤੇ ਸਮਾਜ ਨੂੰ ਸਾਫ ਰੱਖਣ ਦੇ ਨਿਵੇਕਲੇ ਗੁਣ ਪੈਦਾ ਹੋਏ ਹਨ।

## ਬੀਬੀ ਰਜਿੰਦਰ ਕੌਰ ਜੈਤੋ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਨਿਯੁਕਤ



**ਜੈਤੋ (ਸਤੀਸ਼ ਕੁਮਾਰ ਭੀਰੀ)** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਬੀਬੀ ਰਜਿੰਦਰ ਕੌਰ ਨੂੰ ਇਸਤਰੀ ਅਕਾਲੀ ਦਲ ਦਾ ਪ੍ਰਧਾਨ ਅਤੇ ਪੀ ਏ ਸੀ ਮੈਂਬਰ ਨਿਯੁਕਤ ਕੀਤਾ ਗਿਆ।ਬੀਬੀ ਰਜਿੰਦਰ ਕੌਰ ਦੀ ਇਹ ਨਿਯੁਕਤੀ ਸਿਮਰਨਜੀਤ ਸਿੰਘ ਮਾਨ ਵੱਲੋਂ ਕੀਤੀ ਗਈ। ਬੀਬੀ ਰਜਿੰਦਰ ਕੌਰ ਜੈਤੋ ਦੀ ਨਿਯੁਕਤੀ ਤੇ ਸ੍ਰ. ਇਮਾਨ ਸਿੰਘ ਮਾਨ, ਗੋਬਿੰਦ ਸਿੰਘ ਸੰਧੂ, ਪ੍ਰੋਫੈਸਰ ਮਹਿੰਦਰ ਪਾਲ ਸਿੰਘ ,ਡਾਕਟਰ ਹਰਜਿੰਦਰ ਸਿੰਘ ਜੱਖੂ ,ਹਰਪਾਲ ਸਿੰਘ ਬਲੇਅਰ, ਨਵਦੀਪ ਸਿੰਘ ਗੋਪੀ ,ਹਰਬੰਸ ਸਿੰਘ ਸਲੇਮਪੁਰ, ਉਪਕਾਰ ਸਿੰਘ ਸੰਧੂ, ਓਂਕਾਰ ਸਿੰਘ ਬਰਾੜ, ਗੁਰਜੰਟ ਸਿੰਘ ਕੱਟੂ, ਹਰਜਿੰਦਰ ਸਿੰਘ ਔਲਖ, ਉਪਿੰਦਰ ਸਿੰਘ ,ਗੁਰਪ੍ਰੀਤ ਸਿੰਘ ਖੁੱਡੀ ,ਮੋਤਾ ਸਿੰਘ ਨਾਈਵਾਲਾ, ਦਰਸ਼ਨ ਸਿੰਘ ਮੰਡੇਰ ,ਡਾਕਟਰ ਜਗਰੂਪ ਸਿੰਘ ਨਾਈਆਲਾ , ਬਲਦੇਵ ਸਿੰਘ ਗਗੜਾ, ਸਤਨਾਮ ਸਿੰਘ ਰਤੋਕੇ ,ਥਾਣੇਦਾਰ ਗੁਰਮੇਲ ਸਿੰਘ ਅਸਪਾਲ ਕਲਾਂ, ਗੁਰਦਿਤ ਸਿੰਘ ਅਸਪਾਲ ਕਲਾਂ, ਗੁਰਮੀਤ ਸਿੰਘ ਸੋਢੀ ,ਐਡਵੋਕੇਟ ਸਿਮਰਨਜੀਤ ਸਿੰਘ , ਐਡਵੋਕੇਟ ਜਗਮੀਤ ਸਿੰਘ, ਐਡਵੋਕੇਟ ਪਰਮਜੀਤ ਸਿੰਘ ਸਮੇਤ ਤਮਾਮ ਅਕਾਲੀ ਆਗੂਆਂ ਵੱਲੋਂ ਬੀਬੀ ਰਜਿੰਦਰ ਕੌਰ ਨੂੰ ਵਧਾਈ ਦਿੱਤੀ ਗਈ , ਬੀਬੀ ਰਜਿੰਦਰ ਕੌਰ ਨੇ ਇਸ ਮੌਕੇ ਸਾਰੀ ਜਥੇਬੰਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੋ ਪਾਰਟੀ ਵੱਲੋਂ ਮੈਨੂੰ ਇਹ ਸੇਵਾ ਬਖਸ਼ੀ ਗਈ ਹੈ ਉਹ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗੀ।

## ਲਵਿੰਗ ਲਿਟਲ ਪਲੇਵੇ ਸਕੂਲ 'ਚ ਗਣੇਸ਼ ਚਤੁਰਥੀ ਦਾ ਤਿਉਹਾਰ ਮਨਾਇਆ



**ਮਲੋਟ, (ਗੁਰਮੀਤ ਸਿੰਘ ਮੱਕੜ)** ਲਵਿੰਗ ਲਿਟਲ ਪਲੇਵੇ ਐਂਡ ਪ੍ਰਾਪਰੇਟਰੀ ਸਕੂਲ ਵਿਖੇ ਗਣੇਸ਼ ਚਤੁਰਥੀ ਦਾ ਤਿਉਹਾਰ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਪ੍ਰਿੰਸੀਪਲ ਮੀਨਾ ਅਰੋੜਾ ਦੀ ਅਗਵਾਈ ਵਿਚ ਗਣੇਸ਼ ਚਤੁਰਥੀ ਦੇ ਸਬੰਧ ਵਿੱਚ ਬੱਚਿਆਂ ਦੀ ਐਕਟੀਵਿਟੀ ਵੀ ਕਰਾਈ ਗਈ। ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਨੇ ਸੰਬੋਧਨ ਕਰਦੇ ਹੋਏ ਸ਼੍ਰੀ ਗਣੇਸ਼ ਜੀ ਦੀ ਜੀਵਨੀ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਇਸ ਦਿਨ ਕਈ ਮੰਦਰਾਂ ਵਿਚ ਸ਼੍ਰੀ ਗਣੇਸ਼ ਜੀ ਦੀ ਮੂਰਤੀ ਸਥਾਪਤ ਕੀਤੀ ਜਾਂਦੀ ਹੈ ਤੇ ਸ਼ਰਧਾਲੂਆਂ ਵੱਲੋਂ ਸ਼ਰਧਾ ਭਾਵ ਨਾਲ ਪੂਜਾ ਕੀਤੀ ਜਾਂਦੀ ਹੈ। ਜਿਸ ਦੇ ਨੌਂ ਦਿਨ ਬਾਅਦ ਸ਼ਾਮ ਦੇ ਸਮੇਂ ਸ਼ਰਧਾਲੂਆਂ ਵੱਲੋਂ ਸ਼੍ਰੀ ਗਣੇਸ਼ ਜੀ ਦੀ ਮੂਰਤੀ ਨੂੰ ਜਲ ਵਿਚ ਵਿਸਰਜਨ ਕੀਤਾ ਜਾਂਦਾ ਹੈ। ਇਸ ਮੌਕੇ ਬੱਚਿਆਂ ਨੂੰ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਗਿਆ ਤੇ ਬੱਚਿਆਂ ਤੇ ਸਟਾਫ਼ ਵੱਲੋਂ ਸ਼੍ਰੀ ਗਣੇਸ਼ ਜੀ ਦੀਆਂ ਭੇਟਾਂ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ 'ਤੇ ਮੈਡਮ ਅੰਨੂ, ਨਿਸ਼ਾ, ਗਗਨ ਤੇ ਸ਼ੀਨੂੰ ਆਦਿ ਹਾਜ਼ਰ ਸਨ।

# ਸਾਹਿਤਕ ਅਕੈਡਮੀ ਦਿੱਲੀ ਵੱਲੋਂ ਪੰਜਾਬ ਦੇ 26 ਅਧਿਆਪਕ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਾਹਿਤਕ ਅਕੈਡਮੀ ਦਿੱਲੀ ਨੇ ਸਾਲ 2024 ਲਈ 73 ਅਧਿਆਪਕਾਂ ਨੂੰ ਪ੍ਰੇਰਨਾ ਸਿੱਖਿਆ ਸਨਮਾਨ ਨਾਲ ਸਨਮਾਨਤ ਕਰਨ ਲਈ ਚੁਣਿਆ, ਜਿਨ੍ਹਾਂ ਵਿੱਚੋਂ 26 ਅਧਿਆਪਕ ਪੰਜਾਬ ਨਾਲ ਸਬੰਧਤ ਹਨ। ਦੇਸ਼ ਅੰਦਰ ਅਧਿਆਪਕਾਂ ਦੀ ਭੂਮਿਕਾ ਨੂੰ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਦੀ ਚੋਣ ਕੀਤੀ ਗਈ ਹੈ। ਚੁਣੇ ਗਏ ਛੱਬੀ ਅਧਿਆਪਕਾਂ ਦੀ ਸੂਚੀ ਵਿੱਚ ਕੈਪਟਨ ਜਸਵੰਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬੁੱਟਰ ਨੂੰ ਵਿਸ਼ੇਸ਼ ਸਨਮਾਨ ਵਾਸਤੇ ਚੁਣਿਆ ਗਿਆ। ਚੁਣੇ ਹੋਏ ਅਧਿਆਪਕਾਂ ਵਿੱਚ ਡਾਕਟਰ ਨਿਰਮਿਲਜੀਤ ਕੌਰ, ਮਨਦੀਪ ਸਿੰਘ, ਰਾਜਦੀਪ ਕੌਰ ਗਰੇਵਾਲ, ਗੁਰਬਖ਼ਸ਼ੀਸ਼ ਕੌਰ, ਅੰਜੂ ਅਮਨਦੀਪ ਗਰੋਵਰ, ਜਤਿੰਦਰ ਕੌਰ ਭਿੰਡਰ, ਹਰਜਿੰਦਰ ਕੌਰ ਚੀਮਾ, ਕਿਰਨ ਲਤਾ ਸ਼ਰਮਾ, ਨਵਜੋਤ ਕੌਰ ਬਾਜਵਾ, ਰਜੇਸ਼ ਬੱਬੀ, ਰਾਮਨੀ ਸੁਜਾਨਪੁਰੀ, ਸੁਖਵਿੰਦਰ ਕੌਰ, ਸਾਹਿਬਾਂ ਜੀਟਨ ਕੌਰ, ਸੁਰਜੀਤ ਕੌਰ, ਹਰਪ੍ਰੀਤ ਕੌਰ ਸਿੰਮੀ, ਕਿਰਨਾ ਦੇਵੀ ਸਿੰਗਲਾ, ਹਰਜਿੰਦਰ ਸਿੰਘ ਜਿੰਦੂਆ, ਜੱਸ ਸ਼ੇਰਗਿੱਲ, ਮਨਦੀਪ ਕੌਰ ਜੱਸੀ, ਮੰਗਲਦੀਪ, ਅਸ਼ਵਨੀ ਕੁਮਾਰ, ਪਵਨ ਕੁਮਾਰ, ਸ਼ਹਿਬਾਜ਼ ਖਾਨ ਆਦਿ ਨੂੰ ਸਨਮਾਨਤ ਕਰਨ ਲਈ ਦਿੱਲੀ ਵਿੱਚ ਪਿਛਲੇ ਐਤਵਾਰ ਨੂੰ ਸਮਾਗਮ ਕੀਤਾ ਗਿਆ। ਡਾਕਟਰ ਸੀ ਐੱਮ ਭਗਤ ਵੱਲੋਂ ਅਧਿਆਪਕਾਂ ਨੂੰ ਵਿਸ਼ੇਸ਼ ਸਨਮਾਨ ਭੇਟ ਕੀਤਾ ਗਿਆ। ਸਾਰੇ ਅਧਿਆਪਕਾਂ ਨੇ ਬੱਚਿਆਂ ਦੇ ਭਵਿੱਖ ਨੂੰ ਉੱਜਲ ਕਰਨ ਦੇ ਨਵੇਂ ਨਵੇਂ ਤਰੀਕੇ ਆਪਸ ਵਿੱਚ ਸਾਂਝੇ ਕੀਤੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਜਸਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਇਹ ਸਨਮਾਨ ਸਕੂਲ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਦੀ ਬਦੌਲਤ ਹੈ। ਪਰਵੀਨ ਕੌਰ ਸਿੱਧੂ ਨੇ ਸਨਮਾਨਤ ਕੀਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਹ ਪੁਰਸਕਾਰ ਅਧਿਆਪਕਾਂ ਦੀ ਲਗਨ, ਜੋਸ਼ ਤੇ ਸਖਤ ਮਿਹਨਤ ਦਾ ਸਦਕਾ ਹੈ। ਇਨਾਮ ਵੰਡ ਸਮਾਰੋਹ ਵਿੱਚ ਪੂਰੇ ਭਾਰਤ ਵਿੱਚੋਂ ਹਰੀ ਪ੍ਰਕਾਸ਼ ਪਾਂਡੇ ਫਾਊਂਡਰ ਸਾਹਿਤਕ ਅਕੈਡਮੀ, ਅਲਕਾ ਸਿਨਹਾ, ਪ੍ਰੋਫੈਸਰ ਡਾਕਟਰ ਦਵਿੰਦਰ ਕੌਰ, ਸਾਹਿਬਾ ਜੀਟਨ ਕੌਰ ਬਾਂਸਲ, ਸੁਨੀਲਾ ਨਾਰੰਗ ਤੇ ਮਨੀਸ਼ਾ ਸਾਰਸਵਤ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

# ਜਥੇਦਾਰ ਟੌਹੜਾ ਦੇ ਜਨਮ ਦਿਹਾੜੇ ਸੰਬੰਧੀ ਪ੍ਰਚਾਰਕ ਸਾਹਿਬਾਨ ਨਾਲ ਇਕੱਤਰਤਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜਨਮ ਦਿਹਾੜੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਸਮਾਗਮ ਸਬੰਧੀ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਪ੍ਰਚਾਰਕ ਸਾਹਿਬਾਨ ਦੀ ਇਕੱਤਰਤਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਪ੍ਰਧਾਨਗੀ ਵਿੱਚ ਹੋਈ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਇੰਚਾਰਜ ਧਰਮ ਪ੍ਰਚਾਰ ਭੋਲਾ ਸਿੰਘ ਵੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੇ ਆਦੇਸ਼ਾਂ 'ਤੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ ਦਿਹਾੜਾ ਸਬੰਧੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ ਤਾਂ ਜੁ ਸਿਰਮੌਰ ਸੰਸਥਾ ਵਿਚ ਬਤੌਰ 27 ਸਾਲ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜੀਵਨ ਅਤੇ ਵਿਚਾਰਧਾਰਾ ਨੂੰ ਹੋਰ ਵੀ ਅਗਾਂਹ ਲਿਜਾਇਆ ਜਾ ਸਕੇ।ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਪ੍ਰਚਾਰਕ ਸਾਹਿਬਾਨ ਜਥੇਦਾਰ ਟੌਹੜਾ ਦਾ ਜਨਮ ਦਿਹਾੜਾ ਮਨਾਉਣ ਲਈ ਸ਼ਹਿਰ ਤੇ ਪਿੰਡ ਦੇ ਹਰ ਘਰ ਤੱਕ ਇਹ ਸੁਨੇਹਾ ਪੁਚਾਉਣ ਅਤੇ ਦੱਸਣ ਕਿ ਜਥੇਦਾਰ ਟੌਹੜਾ ਨੇ ਆਪਣੇ ਪ੍ਰਧਾਨਗੀ ਕਾਰਜਕਾਲ ਦੌਰਾਨ ਅਜਿਹੇ ਕਾਰਜ ਕੀਤੇ, ਜੋ ਸਾਰਿਆਂ ਦਾ ਮਾਰਗ ਦਰਸ਼ਨ ਕਰਦੇ ਹਨ ਇਸ ਕਰਕੇ ਆਮ ਲੋਕ ਵੀ ਇਸ ਜਨਮ ਦਿਹਾੜੇ ਦੇ ਸਮਾਗਮ ਵਿਚ ਪਹੁੰਚ ਕਰ ਸਕਣ।

ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਧਾਰਮਕ ਖੇਤਰ ਵਿਚ ਜਥੇਦਾਰ ਟੌਹੜਾ ਦੇ ਜੀਵਨ ਅਤੇ ਧਾਰਮਕ ਕਾਰਜ ਨੂੰ ਅਣਡਿੱਠ ਕਰਕੇ ਨਹੀਂ ਦੇਖਿਆ ਜਾ ਸਕਦਾ।ਉਨ੍ਹਾਂ ਦੱਸਿਆ ਕਿ ਜਥੇਦਾਰ ਟੌਹੜਾ ਨੇ ਹਮੇਸ਼ਾ ਧਾਰਮਕ ਕਾਰਜਾਂ ਨੂੰ ਪਹਿਲ ਦਿੱਤੀ ਅਤੇ ਸਾਰਿਆਂ ਨੂੰ ਧਰਮ ਦੀ ਪਗਡੰਡੀ 'ਤੇ ਚੱਲਣ ਦਾ ਮਾਰਗ ਵਿਖਾਇਆ ਇਸ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਉਲੀਕੇ ਪ੍ਰੋਗਰਾਮਾਂ ਦੀ ਸਫਲਤਾ ਲਈ ਫ਼ਰਜ਼ਾਂ ਦੀ ਪਹਿਰੇਦਾਰੀ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦੇਈਏ ਕਿ ਵੱਧ ਤੋਂ ਵੱਧ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਰਾਜਪੁਰਾ, ਨਾਭਾ, ਸਮਾਣਾ ਆਦਿ ਸਮੇਤ ਵੱਖ-ਵੱਖ ਥਾਵਾਂ ਤੋਂ ਸੰਗਤਾਂ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ 24 ਸਤੰਬਰ ਨੂੰ ਹੋਣਗੇ ਵਾਲੇ ਪ੍ਰੋਗਰਾਮ ਵਿਚ ਪਹੁੰਚਣ।

## ਪਰਸ਼ੋਤਮ ਗਰਗ ਦੀ ਯਾਦ ਨੂੰ ਸਮਰਪਤ ਯੋਗਾ ਕੈਂਪ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਸਤੀ ਮੰਦਰ ਧਰਮਸ਼ਾਲਾ ਵਿਖੇ ਸਵ: ਪਰਸ਼ੋਤਮ ਗਰਗ ਦੀ ਯਾਦ ਵਿੱਚ ਲਗਾਏ ਜਾ ਰਹੇ ਚਾਰ ਰੋਜ਼ਾ ਯੋਗਾ ਕੈਂਪ ਵਿੱਚ ਅੱਜ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਅਰੋੜਾ ਬਿਰਾਦਰੀ ਦੇ ਪ੍ਰਧਾਨ ਜਤਿੰਦਰ ਹੈਪੀ ਢੀਂਗੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਯੋਗਾ ਜਿੱਥੇ ਸਰੀਰ ਨੂੰ ਤੰਦਰੁਸਤ ਰੱਖਦਾ ਹੈ, ਉੱਥੇ ਹੀ ਮਨ ਨੂੰ ਵੀ ਮਜ਼ਬੂਤ ਤੇ ਤਰੋਤਾਜ਼ਾ ਕਰਦਾ ਹੈ।ਯੋਗਾ ਨਾਲ ਦਿਨ ਦੀ ਸ਼ੁਰੂਆਤ ਇੱਕ ਨਵੀਂ ਊਰਜਾ ਨਾਲ ਹੁੰਦੀ ਹੈ।ਇਸ ਮੌਕੇ ਯੋਗਾ ਮਾਹਿਰ ਸ੍ਰੀ ਰਾਜਿੰਦਰ ਕੁਮਾਰ ਨੇ ਯੋਗਾ ਕਿਰਿਆਵਾਂ ਕਰਵਾਈਆਂ ਅਤੇ ਵਧੀਆ ਯੋਗਾ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰੇਮ ਗਰਗ, ਕਿਟੀ ਗਰਗ, ਵਿਜੇ ਗਰਗ, ਰਵੀ ਗਰਗ, ਵਿਨੋਦ ਕੁਮਾਰ, ਭਗਵਾਨ ਦਾਸ, ਨਰੇਸ਼ ਕੁਮਾਰ, ਸ਼ੁਭਾਸ ਚੰਦਰ ਤੇ ਮੇਘ ਰਾਜ ਆਦਿ ਵੀ ਮੌਜੂਦ ਰਹੇ।

## ਯੇਚੁਰੀ ਦੇ ਜਾਣ ਨਾਲ ਮਿਹਨਤਕਸ਼ ਜਮਾਤ ਨੂੰ ਪਿਆ ਵੱਡਾ ਘਾਟਾ : ਸਤਵੀਰ ਤੁੰਗਾ



**ਸੰਗਰੂਰ (ਪ੍ਰਵੀਨ ਸਿੰਘ)** ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਤਹਿਸੀਲ ਕਮੇਟੀ ਸੰਗਰੂਰ ਵੱਲੋਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੀ ਪੀ ਆਈ (ਐਮ) ਦੇ ਤਹਿਸੀਲ ਸਕੱਤਰ ਕਾਮਰੇਡ ਸਤਵੀਰ ਤੁੰਗਾਂ ਨੇ ਕਿਹਾ ਕਿ ਕਾਮਰੇਡ ਯੇਚੁਰੀ ਨੇ ਆਪਣੀ ਸਮੁੱਚੀ ਜ਼ਿੰਦਗੀ ਮਿਹਤਕਸ਼ ਜਮਾਤ ਲਈ ਲਾ ਦਿੱਤੀ।ਉਨ੍ਹਾਂ ਕਿਹਾ ਕਿ ਕਾਮਰੇਡ ਯੇਚੁਰੀ ਦੇ ਜਾਣ ਨਾਲ ਜਿਥੇ ਸੀ ਪੀ ਐਮ ਨੂੰ ਵੱਡਾ ਘਾਟਾ ਪਿਆ ਹੈ, ਉਥੇ ਹੀ ਦੇਸ਼ ਦੀ ਸਮੁੱਚੀ ਮਜ਼ਦੂਰ ਜਮਾਤ, ਖੱਬੀ ਧਿਰ ਤੇ ਪੂਰੇ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਉਨ੍ਹਾਂ ਕਿਹਾ ਕਿ ਦੇਸ਼ ਨੇ ਇੱਕ ਇਮਾਨਦਾਰ, ਨਿਧੜਕ ਤੇ ਬਹੁਤ ਹੀ ਸੂਝਵਾਨ ਲੀਡਰ ਨੂੰ ਗੁਆ ਲਿਆ ਹੈ।ਜ਼ਿਕਰਯੋਗ ਹੈ ਕਿ ਕਾਮਰੇਡ ਯੇਚੁਰੀ ਪਿਛਲੇ ਕਈ ਦਿਨਾਂ ਤੋਂ ਦਿੱਲੀ ਦੇ ਏਮਜ਼ ਵਿੱਚ ਜੇਰੇ ਇਲਾਜ ਸਨ, ਉਹ 72 ਸਾਲ ਦੇ ਸਨ, ਪਰ ਫੇਫੜਿਆਂ ਦੇ ਗੰਭੀਰ ਬਿਮਾਰੀ ਕਾਰਨ ਡਾਕਟਰਾਂ ਦੀ ਟੀਮ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾ ਨਹੀਂ ਸਕੀ।ਇਸ ਮੌਕੇ ਕਾਮਰੇਡ ਰਾਮ ਸਿੰਘ ਸੋਹੀਆਂ, ਮਾ ਮੱਘਰ ਸਿੰਘ ਭੁੱਲਰ ਲੌਂਗੋਵਾਲ, ਜਗਰੂਪ ਬੇਦੀ, ਕਰਮ ਸਿੰਘ ਉਪਲੀ, ਜੋਗਾ ਸਿੰਘ, ਇੰਦਰਜੀਤ ਸਿੰਘ, ਪਾਲ ਸਿੰਘ ਨਮੋਲ, ਮੋਹਨ ਲਾਲ, ਭਜਨ ਮੰਗਵਾਲ ਨੇ ਵੀ ਕਾਮਰੇਡ ਯੇਚੁਰੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪਰਾਲੀ ਦੇ ਨਿਪਟਾਰੇ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ ਲਾਇਆ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਨੂੰ ਲੈ ਕੇ ਜਾਗਰੂਕ ਕਰਨ ਲਈ ਖੇਤੀਬਾੜੀ ਵਿਭਾਗ ਬਲਾਕ ਨਥਾਣਾ ਵੱਲੋਂ ਨਗਰ ਪੰਚਾਇਤ ਦਫ਼ਤਰ ਲਹਿਰਾ ਮੁਹੱਬਤ ਵਿਖੇ ਕੈਂਪ ਲਾਇਆ ਗਿਆ। ਕੈਂਪ ਵਿੱਚ ਡੀ. ਸੀ. ਬਠਿੰਡਾ ਜਸਪ੍ਰੀਤ ਸਿੰਘ, ਐਸ.ਡੀ.ਐਮ. ਬਠਿੰਡਾ ਤੋਂ ਇਲਾਵਾ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਸੀਰ ਸਿੰਘ, ਬਲਾਕ ਨਥਾਣਾ ਦੇ ਖੇਤੀਬਾੜੀ ਅਫ਼ਸਰ ਡਾ. ਜਸਕਰਨ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਪ੍ਰੀਤ ਸਿੰਘ, ਉਪ ਨਿਰੀਖਕ ਪੁਰਸ਼ੋਤਮ ਠਾਕੁਰ ਤੇ ਯਸ਼ਕੀਰਤ ਸਿੰਘ, ਬੇਲਦਾਰ ਗਗਨਦੀਪ ਸਿੰਘ, ਆਰ.ਜੀ.ਆਰ. ਸੈੱਲ ਦੇ ਖੇਤੀ ਦੂਤ ਮਨਿੰਦਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਖੇਤੀਬਾੜੀ ਅਧਿਕਾਰੀਆਂ ਨੇ ਕਿਹਾ ਕਿ ਪਰਾਲੀ ਨੂੰ ਸੰਭਾਲਣ ਲਈ ਪਿੰਡ ਨੂੰ ਪਹਿਲ ਦੇ ਆਧਾਰ 'ਤੇ ਮਸ਼ੀਨਰੀ ਮੁਹੱਈਆ ਕਰਾਏ ਜਾਣ ਦੇ ਬਾਵਜੂਦ ਪਿਛਲੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲਾਉਣ ਦੇ 56 ਮਸਲੇ ਸਾਹਮਣੇ ਆਉਣ ਨਾਲ ਜ਼ਿਲ੍ਹੇ 'ਚੋਂ ਤੀਜੇ ਨੰਬਰ 'ਤੇ ਰਿਹਾ। ਆਉਂਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ। ਕਿਸਾਨਾਂ ਨੇ ਪਰਾਲੀ ਦੇ ਭੰਡਾਰਨ ਲਈ ਥਰਮਲ ਪਲਾਂਟ ਲਹਿਰਾ ਮੁਹੱਬਤ ਦਾ ਸੁਝਾਅ ਦਿੱਤਾ। ਸਹਿਕਾਰੀ ਸਭਾ ਦੇ ਸਾਬਕਾ ਪ੍ਰਧਾਨ ਡਾ. ਰੂੜ ਸਿੰਘ ਨੇ ਵੀ ਆਪਣੇ ਸੁਝਾਅ ਰੱਖੇ।

ਜ਼ਿਲ੍ਹਾ ਅਧਿਕਾਰੀਆਂ ਨੇ ਸੁਝਾਵਾਂ 'ਤੇ ਗੌਰ ਕਰਨ ਤੋਂ ਇਲਾਵਾ ਨਹਿਰੀ ਵਿਭਾਗ ਨੂੰ ਟੁੱਟੇ ਖਾਲ਼ਾਂ ਦੀ ਸਮੱਸਿਆ ਦਾ ਹੱਲ ਕਰਨ ਤੇ ਬੀ. ਡੀ. ਪੀ. ਓ. ਦਫ਼ਤਰ ਨੂੰ ਗਲੀਆਂ-ਨਾਲੀਆਂ ਦੇ ਗੰਦੇ ਪਾਣੀ ਦੀ ਨਿਕਾਸੀ ਅਤੇ ਛੱਪੜਾਂ ਦੀ ਸਫ਼ਾਈ ਦੀ ਸਮੱਸਿਆ ਦਾ ਹੱਲ ਕਰਨ ਲਈ ਕਿਹਾ।

## 70 ਸਾਲ ਤੋਂ ਵੱਧ ਦੇ ਬਜ਼ੁਰਗਾਂ ਨੂੰ ਆਯੁਸ਼ਮਾਨ ਦੇ ਘੇਰੇ 'ਚ ਲਿਆਉਣਾ ਵੱਡੀ ਸੌਗਾਤ : ਚੱਠਾ



**ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ)** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਕੇਂਦਰ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ 70 ਸਾਲਾਂ ਤੋਂ ਵੱਧਦੇ ਸਾਰੇ ਬਜ਼ੁਰਗਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ 'ਚ ਸ਼ਾਮਲ ਕੀਤਾ ਗਿਆ।ਇਸ 'ਤੇ ਆਪਣਾ ਪ੍ਰਤੀਕਰਮ ਦਿੰਦਿਆ ਭਾਜਪਾ ਸੰਗਰੂਰ 2 ਦੇ ਪ੍ਰਧਾਨ ਅਮ੍ਰਿਤ ਰਾਜ ਚੱਠਾ ਨੇ ਇਸਨੂੰ ਕੇਂਦਰ ਦੀ ਬਜ਼ੁਰਗਾਂ ਲਈ ਵੱਡੀ ਸੌਗਾਤ ਦੱਸਦਿਆਂ ਫ਼ੈਸਲੇ ਦੀ ਭਰਵੀਂ ਸ਼ਲਾਘਾ ਕੀਤੀ ਗਈ।ਉਨ੍ਹਾਂ ਕਿਹਾ ਕਿ ਕੇਂਦਰ ਦੇ ਫ਼ੈਸਲੇ ਨਾਲ ਬਜ਼ੁਰਗਾਂ ਦਾ ਮਾਨ-ਸਨਮਾਨ ਸਮਾਜ 'ਚ ਹੋਰ ਵਧੇਗਾ।ਚੋਣਾਂ ਦੌਰਾਨ ਕੀਤਾ ਵਾਅਦਾ ਭਾਜਪਾ ਵੱਲੋਂ ਕੁੱਝ ਸਮਾਂ ਬਾਅਦ ਹੀ ਅਮਲ 'ਚ ਲਿਆ ਕੇ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ।ਆਯੁਸ਼ਮਾਨ ਭਾਰਤ ਯੋਜਨਾ 'ਚ ਸ਼ਾਮਲ ਹੋਣ ਤੋਂ ਬਾਅਦ ਹੁਣ ਬਜ਼ੁਰਗਾਂ ਨੂੰ ਆਪਣੇ ਇਲਾਜ ਦਾ ਕੋਈ ਚਿੰਤਾ ਨਹੀਂ ਰਹੇਗੀ ਤੇ ਇਸ ਨਾਲ ਮੱਧਮ ਵਰਗ ਪਰਵਾਰਾਂ ਨੂੰ ਕਾਫ਼ੀ ਰਾਹਤ ਮਿਲੇਗੀ।ਚੱਠਾ ਨੇ ਕਿਹਾ ਕਿ ਜੋ ਯੋਜਨਾਵਾਂ ਭਾਜਪਾ ਸ਼ੁਰੂ ਕਰਦੀ ਉਨ੍ਹਾਂ ਤੇ ਬਹੁਤ ਸੋਚਾਂ ਵਿਚਾਰਾਂ ਹੁੰਦੀਆਂ ਹਨ ਤੇ ਲੰਮੇ ਅਰਸੇ ਤੱਕ ਆਮ ਜਨਤਾ ਨੂੰ ਲਾਹਾ ਪਹੁੰਚਦਾ ਰਹਿੰਦਾ ਹੈ।ਭਾਜਪਾ ਕਦੇ ਵੀ ਰਾਜਨੀਤਕ ਲਾਹੇ ਲਈ ਕੋਈ ਯੋਜਨਾ ਸ਼ੁਰੂ ਨਹੀਂ ਕਰਦੀ ਸਿਰਫ ਦੇਸ਼ ਤੇ ਜਨਤਾ ਹਿੱਤ 'ਚ ਯੋਜਨਾਵਾਂ ਤੇ ਫ਼ੈਸਲੇ ਲਏ ਜਾਂਦੇ ਹਨ, ਜਿਸ ਦੇ ਚੱਲਦਿਆਂ ਤੀਜੀ ਵਾਰ ਭਾਜਪਾ ਦੀ ਸਰਕਾਰ ਕੇਂਦਰ 'ਚ ਬਣੀ ਹੈ।

# ਗੁਰੂ ਗੋਬਿੰਦ ਸਿੰਘ ਸਕੂਲ ਕੁਰੜ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਮਾਰੀਆਂ ਮੱਲਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਕੂਲ ਖੇਡ ਮੁਕਾਬਲਿਆਂ 'ਚ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) ਦੀਆਂ ਟੀਮਾਂ ਨੇ ਸਾਨਦਾਰ ਪ੍ਰਦਰਸਨ ਕੀਤਾ ਹੈ।

ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ ਨੇ ਦੱਸਿਆ ਕਿ ਖੋ-ਖੋ ਟੀਮ (ਅੰਡਰ-19 ਲੜਕੀਆਂ) ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਤੇ ਰੱਸਾਕਸੀ (ਅੰਡਰ-17 ਲੜਕੇ) ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਖੋ-ਖੋ ਟੀਮ (ਅੰਡਰ-19 ਲੜਕੀਆਂ) ਵਿੱਚੋਂ ਹੁਸਨਪ੍ਰੀਤ ਕੌਰ, ਹਰਮਨ ਕੌਰ, ਗੁਰਲੀਨ ਕੌਰ ਤੇ ਹਰਜੋਤ ਕੌਰ ਰਾਜ ਪੱਧਰੀ ਟੀਮ ਲਈ ਚੁਣੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸਹਿਣਸ਼ੀਲਤਾ ਤੇ ਚੰਗੀ ਅਗਵਾਈ ਆਦਿ ਗੁਣ ਪੈਦਾ ਕਰਦੀਆਂ ਹਨ। ਸਕੂਲੀ ਵਿਦਿਆਰਥੀਆਂ ਦੇ ਖੇਡ ਮੁਕਾਬਲੇ ਕਰਵਾਉਣੇ ਸਿੱਖਿਆ ਵਿਭਾਗ ਦਾ ਇਕ ਵਧੀਆ ਉਪਰਾਲਾ ਹੈ। ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ. ਡੀ. ਸੁਖਵਿੰਦਰ ਕੌਰ ਧਾਲੀਵਾਲ ਨੇ ਬੱਚਿਆਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਭਵਿੱਖ 'ਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉੱਪ ਪ੍ਰਿੰਸੀਪਲ ਪ੍ਰਦੀਪ ਸਿੰਘ ਤੇ ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਕਿਹਾ ਕਿ ਇਸ ਜਿੱਤ ਦਾ ਸਿਹਰਾ ਸੰਸਥਾ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਨੂੰ ਜਾਂਦਾ ਹੈ। ਇਸ ਸਮੇਂ ਸਮੂਹ ਜੇਤੂ ਵਿਦਿਆਰਥੀ, ਪ੍ਰਬੰਧਕ ਕਮੇਟੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਪੂੰਜੀਵਾਦੀ ਲੁੱਟ ਤੇ ਸਾਮਰਾਜੀ ਧੌਂਸ ਕਾਇਮ ਰੱਖਣ ਲਈ ਧਰਮ ਦੇ ਨਾਂਅ 'ਤੇ ਕਤਲ ਕਰਵਾ ਰਿਹਾ ਸੰਘ ਪਰਵਾਰ : ਮਹੀਪਾਲ

## ☛ ਪੂੰਜੀਵਾਦੀ ਢਾਂਚਾ ਖਤਮ ਕਰਕੇ ਹੀ ਖੁਸ਼ਹਾਲ ਹੋ ਸਕਣਗੇ ਮਿਹਨਤਕਸ਼-ਰਾਜਬਿੰਦਰ ਰਾਣਾ ☛ ਸੂਬਾ ਸਰਕਾਰ ਅਮਨ-ਕਾਨੂੰਨ ਦੀ ਨਿੱਘਰੀ ਹਾਲਤ ਪੱਖੋਂ ਬੇਪ੍ਰਵਾਹ : ਲਾਲ ਚੰਦ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਸੀਪੀਆਈ (ਐੱਮ ਐੱਲ) ਲਿਬ੍ਰੇਸ਼ਨ ਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀਆਂ ਸੂਬਾ ਕਮੇਟੀਆਂ ਦੇ ਸੱਦੇ 'ਤੇ ਇੱਥੋਂ ਦੀ ਸਬਜ਼ੀ ਮੰਡੀ ਵਿਖੇ ਸਰਵਸਾਥੀ ਬਿੰਦਰ ਕੌਰ ਉੱਡਤ ਭਗਤ ਰਾਮ, ਚੰਦਰਾਵਤੀ ਸਾਧੂ ਵਾਲਾ, ਆਤਮਾ ਰਾਮ, ਮਨਦੀਪ ਸਿੰਘ ਸੰਧੂ, ਸੰਜੇ ਘਰਾਂਗਣਾ, ਰੂਪਾ ਸਿੰਘ ਬੈਨੀਵਾਲ ਦੀ ਪ੍ਰਧਾਨਗੀ ਹੇਠ ਇੱਕ ਪ੍ਰਭਾਵਸ਼ਾਲੀ ਰੈਲੀ ਕਰਕੇ ਮੁੱਖ ਬਾਜ਼ਾਰਾਂ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਕਾਰਵਾਈ ਸਾਥੀ ਲਾਲਾ ਚੰਦ ਸਰਦੂਲਗੜ੍ਹ, ਜ਼ਿਲ੍ਹਾ ਸਕੱਤਰ ਆਰ ਐੱਮ ਪੀ ਆਈ ਬਠਿੰਡਾ-ਮਾਨਸਾ ਨੇ ਚਲਾਈ ਅਤੇ ਤਹਿਸੀਲ ਸਕੱਤਰ ਸਾਥੀ ਗੁਰਦੇਵ ਸਿੰਘ ਲੋਹਗੜ੍ਹ ਨੇ ਸਾਰਿਆਂ ਦਾ ਧੰਨਵਾਦ ਕੀਤਾ।ਰੈਲੀ ਦੀ ਸ਼ੁਰੂਆਤ ਵਿੱਚ ਦੇਸ਼ ਦੀ ਕਮਿਊਨਿਸਟ ਲਹਿਰ ਦੇ ਉੱਘੇ ਆਗੂ ਸਾਥੀ ਸੀਤਾ ਰਾਮ ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ।

ਸੰਘ ਪਰਿਵਾਰ ਦੀਆਂ ਵੰਡਵਾਦੀ ਕੁਚਾਲਾਂ ਤੇ ਲੋਕਾਈ ਦਾ ਕਚੂੰਮਰ ਕੱਢਣ ਵਾਲੀਆਂ ਮੋਦੀ-ਮਾਨ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ਼ ਕੀਤੇ ਗਏ ਇਸ ਵਿਸ਼ਾਲ ਰੈਲੀ-ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸੈਂਕੜੇ ਕਿਰਤੀ-ਕਿਸਾਨਾਂ, ਔਰਤਾਂ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਆਰ ਐੱਮ ਪੀ ਆਈ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਕਿਹਾ ਕਿ ਸੁਤੰਤਰਤਾ ਸੰਗਰਾਮ ਦੇ ਗੱਦਾਰ ਰਹੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਨੇ ਸਾਮਰਾਜੀ ਤੇ ਪੂੰਜੀਵਾਦੀ ਲੁੱਟ ਅਤੇ ਜਗੀਰੂ ਦਾਬਾ ਸਦੀਵੀ ਕਾਇਮ ਰੱਖਣ ਲਈ ਧਰਮ ਅਧਾਰਤ ਕੱਟੜ ਹਿੰਦੂਤਵੀ-ਮਨੂੰਵਾਦੀ ਰਾਜ ਕਾਇਮ ਕਰਨ ਦੀ ਮਨਸੂਬਾਬੰਦੀ ਕੀਤੀ ਹੋਈ ਹੈ।

ਉਨ੍ਹਾ ਕਿਹਾ ਕਿ ਜੇ ਸੰਘ ਪਰਿਵਾਰ ਦੇ ਉਕਤ ਕੋਝੇ ਮਨਸੂਬੇ ਸਿਰੇ ਚੜ੍ਹ ਗਏ ਤਾਂ ਨਾ ਕੇਵਲ ਭਾਰਤ ਦਾ ਸੰਵਿਧਾਨ ਤੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚਾ ਤਬਾਹ ਹੋ ਜਾਵੇਗਾ, ਬਲਕਿ ਲੱਖਾਂ ਸ਼ਹਾਦਤਾਂ ਤੇ ਅਦੁੱਤੀ ਕੁਰਬਾਨੀਆਂ ਸਦਕਾ ਹਾਸਲ ਕੀਤੀ ਆਜ਼ਾਦੀ, ਸਾਂਝੀਵਾਲਤਾ ਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਵੀ ਗਭੀਰ ਖਤਰੇ ਖੜ੍ਹੇ ਹੋ ਜਾਣਗੇ।

ਸਾਥੀ ਮਹੀਪਾਲ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸੰਘ ਪਰਿਵਾਰ ਤੇ ਘੱਟ ਗਿਣਤੀਆਂ ਵਿਚਲੇ ਫਿਰਕੂ ਤੱਤਾਂ ਦੀ ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰਨ ਦੀਆਂ ਖਤਰਨਾਕ ਸਾਜ਼ਿਸ਼ਾਂ ਫੇਲ੍ਹ ਕਰਨ ਲਈ ਤਿੱਖੇ ਤੇ ਬੱਝਵੇਂ ਵਿਚਾਰਧਾਰਕ ਤੇ ਸਿਆਸੀ ਘੋਲ ਵਿੱਢਣ। ਸੀਪੀਆਈ (ਐੱਮ ਐੱਲ) ਲਿਬ੍ਰੇਸ਼ਨ ਦੇ ਕੇਂਦਰੀ ਕਮੇਟੀ ਦੇ ਮੈਂਬਰ ਕਾਮਰੇਡ ਰਾਜਬਿੰਦਰ ਸਿੰਘ ਰਾਣਾ ਨੇ ਬੇਰੁਜ਼ਗਾਰੀ-ਮਹਿੰਗਾਈ, ਭੁੱਖਮਰੀ-ਕੰਗਾਲੀ, ਕੁਪੋਸ਼ਣ ਤੇ ਕਰਜ਼ੇ ਕਾਰਨ ਖੁਦਕੁਸ਼ੀਆਂ 'ਚ ਅਥਾਹ ਵਾਧਾ ਕਰਨ ਅਤੇ ਲੋਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ, ਘਰਾਂ, ਸਮਾਜਿਕ ਸੁਰੱਖਿਆ ਆਦਿ ਤੋਂ ਵਾਂਝਾ ਕਰਕੇ ਅਡਾਨੀ-ਅੰਬਾਨੀ ਜਿਹੇ ਜੁੰਡੀ ਪੂੰਜੀਪਤੀਆਂ ਦੇ ਖਜ਼ਾਨੇ ਨੱਕੋ-ਨੱਕ ਭਰਨ ਵਾਲੀਆਂ ਨਵ ਉਦਾਰਵਾਦੀ ਨੀਤੀਆਂ ਦਾ ਫਸਤਾ ਵੱਢਣ ਦੇ ਸੰਗਰਾਮ ਪ੍ਰਚੰਡ ਕਰਨ ਦੀ ਅਪੀਲ ਕੀਤੀ।

ਲਿਬ੍ਰੇਸ਼ਨ ਦੇ ਆਗੂ ਸਾਥੀ ਬਲਵਿੰਦਰ ਸਿੰਘ ਘਰਾਂਗਣਾ ਨੇ ਭਗਵੰਤ ਮਾਨ ਸਰਕਾਰ ਦੀਆਂ ਵਾਅਦਾ ਖਿਲਾਫੀਆਂ ਤੇ ਫਜ਼ੂਲ ਖਰਚੀਆਂ ਦੀ ਕਰੜੀ ਨਿਖੇਧੀ ਕਰਦਿਆਂ ਸੂਬੇ ਦੀ ਅਮਨ-ਕਾਨੂੰਨ ਦੀ ਅਵਸਥਾ ਸੁਧਾਰਨ ਅਤੇ ਜਾਨਲੇਵਾ ਨਸ਼ਾ ਕਾਰੋਬਾਰ ਤੇ ਮਾਫੀਆ ਲੁੱਟ ਬੰਦ ਕਰਨ ਦੀ ਜ਼ੋਰਦਾਰ ਮੰਗ ਕੀਤੀ।

ਹਲਕਾ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਪ੍ਰਤੀਨਿਧ ਵਿਰਸਾ ਸਿੰਘ ਰਾਹੀਂ ਕੇਂਦਰੀ ਤੇ ਪੰਜਾਬ ਸਰਕਾਰਾਂ ਨੂੰ ਮੰਗ ਪੱਤਰ ਭੇਜੇ ਗਏ।ਰੈਲੀ ਦੀ ਸਮਾਪਤੀ 'ਤੇ ਬੰਸੀ ਲਾਲ, ਕੇਵਲ ਸਿੰਘ ਰੋੜਕੀ, ਸੁਖਦੇਵ ਸਿੰਘ ਖਾਲਸਾ, ਗੁਲਾਬ ਕੌਰ, ਮੋਹਨ ਲਾਲ, ਦਰਸ਼ਨ ਸਿੰਘ ਦਾਨੇਵਾਲੀਆ, ਹਰਮੇਸ਼ ਭੰਮੇ ਖੁਰਦ, ਅੰਗਰੇਜ ਘਰਾਂਗਣਾ, ਕੇਵਲ ਰਾਇਪੁਰ, ਬੂਟਾ ਦੂਲੋਵਾਲ ਦੀ ਅਗਵਾਈ ਹੇਠ ਸ਼ਹਿਰ ਦੇ ਮੁੱਖ ਬਾਜ਼ਾਰਾਂ ਅੰਦਰ ਰੋਸ ਮੁਜ਼ਾਹਰਾ ਕੀਤਾ ਗਿਆ।

# ਕੈਂਸਰ ਗੈਸ ਫੈਕਟਰੀ ਨੂੰ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਮੋਰਚਾ ਨਿਰੰਤਰ ਜਾਰੀ

**ਜਗਰਾਉਂ (ਅਮਿਤ ਖੰਨਾ)**-ਬੀਤੀ 30 ਅਪ੍ਰੈਲ ਤੋਂ ਪਿੰਡ ਅਖਾੜਾ ਵਿਖੇ ਚੱਲ ਰਹੇ ਸੰਘਰਸ਼ ਕਮੇਟੀ ਦੇ ਦਿਨ-ਰਾਤ ਦੇ ਮੋਰਚੇ ਦੇ ਸਥਾਨ 'ਤੇ ਜ਼ਿਲ੍ਹਾ ਪੱਧਰੀ ਵਿਸ਼ਾਲ ਕਾਨਫਰੰਸ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪ੍ਰਧਾਨ ਗੁਰਤੇਜ ਸਿੰਘ ਅਖਾੜਾ ਨੇ ਦੱਸਿਆ ਕਿ ਇਸ ਕਾਨਫਰੰਸ ਦੀ ਤਿਆਰੀ ਲਈ ਪੂਰਾ ਪਿੰਡ ਪੱਬਾਂ-ਭਾਰ ਹੈ।ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਚ ਸਮੁੱਚਾ ਪਿੰਡ ਔਰਤਾਂ ਮਰਦ ਤੇ ਨੌਜਵਾਨ ਭਾਰੀ ਗਿਣਤੀ 'ਚ ਭਾਗ ਲੈਣਗੇ।ਉਨਾਂ ਦੱਸਿਆ ਕਿ ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਤੋਂ ਬਿਨਾਂ ਵੱਖ ਵੱਖ ਮੋਰਚਿਆਂ ਦੇ ਆਗੂ ਸੰਬੋਧਨ ਕਰਨਗੇ।ਉਨ੍ਹਾਂ ਦੱਸਿਆ ਕਿ 11 ਸਤੰਬਰ ਨੂੰ ਪੰਜਾਬ ਸਰਕਾਰ ਦੇ ਚਾਰ ਮੰਤਰੀਆਂ ਨਾਲ ਹੋਈ ਮੀਟਿੰਗ 'ਚ ਨਿਸ਼ਚਤ ਦੋ ਧਿਰੀ ਮਾਹਰ ਕਮੇਟੀ ਦੀਆਂ ਮੀਟਿੰਗਾਂ ਸ਼ੁਰੂ ਹੋ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ 'ਚ ਲੱਗ ਰਹੀਆਂ ਇਨ੍ਹਾਂ ਫ਼ੈਕਟਰੀਆਂ ਨੂੰ ਤਾਲਮੇਲ ਕਮੇਟੀ ਨੇ ਕੈਂਸਰ ਫ਼ੈਕਟਰੀਆਂ ਸਾਬਿਤ ਕਰ ਦਿੱਤਾ ਹੈ, ਜਿਸ 'ਤੇ ਸਰਕਾਰ ਵੱਲੋਂ ਮੰਥਨ ਚੱਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਅਖਾੜਾ ਪਿੰਡ ਦੇ ਲੋਕ ਹਰ ਕੁਰਬਾਨੀ ਕਰਕੇ ਇਸ ਕੈਂਸਰ ਗੈਸ ਫੈਕਟਰੀ ਨੂੰ ਬੰਦ ਕਰਾਉਣਗੇ।ਉਨ੍ਹਾਂ ਸਮੂਹ ਇਲਾਕਾ ਵਾਸੀਆਂ ਨੂੰ ਇਸ ਕਾਨਫਰੰਸ 'ਚ ਪੰਹੁਚਣ ਦੀ ਜ਼ੋਰਦਾਰ ਅਪੀਲ ਕੀਤੀ ਹੈ।ਇਸ ਸਮੇਂ ਸੁਖਜੀਤ ਸਿੰਘ, ਜਗਦੇਵ ਸਿੰਘ, ਹਰਦੇਵ ਸਿੰਘ, ਸਵਰਨ ਸਿੰਘ, ਦਰਸ਼ਨ ਸਿੰਘ ਹਾਜ਼ਰ ਸਨ।

# ਹਰ ਇੱਕ ਲਈ ਮੁਫ਼ਤ ਤੇ ਲਾਜ਼ਮੀ ਵਿੱਦਿਆ ਸਾਡਾ ਸਭ ਦਾ ਹੱਕ : ਬੱਧਨੀ, ਬੋਹੜ




**ਮੋਗਾ (ਇਕਬਾਲ ਸਿੰਘ ਖਹਿਰਾ)**-ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਇਸ ਵਾਰ ਮੋਗੇ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਮਨਾਇਆ ਜਾ ਰਿਹਾ ਹੈ। ਇਸ ਵਲੰਟੀਅਰ ਸੰਮੇਲਨ ਦੀ ਤਿਆਰੀ ਕਰਦਿਆਂ ਨੌਜਵਾਨ ਆਗੂਆਂ ਜਸਪ੍ਰੀਤ ਬੱਧਨੀ ਤੇ ਬੋਹੜ ਬੁੱਟਰ ਨੇ ਵੱਖ ਵੱਖ ਪਿੰਡਾਂ 'ਚ ਬੋਲਦਿਆਂ ਕਿਹਾ ਕਿ ਪੂਰੇ ਦੇਸ਼ ਵਿਚ ਵਿਦਿਆਰਥੀਆਂ ਤੋਂ ਉਨ੍ਹਾਂ ਦਾ ਬੁਨਿਆਦੀ ਸਿੱਖਿਆ ਦਾ ਹੱਕ ਖੋਹਣ ਲਈ ਮੌਜੂਦਾ ਪ੍ਰਬੰਧ ਲਗਾਤਾਰ ਕੋਝੀਆਂ ਚਾਲਾਂ ਚੱਲ ਰਿਹਾ ਹੈ, ਜਿਸ ਦਾ ਸ਼ਿਕਾਰ ਲਗਾਤਾਰ ਵਿਦਿਆਰਥੀ ਹੋ ਰਹੇ ਹਨ। ਰਾਸ਼ਟਰੀ ਸਿੱਖਿਆ ਨੀਤੀ ਤਹਿਤ ਸਾਰੇ ਦਾ ਸਾਰਾ ਵਿੱਦਿਅਕ ਢਾਂਚਾ ਪ੍ਰਾਈਵੇਟ ਹੱਥਾਂ 'ਚ ਦੇ ਕੇ ਦੇਸ਼ ਵਿੱਚ ਅਜਿਹੇ ਹਲਾਤ ਬਣਾ ਦਿੱਤੇ ਗਏ ਹਨ, ਜਿਨ੍ਹਾਂ ਕੋਲ ਪੈਸਾ ਹੈ, ਉਹ ਸਿੱਖਿਆ ਲੈ ਸਕਦੇ ਹਨ, ਬਾਕੀ ਘਰ ਬੈਠਣ ਲਈ ਮਜਬੂਰ ਹਨ। ਇਨ੍ਹਾਂ ਸਾਰੇ ਹਲਾਤਾਂ ਦਾ ਸ਼ਿਕਾਰ ਵੱਡੀ ਗਿਣਤੀ ਵਿੱਚ ਲੜਕੀਆਂ ਹੋ ਰਹੀਆਂ ਹਨ, ਕਿਉਂਕਿ ਲੜਕੀ ਪਹਿਲਾਂ ਹੀ ਸਮਾਜ 'ਤੇ ਬੋਝ ਬਣਾਈ ਹੋਈ ਹੈ, ਇਸ ਕਰਕੇ ਮਾਪਾ ਵੀ ਮਜਬੂਰ ਹੈ ਕਿ ਉਹ ਕੁੜੀ ਦੀ ਸਿੱਖਿਆ 'ਤੇ ਲੱਖਾਂ ਰੁਪਏ ਖਰਚ ਨਾ ਕਰਨ। ਲੜਕੀਆਂ ਨੂੰ ਪੀ ਐੱਚ ਡੀ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ ਹੋਵੇ, ਮੁਫ਼ਤ ਹੋਸਟਲ ਸੁਵਿਧਾਵਾਂ ਹੋਣ, ਕਿਤਾਬਾਂ-ਕਾਪੀਆਂ ਦੇ ਖਰਚੇ ਮਾਪਿਆਂ ਦੀ ਆਰਥਿਕਤਾ ਦੇ ਹਿਸਾਬ ਨਾਲ ਹੋਣ, ਸਫਰ ਕਰਨ ਲਈ ਬੱਸ ਪਾਸ ਦੀ ਸਹੂਲਤ ਪ੍ਰਾਈਵੇਟ ਬੱਸਾਂ ਉੱਪਰ ਵੀ ਲਾਗੂ ਹੋਵੇ ਅਤੇ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਯੋਗਤਾ ਮੁਤਾਬਿਕ ਪੱਕੇ ਰੁਜ਼ਗਾਰ ਦਾ ਪ੍ਰਬੰਧ ਹੋਵੇ ਤਾਂ ਕਿ ਕੁੜੀਆਂ ਸਮਾਜ ਤੇ ਬੋਝ ਨਾ ਹੋ ਕੇ ਸਨਮਾਨ ਦੀ ਜ਼ਿੰਦਗੀ ਬਤੀਤ ਕਰ ਸਕਣ। ਆਓ ਅਜਿਹਾ ਮਾਹੌਲ ਸਿਰਜਣ ਲਈ ਆਓ ਭਗਤ ਸਿੰਘ ਦੇ ਜਨਮ ਦਿਨ ਤੇ ਇਕੱਠੇ ਹੋਈਏ।

## ਸਾਬਕਾ ਮੰਤਰੀ ਲਾਲ ਸਿੰਘ ਵੱਲੋਂ ਯੇਚੁਰੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸਾਬਕਾ ਮੰਤਰੀ ਲਾਲ ਸਿੰਘ ਨੇ ਉੱਘੇ ਭਾਰਤੀ ਰਾਜਨੇਤਾ ਸ੍ਰੀ ਸੀਤਾ ਰਾਮ ਯੇਚੁਰੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੱਥੋਂ ਜਾਰੀ ਬਿਆਨ ਵਿੱਚ ਸਾਬਕਾ ਮੰਤਰੀ ਲਾਲ ਸਿੰਘ ਨੇ ਕਿਹਾ ਕਿ ਸ੍ਰੀ ਯੇਚੁਰੀ ਵਿਦਿਆਰਥੀ ਜਥੇਬੰਦੀ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐੱਸ.ਐੱਫ.ਆਈ.) ਦੇ ਪ੍ਰਧਾਨ ਰਹੇ।ਉਨ੍ਹਾ 1975 ਵਿੱਚ ਸੀ.ਪੀ.ਆਈ. (ਐੱਮ) ਪਾਰਟੀ ਜੁਆਇਨ ਕਰ ਲਈ ਸੀ।ਕਈ ਕਿਤਾਬਾਂ ਦੇ ਲੇਖਕ ਸ੍ਰੀ ਯੇਚੁਰੀ ਸਾਲ 1992 ਤੋਂ ਸੀ.ਪੀ.ਆਈ. (ਐੱਮ) ਦੇ ਪੋਲਿਟ ਬਿਊਰੋ ਮੈਂਬਰ ਤੇ ਸਾਲ 2015 ਤੋਂ ਹੁਣ ਤੱਕ ਜਨਰਲ ਸਕੱਤਰ ਰਹੇ।ਉਹ ਦੋ ਵਾਰ ਰਾਜ ਸਭਾ ਦੇ ਮੈਂਬਰ ਵੀ ਰਹੇ।ਲਾਲ ਸਿੰਘ ਨੇ ਕਿਹਾ ਕਿ ਭਾਰਤੀ ਰਾਜਨੀਤੀ ਦੇ ਖੇਤਰ ਵਿੱਚ ਸ੍ਰੀ ਯੇਚੁਰੀ ਦੇ ਪ੍ਰਭਾਵਸ਼ਾਲੀ ਕੰਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਕੰਨਿਆ ਸਕੂਲ 'ਚ ਹਿੰਦੀ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਹਿੰਦੀ ਦਿਵਸ ਮਨਾਇਆ ਗਿਆ।ਹਿੰਦੀ ਅਧਿਆਪਕ ਬਲਜੀਤ ਕੌਰ, ਪ੍ਰਵੀਨ ਸ਼ਰਮਾ ਦੀ ਦੇਖ ਰੇਖ ਵਿੱਚ ਹਿੰਦੀ ਦਿਵਸ ਦਾ ਸੰਚਾਲਨ ਕੀਤਾ ਗਿਆ।ਇਸ ਮੌਕੇ ਹਿੰਦੀ ਭਾਸ਼ਾ ਨੂੰ ਮੁੱਖ ਰੱਖਦੇ ਹੋਏ ਕਵਿਤਾਵਾਂ, ਭਾਸ਼ਣ, ਸੁੰਦਰ ਲਿਖਾਈ, ਚਾਰਟ ਬਣਾਉਣਾ ਆਦਿ ਮੁਕਾਬਲੇ ਕਰਵਾਏ ਗਏ।ਬੱਚਿਆਂ ਨੇ ਹਿੰਦੀ ਭਾਸ਼ਾ ਦੇ ਪ੍ਰਤੀ ਆਪਣਾ ਪਿਆਰ ਦਿਖਾਉਂਦੇ ਹੋਏ ਬਹੁਤ ਹੀ ਵਧੀਆ ਰੰਗੋਲੀ ਵੀ ਬਣਾਈ।ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਇੰਚਾਰਜ ਹਰਦੀਪ ਕੌਰ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਕੰਨਿਆ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ




**ਬਾਘਾ ਪੁਰਾਣਾ (ਮਨੀ ਸਿੰਗਲਾ)** : ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸ ਦੇ ਨਾਲ-ਨਾਲ ਹੁਣ ਸੰਸਥਾਂ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਹਰਜੀਤ ਕੌਰ ਡਿੱਲੋ ਵਾਸੀ ਤਲਵੰਡੀ ਸਾਬੋ ਵਾਲਾ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਹਰਜੀਤ ਕੌਰ ਡਿੱਲੋ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਟਰ ਵੀਜ਼ਾ ਪ੍ਰਾਪਤ ਹੋਇਆ ਹੈ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਦੁਕਾਨ ਦੇ ਬਾਹਰ ਖੜੀ ਐਕਟਿਵਾ ਲੈ ਕੇ ਚੋਰ ਫਰਾਰ

### *ਡਿੱਗੀ 'ਚ ਰੱਖੇ ਸਨ 6 ਲੱਖ ਰੁਪਏ*



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਲਾਲ ਸਿੰਘ ਰੋਡ 'ਤੇ ਦਿਨ-ਦਿਹਾੜੇ ਇੱਕ ਦੁਕਾਨ ਦੇ ਬਾਹਰ ਖੜੀ ਐਕਟਿਵਾ ਵਿੱਚ ਰੱਖੇ 6 ਲੱਖ ਰੁਪਏ ਦੀ ਨਕਦੀ ਤੇ ਐਕਟਿਵਾ ਲੈ ਕੇ ਚੋਰ ਰਫੂ ਚੱਕਰ ਹੋ ਗਿਆ। ਸਾਰੀ ਘਟਨਾ ਮੌਕੇ 'ਤੇ ਲੱਗੇ ਸੀਸੀਟੀਵੀ 'ਚ ਕੈਦ ਹੋ ਗਈ। ਮੌਕੇ 'ਤੇ ਪੁਲਸ ਨੂੰ ਸੂਚਨਾ ਦੇਣ 'ਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਸਬੰਧੀ ਐਕਟਿਵਾ ਦੇ ਮਾਲਕ ਰਾਜਨ ਗੋਇਲ ਨੇ ਦੱਸਿਆ ਕਿ ਮੋਗਾ ਦੇ ਲਾਲ ਸਿੰਘ ਰੋਡ 'ਤੇ ਉਸ ਦਾ ਇੱਕ ਚਿਪਸ ਤੇ ਕੁਰਕੁਰੇ ਦਾ ਗੋਦਾਮ ਬਣਾਇਆ ਹੋਇਆ ਹੈ ਅਤੇ 12 ਤਰੀਕ ਨੂੰ ਸਵੇਰੇ 11 ਵਜੇ ਦੇ ਕਰੀਬ ਬੈਂਕ ਜਾਣ ਲਈ 6 ਲੱਖ ਰੁਪਏ ਐਕਟਿਵਾ ਵਿੱਚ ਰੱਖ ਕੇ ਕਿਸੇ ਕੰਮ ਲਈ ਗੋਦਾਮ ਦੇ ਅੰਦਰ ਚਲਾ ਗਿਆ। ਜਦੋਂ ਬਾਹਰ ਆ ਕੇ ਦੇਖਿਆ ਕਿ ਉਸ ਦੀ ਐਕਟਿਵਾ ਬਾਹਰ ਨਹੀਂ ਸੀ। ਮੌਕੇ ਦੇ ਬਾਹਰ ਲੱਗੇ ਸੀਸੀਟੀਵੀ ਤੋਂ ਪਤਾ ਲੱਗਿਆ ਕਿ ਇੱਕ ਵਿਅਕਤੀ ਪੈਦਲ ਆਇਆ ਤੇ ਐਕਟਿਵਾ ਲੈ ਕੇ ਫਰਾਰ ਹੋ ਗਿਆ, ਜਿਸ ਤੋਂ ਬਾਅਦ 112 'ਤੇ ਫੋਨ ਕਰਕੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸੀਸੀਟੀਵੀ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸੂਬਾ ਪੱਧਰੀ ਧਰਨੇ 'ਚ ਪੰਜਾਬ ਭਰ ਤੋਂ ਜਲ ਸਪਲਾਈ ਵਰਕਰ ਪਰਵਾਰਾਂ ਸਮੇਤ ਸ਼ਾਮਲ ਹੋਣਗੇ : ਵਰਿੰਦਰ ਮੋਮੀ

## ਸਰਕਲ ਫਿਰੋਜ਼ਪੁਰ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ ਨਿਯੁਕਤ



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੀ ਇਕ ਅਹਿਮ ਮੀਟਿੰਗ ਮੀਟਿੰਗ ਸਥਾਨਕ ਸੁਤੰਤਰ ਭਵਨ ਵਿਖੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਵਿਸ਼ੇਸ਼ ਤੌਰ 'ਤੇ ਪੁੱਜੇ, ਜਦਕਿ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਦਫਤਰੀ ਸਟਾਫ ਤੋਂ ਸੂਬਾ ਆਗੂ ਸੁਖਚੈਨ ਸਿੰਘ ਸੋਢੀ, ਸਾਬਕਾ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਚੱਕ ਜਾਨੀਸਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ। ਇਸ ਮੌਕੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਤੇ ਦਫਤਰਾਂ 'ਚ ਪਿਛਲੇ 15-20 ਸਾਲਾਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਜਿਵੇਂ ਕਿ ਸਮੂਹ ਵਰਕਰਾਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਵਾਲੀ ਪ੍ਰਪੋਜ਼ਲ ਨੂੰ ਲਾਗੂ ਕਰਨਾ, ਕਿਰਤ ਕਾਨੂੰਨ ਅਧੀਨ ਵਧੀਆਂ ਉਜ਼ਰਤਾਂ ਮੁਤਾਬਿਕ ਤਨਖਾਹ 'ਚ ਪੱਕੇ ਤੌਰ 'ਤੇ ਵਾਧਾ ਕਰਨਾ, ਈ.ਪੀ.ਐੱਫ., ਈ.ਐੱਸ.ਆਈ. ਤੇ 8.33 ਬੋਨਸ ਲਾਗੂ ਕਰਨਾ, ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਨੀਤੀਆਂ ਨੂੰ ਰੱਦ ਕਰਨ ਦੀ ਮੰਗ ਲਈ ਉਪਰੋਕਤ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਤਹਿਤ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਸੰਗਰੂਰ ਸ਼ਹਿਰ ਵਿੱਚ 20 ਸਤੰਬਰ 2024 ਨੂੰ ਜਲ ਸਪਲਾਈ ਵਰਕਰਾਂ ਵੱਲੋਂ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਪੁਰਅਮਨ ਢੰਗ ਨਾਲ ਸੂਬਾ ਪੱਧਰੀ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਦੀ ਤਿਆਰੀ ਲਈ ਸਾਰੇ ਪੰਜਾਬ ਵਿੱਚ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਲ ਸਪਲਾਈ ਵਰਕਰਾਂ ਨੂੰ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਸੰਗਰੂਰ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਲਈ ਲਾਮਬੰਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਭਰ ਤੋਂ ਜਲ ਸਪਲਾਈ ਵਰਕਰ ਆਪਣੇ ਪਰਿਵਾਰਾਂ ਸਮੇਤ ਸੰਗਰੂਰ ਧਰਨੇ ਵਿੱਚ ਸ਼ਾਮਲ ਹੋਣਗੇ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਨੇ ਕਿਹਾ ਕਿ ਸੂਬਾ ਕਮੇਟੀ ਵੱਲੋਂ ਉਲੀਕੇ ਜਾਣ ਵਾਲੇ ਹਰੇਕ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇਗਾ ਤੇ 20 ਸਤੰਬਰ ਨੂੰ ਜਲਾਲਾਬਾਦ ਤੋਂ ਜਲ ਸਪਲਾਈ ਵਰਕਰ ਆਪਣੇ ਪਰਿਵਾਰਾਂ ਸਮੇਤ ਸੰਗਰੂਰ ਧਰਨੇ ਵਿੱਚ ਸ਼ਾਮਲ ਹੋਣਗੇ। ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਵੱਲੋਂ ਇਸ ਮੀਟਿੰਗ ਵਿੱਚ ਸਰਕਲ ਫਿਰੋਜ਼ਪੁਰ ਤੋਂ ਖਾਲੀ ਹੋ ਚੁੱਕੇ ਯੂਨੀਅਨ ਦੇ ਜਨਰਲ ਸਕੱਤਰ ਦੇ ਅਹੁਦੇ 'ਤੇ ਨਿਯੁਕਤੀ ਕਰਨ ਲਈ ਜਸਵਿੰਦਰ ਸਿੰਘ ਚੱਕ ਜਾਨੀਸਰ ਦਾ ਨਾਮ ਪੇਸ਼ ਕੀਤਾ ਗਿਆ, ਜਿਸ 'ਤੇ ਸੂਬਾਈ ਆਗੂਆਂ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਕਮੇਟੀ ਫਾਜ਼ਿਲਕਾ ਵੱਲੋਂ ਸਰਕਲ ਫਿਰੋਜ਼ਪੁਰ ਦਾ ਜਨਰਲ ਸਕੱਤਰ ਜਸਵਿੰਦਰ ਸਿੰਘ ਜਾਨੀਸਰ ਨੂੰ ਸਰਵਸੰਮਤੀ ਨਾਲ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬ੍ਰਾਂਚ ਫਾਜ਼ਿਲਕਾ ਤੋਂ ਪ੍ਰਧਾਨ ਪਰਮਜੀਤ ਸਿੰਘ, ਖਜ਼ਾਨਚੀ ਮਹਿੰਦਰ ਸਿੰਘ, ਖਜ਼ਾਨਚੀ ਕਰਤਾਰ ਸਿੰਘ, ਬ੍ਰਾਂਚ ਸਕੱਤਰ ਸਤਪਾਲ ਸਿੰਘ ਕੋਟੂਵਾਲਾ, ਪ੍ਰੈੱਸ ਸਕੱਤਰ ਅਮਰਜੀਤ ਸਿੰਘ ਜੋਧਾ ਭੈਣੀ ਸਮੇਤ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਿਰਕਤ ਕੀਤੀ।

# ਹਨੀ ਫੱਤਣਵਾਲਾ ਨੇ ਨਸ਼ਿਆਂ ਵਿਰੁੱਧ ਸਾਈਕਲ ਰੈਲੀ ਕੱਢ ਕੇ ਮਨਾਇਆ ਜਨਮ ਦਿਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸਾਈਕਲ ਰਾਈਡਰ 19 ਕਲੱਬ ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਆਪਣੇ ਜਨਮ ਦਿਨ ਨੂੰ ਸਮਰਪਤ ਨਸ਼ਿਆਂ ਦੇ ਵਿਰੁੱਧ ਸਾਈਕਲ ਰੈਲੀ ਦਾ ਆਯੋਜਨ ਕੀਤਾ, ਜਿਸ ਵਿੱਚ 60 ਮੈਂਬਰਾਂ ਨੇ ਭਾਗ ਲਿਆ ਤੇ ਇਹ ਰੈਲੀ 20 ਕਿਲੋਮੀਟਰ ਤੱਕ ਕੱਢੀ ਗਈ।ਇਹ ਰੈਲੀ ਫੱਤਣਵਾਲਾ ਨਿਵਾਸ ਤੋਂ ਸ਼ੁਰੂ ਹੋ ਕੇ ਪਿੰਡ ਭੁੱਲਰ ਨਹਿਰਾਂ ਤੱਕ ਗਈ ਤੇ ਫੇਰ ਵਾਪਸ ਫੱਤਣਵਾਲਾ ਨਿਵਾਸ ਵਿਖੇ ਆ ਕੇ ਸਮਾਪਤ ਹੋਈ।ਇਸ ਮੌਕੇ ਕਲੱਬ ਮੈਂਬਰਾਂ ਵੱਲੋਂ ਹਨੀ ਫੱਤਣਵਾਲਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਤੇ ਹਨੀ ਫੱਤਣਵਾਲਾ ਨੂੰ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਹਨੀ ਫੱਤਣਵਾਲਾ ਨੇ ਜਿੱਥੇ ਸਭ ਦਾ ਧੰਨਵਾਦ ਕੀਤ ਤੇ ਕਿਹਾ ਕਿ ਸਭ ਨੇ ਆ ਕੇ ਇਸ ਦਿਨ ਨੂੰ ਹੋਰ ਖੂਬਸੂਰਤ ਬਣਾ ਦਿੱਤਾ ਹੈ, ਉੱਥੇ ਹੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਆਕਰਸ਼ਤ ਹੋਣ ਦੀ ਅਪੀਲ ਕੀਤੀ।ਇਸ ਮੌਕੇ ਹਨੀ ਫੱਤਣਵਾਲਾ ਵੱਲੋਂ ਸਭ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਲੱਬ ਮੈਂਬਰ ਮਨੀ ਮਸੌਣ, ਰੌਬਿਨ ਖੇੜਾ, ਰਜਿੰਦਰ ਬੁੱਟਰ, ਬਲਵੰਤ ਸਿੰਘ, ਗਿਆਨ ਸਿੰਘ, ਲੱਕੀ ਜੌਹਲ, ਕਾਕਾ ਸੁਖੀਜਾ, ਸੋਨੂ ਮਿੱਡ, ਵਿਨੋਦ ਕੁਮਾਰ, ਰਕੇਸ਼ ਵਧਵਾ, ਪ੍ਰਦੀਪ ਕੁਮਾਰ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਖੂਨਦਾਨ ਕੈਂਪ ਭਲਕੇ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੁਸਾਇਟੀ ਤੇ ਬਾਬਾ ਮੋਤੀ ਰਾਮ ਮਹਿਰਾ ਖੂਨਦਾਨ ਸੁਸਾਇਟੀ ਵੱਲੋਂ 16 ਸਤੰਬਰ ਸੋਮਵਾਰ ਨੂੰ 162ਵਾਂ ਖੂਨਦਾਨ ਕੈਂਪ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ।ਉਪਰਕੋਤ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਸ਼ੇਰ ਸਿੰਘ ਨੇ ਦੱਸਿਆ ਕਿ ਕੈਂਪ ਸੋਮਵਾਰ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਹੋਵੇਗਾ, ਜਿਸ ਵਿੱਚ ਹੋਮੀ ਬਾਬਾ ਕੈਂਸਰ ਹਸਪਤਾਲ ਤੇ ਰਿਸਚਰਚ ਸੈਂਟਰ ਮੁੱਲਾਂਪੁਰ (ਚੰਡੀਗੜ੍ਹ) ਤੋਂ ਡਾ. ਰਾਜਵੀਰ ਚੀਮਾ ਦੀ ਅਗਵਾਈ ਵਾਲੀ ਮੈਡੀਕਲ ਟੀਮ ਖੂਨ ਇਕੱਤਰ ਕਰਨ ਲਈ ਹਾਜ਼ਰ ਰਹੇਗੀ।ਇਸ ਮੌਕੇ ਸੁਸਾਇਟੀ ਦੇ ਸਕੱਤਰ ਨਿਸ਼ਾਨ ਸਿੰਘ ਚੀਮਾ, ਚਰਨ ਸਿੰਘ, ਕੈਪਟਨ ਸੇਵਾ ਸਿੰਘ ਤੇ ਸੁਰਿੰਦਰ ਪਾਲ ਸਿੰਘ ਮੌਜੂਦ ਸਨ।

# ਸਿਟੀ ਮੀਡੀਆ ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਦੀ ਸੂਚੀ ਰਿਲੀਜ਼



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)** : ਸਿਟੀ ਮੀਡੀਆ ਪ੍ਰੈੱਸ ਕਲੱਬ ਸੁਨਾਮ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਸਥਾਨਕ ਅਰਬਨ ਕਰੇਵ ਵਿਖੇ ਹੋਈ, ਜਿਸ ਦੌਰਾਨ ਕਲੱਬ ਸਕੱਤਰ ਆਰ. ਐੱਨ. ਕਾਂਸਲ ਨੇ ਮੀਟਿੰਗ ਦੀ ਸ਼ੁਰੂਆਤ ਕੀਤੀ ਤੇ ਕਲੱਬ ਚੇਅਰਮੈਨ ਅਜੈਬ ਸਿੰਘ ਮੋਰਾਂਵਾਲੀ ਨੇ ਹਾਜ਼ਰ ਕਲੱਬ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਮੀਟਿੰਗ ਦੌਰਾਨ ਵੱਖ-ਵੱਖ ਮੁੱਦਿਆਂ ਨੂੰ ਰੱਖ ਕੇ ਵਿਚਾਰਿਆ ਗਿਆ ਅਤੇ ਕਲੱਬ ਮੈਂਬਰਾਂ ਤੋਂ ਉਨ੍ਹਾਂ ਦੇ ਵਿਚਾਰ ਲਏ ਗਏ। ਸਾਲ 2024-25 ਲਈ ਮੁੜ ਚੁਣੇ ਗਏ ਕਲੱਬ ਪ੍ਰਧਾਨ ਤਰੁਣ ਬਾਂਸਲ ਨੇ ਆਪਣੀ ਕਾਰਜਕਾਰਨੀ ਦਾ ਐਲਾਨ ਕਰਦਿਆਂ ਕਲੱਬ ਦੀ ਸੂਚੀ ਰਿਲੀਜ਼ ਕੀਤੀ ਗਈ ਅਤੇ ਦੱਸਿਆ ਕਿ ਕ੍ਰਿਸ਼ਨ ਸੰਦੋਹਾ ਤੇ ਰਮੇਸ਼ ਗਰਗ ਨੂੰ ਮੁੱਖ ਸਰਪ੍ਰਸਤ, ਅਜੈਬ ਸਿੰਘ ਮੋਰਾਂਵਾਲੀ ਨੂੰ ਚੇਅਰਮੈਨ, ਆਰ. ਐੱਨ. ਕਾਂਸਲ ਨੂੰ ਜਨਰਲ ਸਕੱਤਰ, ਭਗਵੰਤ ਸਿੰਘ ਚੰਦੜ ਨੂੰ ਵਾਈਸ ਚੇਅਰਮੈਨ, ਪ੍ਰਦੀਪ ਕੁਮਾਰ ਨੂੰ ਸੀਨੀਅਰ ਮੀਤ ਪ੍ਰਧਾਨ, ਅਰੁਣ ਬਾਂਸਲ ਤੇ ਅਸ਼ੋਕ ਸਿੰਗਲਾ ਨੂੰ ਮੀਤ ਪ੍ਰਧਾਨ, ਅੰਸ਼ੂ ਡੋਗਰਾ ਨੂੰ ਸਕੱਤਰ, ਵਰੁਣ ਬਾਂਸਲ ਨੂੰ ਜੁਆਇੰਟ ਸਕੱਤਰ, ਅਭਿਸ਼ੇਕ ਜਿੰਦਲ ਨੂੰ ਕੈਸ਼ੀਅਰ, ਹਾਕਮ ਸਿੰਘ ਭੱਟੀ ਨੂੰ ਜੁਆਇੰਟ ਕੈਸ਼ੀਅਰ, ਕਰਮ ਥਿੰਦ ਨੂੰ ਪ੍ਰੈੱਸ ਸੈਕਟਰੀ, ਸ਼ੈਲੀ ਬਾਂਸਲ ਤੇ ਭੂਸ਼ਣ ਕਾਂਸਲ ਨੂੰ ਪ੍ਰੋਜੈਕਟ ਇੰਚਾਰਜ, ਅਸ਼ੋਕ ਬਾਂਸਲ ਨੂੰ ਪੀ.ਆਰ.ਓ., ਮਨਪ੍ਰੀਤ ਢਿੱਲੋਂ ਨੂੰ ਮੀਡੀਆ ਇੰਚਾਰਜ, ਰਾਜੇਸ਼ ਕੁਮਾਰ ਨੂੰ ਨਿਊਜ਼ ਐਡੀਟਰ, ਰਾਕੇਸ਼ ਜੈਨ ਨੂੰ ਸਲਾਹਕਾਰ, ਸੁਭਾਸ਼ ਭਾਰਤੀ, ਭਾਰਤ ਭੂਸ਼ਨ ਚਾਵਲਾ, ਵਿਨੋਦ ਗਰਗ, ਰਾਜਿੰਦਰ ਕੁਮਾਰ ਸ਼ਾਹ, ਮੰਗਤ ਰਾਏ, ਕੁਲਦੀਪ ਖਿੱਪਲ ਤੇ ਰਾਜੂ ਸਿੰਗਲਾ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਸਤਨਾਮ ਸਿੰਘ ਦਮਦਮੀ ਨੂੰ ਕਲੱਬ ਵਿੱਚ ਨਵੇਂ ਮੈਂਬਰ ਵਜੋਂ ਸ਼ਾਮਲ ਕਰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ, ਜਦਕਿ ਐਡਵੋਕੇਟ ਅਭਿਸ਼ੇਕ ਗੋਇਲ ਤੇ ਐਡਵੋਕੇਟ ਪਾਰੂਲ ਚਾਵਲਾ ਨੂੰ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ।

## ਸੂਬਾ ਸਰਕਾਰ ਵਾਅਦਿਆਂ 'ਤੇ ਖਰੀ ਨਹੀਂ ਉੱਤਰੀ : ਜਾਗੋਵਾਲੀਆ, ਢਿੱਲੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੂਬਾ ਸਰਕਾਰ ਵਿਧਾਨ ਸਭਾ ਚੋਣਾਂ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ 'ਤੇ ਖਰੀ ਨਹੀਂ ਉੱਤਰੀ।ਇਹ ਵਿਚਾਰ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਤੇ ਜਨਰਲ ਸਕੱਤਰ ਪ੍ਰਤਾਪ ਸਿੰਘ ਢਿੱਲੋਂ ਨੇ ਪ੍ਰਗਟ ਕੀਤੇ।ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਜੁਆਇੰਟ ਫਰੰਟ ਨੂੰ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਪੋਸਟਪੋਨ ਕਰਨ ਦਾ ਨਵਾਂ ਰਿਕਾਰਡ ਕਾਇਮ ਕੀਤਾ ਹੈ, ਪੰਜਾਬ ਸਰਕਾਰ ਲੋਕਾਂ ਤੇ ਹੋਰ ਟੈਕਸ ਲਾ ਕੇ ਆਰਥਿਕ ਬੋਝ ਪਾ ਦਿੱਤਾ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਘੋਰ ਨਿਰਾਸ਼ਾ ਹੈ।ਕੱਚੇ ਮੁਲਾਜ਼ਮਾਂ ਨੂੰ ਪੱਕੇ ਨਾ ਕਰਨਾ, ਮਹਿੰਗਾਈ ਭੱਤੇ ਦੀਆਂ ਤਿੰਨ ਕਿਸ਼ਤਾਂ ਰਿਲੀਜ਼ ਨਾ ਕਰਨਾ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਨਾ ਦੇਣਾ, ਪੈਨਸ਼ਨਰਾਂ 'ਤੇ 2.59 ਫੈਕਟਰ ਲਾਗੂ ਨਾ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਤੇ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਲੁੱਟਾਂ-ਖੋਹਾਂ ਦੀਆਂ ਵਧ ਰਹੀਆਂ ਵਾਰਦਾਤਾਂ 'ਤੇ ਰੋਕ ਲਾਈ ਜਾਵੇ ਅਤੇ ਚੰਡੀਗੜ੍ਹ ਵਿਖੇ ਸਾਂਝੇ ਫਰੰਟ ਦੇ 18 ਆਗੂਆਂ 'ਤੇ ਕੀਤੇ ਪਰਚਿਆਂ ਨੂੰ ਰੱਦ ਕੀਤਾ ਜਾਵੇ।ਇਸ ਸਮੇਂ ਮਿਹਰ ਸਿੰਘ, ਬਲਬੀਰ ਸਿੰਘ ਕੰਬੋਜ, ਬੂਟਾ ਰਾਮ, ਤਰਸੇਮ ਬੇਦੀ, ਗੁਰਨਾਮ ਸਿੰਘ, ਬਲਬੀਰ ਸਿੰਘ ਗੋਖੀਵਾਲਾ, ਦਲਜੀਤ ਸਿੰਘ ਯਾਰੇਸ਼ਾਹ ਵਾਲਾ, ਡਾਕਟਰ ਪ੍ਰਦੀਪ ਰਾਣਾ, ਰਮੇਸ਼ ਭੱਟੀ, ਗੁਰਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਕਰਮ ਸਿੰਘ, ਨੰਦ ਲਾਲ, ਗੁਰਮੀਤ ਸਿੰਘ ਔਲਖ, ਇਕਬਾਲ ਸਿੰਘ, ਗਗਨਦੀਪ ਸਿੰਘ, ਮੰਗਲ ਸਿੰਘ ਆਦਿ ਹਾਜ਼ਰ ਸਨ।

# ਗੁਰਸ਼ਰਨ ਭਾਅ ਜੀ ਯਾਦਗਾਰੀ ਸਮਾਗਮ 27 ਨੂੰ



**ਬਰਨਾਲਾ (ਰਾਜਿੰਦਰ ਬਰਾੜ)**-ਇਨਕਲਾਬੀ ਰੰਗ ਮੰਚ ਦੇ ਪਿਤਾਮਾ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲੇ ਦਿਨ 27 ਸਤੰਬਰ ਨੂੰ ਮਨਾਇਆ ਜਾਂਦਾ ਇਨਕਲਾਬੀ ਰੰਗ ਮੰਚ ਦਿਹਾੜਾ ਇਸ ਵਾਰ ਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ ਜੋਸ਼ੋ ਖ਼ਰੋਸ਼ ਨਾਲ਼ ਮਨਾਉਣ ਲਈ ਸਥਾਨਕ ਤਰਕਸ਼ੀਲ ਭਵਨ ਵਿਖੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਬੁਲਾਈ ਸਹਿਯੋਗੀ ਸੰਸਥਾਵਾਂ ਦੀ ਮੀਟਿੰਗ ਵਿੱਚ ਸਮਾਗਮ ਨੂੰ ਸਫ਼ਲ ਬਣਾਉਣ ਲਈ ਠੋਸ ਵਿਉਂਤਬੰਦੀ ਕੀਤੀ ਗਈ।ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੀਟਿੰਗ 'ਚ ਜਾਣਕਾਰੀ ਦਿੱਤੀ ਕਿ 27 ਸਤੰਬਰ ਨੂੰ ਹੋ ਰਹੇ ਸਮਾਗਮ ਵਿੱਚ ਡਾ. ਨਵਸ਼ਰਨ 'ਰੰਗ ਮੰਚ ਦਾ ਸਫ਼ਰ ਤੇ ਚੁਣੌਤੀਆਂ' ਵਿਸ਼ੇ ਉੱਪਰ ਵਿਚਾਰ ਸਾਂਝੇ ਕਰਨਗੇ।ਲੋਕ ਸੰਗੀਤ ਮੰਡਲੀ ਭਦੌੜ, ਲੋਕ ਸੰਗੀਤ ਮੰਡਲੀ ਧੌਲਾ ਤੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਗੀਤ ਸੰਗੀਤ ਪੇਸ਼ ਕਰੇਗਾ।ਮੀਟਿੰਗ 'ਚ ਪਲਸ ਮੰਚ ਵੱਲੋਂ ਗੁਰਸ਼ਰਨ ਭਾਅ ਜੀ ਦੇ ਜਨਮ ਦਿਹਾੜੇ 16 ਸਤੰਬਰ ਤੋਂ ਅੰਤਿਮ ਵਿਦਾਇਗੀ ਦਿਹਾੜੇ 27 ਸਤੰਬਰ ਤੱਕ ਚੱਲਣ ਵਾਲੀ ਸਾਹਿਤਕ ਸੱਭਿਆਚਾਰਕ ਸਮਾਗਮਾਂ ਦੀ ਲੜੀ ਦਾ ਆਗਾਜ਼ ਕੀਤਾ ਗਿਆ।ਪਲਸ ਮੰਚ ਦੇ ਸੂਬਾਈ ਆਗੂਆਂ ਅਮੋਲਕ ਸਿੰਘ, ਮਾਸਟਰ ਰਾਮ ਕੁਮਾਰ ਤੇ ਹਰਵਿੰਦਰ ਦੀਵਾਨਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਦੀਆਂ ਸਮੂਹ ਲੋਕ ਹਿਤੈਸ਼ੀ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਗਮਾਂ ਦੀ ਲੜੀ ਨੂੰ ਕਾਮਯਾਬ ਕਰਨ ਲਈ ਸਹਿਯੋਗੀ ਮੋਢਾ ਲਾਉਣ। ਮੋੜਵੇਂ ਰੂਪ ਵਿੱਚ ਜਨਤਕ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕਿ ਪਲਸ ਸਮਾਗਮਾਂ ਦੀ ਲੜੀ ਤੇ ਸਿਖ਼ਰ 'ਤੇ 27 ਸਤੰਬਰ ਨੂੰ ਬਰਨਾਲਾ ਵਿਖੇ ਹੋਣ ਵਾਲੇ ਸਮਾਗਮ ਵਿੱਚ ਸ਼ਮੂਲੀਅਤ ਕਰਨ ਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਓਟਣ ਲਈ ਉਹ ਡੱਟਵਾਂ ਸਾਥ ਦੇਣਗੇ।ਮੀਟਿੰਗ ਵਿੱਚ ਤਰਕਸ਼ੀਲ, ਜਮਹੂਰੀ, ਮਜ਼ਦੂਰ, ਕਿਸਾਨ ਮੁਲਾਜ਼ਮ, ਔਰਤ, ਸਾਹਿਤ ਤੇ ਕਲਾ ਖੇਤਰ ਨਾਲ਼ ਜੁੜੇ ਡਾ. ਹਰਭਗਵਾਨ, ਅਮਿੱਤ, ਮਾਸਟਰ ਰਾਜੀਵ, ਨਰਾਇਣ ਦੱਤ, ਡਾ. ਦਰਸ਼ਨ ਪਾਲ, ਮਨਜੀਤ ਧਨੇਰ, ਜੋਗਿੰਦਰ ਸਿੰਘ ਉਗਰਾਹਾਂ, ਝੰਡਾ ਸਿੰਘ ਜੇਠੂਕੇ, ਡਾ. ਰਾਜਿੰਦਰ ਪਾਲ, ਕਮਲਜੀਤ ਕੌਰ, ਮਹਿੰਦਰ ਕੌੜਿਆਂਵਾਲੀ, ਪਵਨ ਕੁਮਾਰ, ਦਿਗਵਿਜੈ ਸਿੰਘ ਸਮੇਤ ਦਰਜਨ ਤੋਂ ਵੱਧ ਆਗੂ ਹਾਜ਼ਰ ਸਨ।

# ਸੀ ਈ ਪੀ ਨਿਪੁੰਨਤਾ ਮੁਲਾਂਕਣ ਅਭਿਆਨ ਸਮੇਂ ਤੇ ਪੈਸੇ ਦੀ ਬਰਬਾਦੀ : ਡੀ ਟੀ ਐੱਫ

## ਸਿੱਖਿਆ ਨੂੰ ਬੇਲੋੜੇ ਪ੍ਰੋਜੈਕਟਾਂ ਨਾਲ ਨੂੜਨਾ ਬੰਦ ਕੀਤਾ ਜਾਵੇ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਇੱਕ ਪਾਸੇ ਜਿੱਥੇ ਵਿਦਿਆਰਥੀਆਂ ਦੇ ਸਾਲਾਨਾ ਇਮਤਿਹਾਨਾਂ ਤੋਂ ਪਹਿਲਾਂ ਸਤੰਬਰ ਪ੍ਰੀਖਿਆਵਾਂ ਸਿਰ 'ਤੇ ਖੜੀਆਂ ਹਨ, ਦੂਜੇ ਪਾਸੇ ਸਿੱਖਿਆ ਵਿਭਾਗ ਵੱਲੋਂ ਇੱਕ ਹੋਰ ਨਵਾਂ ਅਭਿਆਨ ਅਧਿਆਪਕਾਂ ਸਿਰ ਮੜ੍ਹ ਦਿੱਤਾ ਗਿਆ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ ਖੇਮੋਆਣਾ, ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਗ਼ਰੀਬ, ਨਿਮਨ ਕਿਸਾਨੀ ਤੇ ਮੱਧ ਵਰਗੀ ਪਰਵਾਰਾਂ ਦੇ ਵਿਦਿਆਰਥੀਆਂ ਦੇ ਹੱਥਾਂ ਵਿੱਚੋਂ ਟੇਡੇ ਢੰਗ ਨਾਲ ਸਿੱਖਿਆ ਖੋਹਣ ਦੇ ਹੱਥਕੰਡਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਇਨਕਲਾਬੀ ਸੁਧਾਰ ਲਿਆਉਣ ਦੇ ਦਾਅਵੇ ਕਰਨ ਵਾਲੀ ਸੂਬਾ ਸਰਕਾਰ ਪਿਛਲੀਆਂ ਸਰਕਾਰਾਂ ਵਾਂਗੂੰ ਹੀ ਸਿੱਖਿਆ ਨੂੰ ਵੱਖ ਵੱਖ ਪ੍ਰੋਜੈਕਟਾਂ ਤੇ ਅਭਿਆਨਾਂ ਨਾਲ਼ ਬੰਨ੍ਹ ਕੇ ਚਲਾ ਰਹੀ ਹੈ।ਇਸ ਦਾ ਖਮਿਆਜ਼ਾ ਅਧਿਆਪਕ ਤੇ ਵਿਦਿਆਰਥੀ ਦੋਹਾਂ ਨੂੰ ਭੁਗਤਣਾ ਪੈ ਰਿਹਾ ਹੈ।ਮੀਤ ਪ੍ਰਧਾਨ ਵਿਕਾਸ ਗਰਗ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਖੇਮੂਆਣਾ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ ਤੇ ਵਿੱਤ ਸਕੱਤਰ ਅਨਿਲ ਭੱਟ ਨੇ ਸਿੱਖਿਆ ਵਿਭਾਗ ਵੱਲੋਂ ਦਿੱਤੀ ਜਾ ਰਹੀ ਪ੍ਰੋਜੈਕਟਾਂ ਅਧਾਰਤ ਸਿੱਖਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਦੇ ਸਰਵ ਸਿੱਖਿਆ ਅਭਿਆਨ, ਕਦੇ ਪੜ੍ਹੋ ਪੰਜਾਬ, ਫ਼ਿਰ ਮਿਸ਼ਨ ਸਮਰੱਥ ਤੇ ਹੁਣ ਸੀ ਈ ਪੀ ਨਿਪੁੰਨਤਾ ਮੁਲਾਂਕਣ ਨੇ ਵਿਦਿਆਰਥੀਆਂ ਦੇ ਸਿਲੇਬਸ ਤੇ ਅਧਿਆਪਕਾਂ ਦੀ ਮੌਲਿਕਤਾ ਨੂੰ ਖੂੰਜੇ ਲਗਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਪੇਪਰ ਤੋਂ ਇੱਕ ਦਿਨ ਪਹਿਲਾਂ ਪੇਪਰ ਪ੍ਰਿੰਟ ਕਰਾਉਣ ਦਾ ਨਾਦਰਸ਼ਾਹੀ ਫ਼ੁਰਮਾਨ ਜਾਰੀ ਕੀਤਾ ਜਾਂਦਾ ਹੈ, ਜਿਸ ਦਾ ਸਾਰਾ ਖ਼ਰਚ ਸਕੂਲ ਮੁਖੀ ਜਾਂ ਇੰਚਾਰਜ ਅਧਿਆਪਕ ਵੱਲੋਂ ਆਪਣੀ ਜੇਬ ਵਿੱਚੋਂ ਕੀਤਾ ਜਾ ਰਿਹਾ ਹੈ।ਇਸ ਤੋਂ ਬਿਨਾਂ ਅਧਿਆਪਕ ਇਨ੍ਹਾਂ ਪੇਪਰਾਂ ਦੀ ਚੈਕਿੰਗ ਕਰਨ ਤੇ ਰਿਜਲਟ ਆਨਲਾਈਨ ਕਰਨ ਵਿੱਚ ਸਾਰਾ ਦਿਨ ਉਲਝੇ ਰਹਿੰਦੇ ਹਨ, ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਦੋਹਰਾ ਨੁਕਸਾਨ ਹੁੰਦਾ ਹੈ।ਸੂਬਾਈ ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਬੇਲੋੜੇ ਪ੍ਰੋਜੈਕਟਾਂ ਨੂੰ ਤੁਰੰਤ ਬੰਦ ਕਰਕੇ ਅਧਿਆਪਕਾਂ ਨੂੰ ਸਿਲੇਬਸ ਕਰਾਉਣ ਦਿੱਤਾ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦਿੱਤੀ ਜਾ ਸਕੇ।ਇਸ ਸਮੇਂ ਬਲਾਕ ਪ੍ਰਧਾਨ ਰਾਜਵਿੰਦਰ ਸਿੰਘ ਜਲਾਲ, ਭੋਲਾ ਤਲਵੰਡੀ, ਭੁਪਿੰਦਰ ਸਿੰਘ ਮਾਈਸਰਖਾਨਾ, ਬਲਕਰਨ ਕੋਟ ਸ਼ਮੀਰ, ਅਸ਼ਵਨੀ ਕੁਮਾਰ, ਰਣਦੀਪ ਕੌਰ ਖਾਲਸਾ, ਜਸਵਿੰਦਰ ਸੰਦੋਹਾ, ਗੁਰਜਿੰਦਰ ਸਿੰਘ, ਰਾਜੇਸ਼ ਕੁਮਾਰ, ਹਰਮੇਸ਼ ਕੁਮਾਰ, ਹਰਸ਼ਰਨ ਸਿੰਘ, ਜਗਤਾਰ ਗਿਆਨਾ ਤੇ ਬਲਜਿੰਦਰ ਕੌਰ ਨੇ ਸਰਕਾਰ ਤੋਂ ਮੰਗ ਕਰਦਿਆਂ ਤੁਰੰਤ ਅਜਿਹੇ ਪ੍ਰੋਜੈਕਟਾਂ ਤੇ ਤਜਰਬਿਆਂ ਨੂੰ ਬੰਦ ਕਰਨ ਦੀ ਅਪੀਲ ਕੀਤੀ।

# ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਚੋਣ



**ਮੱਖੂ (ਰਛਪਾਲ ਸਿੰਘ ਸੰਧੂ)** : ਪੀ. ਡਬਲਿਯੂ. ਡੀ. ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ 1406/22/ ਬੀ ਚੰਡੀਗੜ੍ਹ ਬ੍ਰਾਂਚ ਮੱਖੂ ਦੀ ਅਹਿਮ ਮੀਟਿੰਗ ਪ.ਸ.ਸ.ਫ. ਦੇ ਜ਼ਿਲ੍ਹਾ ਪ੍ਰਧਾਨ ਤੇ ਪੀ.ਡਬਲਿਊ.ਡੀ. ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਪ੍ਰੈੱਸ ਸਕੱਤਰ ਗੁਰਦੇਵ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਡ੍ਰੇਨੇਜ ਵਿਭਾਗ ਦੇ ਸਬ ਡਵੀਜ਼ਨ ਦਫ਼ਤਰ ਕੈਨਾਲ ਕਲੌਨੀ ਮੱਖੂ ਵਿਖੇ ਹੋਈ।ਮੀਟਿੰਗ ਦੇ ਅਰੰਭ 'ਚ ਸਦੀਵੀ ਵਿਛੋੜਾ ਦੇ ਗਏ ਮੁਲਾਜ਼ਮ ਤੇ ਪੈਨਸ਼ਨਰ ਆਗੂ ਵੇਦ ਪ੍ਰਕਾਸ਼ ਸ਼ਰਮਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਚੰਡੀਗੜ੍ਹ ਰੈਲੀ ਦੌਰਾਨ ਸਾਂਝਾ ਫਰੰਟ ਦੇ 18 ਆਗੂਆਂ ਤੇ ਦਰਜਨਾਂ ਅਣਪਛਾਤੇ ਮੁਲਾਜ਼ਮਾਂ, ਪੈਨਸ਼ਨਰਾਂ ਉੱਪਰ ਚੰਡੀਗੜ੍ਹ ਪੁਲਸ ਵੱਲੋਂ ਝੂਠੇ ਮਾਮਲੇ ਦਰਜ ਕਰਨ ਦੀ ਨਿੰਦਾ ਕੀਤੀ ਗਈ।ਇਸ ਮੌਕੇ ਪੀ. ਡਬਲਿਯੂ. ਡੀ. ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੀ ਜ਼ੀਰਾ ਬ੍ਰਾਂਚ ਦੀ ਸਰਬਸੰਮਤੀ ਨਾਲ ਚੋਣ ਕਰਵਾਈ ਗਈ, ਜਿਸ ਦੌਰਾਨ ਸਰਬਸੰਮਤੀ ਨਾਲ ਜੋਗਿੰਦਰ ਸਿੰਘ ਬ੍ਰਾਂਚ ਪ੍ਰਧਾਨ, ਮੱਖਣ ਸਿੰਘ ਸਿੰਘ ਜਨਰਲ ਸਕੱਤਰ, ਸੱਤਪਾਲ ਸਿੰਘ ਵਿੱਤ ਸਕੱਤਰ, ਜਸਬੀਰ ਕੌਰ ਪ੍ਰੈੱਸ ਸਕੱਤਰ, ਪਿੱਪਲ ਸਿੰਘ ਸੀਨੀਅਰ ਮੀਤ ਪ੍ਰਧਾਨ, ਸ਼ਿੰਗਾਰਾ ਸਿੰਘ ਮੀਤ ਪ੍ਰਧਾਨ, ਮੰਨਣ ਸਿੰਘ ਮੀਤ ਪ੍ਰਧਾਨ, ਪ੍ਰਕਾਸ਼ ਸਿੰਘ ਸਹਾਇਕ ਸਕੱਤਰ, ਅਮਰੀਕ ਸਿੰਘ ਚੌਕੀਦਾਰ ਸਹਾਇਕ ਪ੍ਰੈੱਸ ਸਕੱਤਰ ਆਦਿ ਚੁਣੇ ਗਏ।ਇਸ ਮੌਕੇ ਮੀਟਿੰਗ ਵਿੱਚ ਰਮੇਸ਼ ਕੁਮਾਰ ਕੰਬੋਜ ਬ੍ਰਾਂਚ ਪ੍ਰਧਾਨ, ਸੁਲੱਖਣ ਸਿੰਘ ਜਨਰਲ ਸਕੱਤਰ, ਰਾਜ ਕੁਮਾਰ ਵਿੱਤ ਸਕੱਤਰ, ਗੁਰਜੰਟ ਸਿੰਘ ਸੀਨੀਅਰ ਮੀਤ ਪ੍ਰਧਾਨ, ਪ੍ਰਕਾਸ਼ ਚੰਦ ਮੀਤ ਪ੍ਰਧਾਨ ਪੀ. ਡਬਲਿਯੂ. ਡੀ. ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਮੱਖੂ, ਰਾਜ ਕੁਮਾਰ ਬਲਾਕ ਪ੍ਰਧਾਨ ਪ.ਸ.ਸ.ਫ. ਮੱਖੂ ਆਦਿ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਮੁਲਾਜ਼ਮਾਂ ਵੱਲੋਂ ਮਾਰਚ

## ਕੈਬਨਿਟ ਮੰਤਰੀ ਨੂੰ ਜਾਰੀ ਕੀਤਾ ਕਾਰਨ ਦੱਸੋ ਨੋਟਿਸ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਤ੍ਰਿਪੜੀ ਮੋੜ ਪਟਿਆਲਾ ਵਿਖੇ ਇੱਕਠੇ ਹੋ ਕੇ ਐੱਨ ਪੀ ਐੱਸ ਮੁਲਾਜ਼ਮਾਂ ਨੇ ਮਾਰਚ ਕਰਕੇ ਕੈਬਨਿਟ ਮੰਤਰੀ ਡਾ. ਬਲਵੀਰ ਸਿੰਘ ਦੇ ਨਾਂ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ, ਜਿਸ ਨੂੰ ਉਨ੍ਹਾਂ ਦੀ ਗੈਰ-ਮੌਜੂਦਗੀ ਵਿੱਚ ਮੌਕੇ 'ਤੇ ਉਨ੍ਹਾਂ ਦੇ ਪੀ ਏ ਜਸਵੀਰ ਸਿੰਘ ਗਾਂਧੀ ਨੇ ਪ੍ਰਾਪਤ ਕੀਤਾ।

ਇਸ ਮੌਕੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਫਰੰਟ ਦੇ ਕੋ-ਕਨਵੀਨਰ ਭਰਤ ਕੁਮਾਰ ਤੇ ਜੀਨੀਅਸ ਨੇ ਦੱਸਿਆ ਕਿ ਆਪ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਆਪਣੇ ਚੋਣ ਵਾਅਦੇ 'ਤੇ ਅਮਲ ਕਰਨ ਤੇ ਕੇਂਦਰੀ ਭਾਜਪਾ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਖਿਲਾਫ਼ ਵਿੱਢੇ ਹਮਲੇ ਅੱਗੇ ਗੋਡੇ ਟੇਕਦਿਆਂ ਸੂਬਾ ਦੇ ਐੱਨ.ਪੀ.ਐੱਸ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਮੁਕੰਮਲ ਨਾਕਾਮ ਸਾਬਿਤ ਹੋਈ ਹੈ।ਉਨ੍ਹਾਂ ਦੱਸਿਆ ਕਿ ਆਪ ਸਰਕਾਰ ਦੇ ਢਾਈ ਸਾਲ ਬੀਤਣ ਦੇ ਬਾਵਜੂਦ ਕਿਸੇ ਵੀ ਮੁਲਾਜ਼ਮ ਦਾ ਜੀ ਪੀ ਐੱਫ ਖਾਤਾ ਨਹੀਂ ਖੋਲ੍ਹਿਆ, ਬਲਕਿ ਨਵੀਆਂ ਭਰਤੀਆਂ ਉੱਤੇ ਵੀ ਐੱਨਪੀਐੱਸ ਸਕੀਮ ਲਾਗੂ ਕੀਤੀ ਜਾ ਰਹੀ ਹੈ।ਆਪ ਸਰਕਾਰ ਵੱਲੋਂ 18 ਨਵੰਬਰ 2022 ਨੂੰ ਜਾਰੀ ਕੀਤਾ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਵੀ ਇੱਕ ਕਾਗਜ਼ੀ ਜੁਮਲਾ ਸਾਬਿਤ ਹੋਇਆ ਹੈ।ਆਪ ਸਰਕਾਰ ਦੀ ਇਸ ਨਾਕਾਮੀ ਦੇ ਰੋਸ ਵਜੋਂ ਪੀਪੀਪੀਐੱਫ ਫਰੰਟ ਦੇ ਮੁਲਾਜ਼ਮਾਂ ਨੇ ਭਰਵੀਂ ਹਾਜ਼ਰੀ ਵਿੱਚ ਕੈਬਨਿਟ ਮੰਤਰੀ ਡਾ. ਬਲਵੀਰ ਸਿੰਘ ਤੇ ਮੁੱਖ ਮੰਤਰੀ ਪੰਜਾਬ ਦੇ ਨਾਂ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ ਹੈ।ਇਸ ਨੋਟਿਸ ਦਾ ਕੋਈ ਸਪੱਸ਼ਟੀਕਰਨ 30 ਸਤੰਬਰ ਤੱਕ ਜਾਰੀ ਨਾ ਹੋਣ ਦੀ ਸੂਰਤ ਵਿੱਚ 1 ਤੋਂ 3 ਅਕਤੂਬਰ ਤੱਕ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਪੈਨਸ਼ਨ ਪ੍ਰਾਪਤੀ ਮੋਰਚਾ ਲਗਾਇਆ ਜਾਵੇਗਾ।

ਪੁਰਾਣੀ ਪੈਨਸ਼ਨ ਦੇ ਜ਼ਿਲ੍ਹਾ ਆਗੂਆਂ ਜਗਤਾਰ ਸਿੰਘ, ਜਗਪਾਲ ਚਹਿਲ, ਰਣਜੀਤ ਬੀਰੋਕੇ ਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਘੱਗਾ ਤੇ ਜ਼ਿਲ੍ਹਾ ਸਕੱਤਰ ਹਰਿੰਦਰ ਪਟਿਆਲਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਪ੍ਰਸਤਾਵਿਤ ਯੂਪੀਐੱਸ ਸਕੀਮ ਵਿੱਚ ਪੁਰਾਣੀ ਪੈਨਸ਼ਨ ਦੇ ਲਾਭਕਾਰੀ ਮੱਦਾਂ ਨੂੰ ਸ਼ਾਮਲ ਕੀਤੇ ਜਾਣਾ ਮੁਲਾਜ਼ਮ ਸੰਘਰਸ਼ਾਂ ਦੀ ਅੰਸ਼ਿਕ ਪ੍ਰਾਪਤੀ ਜ਼ਰੂਰ ਹੈ, ਪਰ ਇਹ ਨਵੀਂ ਪੈਨਸ਼ਨ ਯੋਜਨਾ ਓਪੀਐੱਸ ਦੀ ਅਧੂਰੀ ਨਕਲ ਹੈ, ਜਿਸ ਕਾਰਨ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਹੋਰ ਵੀ ਭਖਵੇਂ ਰੂਪ ਵਿੱਚ ਉਠਾਉਣਾ ਸਮੇਂ ਦੀ ਲੋੜ ਬਣ ਗਈ ਹੈ।

ਇਸ ਮੌਕੇ ਅਮਨਦੀਪ ਦੇਵੀਗੜ੍ਹ, ਪ੍ਰਿਤਪਾਲ ਚਹਿਲ, ਕ੍ਰਿਸ਼ਨ ਚੁਹਾਣਕੇ, ਹਰਗੋਪਾਲ ਸਿੰਘ, ਸੰਦੀਪ ਕੌਰ, ਬਿੰਦਰਾ ਬਿੰਦੂ, ਪੂਜਾ ਰਾਣੀ, ਹਰਜਿੰਦਰ ਕੌਰ, ਦਲਵੀਰ ਸਿੰਘ, ਨੀਟੂ ਟੋਡਰਪੁਰ, ਬਲਕਾਰ ਸਿੰਘ, ਤਰਸੇਮ ਡਕਾਲਾ, ਪਰਵਿੰਦਰ ਸਿੰਘ, ਬਲਵਿੰਦਰ ਕੌਰ, ਗਾਇਤਰੀ ਮੈਡਮ, ਗੁਰਜੀਤ ਸਿੰਘ, ਜਸਪਾਲ ਸਿੰਘ ਤੇ ਸ਼ਿਵਦੇਵ ਸਿੰਘ ਆਦਿ ਹਾਜ਼ਰ ਸਨ।

# ਖੇਡਾਂ ਵਤਨ ਪੰਜਾਬ ਦੀਆਂ' 'ਚ ਸੇਂਟ ਸੋਲਜਰ ਸਕੂਲ ਵੱਲੋਂ ਹੂੰਝਾਫੇਰ ਜਿੱਤਾਂ

## * 17 ਗੋਲਡ, 9 ਸਿਲਵਰ ਤੇ ਚਾਰ ਬਰੌਂਜ਼ ਮੈਡਲਾਂ 'ਤੇ ਕੀਤਾ ਕਬਜ਼ਾ



**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**-ਖੇਡਾਂ ਵਤਨ ਪੰਜਾਬ ਦੀਆਂ ਵਿੱਚੋਂ ਜ਼ੋਨ ਪੱਧਰ 'ਤੇ ਮੁਕਾਬਲਿਆਂ ਵਿੱਚ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਨੇ ਹੂੰਝਾਫੇਰ ਜਿੱਤਾਂ ਪ੍ਰਾਪਤ ਕੀਤੀਆਂ। ਸੇਂਟ ਸੋਲਜਰ ਦੇ ਬੱਚਿਆਂ ਨੇ 17 ਗੋਲਡ ਮੈਡਲ, 9 ਸਿਲਵਰ ਮੈਡਲ ਅਤੇ ਚਾਰ ਬਰੌਂਜ਼ ਮੈਡਲ ਜਿੱਤੇ ।26 ਮੈਡਲ ਜਿੱਤ ਕੇ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਬਲਾਕ ਵਿੱਚੋਂ ਪਹਿਲੇ ਨੰਬਰ 'ਤੇ ਰਿਹਾ ।26 ਵਿਦਿਆਰਥੀ ਜ਼ਿਲਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਵਾਸਤੇ ਸਿਲੈਕਟ ਹੋ ਗਏ ।ਇਨ੍ਹਾਂ ਜਿੱਤਾਂ ਵਾਸਤੇ ਸੇਂਟ ਸੋਲਜਰ ਸਕੂਲ ਦੇ ਡੀਪੀਜ਼ ਦਾ ਬਹੁਤ ਵੱਡਾ ਹੱਥ ਹੈ ਜਿਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਦੇ ਵਿੱਚ ਪੂਰੀ ਲਗਨ ਦੇ ਨਾਲ ਕੰਮ ਕਰਾਇਆ ਅਤੇ ਇਹ ਬੱਚੇ ਹਰ ਪੱਧਰ 'ਤੇ ਮੱਲਾਂ ਮਾਰ ਰਹੇ ਹਨ ।ਸਕੂਲ ਦੀਆਂ ਵਾਲੀਬਾਲ ਦੀਆਂ ਟੀਮਾਂ ਅੰਡਰ -14 ਅੰਡਰ -17 ਅੰਡਰ -19 ਨੇ ਦੂਜੀ ਪੁਜ਼ੀਸ਼ਨ ਹਾਸਿਲ ਕੀਤੀ। ਅੰਡਰ -14 'ਚ ਇਬਾਦਤ ਕੌਰ ਫਸਟ ਪੁਜ਼ੀਸ਼ਨ ਸ਼ਾਰਟ ਪੁੱਟ, ਕੋਮਲਪ੍ਰੀਤ ਕੌਰ ਫਸਟ ਪਜ਼ੀਸ਼ਨ 600 ਮੀਟਰ ਅਤੇ 100 ਮੀਟਰ, ਲਵਿਸ਼ ਫਸਟ ਪੁਜ਼ੀਸ਼ਨ 100 ਮੀਟਰ ਅਤੇ ਲਾਂਗ ਜੰਪ, ਨਵਰਾਜ ਸਿੰਘ ਸੈਕੰਡ ਪੁਜ਼ੀਸ਼ਨ 600 ਮੀਟਰ, ਸਹਿਜਦੀਪ ਸਿੰਘ ਥਰਡ ਪੁਜ਼ੀਸ਼ਨ ਲਾਂਗ ਜੰਪ। ਇਸੇ ਤਰ੍ਹਾਂ ਅੰਡਰ -17 ਦੀਆਂ ਖੇਡਾਂ ਵਿੱਚ ਸਾਖੋ ਫਸਟ ਪੁਜ਼ੀਸ਼ਨ ਲਾਂਗ ਜੰਪ, ਖੁਸ਼ਦੀਪ ਫਸਟ ਪੁਜ਼ੀਸ਼ਨ 400 ਮੀਟਰ, ਮਨਦੀਪ ਕੌਰ ਫਸਟ ਪੁਜ਼ੀਸ਼ਨ 800 ਮੀਟਰ ਅਤੇ ਥਰਡ ਪੁਜ਼ੀਸ਼ਨ 200 ਮੀਟਰ, ਪਰਨੀਤ ਕੌਰ ਫਸਟ ਪੁਜ਼ੀਸ਼ਨ 1500 ਮੀਟਰ ਅਤੇ ਸੈਕਿੰਡ ਪੁਜ਼ੀਸ਼ਨ 200 ਮੀਟਰ, ਸਰਤਾਜ ਸਿੰਘ ਫਸਟ ਪੁਜ਼ੀਸ਼ਨ ਸ਼ਾਰਟ ਪੁਟ ਅਤੇ 200 ਮੀਟਰ, ਚੰਨ ਵੀਰ ਫਸਟ ਪੁਜ਼ੀਸ਼ਨ 3000 ਮੀਟਰ, ਯੁਵਰਾਜ ਸਿੰਘ ਫਸਟ ਪੁਜ਼ੀਸ਼ਨ 400 ਮੀਟਰ ਅਤੇ ਸੈਕਿੰਡ ਪੁਜ਼ੀਸ਼ਨ 800 ਮੀਟਰ, ਗੁਰਨੂਰ ਸਿੰਘ ਫਸਟ ਪੁਜ਼ੀਸ਼ਨ 1500 ਮੀਟਰ, ਖੁਸ਼ਦੀਪ ਸਿੰਘ ਸੈਕਿੰਡ ਪੁਜ਼ੀਸ਼ਨ ਲਾਂਗ ਜੰਪ, ਕਮਲਪ੍ਰੀਤ ਕੌਰ ਸੈਕਿੰਡ ਪੁਜ਼ੀਸ਼ਨ 200 ਮੀਟਰ ਅਤੇ 100 ਮੀਟਰ, ਅਰਸ਼ਦੀਪ ਸਿੰਘ ਸੈਕੰਡ ਪੁਜ਼ੀਸ਼ਨ ਸ਼ਾਰਟਪੁਟ, ਸੁਖਮਨਪ੍ਰੀਤ ਸਿੰਘ ਸੈਕਿੰਡ ਪੁਜ਼ੀਸ਼ਨ ਲਾਂਗ ਜੰਪ ਅਤੇ ਸੈਕਿੰਡ ਪੁਜ਼ੀਸ਼ਨ 100 ਮੀਟਰ, ਲਵਲੀਨ ਕੌਰ ਥਰਡ ਪੁਜ਼ੀਸ਼ਨ ਸ਼ਾਰਟਪੁੱਟ।

ਇਸੇ ਤਰ੍ਹਾਂ ਅੰਡਰ 19 ਦੀਆਂ ਖੇਡਾਂ ਵਿੱਚ ਵਾਰਿਸ ਬੀਰ ਸਿੰਘ ਫਸਟ ਪੁਜ਼ੀਸ਼ਨ ਸ਼ਾਰਟ ਪੁਟ, ਹਰਸ਼ਦੀਪ ਸਿੰਘ ਫਸਟ ਪੁਜ਼ੀਸ਼ਨ ਲਾਂਗ ਜੰਪ ਅਤੇ 200 ਮੀਟਰ,ਸਾਰਿਆਂ ਬੱਚਿਆਂ ਨੇ ਸ਼ਾਨਦਾਰ ਪੁਜੀਸ਼ਨ ਹਾਸਲ ਕੀਤੀਆਂ।ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰ. ਅਮਰਪ੍ਰੀਤ ਕੌਰ ਨੇ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਵਧਾਈ ਦਿੱਤੀ ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸੀ ਗੁਪਤਾ, ਪ੍ਰਿਯੰਕਾ ਸ਼ਰਮਾ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਸੀ ਏ ਪੀ ਐੱਫ ਕਾਂਸਟੇਬਲ ਭਰਤੀ-2025 ਲਈ ਮੁਫਤ ਸਿਖਲਾਈ ਸ਼ੁਰੂ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਸੀ.ਏ. ਪੀ. ਐੱਫ. ਭਰਤੀ 2025 ਦੇ ਅੰਤਰਗਤ ਸੀਆਰਪੀਐੱਫ/ਬੀਐੱਸਐੱਫ, ਬੀਐੱਸਐੱਫ, ਅਸਾਮ ਰਾਈਫਲ ਆਦਿ ਦੀ ਭਰਤੀ ਲਈ ਕੈਂਪ ਵਿੱਚ ਦਾਖਲਾ ਸ਼ੁਰੂ ਹੈ। ਭਾਰਤ ਸਰਕਾਰ ਵੱਲੋਂ ਸੀਏਪੀਐੱਫ ਭਰਤੀ 2025 ਦੇ ਅੰਤਰਗਤ ਸੀਆਰਪੀਐੱਫ, ਬੀਐੱਸਐੱਫ, ਆਸਾਮ ਰਾਈਫਲ ਆਦਿ ਲਈ ਆਨਲਾਈਨ ਦਰਖਾਸਤਾਂ ਦੀ ਮੰਗ 5 ਸਤੰਬਰ ਤੋਂ 14 ਅਕਤੂਬਰ 2024 ਤੱਕ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਭਰਤੀ ਲਈ ਮੁਫ਼ਤ ਲਿਖਤੀ ਅਤੇ ਸਰੀਰਕ ਸਿਖਲਾਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਦਿੱਤੀ ਜਾ ਰਹੀ ਹੈ। ਜਿਹੜੇ ਯੁਵਕ ਦਸਵੀਂ ਪਾਸ ਹਨ ਅਤੇ ਉਮਰ 18 ਸਾਲ ਹੈ ਉਹ ਸੀਏਪੀਐੱਫ 2025 ਲਈ ਆਨਲਾਈਨ ਅਪਲਾਈ ਕਰਕੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਸਿਖਲਾਈ ਲੈ ਸਕਦੇ ਹਨ।

ਸਿਖਲਾਈ ਦੌਰਾਨ ਯੁਵਕਾਂ ਨੂੰ ਮੁਫ਼ਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਚਾਹਵਾਨ ਯੁਵਕ ਆਪਣੇ ਸਾਰੇ ਅਸਲ ਸਰਟੀਫਿਕੇਟ ਤੇ ਉਨ੍ਹਾਂ ਦੀਆਂ 2-2 ਫੋਟੋ ਕਾਪੀਆਂ ਅਤੇ 4 ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ।

# ਸਰਕਾਰੀ ਬੱਸਾਂ 'ਚ ਸਫਰ ਕਰਦੇ ਯਾਤਰੀਆਂ ਦੀ ਸੁਰੱਖਿਆ ਰੱਬ ਆਸਰੇ !



**ਵੇਰਕਾ (ਰਾਣਾ)**-ਸੂਬੇ ਅੰਦਰ ਚੱਲਣ ਵਾਲੀਆਂ ਸਰਕਾਰੀ ਬੱਸਾਂ ਵਿੱਚ ਅੱਜ ਕੱਲ ਸਵਾਰੀਆਂ ਦੀ ਸੁਰੱਖਿਆਂ ਰੱਬ ਆਸਰੇ ਹੈ।ਉੱਝ ਵੀ ਸਫਰ ਕਰਨ ਵਾਲੇ ਯਾਤਰੀਆਂ ਦੀ ਸੁਰੱਖਿਆ ਦਾ ਮੁੱਖ ਜ਼ਿੰਮਾ ਡਰਾਈਵਰ ਦੇ ਹੱਥ ਵਿੱਚ ਹੀ ਹੁੰਦਾ ਹੈ।ਪ੍ਰੰਤੂ ਹੁਣ ਡਰਾਈਵਰ ਸਵਾਰੀਆਂ ਦੀ ਜਾਨ-ਮਾਲ ਦੀ ਬਹੁਤੀ ਚਿੰਤਾ ਨਹੀਂ ਰੱਖਦੇ ਹਨ।ਭਾਵੇਂ ਕਿ ਪੰਜਾਬ ਦਾ ਟ੍ਰਾਂਸਪੋਰਟ ਵਿਭਾਗ ਹੋਵੇ ਜਾਂ ਫਿਰ ਟ੍ਰੈਫਿਕ ਪੁਲਸ ਵਿਭਾਗ ਪੰਜਾਬ ਹੋਵੇ।ਜਿਹੜਾ ਨਿੱਤ ਦਿਹਾੜੇ ਸਾਨੂੰ ਜਾਗਰੂਕ ਕਰਨ ਲਈ ਆਪਣੀ ਵਾਹ ਲਾਉਂਦਾ ਰਹਿੰਦਾ ਹੈ।ਕਦੇ ਵੱਡੇ ਸਾਈਨ ਬੋਰਡ ਲਾ ਕੇ ਅਤੇ ਵੱਡੀਆਂ ਹੋਰਡਿੰਗਾਂ ਲਗਾ ਕੇ ਸਾਨੂੰ ਸਿੱਖਿਅਤ ਕਰਵਾਉਂਦੇ ਹਨ ਕਿ 'ਨਜ਼ਰ ਹਟੀ ਤੇ ਦੁਰਘਟਨਾ ਘਟੀ' ਵਗੈਰਾ-ਵਗੈਰਾ।ਜ਼ਿਲਾ ਅੰਮ੍ਰਿਤਸਰ ਬੱਸ ਸਟੈਂਡ ਤੋਂ ਫਿਰੋਜ਼ਪੁਰ ਲਈ ਸਵਾਰੀਆਂ ਨਾਲ ਭਰੀ ਸਰਕਾਰੀ ਰੋਡਵੇਜ਼ ਬੱਸ ਰਵਾਨਾ ਹੋਈ ਜਿਸ ਦੇ ਡਰਾਈਵਰ ਨੇ ਬੱਸ ਅੱਡੇ ਤੋਂ ਬਾਹਰ ਨਿਕਲਦੇ ਸਾਰ ਹੀ ਆਪਣਾ ਮੋਬਾਈਲ ਫੋਨ ਕੱਢਿਆ ਅਤੇ ਗੱਲਬਾਤ ਕਰਨ ਲੱਗ ਪਿਆ। ਬੱਸ 'ਚ ਸਫਰ ਕਰ ਰਹੀਆਂ ਭੈਅਭੀਤ ਹੋਈਆਂ ਸਵਾਰੀਆਂ ਸੋਚਣ ਲਈ ਮਜਬੂਰ ਸਨ ਕਿ ਕੋਈ ਬੜੀ ਜ਼ਰੂਰੀ ਗੱਲ ਹੋਵੇਗੀ।ਪ੍ਰੰਤੂ ਬੱਸ ਡਰਾਈਵਰ ਕਈ ਕਿਲੋਮੀਟਰ ਦੂਰ ਤੱਕ ਫੋਨ 'ਤੇ ਗੱਲਾਂ ਕਰਦਾ ਰਿਹਾ।ਹੈਰਾਨੀਜਨਕ ਤੱਥ ਹਨ ਕਿ ਇਸ ਦੌਰਾਨ ਸ਼ਹਿਰ ਅੰਮ੍ਰਿਤਸਰ ਵਿੱਚ ਥਾਂ-ਥਾਂ ਲੱਗੇ ਪੁਲਸ ਨਾਕਿਆਂ ਦੀ ਨਾ ਉਕਤ ਬੱਸ ਡਰਾਈਵਰ ਨੇ ਪ੍ਰਵਾਹ ਕੀਤੀ ਅਤੇ ਨਾ ਹੀ ਨਾਕਾ ਲਾਈ ਬੈਠੇ ਕਿਸੇ ਪੁਲਸ ਅਧਿਕਾਰੀ ਨੇ ਉਕਤ ਬੱਸ ਡਰਾਈਵਰ ਨੂੰ ਰੋਕਿਆ। ਇਸ ਬਾਬਤ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਲੈਕ: ਮੁਖਤਿਆਰ ਸਿੰਘ ਸਹੋਤਾ ਅਤੇ ਸਟੇਟ ਐਵਾਰਡੀ ਸੀਨੀ: ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਅਤੇ ਸਲਾਹਕਾਰ ਹਰਮਨਦੀਪ ਸਿੰਘ ਛੀਨਾ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਕੈਬਨਿਟ ਮੰਤਰੀ ਟ੍ਰਾਂਸਪੋਰਟ ਵਿਭਾਗ ਪੰਜਾਬ ਸਰਕਾਰ ਪਾਸੋਂ ਉਪਰੋਕਤ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ ਦੀ ਗੁਹਾਰ ਲਗਾਈ ਹੈ ਤਾਂ ਜੋ ਸਰਕਾਰੀ ਬੱਸਾਂ ਵਿੱਚ ਸਫਰ ਕਰਨ ਵਾਲੇ ਯਾਤਰੀਆਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਮਜੀਠਾ ਵਿਖੇ ਸਨਮਾਨ ਸਮਾਰੋਹ

## * ਉੱਜਲ ਭਵਿੱਖ ਦੀ ਨੀਂਹ ਰੱਖਣ 'ਚ ਅਧਿਆਪਕਾਂ ਦਾ ਯੋਗਦਾਨ ਮਹੱਤਵਪੂਰਨ:ਢਿੱਲੋਂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਮਜੀਠਾ ਰੋਡ ਬਾਈਪਾਸ ਵਿਖੇ ਵੱਡੇ ਪੱਧਰ 'ਤੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਦੌਰਾਨ ਦੀਵਾਨ ਸਕੂਲਾਂ ਅਤੇ ਕਾਲਜਾਂ ਦੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ 57 ਅਧਿਆਪਕਾਂ, ਸੇਵਾ ਮੁਕਤ ਅਤੇ ਸੀਨੀਅਰ ਪ੍ਰਿੰ. ਸਾਹਿਬਾਨ ਸਮੇਤ ਦਫ਼ਤਰ ਦੇ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਕਾਰਜਕਾਰੀ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਦੀ ਪ੍ਰਧਾਨਗੀ ਹੇਠ ਚੱਲ ਰਹੇ ਇਸ ਸਮਾਰੋਹ ਵਿਚ ਜ਼ਿਲ੍ਹਾ ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ।ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਜ਼ਿਲ੍ਹਾ ਪੁਲਸ ਕਮਿਸ਼ਨਰ ਸ਼ਰਨਜੀਤ ਸਿੰਘ ਢਿੱਲੋਂ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਗਿਆਨ ਦੇ ਕੇ ਚੰਗੇ ਨੈਤਿਕ ਗੁਣਾਂ ਦਾ ਧਾਰਨੀ ਬਣਾ ਕੇ ਆਦਰਸ਼ ਨਾਗਰਿਕ ਬਣਾਉਂਦਿਆਂ ਉਜਵਲ ਤੇ ਸਫਲ ਭਵਿੱਖ ਦੀ ਨੀਂਹ ਰੱਖਣ ਵਿਚ ਅਧਿਆਪਕਾਂ ਦਾ ਯੋਗਦਾਨ ਮਹੱਤਵਪੂਰਨ ਹੈ।ਸਮਾਰੋਹ ਦੌਰਾਨ 57 ਅਧਿਆਪਕਾਂ, ਰਿਟਾਇਰਡ ਪ੍ਰਿੰ. ਡਾ. ਜਸਵਿੰਦਰ ਕੌਰ ਮਾਹਲ ਸਮੇਤ ਦੋ ਸੀਨੀਅਰ ਪ੍ਰਿੰ. ਜਸਪਾਲ ਕੌਰ ਅਤੇ ਮਾਲਤੀ ਨਾਰੰਗ, ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਤੋਂ ਸੁਪਰਡੈਂਟ ਜਸਵਿੰਦਰ ਕੌਰ, ਸੀ. ਏ. ਵਾਨੀ ਕਪੂਰ ਅਤੇ ਡਾਇਰੈਕਟੋਰੇਟ ਆਫਿਸ ਤੋਂ ਹਰਪ੍ਰੀਤ ਕੌਰ ਨੂੰ ਸ਼ਾਲਾਂ ਅਤੇ ਯਾਦਗਾਰੀ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਅਵਤਾਰ ਸਿੰਘ ਘੁੱਲਾ ਨੂੰ ਸਮਾਜ ਪ੍ਰਤੀ ਨਿਭਾਈਆਂ ਨਿਸ਼ਕਾਮ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਸਕੂਲ ਮੈਂਬਰ ਇੰਚਾਰਜ ਇੰਜੀ.ਜਸਪਾਲ ਸਿੰਘ ਅਤੇ ਮਨਮੋਹਨ ਸਿੰਘ ਅਤੇ ਪ੍ਰਿੰ. ਰਿਪੁਦਮਨ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ. ਅਮਰਜੀਤ ਸਿੰਘ ਦੂਆ, ਰਬਿੰਦਰਬੀਰ ਸਿੰਘ ਭੱਲਾ, ਤਰਲੋਚਨ ਸਿੰਘ, ਨਵਤੇਜ਼ ਸਿੰਘ ਨਾਰੰਗ, ਇੰਦਰਜੀਤ ਸਿੰਘ ਅੜੀ, ਸਰਜੋਤ ਸਿੰਘ ਸਾਹਨੀ, ਹਰਿੰਦਰਪਾਲ ਸਿੰਘ ਚੁੱਘ, ਉਪਕਾਰ ਸਿੰਘ ਛਾਬੜਾ, ਅਵਤਾਰ ਸਿੰਘ ਘੁੱਲਾ, ਜਗਜੀਤ ਸਿੰਘ ਵਾਲੀਆ, ਗੁਰਭੇਜ ਸਿੰਘ, ਅਮਰਦੀਪ ਸਿੰਘ ਰਾਜੇਵਾਲ, ਹਰਜੀਤ ਸਿੰਘ ਸੱਚਦੇਵਾ, ਡਾ. ਆਤਮਜੀਤ ਸਿੰਘ ਬਸਰਾ, ਇਕਬਾਲ ਸਿੰਘ, ਜਸਮੀਤ ਸਿੰਘ, ਤਰਲੋਕ ਸਿੰਘ, ਡਾਇਰੈਕਟਰ ਓਪਰੇਸ਼ਨ ਡਾ. ਏ. ਪੀ. ਐੱਸ. ਚਾਵਲਾ ਸਮੇਤ ਵੱਡੀ ਗਿਣਤੀ ਵਿਚ ਦੀਵਾਨ ਮੈਂਬਰ, ਅਧਿਆਪਕ ਅਤੇ ਪ੍ਰਿੰਸੀਪਲ ਮੌਜੂਦ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਗੁਰਮਤਿ ਮਾਰਚ ਕੱਢਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ ਹੇਠ ਕਾਲਜ ਪ੍ਰਿੰ. ਡਾ.ਗੁਰਜੀਤ ਸਿੰਘ ਜੀ ਦੀ ਅਗਵਾਈ ਅਧੀਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਦੇ 450 ਸਾਲਾ ਦਿਵਸ ਨੂੰ ਸਮਰਪਿਤ ਸ਼ਤਾਬਦੀ ਸਬੰਧੀ ਨਜ਼ਦੀਕ ਪੈਂਦੇ ਪਿੰਡ ਸੋਹਲ ਵਿੱਚ ਗੁਰਮਤਿ ਮਾਰਚ ਕੱਢਿਆ ਗਿਆ। ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਬਹਾਦਰਗੜ੍ਹ , ਪਟਿਆਲਾ ਤੋਂ ਪ੍ਰਾਪਤ ਆਦੇਸ਼ ਅਨੁਸਾਰ ਪਹਿਲਾਂ ਕਾਲਜ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਸੰਗਤੀ ਰੂਪ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਆਨੰਦ ਸਾਹਿਬ ਦੇ ਜਾਪ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ ਉਪਰੰਤ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਬੀਬੀ ਜਸਬੀਰ ਕੌਰ ਜਫ਼ਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਲਜ ਪ੍ਰਿੰ. ਡਾ.ਗੁਰਜੀਤ ਸਿੰਘ, ਸਰਬਜੀਤ ਕੌਰ ਜੀ, ਪ੍ਰਿੰਸੀਪਲ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ, ਗੁਰਦਾਸਨੰਗਲ ਦੀ ਅਗਵਾਈ ਵਿੱਚ ਬਾਬਾ ਅਜੈ ਸਿੰਘ ਖਾਲਸਾ ਕਾਲਜ ਅਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਗੁਰਮਤਿ ਮਾਰਚ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਕੱਢਿਆ ਗਿਆ। ਮਾਰਚ ਕੱਢਦੇ ਸਮੇਂ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਬੰਧੀ ਵੱਖ-ਵੱਖ ਸਲੋਗਨਾਂ ਦਾ ਉਚਾਰਨ ਕੀਤਾ ਗਿਆ।ਰਣਜੀਤ ਸਿੰਘ ਮੈਨੇਜਰ ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ ਅਤੇ ਸ੍ਰ. ਰਛਪਾਲ ਸਿੰਘ ਇੰਚਾਰਜ ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਸੁਖਰਾਜਬੀਰ ਸਿੰਘ ਢਿੱਲੋਂ ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਵਿੱਦਿਆ ਦੇ ਵਿਸ਼ੇਸ਼ ਸਹਿਯੋਗ ਸਦਕਾ ਇਹ ਗੁਰਮਤਿ ਮਾਰਚ ਕੱਢਿਆ ਗਿਆ।ਕਾਲਜ ਵਿਦਿਆਰਥੀਆਂ ਨੇ ਮਾਰਚ ਦੌਰਾਨ ਗਤਕੇ ਦੇ ਜੌਹਰ ਵਿਖਾਏ।

ਇਸ ਮੌਕੇ ਇਲਾਕੇ ਦੇ ਪਤਵੰਤੇ ਸੱਜਣ ਬਲਜੀਤ ਸਿੰਘ ਸਰਪੰਚ ਪਿੰਡ ਸੋਹਲ, ਅਮਨਪ੍ਰੀਤ ਸਿੰਘ ਮੈਂਬਰ ਪੰਚਾਇਤ ਪਿੰਡ ਸੋਹਲ, ਜਸਵੰਤ ਸਿੰਘ, ਪਾਲ ਸਿੰਘ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਨਿਰਮਲਜੀਤ ਸਿੰਘ, ਗੁਰਦਿਆਲ ਸਿੰਘ, ਸਵਰਨਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਮੌਕੇ ਸੋਹਲ ਸੇਵਾ ਸੁਸਾਇਟੀ ਦੇ ਨੁਮਾਇੰਦਿਆਂ ਲਖਵਿੰਦਰ ਸਿੰਘ ਲਾਡੀ, ਕਰਨਬੀਰ ਸਿੰਘ ਸੋਹਲ, ਲਾਡੀ ਸੋਹਲ, ਲਵਪ੍ਰੀਤ ਸਿੰਘ, ਬੂਟਾ ਸਿੰਘ ਦੀ ਵਿਸ਼ੇਸ਼ ਭੂਮਿਕਾ ਰਹੀ। ਇਲਾਕੇ ਦੇ ਇਹਨਾਂ ਪਤਵੰਤੇ ਸੱਜਣਾ ਨੇ ਪਿੰਡ ਪਹੁੰਚਣ ਤੇ ਸਭ ਦਾ ਨਿੱਘਾ ਸਵਾਗਤ ਕੀਤਾ ਅਤੇ ਮਾਰਚ ਵਿੱਚ ਸ਼ਾਮਲ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਖਾਣ-ਪੀਣ ਦਾ ਪ੍ਰਬੰਧ ਕੀਤਾ।ਕਾਲਜ ਪ੍ਰਿੰ. ਡਾ.ਗੁਰਜੀਤ ਸਿੰਘ ਨੇ ਇਨ੍ਹਾਂ ਦੇ ਵਿਸ਼ੇਸ ਸਹਿਯੋਗ ਲਈ ਧੰਨਵਾਦ ਕੀਤਾ।

# ਕੇਂਦਰੀ ਸੰਚਾਰ ਬਿਊਰੋ ਵੱਲੋਂ ਲਗਾਈ ਗਈ ਤਿੰਨ ਰੋਜ਼ਾ ਮਲਟੀਮੀਡੀਆ ਪ੍ਰਦਰਸ਼ਨੀ ਸਮਾਪਤ



ਗੁਰਦਾਸਪੁਰ (ਜਨਕ ਮਹਾਜਨ)-ਕੇਂਦਰੀ ਸੰਚਾਰ ਬਿਊਰੋ (ਸੀਬੀਸੀ), ਜਲੰਧਰ, ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਥਾਨਕ ਪੁਰਾਣੇ ਬੱਸ ਸਟੈਂਡ ਵਿਖੇ ਨੌਜਵਾਨਾਂ ਨੂੰ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨ, ਔਰਤਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾਅ ਬਾਰੇ ਜਾਣਕਾਰੀ ਦੇਣ ਅਤੇ ਭਾਰਤ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਲਗਾਈ ਗਈ ਤਿੰਨ ਦਿਨਾ ਮਲਟੀਮੀਡੀਆ ਫੋਟੋ ਪ੍ਰਦਰਸ਼ਨੀ ਅੱਜ ਸਮਾਪਤ ਹੋ ਗਈ। ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਜ਼ਿਲ੍ਹਾ ਗੁਰਦਾਸਪੁਰ ਦੇ ਸੀਨੀਅਰ ਪੁਲਸ ਕਪਤਾਨ ਹਰੀਸ਼ ਦਿਆਮਾ ਨੇ ਪ੍ਰੋਗਰਾਮ ਵਿੱਚ ਹਾਜ਼ਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਤੋਂ ਦੂਰ ਰਹਿ ਕੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ ਅਤੇ ਦੇਸ਼ ਦੀ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ। ਗੁਰਦਾਸਪੁਰ ਪੁਲਿਸ ਦੀ ਹੈੱਡ ਕਾਂਸਟੇਬਲ ਨਵਨੀਤ ਕੌਰ ਨੇ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ 'ਤੇ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਅੱਤਿਆਚਾਰ ਦਾ ਡਟਵਾਂ ਵਿਰੋਧ ਕਰਨ ਦੇ ਨਾਲ ਹੀ ਪੁਲਸ ਦੀ ਸਹਾਇਤਾ ਲਈ ਟੋਲ ਫਰੀ ਹੈਲਪਲਾਈਨ ਨੰਬਰ 1091 'ਤੇ ਡਾਇਲ ਕਰਕੇ ਪੁਲਸ ਨੂੰ ਵੀ ਸੂਚਿਤ ਕਰਨ। ਜ਼ਿਲ੍ਹਾ ਗਾਈਡੈਂਸ ਅਫ਼ਸਰ ਪਰਮਿੰਦਰ ਸਿੰਘ ਸੈਣੀ ਨੇ ਵੱਖ-ਵੱਖ ਵਿਸ਼ਿਆਂ 'ਤੇ ਭਰਪੂਰ ਜਾਣਕਾਰੀ ਸਾਂਝੀ ਕੀਤੀ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਦੀ ਅਹਿਮ ਮੀਟਿੰਗ ਬੂਟਾ ਸਿੰਘ ਵਾਈਸ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੀ ਸੀ ਕੰਪਲੈਕਸ ਪੈਨਸ਼ਨਰਜ਼ ਐਸੋਸੀਏਸ਼ਨ ਦੇ ਦਫਤਰ ਫਿਰੋਜ਼ਪੁਰ ਵਿਖੇ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਅਜੀਤ ਸਿੰਘ ਸੋਢੀ ਤੇ ਸੁਰਿੰਦਰ ਕੁਮਾਰ ਜੋਸ਼ਨ ਵਿੱਤ ਸਕੱਤਰ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਧੋਖਾ ਕਮਾ ਰਹੀ ਹੈ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਨਾਲ ਅੱਠ ਮੀਟਿੰਗਾਂ ਕਰ ਚੁੱਕੇ ਹਨ, ਪਰ ਕੋਈ ਮੰਗ ਪੂਰੀ ਨਹੀਂ ਕੀਤੀ ਅਤੇ ਉਲਟਾ ਲਾਰੇ ਲੱਪੇ ਲਗਾ ਕੇ ਮੀਟਿੰਗਾ ਦਾ ਸਮਾਂ ਦੇ ਕੇ ਭੱਜ ਜਾਂਦੇ ਹਨ।ਪੈਨਸ਼ਨਰਜ਼ ਆਗੂ ਬੂਟਾ ਸਿੰਘ, ਸਵਾਰਨ ਜੀਤ ਸਿੰਘ, ਬੀ ਕੇ ਵੋਹਰਾ, ਅਮੀਰ ਸਿੰਘ, ਗੁਰਪ੍ਰਸ਼ਾਂਤ ਸਿੰਘ, ਸੁਰਿੰਦਰ ਸ਼ਰਮਾ ਨੇ ਕਰੜੇ ਸ਼ਬਦਾਂ ਵਿੱਚ ਪੰਜਾਬ ਸਰਕਾਰ ਦੀ ਬੇਰੁਖੀ ਤੇ ਲਾਰੇ ਲੱਪੇ ਵਾਲੀ ਨੀਤੀ ਦੀ ਨਿਖੇਧੀ ਕੀਤੀ।

ਇਸ ਦੌਰਾਨ ਸੁਰਿੰਦਰ ਸਿੰਘ ਬਾਹੀਆ, ਰਜਿੰਦਰ ਸਿੰਘ ਮੋਗਾ, ਹਰਜੀਤ ਸਿੰਘ, ਹਰਕ੍ਰਿਸ਼ਨ ਸਿੰਘ, ਦਰਸ਼ਨ ਸਿੰਘ, ਓ ਪੀ ਗੁੰਬਰ, ਕਸ਼ਮੀਰ ਸਿੰਘ ਆਦਿ ਪੰਜਾਬ ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਜੇਕਰ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਹੋ ਰਹੀਆਂ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਦਾ ਡੱਟਵਾਂ ਵਿਰੋਧ ਕੀਤਾ ਜਾਵੇ ਤੇ ਸਰਕਾਰ ਨੂੰ ਹਰਾ ਕੇ ਸਬਕ ਸਿਖਾਇਆ ਜਾਵੇ ਅਤੇ ਬਲਾਕ ਤੋਂ ਲੈ ਕੇ ਤਹਿਸੀਲ, ਜ਼ਿਲ੍ਹਾ ਪੱਧਰੀ ਸੰਘਰਸ਼ ਹੋਰ ਤਿੱਖੇ ਕੀਤੇ ਜਾਣ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਏ.ਐੱਸ.ਆਈ. ਰਣਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਦੀ ਇਤਲਾਹ 'ਤੇ ਮੇਹਰ ਚੰਦ ਰੋਡ ਗੁਰਦਾਸਪੁਰ ਵਿਖੇ ਨਾਕਾਬੰਦੀ ਕਰਕੇ ਦਿਲਾਵਰ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਨਿੱਜਰਪੁਰ ਬਟਾਲਾ ਨੂੰ ਚੋਰੀਸ਼ੁਦਾ ਮੋਟਰਸਾਈਕਲ ਨੰਬਰੀ ਪੀਬੀ 06.ਏ.ਸੀ 5324 ਮਾਰਕਾ ਹੀਰੋ ਹਾਂਡਾ ਸਮੇਤ ਕਾਬੂ ਕੀਤਾ ਹੈ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਉਕਤ ਮੋਟਰਸਾਈਕਲ ਉਸ ਨੇ ਜੇਲ ਰੋਡ ਤੋਂ ਇੱਕ ਜਿਮ ਨੇੜਿਉਂ ਆਪਣੇ ਸਾਥੀ ਗੁਰਜਿੰਦਰ ਸਿੰਘ ਰਿੰਕੂ ਪੁੱਤਰ ਨਾ-ਮਾਲੂਮ ਵਾਸੀ ਅੱਠਵਾਲ ਥਾਣਾ ਕੋਟਲੀ ਸੂਰਤ ਮੱਲ੍ਹੀਆਂ ਨਾਲ ਰਲ ਕੇ ਚੋਰੀ ਕੀਤਾ ਸੀ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 303 (2), 317 (2) ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸਾਰਾ ਗੜ੍ਹੀ ਦਿਵਸ ਮਨਾਇਆ

ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )

ਸੂਬੇਦਾਰ ਸੰਤੋਖ ਸਿੰਘ ਦੀ ਅਗਵਾਈ ਵਿੱਚ 18 ਸਿੱਖ ਰੈਜੀਮੈਂਟ ਵੱਲੋਂ ਪਿੰਡ ਸ਼ੰਕਰ ਵਿਖੇ ਸਾਰਾ ਗੜ੍ਹੀ ਵਿਖੇ 21 ਸਿੱਖਾਂ ਦੁਆਰਾ ਬਹਾਦਰੀ ਨਾਲ ਲੜੀ ਗਈ ਲੜਾਈ ਦਾ ਦਿਵਸ ਮਨਾਇਆ ਗਿਆ। ਇਸ ਮੌਕੇ ਨੁੱਕੜ ਨਾਟਕ ਪੇਸ਼ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਰਹਿਣ ਅਤੇ ਫੌਜ ਵਿੱਚ ਵੱਧ ਤੋਂ ਵੱਧ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਆ ਗਿਆ।ਇਸ ਮੌਕੇ ਫੁੱਟਬਾਲ ਮੈਚ ਕਰਵਾਇਆ ਗਿਆ ਤੇ ਜੇਤੂ ਟੀਮਾਂ ਨੂੰ ਇਨਾਮ ਵੀ ਵੰਡੇ ਗਏ. ਪਿੰਡ ਵਾਸੀਆਂ ਵੱਲੋਂ ਸਾਬਕਾ ਫੌਜੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਰਨਲ ਸੌਰਵ ਸਿੰਘਲਾ, ਕੈਪਟਨ ਅਰਵਿੰਦ ਕੁਮਾਰ, ਸੂਬੇਦਾਰ ਮੇਜਰ ਜੰਗ ਸਿੰਘ, ਮਨਦੀਪ ਕੁਮਾਰ ਸ਼ੁਕਲਾ, ਕੈਪਟਨ ਚਮਨ ਲਾਲ, ਸੋਹਨ ਲਾਲ, ਅਮਰਜੀਤ ਚੂੜ ਉਚੇਚੇ ਤੌਰ 'ਤੇ ਸ਼ਾਮਲ ਹੋਏ।

AXIS BANK LTD. ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ# 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਰਜਿਸਟਰਡ ਦਫ਼ਤਰ : ''ਤ੍ਰਿਸ਼ੂਲ''-ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਨੇੜੇ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

**ਅੰਤਿਕਾ VI [ ਰੂਲ -8(1) ਦਾ ਹਵਾਲਾ ] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਮਿੱਠਾ ਸਿੰਘ ਨੂੰ ਨੋਟਿਸ 'ਚ ਦਰਸਾਈ ਰਕਮ ਰੁ. 18,28,929/- (ਰੁਪਏ ਅਠਾਰਾਂ ਲੱਖ ਅਠਾਈ ਹਜ਼ਾਰ ਨੌਂ ਸੌ ਉੱਨਤੀ ਕੇਵਲ) ਸਮੇਤ ਅਦਾਇਗੀ ਦੀ ਮਿਤੀ ਤੱਕ ਇਸ 'ਤੇ ਇਕਰਾਰਨਾਮੇ ਦੀ ਦਰ 'ਤੇ 2 ਨਵੰਬਰ 2023 ਤੋਂ ਨਾ ਵਸੂਲੇ ਵਿਆਜ ਨੋਟਿਸ ਦੀ ਪ੍ਰਾਪਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 15 ਨਵੰਬਰ, 2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਿਹਾ ਹੈ। ਕਰਜ਼ਦਾਰ, ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 10 ਸਤੰਬਰ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ ਮਿਤੀ 01 ਨਵੰਬਰ 2023 ਨੂੰ ਰਕਮ ਰੁਪਏ 18,28,929 (ਰੁਪਏ ਅਠਾਰਾਂ ਲੱਖ ਅਠਾਈ ਹਜ਼ਾਰ ਨੌਂ ਸੌ ਉੱਨਤੀ ਕੇਵਲ) ਦੀ ਵਸੂਲੀ ਹੇਠ ਹੋਵੇਗੀ। ਤੁਸੀਂ ਇਸ ਉੱਪਰ 2 ਨਵੰਬਰ 2023 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼/ਖਰਚੇ ਵੀ ਦੇਣਦਾਰ ਹੋ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐਸੇਟਸ ਦੀ ਪ੍ਰਾਪਤੀ ਲਈ ਉਪਲਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਇੰਤਕਾਲ ਬੈਨਾਮਾ ਨੰ. 5743 ਮਿਤੀ 11.11.2014 ਅਨੁਸਾਰ ਗੁਰਵਿੰਦਰ ਸਿੰਘ ਪੁੱਤਰ ਮਿੱਠਾ ਸਿੰਘ ਦੇ ਨਾਂਅ ਜਾਇਦਾਦ/ਬੂਥ ਨੰ. 459 ਰਕਬਾ 33.75 ਵਰਗ ਗਜ਼, ਨਵੀਂ ਦਾਣਾ ਮੰਡੀ ਭਗਤਾਂਵਾਲਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ-ਪੂਰਬ : ਖਾਲੀ ਪਲਾਟ, ਕਮ ਬੂਥ ਨੰ. 458, ਪੱਛਮ : ਬੂਥ ਨੰ. 460, ਉੱਤਰ : ਰੋਡ-ਕਮ-ਵਰਕਿੰਗ ਏਰੀਆ, ਦੱਖਣ : ਵਰਕਿੰਗ ਏਰੀਆ।

ਮਿਤੀ : 15 ਸਤੰਬਰ 2024, ਸਥਾਨ : ਅੰਮ੍ਰਿਤਸਰ ਸਹੀ/-(ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

**ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ**

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਕੰਪਨੀਜ਼ ਐਕਟ 1956 ਤਹਿਤ ਇਕ ਕਾਰਪੋਰੇਟ ਅਦਾਰਾ ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ, 37, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਕੰਗਣਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਜਸਵੰਤ ਸਿੰਘ ਬਿੰਦ ਪੁੱਤਰ ਇਕਬਾਲ ਸਿੰਘ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਕੋਟ ਈਸੇ ਖਾਂ, ਮੋਗਾ।
2. ਪਰਮਜੀਤ ਕੌਰ ਪਤਨੀ ਜਸਵੰਤ ਸਿੰਘ ਬਿੰਦ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਕੋਟ ਈਸੇ ਖਾਂ, ਮੋਗਾ।
3. ਦਲਬੀਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਤੇ ਡਾਕ. ਕਿੱਲੀ ਗਾਂਧਰਾਂ, ਮੋਗਾ, ਕਾਦਰਵਾਲਾ।
4. ਇਕਬਾਲ ਸਿੰਘ ਪੁੱਤਰ ਉੱਤਮ ਸਿੰਘ ਵਾਸੀ ਅਲਾਬਾਦ ਵਸਤੀ, ਫਤਿਹਗੜ੍ਹ ਪੰਜਤੂਰ, ਮੋਗਾ, ਕੋਟ ਈਸੇ ਖਾਂ।

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਪਹਿਲੀ ਵਾਰ ਭੇਜੇ ਗਏ ਨੋਟਿਸ ਇਨਕਾਰੀ ਟਿੱਪਣੀ ਨਾਲ ਪ੍ਰਾਪਤ ਹੋਏ। ਜਵਾਬਦੇਹਾਂ ਨੂੰ ਦੂਜੀ ਵਾਰ ਫਿਰ ਭੇਜੇ ਗਏ ਨੋਟਿਸ ਇਨਕਾਰੀ ਟਿੱਪਣੀ ਨਾਲ ਪ੍ਰਾਪਤ ਹੋਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 25.10.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫ਼ਾ ਕਾਰਵਾਈ ਕਰ ਦਿੱਤੀ ਜਾਵੇਗੀ।

ਸੁਖਜੀਤ ਸਿੰਘ ਜੌਲੀ
ਮਿਤੀ : 13/09/2024 ਸਥਾਨ : ਜਲੰਧਰ ਸਾਲਸ

**ਬੋਲੀ ਬੱਸ ਸਟੈਂਡ ਗ੍ਰਾਮ ਪੰਚਾਇਤ ਕਲਾਨੌਰ ਸਾਲ 2024-2025**

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਦੇ ਬੱਸ ਸਟੈਂਡ ਦੀ ਬੋਲੀ (ਵਿੱਤੀ ਸਾਲ 2024-2025 ਮਿਤੀ 1.10.2024 ਤੋਂ 31.09.2025 ਵਾਸਤੇ) ਮਿਤੀ 19.09.2004 ਦਿਨ ਸ਼ੁੱਕਰਵਾਰ ਨੂੰ ਸਵੇਰੇ 11.00 ਵਜੇ ਬੀ ਡੀ ਪੀ ਓ ਦਫਤਰ ਕਲਾਨੌਰ ਵਿਖੇ ਮਾਣਯੋਗ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਕਲਾਨੌਰ ਜੀ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ। ਬੋਲੀ ਦੀ ਸਾਰੀ ਰਕਮ ਮੌਕੇ 'ਤੇ ਨਗਦ ਵਸੂਲ ਕੀਤੀ ਜਾਵੇਗੀ। ਬੋਲੀ ਤੋਂ ਪਹਿਲਾਂ ਬੋਲੀ ਦੇ ਚਾਹਵਾਨ ਵਿਅਕਤੀਆਂ ਪਾਸੋਂ 50000/- ਬਤੌਰ ਸਕਿਉਰਟੀ ਜਮ੍ਹਾਂ ਕਰਾਉਣੀ ਹੋਵੇਗੀ। ਜੋ ਮੋੜਨਯੋਗ ਹੋਵੇਗੀ। ਬੋਲੀ ਕੈਂਸਲ ਕਰਨ ਜਾਂ ਅੱਗੇ ਪਾਉਣ ਦਾ ਅਧਿਕਾਰ ਬੋਲੀ ਕਰਤਾ ਅਧਿਕਾਰੀ ਪਾਸ ਹੋਵੇਗਾ। ਬੋਲੀ ਕਰਾਉਣ ਸਮੇਂ ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਸੁਣਾਈਆਂ ਜਾਣਗੀਆਂ।

ਸਹੀ/-
ਸ੍ਰੀਮਤੀ ਨੀਰੂ ਬਾਲਾ
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
ਕਲਾਨੌਰ

# ਕਲਾਸੀਫਾਈਡ ਇਸ਼ਤਿਹਾਰ

**ਆਮ ਸੂਚਨਾ**

ਮੈਂ, ਬਲਵੀਰ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਸਰਹੰਦ ਰੋਡ ਭਾਦਸੋਂ, ਸਬ-ਤਹਿਸੀਲ ਭਾਦਸੋਂ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੇਰੇ ਦੋ ਨਾਂਅ ਬਲਵੀਰ ਸਿੰਘ (Balvir Singh) ਉਰਫ ਬਲਬੀਰ ਸਿੰਘ (Balbir Singh) ਹਨ। ਇਹ ਦੋਵੇਂ ਨਾਂਅ ਸਹੀ-ਵਾ ਦਰੁਸਤ ਹਨ।

ਮੈਂ, ਕਰਨੈਲ ਸਿੰਘ ਪੁੱਤਰ ਸ. ਸੁਰਜੀਤ ਸਿੰਘ ਵਾਸੀ ਪਿੰਡ ਤੇ ਡਾਕ. ਨਾਗਰਾ ਤਹਿ. ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਇੱਕ ਲੜਕਾ ਅਮੋਲਕ ਸਿੰਘ ਜਿਸ ਨੂੰ ਮੈਂਨੇ ਆਪਣੀ ਤਮਾਮ ਚੱਲ ਵਾ ਅਚੱਲ ਜ਼ਮੀਨ ਜਾਇਦਾਦ ਵਿੱਚੋਂ ਬੇਦਖਲ ਕੀਤਾ ਸੀ। ਹੁਣ ਮੇਰਾ ਉਕਤ ਲੜਕਾ ਮੇਰੇ ਕਹਿਣੇ ਵਿੱਚ ਹੈ ਅਤੇ ਮੇਰੀ ਹਰ ਤਰ੍ਹਾਂ ਨਾਲ ਦੇਖਭਾਲ ਵਾ ਟਹਿਲ ਸੇਵਾ ਕਰਦਾ ਹੈ ਜਿਸ ਤੋਂ ਮੈਂ ਬਹੁਤ ਖੁਸ਼ ਹਾਂ ਇਸ ਲਈ ਮੈਂ ਆਪਣੇ ਉਕਤ ਲੜਕੇ ਅਮੋਲਕ ਸਿੰਘ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜ਼ਮੀਨ ਜਾਇਦਾਦ ਵਿੱਚ ਮੁੜ ਵਾਪਿਸ ਬਹਾਲ ਕਰਦਾ ਹਾਂ। ਭਵਿੱਖ ਵਿੱਚ ਉਕਤ ਲੜਕੇ ਅਮੋਲਕ ਸਿੰਘ ਦਾ ਮੇਰੀ ਤਮਾਮ ਚੱਲ ਵਾ ਅਚੱਲ ਜ਼ਮੀਨ ਜਾਇਦਾਦ ਵਿੱਚ ਹਰ ਤਰ੍ਹਾਂ ਨਾਲ ਹੱਕ ਹੋਵੇਗਾ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 02/43 ਹੈ ਜੋ ਕਿ ਗੁਰਦਾਸ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਆਲਮਪੁਰ ਬੋਦਲਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਅਮਰਜੀਤ ਕੌਰ ਪਤਨੀ ਜਰਨੈਲ ਸਿੰਘ ਵਾਸੀ ਆਲਮਪੁਰ ਬੋਦਲਾ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬੁਢਲਾਡਾ ਵਿਖੇ ਸੰਪਰਕ ਕਰ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ. (ਵੰਡ) ਉਪ ਮੰਡਲ, ਬੁਢਲਾਡਾ

**ਬੇਦਖਲੀ ਨੋਟਿਸ**

ਅਸੀਂ ਵਿਸ਼ਵਾ ਮਿੱਤਰ ਪੁੱਤਰ ਮਾਇਆ ਰਾਮ ਅਤੇ ਸੁਨੀਤਾ ਪਤਨੀ ਵਿਸ਼ਵਾ ਮਿੱਤਰ ਵਾਸੀਆਨ 887, 5, ਡਾ. ਹੇਤ ਰਾਮ ਕਲੋਨੀ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਸ਼ੁਸ਼ੀਲ ਕੁਮਾਰ ਨੂੰਹ ਜੋਤੀ ਜੋ ਸਾਡੇ ਕਹਿਣੇ ਵਿੱਚ ਨਹੀ ਹਨ, ਸਾਡੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਭੁੱਕਵੀ ਅਣਭੁੱਕਵੀ ਜਾਇਦਾਦ ਤੋ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਅਸੀਂ ਅਤੇ ਸਾਡੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਸਾਡਾ ਸ਼ੁਸ਼ੀਲ ਕੁਮਾਰ ਅਤੇ ਉਸਦੇ ਪਰਿਵਾਰ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ, ਰਾਮ ਕੁਮਾਰ ਪੁੱਤਰ ਰਾਮ ਚਰਨ ਵਾਸੀ ਨਵਾ ਸਤੀਏ ਵਾਲਾ, ਡਾਕਖਾਨਾ ਐੱਸ ਬੀ ਐੱਸ ਇੰਜੀਨੀਅਰਿੰਗ ਕਾਲਜ, ਫਿਰੋਜ਼ਪੁਰ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਅਤੇ ਮੇਰੀ ਨੂੰਹ ਪ੍ਰੀਤੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ੍ਰੀਮਤੀ ਮੋਨਿਕਾ ਪਤਨੀ ਲੇਟ ਸੁਭਾਸ਼ ਚੰਦਰ ਵਾਸੀ ਕਸਬਾ ਰਮਦਾਸ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਸੁਨੇਹਾ (ਗੋਦ ਲਈ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਖਵੰਤ ਕੌਰ ਪਤਨੀ ਸਵ: ਸੁਖਜਿੰਦਰ ਸਿੰਘ ਵਾਸੀ ਪਿੰਡ ਦਸਮੇਸ਼ ਨਗਰ (ਲੋਲਾ) , ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਜਗਮੀਤ ਕੌਰ ਪਤਨੀ ਪ੍ਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਅਮਰਜੀਤ ਸਿੰਘ ਪੁੱਤਰ ਸਰਦਾਰਾ ਰਾਮ, ਵਾਸੀ ਪਿੰਡ ਅਜ਼ਫਰਪੁਰ, ਭੋਜੋਵਾਲ, ਜਿਲਾ ਜਲੰਧਰ (ਪੰਜਾਬ) ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਯੋਗੇਸ਼ ਜੌੜਾ ਅਤੇ ਇਸਦੀ ਪਤਨੀ ਨਿਸ਼ਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

**ਨਾਂਅ ਦੀ ਬਦਲੀ**

ਮੈਂ ਗੌਰਵ ਕੁਮਾਰ ਦੀਕਸ਼ਿਤ ਪੁੱਤਰ ਅਸ਼ੋਕ ਕੁਮਾਰ ਵਾਸੀ ਤਪਾ ਜ਼ਿਲ੍ਹਾ ਬਰਨਾਲਾ ਨੇ ਆਪਣਾ ਨਾਂਅ ਗੌਰਵ ਕੁਮਾਰ ਦੀਕਸ਼ਿਤ ਤੋਂ ਬਦਲ ਕੇ ਗੌਰਵ ਕੁਮਾਰ ਰੱਖ ਲਿਆ ਹੈ।

ਮੈਂ ਮੋਨਿਕਾ ਰਾਣੀ ਪੁੱਤਰੀ ਬਲਦੇਵ ਰਾਜ ਵਾਸੀ ਪਿੰਡ ਚਿੱਟੀ, ਜ਼ਿਲ੍ਹਾ ਜਲੰਧਰ ਨੇ ਆਪਣੀ ਲੜਕੀ ਦਾ ਨਾਂਅ ਪਲਵੀ ਤੋਂ ਬਦਲ ਕੇ ਪੱਲਵੀ ਅਰੋੜਾ ਰੱਖ ਲਿਆ ਹੈ। (ਬੀ)

ਮੈਂ, ਰਜਨੀ ਬਾਲਾ ਪੁੱਤਰੀ ਵੇਦ ਪ੍ਰਕਾਸ਼, ਪਤਨੀ ਸ਼ਿਵੇਂਦੂ ਅੱਗਰਵਾਲ, ਵਾਸੀ 28ਏ, ਰਾਮਬਾਗ ਕਾਲੋਨੀ, ਪਟਿਆਲਾ ਨੇ ਆਪਣਾ ਨਾਮ ਬਦਲ ਕੇ ਰਜਨੀ ਅੱਗਰਵਾਲ ਰੱਖ ਲਿਆ ਹੈ।

**Change of Name**

I, Kuldeep Singh S/o Kartar Singh R/o Village Warring, PO. Mohanpura, Tehsil & District Tarn Taran have changed my name from Kuldeep Singh to Kuldip Singh.

I, Ajay Kumar S/o Raj Kumar R/o Guru Amardas Colony Near Green City Naraingarh Chheharta, Amritsar have changed my minor son's name from Ajush to Ajush Kumar

I Karanbeer Singh S/o Sawinder Singh R/o VPO Kot Khehra Tehsil Baba Bakala Amritsar have changed my name from Karanbeer Singh to Given name Karanbeer Surname Singh

I, Avtar Singh S/o Gulzar Singh R/o H.No.E/7-4308, Gali No.7, Bhalla Colony Chheharta, Amritsar have changed my name from Avtar Singh to Avtar Singh Sandhu

I Beenu Khanna W/o Rajiv Khanna R/o H.No 271 Silver Oak Encleve Loharka Road Amritsar 143001 have changed my name to Benu Khanna

I Rajeev Khanna S/o Madan Mohan Khanna R/o H.No 271 Silver Oak Encleve Loharka Road Amritsar 143001 have changed my name to Rajiv Khanna

I Rajesh Kumar S/o Bishamber Nath Resident of 1956, Gali Kharas wali, I/s Mahan Singh Gate, Amritsar. I have changed my name from Rajesh Kumar to Rajesh Kumar Digwa.

I,Sukhpreet Kaur W/O Rahul Kumar R/O Village Dariayapur, Shaheed Bhagat Singh Nagar,144517,Punjab. I Have Changed My Name Sukhpreet To Sukhpreet Kaur.

I,Karmjit Singh S/O Mukhtiar Singh R/O 252-53,Gali Gurudware Wali,Bhinder Colony,Chatiwind Fatak, Tarn Taran Road,Gilwali, Amritsar,Punjab have changed my name from Karmjit Singh to Karamjit Singh.Concerned note.

I,Amarprit Kaur W/O Karamjit Singh R/O 252-53,Gali Gurudware Wali, Bhinder Colony,Chatiwind Fatak,Tarn Taran Road, Gilwali, Amritsar,Punjab have changed my name from Amarprit Kaur to Amarpreet Kaur. Concerned note.

I, Kulwinder Kumar son of Parkash Ram resident of Village Partabpura, Tehsil Phillour District Jalandhar declare that my daughter's name is Diksha. Now his name has been changed from Diksha to Diksha Rattu. To make related notes.

I, Goldy S/o Sarabjit Singh R/o Ram Tirth Road, Eesa Nagar Batala, Teh.Batala, Distt. Gurdaspur that I have changed my name Goldy to Singh is my Surname and given name is Goldy. All concerned please note.

I, Vijay Kumar S/o Krishan Gopal R/o V.P.O. Depur, Tehsil Mukerian, Distt. Hoshiarpur declare that my minor daughter's name wrongly written Shivangi in her Middle, Matric Certificates issued by Punjab School Education Board. According to her Birth Certificate, Aadhar Card her correct name is Shivangi Sharma be amended in her Middle, Matric Certificate (Dogra)

**Change of Name**

I, Retika Kalra W/o Kamal Nayan Kalra R/o 224-B, G.T Road, Surya Enclave, Jalandhar Punjab declare that I have changed my name from Retika Kalia To Retika Kalra after marriage. Please note (R)

I, Kulwinder Kaur W/o Mohinder Singh R/o H.No. 101, Max City, Kale Ghanupur, Chheharta, Amritsar, Punjab-143105 have changed my name from Kulwinder Kaur to Kulvinder Kaur.

I, Harcharan Singh S/o Mohinder Saini R/o V.P.O. Jaja, Tehsil Dasuya (Hoshiarpur), Punjab, India, have changed my name to Harcharan Saini. All concerned please note.

I, Ranjana W/o Rakesh Kumar R/o H.No. B3/154, Guru Nanak Nagar, Batala, Distt. Gurdspur, Punjab have changed my name from Ranjana to Rachna. All concerned please note.

I, Amandeep Singh Kalyan S/O Amrit Singh, R/o House Number E-4, Street Number 1, Officer Colony, Mangwal, Sangnur, Punjab-148001, have changed my name and shall hereafter be Known as Amandeep Singh.

I, Gulab Pati, W/O Babu Ram Verma R/o House No-2259 Street No-3, Arjun Nagar, Radha Swami Road, Ludhiana, Punjab-141003. have changed my name and shall hereafter be Known as Urmila Devi.

I, Diwakar Jha son of Ram Anuj resident of Near Vikas Model School, Bachint Nagar, Reru Pind, Jalandhar, Punjab, India have changed my name from Diwakar Jha to Diwakar. All concerned please note.

I, Ramanuj Jha son of Brham Dev resident of Near Vikas Model School, Bachint Nagar, Reru Pind, Jalandhar, Punjab, India have changed my name from Ramanuj Jha to Ram Anuj. All concerned please note.

I, Meena Devi Jha wife of Ram Anuj resident of Near Vikas Model School, Bachint Nagar, Reru Pind, Jalandhar, Punjab, India have changed my name from Meena Devi Jha to Meena Devi. All concerned please note.

I, Jaswinder Kaur W/o Sukhbir Singh R/o Vill. Kalar, P.O. Gujjarpura, Tehsil Batala, Distt. Gurdaspur that I have changed my name Jaswinder Kaur to Kaur is my Surname and given name is Jaswinder Kaur. All concerned please note.

I, Sukhbir Singh S/o Darshan Singh R/o Vill. Kalar, P.O. Gujjarpura, Tehsil Batala, Distt. Gurdaspur that I have changed my name from Sukhbir Singh to Singh is my Surname and given name is Sukhbir All concerned please note.

I, Harmandeep S/o Joginder Singh R/o Village Dhandauri Distt. Jalandhar 144102 Punjab have changed my name from Harmandeep to Harmandeep Thind. Concerned note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੱਚ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ : ਬਰਸਟ

ਮੋਹਾਲੀ/ਚੰਡੀਗੜ੍ਹ (ਗੁਰਜੀਤ ਬਿੱਲਾ ) - ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਮਿਲਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ। ਇਸ ਨੂੰ ਸੱਚ ਦੀ ਜਿੱਤ ਕਰਾਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਾਨੂੰ ਮਾਨਯੋਗ ਸੁਪਰੀਮ ਕੋਰਟ 'ਤੇ ਪੂਰਾ ਯਕੀਨ ਸੀ, ਕਿਉਂਕਿ ਸੱਚ ਨੂੰ ਜ਼ਿਆਦਾ ਸਮੇਂ ਤੱਕ ਛੁਪਾ ਕੇ ਨਹੀਂ ਰੱਖਿਆ ਜਾ ਸਕਦਾ। ਕਦੇ ਨਾ ਕਦੇ ਇਹ ਸਾਰਿਆਂ ਦੇ ਸਾਹਮਣੇ ਆ ਹੀ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ ਦੀ ਹਨੇਰੀ ਨੂੰ ਰੋਕਣ, ਬਦਲੇ ਦੀ ਭਾਵਨਾ ਅਤੇ ਵਿਰੋਧੀਆਂ ਨੂੰ ਦਬਾਉਣ ਦੇ ਉਦੇਸ਼ ਨਾਲ ਕਾਰਜ ਕੀਤੇ ਜਾ ਰਹੇ ਹਨ। ਇਸੇ ਲਈ ਵਿਰੋਧੀ ਪਾਰਟੀਆਂ ਖਿਲਾਫ਼ ਝੂਠੇ ਕੇਸ ਦਰਜ ਕਰਕੇ ਜਾਂਚ ਨੂੰ ਲੰਮਾ ਖਿੱਚਿਆ ਜਾਂਦਾ ਹੈ, ਤਾਂ ਜੋ ਲੋਕਾਂ ਨੂੰ ਵਰਗਲਾਇਆ ਜਾ ਸਕੇ। ਪਰ ਸੁਪਰੀਮ ਕੋਰਟ ਦੇ ਫੈਸਲੇ ਨੇ ਕੇਂਦਰ ਸਰਕਾਰ ਦੇ ਇਸ ਤਾਨਾਸ਼ਾਹੀ ਰਵੱਈਏ ਨੂੰ ਕਰਾਰਾ ਜਵਾਬ ਦਿੱਤਾ ਹੈ। ਇਹ ਫੈਸਲਾ ਨਿਆਂ ਪ੍ਰਣਾਲੀ ਅਤੇ ਦੇਸ਼ ਵਾਸੀਆਂ ਦੀਆਂ ਭਾਵਨਾਵਾਂ ਤੇ ਵਿਸ਼ਵਾਸ ਦੀ ਜਿੱਤ ਹੈ। ਇਸ ਦੇਸ਼ ਵਿੱਚ ਅਰਵਿੰਦ ਕੇਜਰੀਵਾਲ ਵਰਗਾ ਕੋਈ ਵੀ ਇਮਾਨਦਾਰ ਅਤੇ ਦੇਸ਼ ਭਗਤ ਨੇਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੱਚ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਹੁਣ ਪਾਰਟੀ ਆਗੂਆਂ ਵੱਲੋਂ ਜ਼ੋਰਦਾਰ ਪ੍ਰਚਾਰ ਕੀਤਾ ਜਾਵੇਗਾ ਅਤੇ ਕੇਂਦਰ ਸਰਕਾਰ ਦਾ ਅਸਲ ਚਿਹਰਾ ਲੋਕਾਂ ਨੂੰ ਵਿਖਾਇਆ ਜਾਵੇਗਾ।

## ਸ਼ੀਤਲਾ ਮਾਤਾ ਮੰਦਰ ਕਮੇਟੀ ਵੱਲੋਂ ਸੁਖਜਿੰਦਰ ਸਿੰਘ ਲੰਗਾਹ ਸਨਮਾਨਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੀ ਦਾਣਾ ਮੰਡੀ ਸਥਿਤ ਪੁਰਾਤਨ ਸ਼ੀਤਲਾ ਮਾਤਾ ਮੰਦਿਰ ਵਿਖੇ ਵੈਸ਼ਨੋ ਭਜਨ ਮੰਡਲੀ ਸ਼ੀਤਲਾ ਵੈੱਲਫੇਅਰ ਲੋਕ ਹਿੱਤ ਸੁਸਾਇਟੀ ਰਜਿ; ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ ਅੱਜ 53ਵਾਂ ਸਾਲਾਨਾ ਜਾਗਰਣ ਤੇ ਭੰਡਾਰਾ ਕਰਵਾਇਆ ਗਿਆ ।ਸ਼੍ਰੀ ਰਾਮਾਇਣ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਿਲਾ ਕੀਰਤਨ ਮੰਡਲੀ ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮੰਦਰ ਦੇ ਮੁੱਖ ਪੁਜਾਰੀ ਪੰਡਤ ਬੂਹਵਨ ਸ਼ਾਸਤਰੀ ਦੀ ਅਗਵਾਈ ਵਿੱਚ ਮੰਦਰ ਕਮੇਟੀ ਵੱਲੋਂ ਮਾਤਾ ਦੀ ਲਾਲ ਚੁੰਨੀ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ।

ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ ।ਇਸ ਮੌਕੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ, ਪੰਡਤ ਬੂਹਵਨ ਸ਼ਾਸਤਰੀ, ਮਾਸਟਰ ਮੁਕੇਸ਼ ਸ਼ਰਮਾ, ਰਾਜ ਕੁਮਾਰ, ਜੇਈ ਰੁਪਿੰਦਰ ਕੁਮਾਰ, ਰਵਿੰਦਰ ਸਿੰਘ ਬੇਦੀ, ਮਾਸਟਰ ਓਮ ਪ੍ਰਕਾਸ਼ ਸ਼ਰਮਾ, ਨਰਿੰਦਰ ਕੁਮਾਰ, ਤੇਜਬੀਰ ਸਿੰਘ ਦਿਉਲ, ਗੁਰਪ੍ਰੀਤ ਸਿੰਘ ਬਾਦਲ, ਸਤਨਾਮ ਸਿੰਘ ਠੇਠਰਕੇ, ਜਸਪਿੰਦਰ ਸਿੰਘ ਝੰਗੀ, ਹਰਸਿਮਰਤ ਸਿੰਘ ਵੇਰੋਕੇ, ਬਲਜੀਤ ਸਿੰਘ ਖੰਨਾ, ਬਿੱਲਾ ਝੰਗੀ, ਗੋਰਾ ਗੁਰਚੱਕ, ਰਸ਼ਪਾਲ ਸਿੰਘ ਤਲਵੰਡੀ ਹਿੰਦੂਆਂ, ਬਬਲੂ ਪੱਖੋਕੇ, ਪਲਵਿੰਦਰ ਸਿੰਘ ਲੋਪਾ, ਗੁਰਜਿੰਦਰ ਸਿੰਘ ਅਠਵਾਲ, ਸ਼ੇਰਾ ਧਾਰੀਵਾਲ, ਸਾਹਿਲ ਦੀਪ ਸਿੰਘ, ਮਾਸਟਰ ਦਵਿੰਦਰ ਕੁਮਾਰ, ਮਾਸਟਰ ਸੰਜੀਵ ਸਰਨਾ, ਨੀਰਜ ਕੁਮਾਰ ਟਿੰਕੂ, ਨਰੇਸ਼ ਕੁਮਾਰ, ਯਸ਼ਪਾਲ, ਬਾਵਾ ਦਾਸ ਬਟਾਲਾ, ਬੱਬੀ ਅੰਮ੍ਰਿਤਸਰ, ਡਾ: ਸੁਧੀਰ ਸ਼ਰਮਾ, ਰਮਨਦੀਪ ਸਿੰਘ ਬੇਦੀ, ਕਰਨਦੀਪ, ਅਭੇ ਸ਼ਰਮਾ, ਨਵੀ ਸ਼ਰਮਾ, ਅਸ਼ੋਕ ਕੁਮਾਰ ਮਹਿਰਾ, ਗੁਰਮੁੱਖ ਸਿੰਘ ਫੌਜੀ ਮਸ਼ਰਾਲਾ, ਕੇਤਨ ਕੁਮਾਰ, ਅਭੀ ਢਿੱਲੋਂ, ਤੇਜਬੀਰ ਸਿੰਘ ਦਿਉਲ, ਗੁਰਪ੍ਰੀਤ ਸਿੰਘ ਬਾਦਲ, ਸਤਨਾਮ ਸਿੰਘ ਠੇਠਰਕੇ, ਜਸਪਿੰਦਰ ਸਿੰਘ ਝੰਗੀ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

**Public Notice**

I, Ravnit Singh S/o Manjit Singh R/o 440/1, Opp. SSP Residence, Civil Lines Gurdaspur, Tehsil/Distt. Gurdaspur, Punjab-143521, declare that in my share Certificate No. 000190690. My name Ranpeet Singh is wrong. But my name Ravnit Singh is correct.

**Change of Name**

I, Amarjit Kaur W/o Manjit Singh R/o 440/1, Opp. SSP Residence, Civil Lines Gurdaspur, Tehsil/Distt. Gurdaspur, Punjab-143521, have changed my name from Amarjit Kaur to Amarjit Kaur Samra.

I, Parneet Kaur D/o Manjit Singh W/o Jaswinder Pal Singh Ghuman R/o 367, Green Avenue, Amritsar, Punjab-143001, have changed my name from Parneet Kaur to Parneet Kaur Ghuman.

**ਬੇਦਖਲੀ ਨੋਟਿਸ**

ਅਸੀ ਸਵਰਨ ਸਿੰਘ ਪੁੱਤਰ ਸਾਧੂ ਸਿੰਘ ਅਤੇ ਊਸ਼ਾ ਪਤਨੀ ਸਵਰਨ ਸਿੰਘ, ਵਾਸੀਆਨ ਪਿੰਡ ਨਵਾਂ ਪਿੰਡ ਭੱਠੇ, ਤਹਿਸੀਲ ਵਾ ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਪ੍ਰੀਤ ਸਿੰਘ, ਨੂੰਹ ਮਨਦੀਪ ਕੌਰ ਅਤੇ ਪੋਤਰੀ ਨੂਰਪ੍ਰੀਤ ਕੌਰ ਸਾਡੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਅਸੀ ਆਪਣੇ ਉਕਤ ਲੜਕੇ, ਉਸਦੀ ਪਤਨੀ ਅਤੇ ਉਸਦੀ ਲੜਕੀ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਤਿੰਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਸਾਡੀ ਜਾਂ ਸਾਡੇ ਪਰਿਵਾਰ ਦੇ ਹੋਰ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

## ਹਾਈਵੇ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਗ੍ਰਿਫ਼ਤਾਰ

ਫਗਵਾੜਾ (ਡਾ. ਰਮਨ)- ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਦੀ ਸਬ ਡਵੀਜ਼ਨ ਫਗਵਾੜਾ ਪੁਲਸ ਟੀਮ ਵੱਲੋਂ ਹਾਈਵੇ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 2 ਮੈਂਬਰਾਂ ਨੂੰ 1 ਮੋਟਰਸਾਈਕਲ ਬਿਨਾਂ ਨੰਬਰੀ, 2 ਦਾਤਰ ਅਤੇ 5,000 ਰੁਪਏ ਨਗਦੀ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ। ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਨੇ ਪ੍ਰੈਸ ਨੂੰ ਦੱਸਿਆ ਕਿ ਉਹਨਾਂ ਦੀ ਸੁਪਰਵੀਜ਼ਨ ਹੇਠ ਅਤੇ ਜਸਪ੍ਰੀਤ ਸਿੰਘ ਉੱਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਦੀ ਨਿਗਰਾਨੀ ਹੇਠ ਅਤੇ ਸਬ ਇੰਸਪੈਕਟਰ ਅਮਨਦੀਪ ਕੁਮਾਰ 38/ਜੇ.ਆਰ. ਮੁੱਖ ਅਫਸਰ ਥਾਣਾ ਸਦਰ ਫਗਵਾੜਾ ਵੱਲੋਂ 7 ਸਤੰਬਰ ਨੂੰ ਉਪਿੰਦਰ ਦਾਸ ਪੁੱਤਰ ਪੂਜਨ ਦਾਸ ਵਾਸੀ ਐਸ.ਪੀ. ਕਲੋਨੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਪਾਸੋਂ 2 ਵਿਅਕਤੀਆਂ ਨੇ ਦਾਤਰ ਦੀ ਨੋਕ 'ਤੇ 11000 ਰੁਪਏ ਖੋਹ ਹੋਣ ਦੀ ਸੂਚਨਾ ਪ੍ਰਾਪਤ ਹੋਣ 'ਤੇ ਮੁਕੱਦਮਾ ਥਾਣਾ ਸਦਰ ਫਗਵਾੜਾ ਦਰਜ ਰਜਿਸਟਰ ਕਰਕੇ ਦੋਸ਼ੀਆਂ ਦੀ ਤੈਅ ਤੱਕ ਡੂੰਘਾਈ ਨਾਲ ਪਹੁੰਚ ਕੇ ਹਨੀ ਕੁਮਾਰ ਪੁੱਤਰ ਮੱਖਣ ਸਿੰਘ ਅਤੇ ਸੁਨੀਲ ਕੁਮਾਰ ਪੁੱਤਰ ਗੁਰਮੀਤ ਰਾਮ ਵਾਸੀਆਨ ਪਿੰਡ ਸਲੋਅ ਥਾਣਾ ਸਿਟੀ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ ਖੋਹ ਕੀਤੀ ਰਕਮ ਵਿੱਚੋਂ 5000 ਰੁਪਏ, ਇੱਕ ਮੋਟਰਸਾਈਕਲ ਬਿਨਾਂ ਨੰਬਰੀ ਅਤੇ 2 ਦਾਤਰ ਬ੍ਰਾਮਦ ਕੀਤੇ। ਜਿਹਨਾਂ ਨੇ ਪੁਲਿਸ ਨੂੰ ਦੱਸਿਆ ਕਿ ਉਹਨਾਂ ਵੱਲੋਂ 8 ਅਗਸਤ ਨੂੰ ਥਾਣਾ ਸਤਨਾਮਪੁਰਾ ਦੇ ਪਿੰਡ ਅਠੌਲੀ ਵਿੱਚੋਂ ਠੇਕਾ ਲੁੱਟਣ ਦੀ ਨੀਅਤ ਨਾਲ ਕਰਿੰਦੇ 'ਤੇ ਹਮਲਾ ਕੀਤਾ ਸੀ। ਜਿਹਨਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇ, ਜਿਸ ਪਾਸੋਂ ਹੋਰ ਵੀ ਅਹਿਮ ਸਨਸਨੀਖੇਜ਼ ਖੁਲਾਸੇ ਹੋਣ ਦੀ ਸੰਭਾਵਨਾ ਹੈ।

# 22 ਅਕਤੂਬਰ ਦੀ ਚੰਡੀਗੜ੍ਹ ਸੂਬਾਈ ਰੈਲੀ ਦਾ ਮੁੱਖ ਮੰਤਰੀ ਦੇ ਨਾਂਅ ਭੇਜਿਆ ਨੋਟਿਸ




**ਫ਼ਗਵਾੜਾ** (ਡਾ. ਰਮਨ, ਜਸਵਿੰਦਰ ਢੱਡਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਫ਼ਗਵਾੜਾ ਦੇ ਆਗੂਆਂ ਹੰਸ ਰਾਜ ਬੰਗੜ ਅਤੇ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਟਾਊਨ ਹਾਲ ਫਗਵਾੜਾ ਵਿਖੇ ਮੀਟਿੰਗ ਕਰਕੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ 29 ਅਗਸਤ ਦੀ ਲੁਧਿਆਣਾ ਮੀਟਿੰਗ ਦੇ ਕੀਤੇ ਗਏ ਫੈਸਲਿਆਂ ਅਨੁਸਾਰ 18 ਸਤੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ 'ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਣ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕੁਲਦੀਪ ਸਿੰਘ ਕੌੜਾ, ਸੀਤਲ ਰਾਮ ਬੰਗਾ, ਕੇ ਕੇ ਪਾਂਡੇ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਰੱਤੀ ਭਰ ਵੀ ਗੰਭੀਰ ਨਹੀਂ ਹੈ। ਮੰਗਾਂ ਨੂੰ ਲਾਗੂ ਕਰਨ ਲਈ ਪਿਛਲੇ ਢਾਈ ਸਾਲਾਂ ਤੋਂ ਲਾਰੇ ਲੱਪੇ ਵਾਲੀ ਪਹੁੰਚ ਅਖਤਿਆਰ ਕੀਤੀ ਹੋਈ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਬਾਨਵੇਂ ਵਿਧਾਇਕਾਂ ਦੀ ਗਿਣਤੀ ਦੇ ਹੰਕਾਰ ਅਤੇ ਘੁਮੰਡ ਵਿੱਚ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਵਾਰ ਮੀਟਿੰਗ ਕਰਨ ਤੋਂ ਭੱਜ ਰਿਹਾ ਹੈ ਅਤੇ ਮੰਗਾਂ ਨੂੰ ਲਾਗੂ ਕਰਨ ਲਈ ਕੋਈ ਵੀ ਗੰਭੀਰਤਾ ਨਹੀਂ ਦਿਖਾ ਰਿਹਾ। ਬਹੁਤ ਗਿਣਤੀ ਪੈਨਸ਼ਨਰ ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਨੂੰ ਉਡੀਕਦੇ ਉਡੀਕਦੇ ਅਗਲੇ ਜਹਾਨ ਨੂੰ ਕੂਚ ਕਰ ਚੁੱਕੇ ਹਨ। ਪੰਜਾਬ ਗੌਰਮਿੰਟ ਪੈਨਸ਼ਨਰ ਜੁਆਇੰਟ ਫਰੰਟ ਵਲੋਂ ਉਲੀਕੇ ਗਏ ਸੰਘਰਸ਼ ਦਾ ਵੇਰਵਾ ਦਿੰਦੇ ਹੋਏ ਦੱਸਿਆ ਕਿ 18 ਸਤੰਬਰ ਨੂੰ ਪੈਨਸ਼ਨਰ ਵੱਡੀ ਗਿਣਤੀ ਵਿੱਚ ਟਾਊਨ ਹਾਲ ਫਗਵਾੜਾ ਦੇ ਪਾਰਕ ਵਿੱਚ ਇਕੱਠੇ ਹੋ ਕੇ ਰੈਲੀ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂਅ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਪੈਨਸ਼ਨਰ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਣਗੇ। ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨ ਰੀਵਾਈਜ ਕਰਨ ਲਈ 2.59 ਦਾ ਗੁਣਾਂਕ ਲਾਗੂ ਕਰਨ,ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਜਾਰੀ ਕਰਨ, ਮੈਡੀਕਲ ਭੱਤਾ 3000 ਰੁਪਏ ਕਰਨ, ਕੈਸ਼ ਲੈੱਸ ਹੈਲਥ ਸਕੀਮ ਸੋਧ ਕੇ ਦੋਬਾਰਾ ਚਾਲੂ ਕਰਨ, ਡੀ ਏ ਦੀਆਂ 12 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਪਿਛਲੇ ਬਕਾਏ ਜਾਰੀ ਕਰਨ ਆਦਿ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ ਸੂਬਾਈ ਪੱਧਰ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਫ਼ਗਵਾੜਾ ਦੇ ਸਮੂਹ ਪੈਨਸ਼ਨਰ ਸਾਥੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ 18 ਸਤੰਬਰ ਨੂੰ ਠੀਕ 2:30 ਵਜੇ ਟਾਊਨ ਹਾਲ ਫਗਵਾੜਾ ਦੇ ਪਾਰਕ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜ ਕੇ, ਮੁੱਖ ਮੰਤਰੀ ਪੰਜਾਬ ਦੇ ਨਾਂਅ 22 ਅਕਤੂਬਰ ਦੀ ਸੂਬਾਈ ਰੈਲੀ ਦਾ ਨੋਟਿਸ ਭੇਜਣ ਦੇ ਐਕਸ਼ਨ ਨੂੰ ਕਾਮਯਾਬ ਕਰਨ ਲਈ ਆਪਣਾ ਆਪਣਾ ਬਣਦਾ ਯੋਗਦਾਨ ਪਾਓ ਤਾਂ ਜੋ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ।

# ਨਡਾਲੀ ਵਿਖੇ ਜੋੜ ਮੇਲਾ 20 ਨੂੰ



**ਅੱਡਾ ਸਰਾਂ/ਟਾਂਡਾ** (ਜਸਵੀਰ ਕਾਜਲ)- ਦਰਗਾਹ ਪੀਰ ਬਾਬਾ ਮਲੰਗ ਸ਼ਾਹ ਖ਼ਾਕੀ ਨਡਾਲੀ ਨੂਰਪੁਰ ਵਿਖੇ ਸਾਂਈ ਬਾਬਾ ਸਵਰੂਪ ਸ਼ਾਹ ਦੀ ਬਰਸੀ ਨੂੰ ਸਮਰਪਤ 14 ਵਾਂ ਸਲਾਨਾ ਜੋੜ ਮੇਲਾ ਗੱਦੀਨਸ਼ੀਨ ਮਾਤਾ ਗੁਰਮੇਲ ਕੌਰ ਦੀ ਰਹਿਨੁਮਾਈ ਹੇਠ 20 ਤਾਰੀਖ਼ ਨੂੰ ਸ਼ਰਧਾ ਪੂਰਵਕ ਮਨਾਇਆ ਜਾਵੇਗਾ ।ਇਸ ਸਬੰਧੀ ਸੇਵਾਦਾਰਾਂ ਨੇ ਦੱਸਿਆ ਕਿ ਇਸ ਮੌਕੇ ਮੁਕੱਦਸ ਦਰਗਾਹ 'ਤੇ ਚਾਦਰ, ਚਿਰਾਗ ਰੋਸ਼ਨ ਅਤੇ ਝੰਡੇ ਦੀ ਰਸਮ ਅਦਾ ਕਰਨ ਉਪਰੰਤ ਮਹਿਫ਼ਲ ਏ ਕਵਾਲ ਸਜਾਈ ਜਾਵੇਗੀ ਜਿਸ ਵਿਚ ਪੰਜਾਬ ਦੇ ਮਸ਼ਹੂਰ ਫਨਕਾਰ ਪੁਹੰਚ ਰਹੇ ਹਨ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।

# ਰਿਆਤ ਬਾਹਰਾ ਕਾਲਜ ਆਫ਼ ਲਾਅ 'ਚ ਵਿਦਿਆਰਥੀਆਂ ਨੂੰ ਦਿੱਤੇ ਸਫ਼ਲਤਾ ਦੇ ਮੰਤਰ



**ਹੁਸ਼ਿਆਰਪੁਰ** (ਬਲਵੀਰ ਸਿੰਘ ਸੈਣੀ)-ਰਿਆਤ ਬਾਹਰਾ ਕਾਲਜ ਆਫ਼ ਲਾਅ ਹੁਸ਼ਿਆਰਪੁਰ ਵਿਖੇ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਨ ਸਬੰਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਲਾਅ ਕਾਲਜ ਦੇ ਸਮੂਹ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸੇਵਾਮੁਕਤ ਬੀ ਐਸ ਐਫ ਆਈ ਜੀ ਮਧੂਸੂਦਨ ਸ਼ਰਮਾ ਅਤੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਅਹਿਮ ਨੁਕਤੇ ਸਾਂਝੇ ਕੀਤੇ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਇਸ ਪ੍ਰੋਗਰਾਮ ਦੇ ਉਦੇਸ਼ ਬਾਰੇ ਦੱਸਿਆ। ਮਧੂਸੂਦਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਵੈ-ਪ੍ਰਤੀਰੋਧਕਤਾ ਅਤੇ ਆਪਣੀ ਕਾਬਲੀਅਤ ਵਿੱਚ ਵਿਸ਼ਵਾਸ ਕਰਨਾ ਸਫਲਤਾ ਵੱਲ ਪਹਿਲਾ ਕਦਮ ਹੈ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਕਾਰਾਤਮਕ ਰਵੱਈਆ ਅਪਣਾਉਣਾ ਚਾਹੀਦਾ ਹੈ ਅਤੇ ਵਿਕਾਸ ਦੀ ਮਾਨਸਿਕਤਾ ਪੈਦਾ ਕਰਨੀ ਚਾਹੀਦੀ ਹੈ।ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ.ਆਰ.ਐਨ. ਸਿੰਘ ਨੇ ਸੈਮੀਨਾਰ ਵਿੱਚ ਭਾਗ ਲੈਣ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਸਟੇਜ ਸੰਚਾਲਕ ਦੀ ਭੂਮਿਕਾ ਡਾ. ਕੁਲਦੀਪ ਵਾਲੀਆ ਨੇ ਬਾਖੂਬੀ ਨਿਭਾਈ। ਇਸ ਮੌਕੇ ਡਾ. ਕਲਪਨਾ ਠਾਕੁਰ, ਪ੍ਰੋ. ਮੋਹਿਤ ਚੰਦਰ, ਪ੍ਰੋ: ਸਿਕੰਦਰ ਸਿੰਘ, ਪ੍ਰੋ: ਜਤਿੰਦਰ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ ।

# ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਸਭਾ ਕੀਤੀ



**ਹੁਸ਼ਿਆਰਪੁਰ,** (ਬਲਬੀਰ ਸਿੰਘ ਸੈਣੀ, ਓ ਪੀ ਰਾਣਾ)- ਇੱਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਹੁਸ਼ਿਆਰਪੁਰ ਵਿਖੇ 12 ਸਤੰਬਰ ਨੂੰ ਵਿਛੋੜਾ ਦੇ ਗਏ ਸੀ.ਪੀ.ਆਈ.(ਐਮ) ਦੇ ਜਨਰਲ ਸਕੱਤਰ ਸਾਥੀ ਸੀਤਾ ਰਾਮ ਯੈਚੂਰੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਸਭਾ ਕੀਤੀ ਗਈ। ਇਸ ਸਭਾ ਨੂੰ ਸੰਬੋਧਨ ਕਰਦਿਆਂ ਪਾਰਟੀ ਸੂਬਾ ਕਮੇਟੀ ਮੈਂਬਰ ਸਾਥੀ ਗੁਰਮੇਸ਼ ਸਿੰਘ ਨੇ ਉਨ੍ਹਾਂ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਨੇ ਦੱਸਿਆ ਕਿ ਯੈਚੂਰੀ ਨੇ ਫਿਰਕੂ ਅਤੇ ਫਾਸ਼ੀਵਾਦੀ ਆਰ.ਐਸ.ਐਸ. ਦੇ ਆਪਣੀਆਂ ਲਿਖਤਾਂ ਰਾਹੀਂ ਪੂਰੀ ਤਰ੍ਹਾਂ ਪਰਦੇਫਾਸ਼ ਕੀਤੇ। ਵਿਚਾਰਧਾਰਕ ਪੱਧਰ ਤੇ ਉਹਨਾਂ ਦੀਆਂ ਲਿਖਤਾਂ ਸਦਾ ਕਮਿਊਨਿਸਟ ਲਹਿਰ ਨੂੰ ਸੇਧਾਂ ਦਿੰਦੀਆਂ ਰਹਿਣਗੀਆਂ। ਡਾ.ਅਜੈ ਬੱਗਾ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਾਥੀ ਯੈਚੂਰੀ ਦੇ ਜੀਵਨ ਦੇ ਅਹਿਮ ਪੱਖਾਂ 'ਤੇ ਰੋਸ਼ਨੀ ਪਾਈ। ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਸਾਥੀ ਅਮਰਜੀਤ ਸਿੰਘ ਨੇ ਕਿਹਾ ਕਿ ਯੈਚੂਰੀ ਦੇ ਚਲੇ ਜਾਣ ਨਾਲ ਕਮਿਊਨਿਸਟ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਤੋਂ ਇਲਾਵਾ ਸਾਥੀ ਗੁਰਬਖਸ਼ ਸਿੰਘ ਸੂਸ, ਜੈ ਗੋਪਾਲ ਧੀਮਾਨ, ਉਂਕਾਰ ਸਿੰਘ, ਰਾਮ ਬਾਬੂ, ਧਨਪਤ, ਗੁਰਮੇਲ ਸਿੰਘ ਅਤੇ ਬਲਵਿੰਦਰ ਸਿੰਘ ਨੇ ਵੀ ਵਿਛੜੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਾਥੀ ਪਰਸਨ ਸਿੰਘ ਲਹਿਲੀ ਕਲਾਂ, ਸੰਤੋਖ ਸਿੰਘ ਭੀਲੋਵਾਲ, ਮਹਿੰਦਰ ਸਿੰਘ ਭੀਲੋਵਾਲ, ਤੀਰਥ ਸਿੰਘ ਸਤੌਰ, ਮਹਿੰਦਰ ਕੁਮਾਰ ਧੂਤ ਅਤੇ ਸੁਖਦੇਵ ਸਿੰਘ ਧਾਮੀ ਆਦਿ ਸਾਥੀ ਹਾਜ਼ਰ ਸਨ।

# ਡਾ. ਅੰਬੇਡਕਰ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਵੱਲੋਂ ਪਾਵਰ ਲਿਫਟਰ ਦਾ ਸਨਮਾਨ

**ਅੱਪਰਾ** (ਨਿਰਮਲ ਗੁੜਾ)- ਅੱਪਰਾ ਨਜ਼ਦੀਕੀ ਪਿੰਡ ਛੋਕਰਾਂ ਵਿਖੇ ਉੱਘੇ ਪਾਵਰ ਲਿਫਟਰ ਕ੍ਰਿਸ਼ਨ ਰਾਮ ਛੋਕਰਾਂ ਵਲੋਂ ਦੇਸ਼-ਵਿਦੇਸ਼ ਤੋਂ ਗੋਲਡ ਮੈਡਲ ਜਿੱਤ ਕੇ ਆਪਣੇ ਪਿੰਡ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ 'ਤੇ ਇਲਾਕਾ ਵਾਸੀਆਂ ਵਲੋਂ ਮਾਨ ਸਨਮਾਨ ਕੀਤਾ ਜਾ ਰਿਹਾ ਹੈ। ਡਾ. ਬੀ ਆਰ ਅੰਬੇਡਕਰ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ ਸਰਕਲ ਅੱਪਰਾ ਵਲੋਂ ਸਨਮਾਨ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਰਿਟਾਇਰਡ ਪੀ ਟੀ ਮਾਸਟਰ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉੱਘੇ ਸਮਾਜ ਸੇਵਕ ਕਮਲ ਕੁਮਾਰ ਨੇ ਕਿਹਾ ਕਿ ਹੋਣਹਾਰ ਖਿਡਾਰੀਆਂ ਦੀ ਸਰਕਾਰ ਵਲੋਂ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਸਮਾਜ ਅੰਦਰ ਬਹੁਤ ਸਾਰੇ ਅੱਗੇ ਵਧਣ ਵਾਲੇ ਖਿਡਾਰੀ ਆਪਣੇ ਅੰਦਰਲੀ ਕਲਾ ਦਾ ਪ੍ਰਦਰਸ਼ਨ ਕਰਕੇ ਸਮਾਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਲਹਿੰਬਰ ਰਾਮ ਕਲੇਰ, ਰਿਟਾਇਰਡ ਹੈੱਡ ਮਾਸਟਰ ਜੋਗਰਾਜ ਚੰਦੜ, ਡਾ. ਸੋਮਨਾਥ ਪੰਚ, ਤਿਲਕ ਰਾਜ ਸਿੰਘ ਅੱਪਰਾ, ਹਰਜਿੰਦਰ ਸਿੰਘ, ਵਿਨੇ ਕੁਮਾਰ ਬੰਗੜ, ਸੁਰਿੰਦਰ ਕਲੇਰ, ਰਮਨ ਕੁਮਾਰ, ਗੁਰਪ੍ਰੀਤ ਸਿੰਘ ਸਹੋਤਾ ਚੱਕ ਸਾਹਬੂ ਹਾਜ਼ਰ ਸਨ।




# ਸੀ ਈ ਪੀ ਨਿਪੁੰਨਤਾ ਮੁਲਾਂਕਣ ਅਭਿਆਨ ਸਮੇਂ ਤੇ ਪੈਸੇ ਦੀ ਬਰਬਾਦੀ : ਡੀ ਟੀ ਐਫ

**ਫਿਲੌਰ** ( **ਨਿਰਮਲ** ) ਇੱਕ ਪਾਸੇ ਜਿੱਥੇ ਵਿਦਿਆਰਥੀਆਂ ਦੇ ਸਲਾਨਾ ਇਮਤਿਹਾਨਾਂ ਤੋਂ ਪਹਿਲਾਂ ਸਤੰਬਰ ਪ੍ਰੀਖਿਆਵਾਂ ਸਿਰ 'ਤੇ ਖੜ੍ਹੀਆਂ ਹਨ, ਦੂਜੇ ਪਾਸੇ ਸਿੱਖਿਆ ਵਿਭਾਗ ਵੱਲੋਂ ਇੱਕ ਹੋਰ ਨਵਾਂ ਅਭਿਆਨ ਅਧਿਆਪਕਾਂ ਸਿਰ ਮੜ੍ਹ ਦਿੱਤਾ ਗਿਆ ਹੈ। ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਨੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਗ਼ਰੀਬ, ਨਿਮਨ ਕਿਸਾਨੀ ਅਤੇ ਮੱਧ ਵਰਗੀ ਪਰਵਾਰਾਂ ਦੇ ਵਿਦਿਆਰਥੀਆਂ ਦੇ ਹੱਥਾਂ ਵਿੱਚੋਂ ਟੇਢੇ ਢੰਗ ਨਾਲ ਸਿੱਖਿਆ ਖੋਹਣ ਦੇ ਹੱਥਕੰਡਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਇਨਕਲਾਬੀ ਸੁਧਾਰ ਲਿਆਉਣ ਦੇ ਦਾਅਵੇ ਕਰਨ ਵਾਲੀ ਸੂਬਾ ਸਰਕਾਰ ਪਿਛਲੀਆਂ ਸਰਕਾਰਾਂ ਵਾਂਗੂੰ ਹੈ ਸਿੱਖਿਆ ਨੂੰ ਵੱਖ ਵੱਖ ਪ੍ਰੋਜੈਕਟਾਂ ਅਤੇ ਅਭਿਆਨਾਂ ਨਾਲ਼ ਬੰਨ੍ਹ ਕੇ ਚਲਾ ਰਹੀ ਹੈ। ਇਸ ਦਾ ਖਮਿਆਜ਼ਾ ਅਧਿਆਪਕ ਅਤੇ ਵਿਦਿਆਰਥੀ ਦੋਹਾਂ ਨੂੰ ਭੁਗਤਣਾਂ ਪੈ ਰਿਹਾ ਹੈ।ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਅਤੇ ਸਕੱਤਰ ਅਵਤਾਰ ਲਾਲ ਨੇ ਸਿੱਖਿਆ ਵਿਭਾਗ ਵੱਲੋਂ ਦਿੱਤੀ ਜਾ ਰਹੀ ਪ੍ਰੋਜੈਕਟਾਂ ਆਧਾਰਿਤ ਸਿੱਖਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਦੇ ਸਰਵ ਸਿੱਖਿਆ ਅਭਿਆਨ, ਕਦੇ ਪੜ੍ਹੋ ਪੰਜਾਬ, ਫ਼ਿਰ ਮਿਸ਼ਨ ਸਮਰੱਥ ਅਤੇ ਹੁਣ ਸੀ ਈ ਪੀ, ਨਿਪੁੰਨਤਾ ਮੁਲਾਂਕਣ ਨੇ ਵਿਦਿਆਰਥੀਆਂ ਦੇ ਸਿਲੇਬਸ ਅਤੇ ਅਧਿਆਪਕਾਂ ਦੀ ਮੌਲਿਕਤਾ ਨੂੰ ਖੂੰਜੇ ਲਗਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਪੇਪਰ ਤੋਂ ਇੱਕ ਦਿਨ ਪਹਿਲਾਂ ਪੇਪਰ ਪ੍ਰਿੰਟ ਕਰਾਉਣ ਦਾ ਨਾਦਰਸ਼ਾਹੀ ਫ਼ੁਰਮਾਨ ਜਾਰੀ ਕੀਤਾ ਜਾਂਦਾ ਹੈ ਜਿਸ ਦਾ ਸਾਰਾ ਖ਼ਰਚ ਸਕੂਲ ਮੁਖੀ ਜਾਂ ਇੰਚਾਰਜ ਅਧਿਆਪਕ ਵੱਲੋਂ ਆਪਣੀ ਜੇਬ ਵਿੱਚੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 100 ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲਾਂ ਦੇ ਲੱਗਭਗ ਪੰਜ, ਛੇ- ਸੌ ਰੁਪਏ ਪੇਪਰ ਫੋਟੋ ਸਟੇਟ ਕਰਾਉਣ 'ਤੇ ਖ਼ਰਚ ਹੁੰਦੇ ਹਨ। ਪ੍ਰੰਤੂ ਸਿੱਖਿਆ ਵਿਭਾਗ ਵੱਲੋਂ ਹਾਲੇ ਤੱਕ ਖੋਟਾ ਪੈਸਾ ਵੀ ਸਕੂਲਾਂ ਨੂੰ ਜਾਰੀ ਨਹੀਂ ਕੀਤਾ ਗਿਆ।ਇਸ ਤੋਂ ਬਿਨਾਂ ਅਧਿਆਪਕ ਇੰਨਾ ਪੇਪਰਾਂ ਦੀ ਚੈਕਿੰਗ ਕਰਨ ਅਤੇ ਰਿਜ਼ਲਟ ਆਨਲਾਈਨ ਕਰਨ ਵਿੱਚ ਸਾਰਾ ਦਿਨ ਉਲਝੇ ਰਹਿੰਦੇ ਹਨ ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਦੋਹਰਾ ਨੁਕਸਾਨ ਹੁੰਦਾ ਹੈ। ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਬੇਲੋੜੇ ਪ੍ਰੋਜੈਕਟਾਂ ਨੂੰ ਤੁਰੰਤ ਬੰਦ ਕਰਕੇ ਅਧਿਆਪਕਾਂ ਨੂੰ ਸਿਲੇਬਸ ਕਰਾਉਣ ਦਿੱਤਾ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦਿੱਤੀ ਜਾ ਸਕੇ।

# ਦੋਆਬਾ ਗਰੁੱਪ ਆਫ਼ ਕਾਲਜ ਨੇ ਇੰਜੀਨੀਅਰ ਦਿਵਸ ਮਨਾਇਆ




**ਰਾਹੋਂ** (ਕੁਲਵਿੰਦਰ ਸਿੰਘ ਰਾਹੋਂ)- ਦੋਆਬਾ ਗਰੁੱਪ ਆਫ਼ ਕਾਲਜ ਵੱਲੋਂ ਇਲੈਕਟਰੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਇੰਜਨੀਅਰ ਦਿਵਸ 'ਤੇ ਆਯੋਜਿਤ ਇੱਕ ਰੋਜ਼ਾ ਵਰਕਸ਼ਾਪ ਸਫਲਤਾਪੂਰਵਕ ਸੰਪੰਨ ਹੋਈ। ਇਸ ਵਰਕਸ਼ਾਪ ਦਾ ਉਦੇਸ਼ ਭਾਰਤ ਦੇ ਪਹਿਲੇ ਇੰਜੀਨੀਅਰ ਸਰ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ (ਇੰਜੀਨੀਅਰ ਦੇ ਪਿਤਾ) ਦੇ ਜਨਮ ਦਿਨ ਨੂੰ ਮਨਾਉਣ ਲਈ ਇੰਜੀਨੀਅਰਿੰਗ ਭਾਈਚਾਰੇ ਦੇ ਵਿਦਿਆਰਥੀਆਂ, ਫੈਕਲਟੀ ਅਤੇ ਪੇਸ਼ੇਵਰਾਂ ਨੂੰ ਇਕੱਠੇ ਕਰਨਾ ਹੈ। ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਖੇਤਰ ਵਿੱਚ ਇੰਜੀਨੀਅਰਾਂ ਦੇ ਯੋਗਦਾਨ ਨੂੰ ਸ਼ਰਧਾਂਜਲੀ ਦੇਣ ਅਤੇ ਗਿਆਨ ਨੂੰ ਵਧਾਉਣ ਲਈ ਹੈ। ਮਾਹਰ ਨੇ ਇਲੈਕਟ੍ਰੀਕਲ ਇੰਜਨੀਅਰਿੰਗ ਵਿੱਚ ਨਵੀਨਤਮ ਰੁਝਾਨਾਂ ਅਤੇ ਨਵੀਨਤਾਵਾਂ 'ਤੇ ਵਿਹਾਰਕ ਪ੍ਰਦਰਸ਼ਨ, ਅਤੇ ਚਰਚਾ ਕੀਤੀ। ਇਹ ਭਾਗੀਦਾਰਾਂ ਲਈ ਉਦਯੋਗ ਦੇ ਮਾਹਰਾਂ ਨਾਲ ਗੱਲਬਾਤ ਕਰਨ, ਉਨ੍ਹਾਂ ਦੀ ਤਕਨੀਕੀ ਸਮਝ ਨੂੰ ਵਧਾਉਣ ਅਤੇ ਨਵੀਆਂ ਤਰੱਕੀਆਂ ਦੀ ਪੜਚੋਲ ਕਰਨ ਦਾ ਇੱਕ ਵਿਲੱਖਣ ਮੌਕਾ ਸੀ। ਇਲੈਕਟ੍ਰੀਕਲ ਇੰਜੀਨੀਅਰਿੰਗ ਵਿਭਾਗ ਨੇ ਸਾਰੇ ਵਿਦਿਆਰਥੀਆਂ, ਫੈਕਲਟੀ ਅਤੇ ਪੇਸ਼ੇਵਰਾਂ ਨੂੰ ਇਸ ਦਿਲਚਸਪ ਸਮਾਗਮ ਦਾ ਹਿੱਸਾ ਬਣਨ ਅਤੇ ਇੰਜੀਨੀਅਰ ਦਿਵਸ ਮਨਾਉਣ ਲਈ ਨਿੱਘਾ ਸੱਦਾ ਦਿੱਤਾ।

# ਡਾਕਟਰਾਂ, ਨਰਸਾਂ ਤੇ ਸਟਾਫ ਮੁਲਾਜ਼ਮਾਂ ਨੇ ਓ ਪੀ ਡੀ ਦਾ ਕੰਮਕਾਜ ਠੱਪ ਰੱਖਿਆ

**ਨਵਾਂਸ਼ਹਿਰ** ( ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸਿਵਲ ਹਸਪਤਾਲ ਨਵਾਂਸ਼ਹਿਰ 'ਚ ਐੱਸ ਐਮ ਓ ਡਾ. ਸਤਵਿੰਦਰ ਪਾਲ ਸਿੰਘ ਬਿੱਟੂ ਦੀ ਅਗਵਾਈ ਹੇਠ ਸਮੂਹ ਡਾਕਟਰਾਂ, ਨਰਸਾਂ ਅਤੇ ਸਟਾਫ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਧਰਨਾ ਦਿੰਦੇ ਹੋਏ ਓ ਪੀ ਡੀ ਦਾ ਸਾਰਾ ਕੰਮਕਾਜ ਠੱਪ ਰੱਖਿਆ। ਇਸ ਕਾਰਨ ਮਰੀਜ਼ਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਡਾ. ਸਤਵਿੰਦਰ ਪਾਲ ਬਿੱਟੂ ਨੇ ਦੱਸਿਆ ਕਿ ਪਿਛਲੇ 15 ਦਿਨਾਂ ਤੋਂ ਪੰਜਾਬ ਸਰਕਾਰ ਅਤੇ ਸਰਕਾਰੀ ਡਾਕਟਰਾਂ ਵਿਚਾਲੇ ਚੱਲ ਰਹੀ ਗੱਲਬਾਤ ਤੋਂ ਬਾਅਦ ਵੀ ਸਰਕਾਰ ਵੱਲੋਂ ਹੁਣ ਤੱਕ ਏ ਸੀ ਪੀ ਸਮਾਂਬੱਧ ਤਰੱਕੀ ਦੇ ਮੁੱਦੇ 'ਤੇ ਨਾ ਤਾਂ ਕਿਸੇ ਕਿਸਮ ਦੀ ਨੋਟੀਫਿਕੇਸ਼ਨ ਹੋਈ ਅਤੇ ਨਾ ਹੀ ਸੁਰੱਖਿਆ ਗਾਰਡ ਰੱਖੇ ਗਏ। ਸਿਹਤ ਮੰਤਰੀ ਵੱਲੋਂ ਦਿੱਤੇ ਸੁਰੱਖਿਆ ਪ੍ਰਬੰਧਾਂ ਦੇ ਭਰੋਸੇ ਉੱਤੇ ਜ਼ਮੀਨੀ ਪੱਧਰ ਤੇ ਕੋਈ ਇੰਤਜ਼ਾਮ ਨਾ ਹੁੰਦੇ ਵੇਖ ਡਾਕਟਰ ਵਿਚ ਭਾਰੀ ਰੋਸ ਹੈ। ਹਾਰਟ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਨੇ ਕਿਹਾ ਕਿ ਡਾਕਟਰੀ ਪੇਸ਼ੇ ਵਿਚ ਸੁਰੱਖਿਆ ਨਾਂ ਦੀ ਚੀਜ਼ ਸਾੜ-ਫੂਕ ਵਾਂਗ ਖ਼ਤਮ ਹੁੰਦੀ ਜਾ ਰਹੀ ਹੈ। ਕੋਲਕਾਤਾ ਵਿਚ ਡਾਕਟਰਾਂ ਨੂੰ ਗੁੰਡਿਆਂ ਵੱਲੋਂ ਧਮਕੀਆਂ ਮਿਲਣਾ ਅਤੇ ਉਨ੍ਹਾਂ ਨਾਲ ਲੜਾਈ ਝਗੜਾ ਹੋਣਾ ਆਮ ਗੱਲ ਹੋ ਗਈ ਹੈ। ਪਰ ਉਨ੍ਹਾਂ ਨੇ ਓਪੀਡੀ ਸੇਵਾ ਬੰਦ ਕਰਕੇ ਸਰਕਾਰ ਦੇ ਕੰਨ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਡਾਕਟਰ ਪੂਰਨ ਹੜਤਾਲ ਤੋਂ ਪਹਿਲਾਂ ਹੀ 2 ਤਰੀਕ ਤੋਂ ਹੀ ਮਹੀਨਾਵਾਰ ਰਿਪੋਰਟਾਂ, ਬੈਂਚ ਮਾਰਕ ਇੰਡੀਕੇਟਰ ਅਤੇ ਹੋਰ ਦਫਤਰੀ ਕਾਰਜਾਂ ਦਾ ਬਾਈਕਾਟ ਕਰਨਗੇ। ਮੰਗਾਂ ਪੂਰੀਆਂ ਨਾ ਹੋਣ ਤੱਕ ਕਿਸੇ ਵੀ ਵਿਭਾਗੀ ਮੀਟਿੰਗ ਵਿੱਚ ਵੀ ਨਹੀਂ ਭਾਗ ਲੈਣਗੇ।ਇਸ ਮੌਕੇ ਡਾ. ਨਿਰਮਲ ਕੁਮਾਰ, ਡਾ. ਗੁਰਪਾਲ ਕਟਾਰੀਆ, ਡਾ. ਪਰਮਿੰਦਰ, ਡਾ. ਅਮਿਤ ਸੁਨਿਆਰਾ, ਡਾ. ਅਜੇ ਬਸਰਾ, ਡਾ. ਸਵਰਨ, ਡਾ. ਨਵਰੀਤ ਕੌਰ, ਕੁਲਾਰ, ਡਾ. ਰੁਪਿੰਦਰ , ਡਾ. ਲੈਬ ਨੀਰਜ ਕੁਮਾਰ, ਲਵਪ੍ਰੀਤ, ਬਲਵੀਰ ਕੌਰ, ਰੇਖਾ, ਸ਼ਤੀਸ ਕੁਮਾਰ, ਵਿਵੇਕ ਮਿਸ਼ਰਾ, ਸੀਨੀਅਰ ਫਾਰਮਾਸਿਸਟ ਪ੍ਰਿਸ, ਕੁਲਵਿੰਦਰ, ਚਮਨ ਲਾਲ ਆਦਿ ਹੋਰ ਸਟਾਫ ਹਾਜ਼ਰ ਸੀ।




# ਮੋਹਰਾਂ ਵਿਖੇ ਕਿਸਾਨਾਂ, ਮਜ਼ਦੂਰਾਂ ਦੀ ਮੀਟਿੰਗ

**ਬਲਾਚੌਰ** (ਜਸਵਿੰਦਰ ਬੈਂਸ)-ਅੱਜ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠ ਪਿੰਡ ਮੋਹਰਾਂ ਵਿਖੇ ਕਿਸਾਨਾਂ ਮਜ਼ਦੂਰਾਂ ਦੀ ਮੀਟਿੰਗ ਹਰਦੇਵ ਸਿੰਘ ਰਾਣਾ ਸਾਬਕਾ ਸਰਪੰਚ ਦੀ ਪ੍ਰਧਾਨਗੀ ਹੇਠ ਹੋਈ ਜਿੱਥੇ ਜਥੇਬੰਦੀ ਦੇ ਸਵਾਈ ਆਗੂ ਕਰਨ ਸਿੰਘ ਰਾਣਾ ਨੇ ਕਿਸਾਨਾਂ ਮਜ਼ਦੂਰਾਂ ਨਾਲ ਕੋਪਰੇਟਿਵ ਸੁਸਾਇਟੀ ਧੌਲ ਵਿੱਚ ਹੋਏ ਕਰੀਬ 80 ਲੱਖ ਦੇ ਫਰਾਡ ਬਾਰੇ ਜਾਣਕਾਰੀ ਹਾਸਲ ਕੀਤੀ। ਕਿਸਾਨਾਂ ਮਜ਼ਦੂਰਾਂ ਨੇ ਆਪਣੀ ਦਰਦਭਰੀ ਕਹਾਣੀ ਦੱਸਦੇ ਹੋਏ ਕਿਹਾ ਕਿ ਉਹ ਇਨਸਾਫ ਲੈਣ ਲਈ ਦਰ ਦਰ ਭਟਕ ਰਹੇ ਹਨ ਪਰ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋਈ। ਕਿਸਾਨਾਂ ਮਜ਼ਦੂਰਾਂ ਨੂੰ ਦੱਸਿਆ ਕਿ ਉਹਨਾਂ ਦੇ 80 ਲੱਖ ਦੀ ਠੱਗੀ ਲਈ ਕੋਆਪਰੇਟਿਵ ਸੁਸਾਇਟੀ ਧੌਲ ਦਾ ਸਕੱਤਰ ਅਤੇ ਇਸ ਮਹਿਕਮੇ ਨਾਲ ਸੰਬੰਧਤ ਅਧਿਕਾਰੀ ਜ਼ਿੰਮੇਦਾਰ ਹਨ। ਮੀਟਿੰਗ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਜੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੇ ਕਿਸਾਨਾਂ ਮਜ਼ਦੂਰਾਂ ਨੂੰ ਇਨਸਾਫ ਨਾ ਦਿੱਤਾ ਗਿਆ ਤਾਂ ਛੇਤੀ ਹੀ ਸਰਕਾਰ ਖਿਲਾਫ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਨੇ ਮੰਗ ਕੀਤੀ ਕਿ ਕਿਸਾਨਾਂ ਮਜ਼ਦੂਰਾਂ ਨਾਲ ਹੋਏ ਫਰਾਡ ਦੀ ਸਰਕਾਰ ਭਰਪਾਈ ਕਰੇ। ਉਹਨਾਂ ਕਿਹਾ ਕਿ 14 ਸਤੰਬਰ ਨੂੰ ਇਸ ਸਬੰਧੀ ਹਲਕਾ ਵਿਧਾਇਕ ਰਾਹੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਭੇਜਿਆ ਜਾਵੇਗਾ। ਇਸ ਮੌਕੇ ਹਰਵਿੰਦਰ ਸਿੰਘ, ਚੰਨਣ ਸਿੰਘ ਅਜਮੇਰ ਸਿੰਘ ਬੂਟਾ ਸਿੰਘ ਆਕਲਿਆਣਾ, ਮੱਖਣ ਸਿੰਘ ਸਹੋਤਾ, ਬਲਦੇਵ ਸਿੰਘ ਧੌਲ, ਕੇਵਲ ਸਿੰਘ ਧੌਲ, ਅਮਰ ਸਿੰਘ ਆਕਲਿਆਣਾ, ਕਰਨਵੀਰ ਸਿੰਘ ਆਕਲਿਆਣਾ, ਰਾਜਬੀਰ ਸਿੰਘ, ਹਰਨੇਕ ਸਿੰਘ ਆਦਿ ਕਿਸਾਨਾਂ ਮਜ਼ਦੂਰਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ



**ਨਕੋਦਰ** (ਮਨਜੀਤ ਮਾਨ)- ਪਿੰਡ ਕੰਗ ਸਾਹਬੂ ਵਿਚ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ ਵਿਸ਼ੇਸ਼ ਕਿਸਾਨ ਸਿਖਲਾਈ ਕੈਂਪ ਵਿਚ ਡਿਪਟੀ ਕਮਿਸ਼ਨਰ ਜਲੰਧਰ ਹਿਮਾਂਸ਼ੂ ਅਗਰਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ।ਇਸ ਮੌਕੇ ਇਸ਼ਵੀਰ ਸਿੰਘ ਪ੍ਰਧਾਨ ਕੋਅਪ੍ਰਟਿਵ ਸੁਸਾਇਟੀ ਬੈਂਕ ਕੰਗ ਸਾਹਬੂ ਨੇ ਸਮੂਹ ਉੱਚ ਅਧਿਕਾਰੀਆਂ ਤੇ ਨਗਰ ਨਿਵਾਸੀਆਂ ਦਾ ਸਵਾਗਤ ਕੀਤਾ ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡੀ ਸੀ ਨੇ ਸਮੂਹ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਇਸ ਤਰ੍ਹਾਂ ਹੀ ਪਰਾਲੀ ਨੂੰ ਅੱਗ ਲਾ ਕੇ ਸਾੜਦੇ ਰਹੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ।ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਇਕ ਵੀ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਏ ਤਾਂ ਪਿੰਡ ਨੂੰ ਵਾਤਾਵਰਣ ਦੇ ਰਖਵਾਲੇ ਐਵਾਰਡ ਦਿੱਤਾ ਜਾਵੇਗਾ ।ਸਮੂਹ ਕਿਸਾਨਾਂ ਵੀਰਾਂ ਨੇ ਹੱਥ ਖੜ੍ਹੇ ਕਰਕੇ ਇਸ ਵਾਰ ਪਰਾਲੀ ਨਾ ਸਾੜਨ ਦਾ ਪ੍ਰਣ ਕੀਤਾ ਤੇ ਵਿਸ਼ਵਾਸ ਦਿਵਾਇਆ ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਫਸਰਾਂ ਨੇ ਕਿਹਾ ਕਿ ਪਰਾਲੀ ਸਾੜਨ ਵੀ ਬਜਾਏ ਖੇਤਾਂ ਵਿੱਚ ਹੀ ਵਾਹੁਣ ਲਈ ਸਰਕਾਰ ਵਲੋਂ ਸਬਸਿਡੀ ਤੇ ਖੇਤੀ ਸੰਦ ਉਪਲਬਧ ਕਰਵਾਏ ਜਾ ਰਹੇ ਹਨ।ਮਾਸਟਰ ਰਵਿੰਦਰ ਸਿੰਘ ਕੰਗ ਸਟੇਟ ਐਵਾਰਡੀ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਵਾਤਾਵਰਣ ਸੁਧਾਰ ਲਈ ਸਾਨੂੰ ਪ੍ਰਸ਼ਾਸਨ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ।ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਖੇਤੀਬਾੜੀ ਅਫ਼ਸਰ ਨਕੋਦਰ, ਮਹਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਦੇਵ ਰਾਜ ਮਿਡਾਰਾ ਸਰਪੰਚ, ਸੁਖਜਿੰਦਰ ਸਿੰਘ ਪਤੀ ਮੈਂਬਰ ਬਲਾਕ ਸੰਮਤੀ, ਪਿਆਰਾ ਲਾਲ, ਮੋਹਨ ਸਿੰਘ ਸੂਬੇਦਾਰ, ਗੁਰਦੀਪ ਸਿੰਘ ਵਿਰਦੀ, ਨਿਰਮਲ ਸਿੰਘ, ਜਗਤਾਰ ਸਿੰਘ, ਕਰਮਜੀਤ ਸਿੰਘ ,ਆਦਿ ਹਾਜ਼ਰ ਸਨ।

# ਪੀ ਐੱਚ ਸੀ ਚੱਕੋਵਾਲ ਵਿਖੇ ਫਰਾਈ ਡੇ ਨੂੰ ਬਤੌਰ ਡਰਾਈ ਡੇ ਮਨਾਇਆ



**ਬੁੱਲ੍ਹੋਵਾਲ** (ਵਿਰਦੀ)- ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡੇਂਗੂ ਦੀ ਰੋਕਥਾਮ ਲਈ ਸੂਬੇ ਭਰ ਅੰਦਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਦੇ ਤਹਿਤ ਹੀ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁਢਲਾ ਸਿਹਤ ਕੇਂਦਰ ਚੱਕੋਵਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਬਲਦੇਵ ਸਿੰਘ ਵਲੋਂ ਪੀ.ਐਚ.ਸੀ. ਦੇ ਪ੍ਰੀਸਰ ਅੰਦਰ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਐਸ.ਐਮ.ਓ. ਵਲੋਂ ਸਮੂਹ ਹਾਜ਼ਰ ਸਟਾਫ ਅਤੇ ਮਰੀਜ਼ਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ । ਉਹਨਾਂ ਕਿਹਾ ਕਿ ਇਹ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਉਹਨਾਂ ਵਲੋਂ ਆਪਣੇ ਘਰਾਂ ਅੰਦਰ ਕੂਲਰਾਂ, ਫਰਿੱਜਾਂ ਦੀਆਂ ਟ੍ਰੇਆਂ, ਪੁਰਾਣੇ ਟਾਇਰਾਂ, ਗਮਲਿਆਂ, ਪੰਛੀਆਂ ਦੇ ਪਾਣੀ ਪੀਣ ਵਾਲੇ ਬਰਤਨਾਂ ਅੰਦਰ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ ਅਤੇ ਹਫਤੇ ਵਿੱਚ ਇੱਕ ਵਾਰੀ ਸਾਫ ਕਰਕੇ ਅਤੇ ਸੁਕਾ ਕੇ ਰੱਖਿਆ ਜਾਵੇ। ਉਹਨਾਂ ਜਾਣਕਾਰੀ ਦਿੱਤੀ ਕਿ ਡੇਂਗੂ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਅੰਦਰ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਹੈਲਥ ਇੰਸਪੈਕਟਰ ਗੁਰਦੇਵ ਸਿੰਘ, ਫਾਰਮੇਸੀ ਅਫਸਰ ਇੰਦਰਜੀਤ ਵਿਰਦੀ, ਲੈਬ ਟੈਕਨੀਸ਼ੀਅਨ ਸਾਗਰਦੀਪ ਸਿੰਘ, ਅਜੇ ਕੁਮਰਾ, ਹਰਮੇਸ਼ ਕੁਮਾਰ, ਸੰਜੀਵ ਕੁਮਾਰ, ਅਰੁਣ ਕਾਲੀਆ ਆਦਿ ਵੀ ਸਨ।

# ਦੇਸ਼ 'ਤੇ ਰਾਜ ਕਰਨ ਵਾਲੀਆਂ ਧਿਰਾਂ ਲੋਕ-ਪੱਖੀ ਪ੍ਰਬੰਧ 'ਚ ਅੜਿੱਕਾ ਬਣ ਰਹੀਆਂ : ਬਾਜਵਾ



**ਕਾਲਾ ਸੰਘਿਆਂ** (ਮਨਜੀਤ ਮਾਨ)- 1971 ਦੇ ਨਕਸਲੀ ਘੋਲ ਦੇ 7 ਸ਼ਹੀਦਾਂ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ ਦੌਰਾਨ ਉਨ੍ਹਾਂ ਨੂੰ ਪ੍ਰਣਾਮ ਕੀਤਾ ਗਿਆ ਤੇ ਗੁਰਦੁਆਰਾ ਘੰਟਾ ਘਰ ਆਲਮਗੀਰ ਕੰਪਲੈਕਸ ਵਿਖੇ ਹੋਏ ਸ਼ਹੀਦੀ ਸਮਾਗਮ ਦੌਰਾਨ ਮਾਸਟਰ ਦੇਸ ਰਾਜ ਨੇ ਆਖਿਆ ਕਿ ਬਿਨਾਂ ਸ਼ੱਕ ਜਿਸ ਇਨਕਲਾਬੀ ਸੋਚ ਤਹਿਤ ਸ਼ਹੀਦਾਂ ਵੱਲੋਂ ਕੁਰਬਾਨੀਆਂ ਦਿੱਤੀਆਂ ਗਈਆਂ, ਉਹ ਮੁਕਾਮ ਤੇ ਸੁਪਨੇ ਅਜੇ ਵੀ ਅਧੂਰੇ ਹਨ। ਤੇਜਵਿੰਦਰ ਸਿੰਘ ਬੂਲਪੁਰ, ਰਾਣਾ ਸੈਦੋਵਾਲ, ਹਰਜਿੰਦਰ ਸਿੰਘ ਮਡ਼ੈਲ, ਬਲਵਿੰਦਰ ਸਿੰਘ ਬਾਜਵਾ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਕਿਹਾ ਕਿ ਦੇਸ਼ 'ਤੇ ਰਾਜ ਕਰਨ ਵਾਲੀਆਂ ਧਿਰਾਂ ਲੋਕ ਪੱਖੀ ਪ੍ਰਬੰਧ ਵਾਲੇ ਰਾਜ ਵਿੱਚ ਅੜਿੱਕਾ ਬਣ ਰਹੀਆਂ ਹਨ ਤੇ ਦੇਸ਼ ਨੂੰ ਲੁੱਟ ਦਾ ਅੱਡਾ ਬਣਾ ਖੋਖਲਾ ਕਰ ਰਹੀਆਂ ਹਨ। ਸੁਰਜੀਤ ਸਿੰਘ ਠੱਠਾ, ਹਰਨੇਕ ਬਿੰਦਰੱਖੀਆ ਅਤੇ ਗਾਇਕ ਰੂਪ ਲਾਲ ਵੱਲੋਂ ਇਨਕਲਾਬੀ ਗੀਤ ਪੇਸ ਕੀਤੇ ਗਏ। ਲੋਕ ਕਲਾ ਮੰਚ ਇਪਟਾ ਕਪੂਰਥਲਾ ਵੱਲੋਂ ਇੰਦਰਜੀਤ ਰੂਪੋਵਾਲੀ ਦੀ ਅਗਵਾਈ 'ਚ 'ਤਮਾਸ਼ਾ ਏ ਹਿੰਦੋਸਤਾਨ ਸਮੇਤ ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ। ਇਸ ਮੌਕੇ ਰਘਬੀਰ ਸਿੰਘ ਮਹਿਰਵਾਲਾ ਸੂਬਾ ਮੀਤ ਪ੍ਰਧਾਨ ਕਿਰਤੀ ਕਿਸਾਨ ਪੰਜਾਬ, ਬਲਾਕ ਪ੍ਰਧਾਨ ਪਲਵਿੰਦਰ ਸਿੰਘ ਸੰਘਾ, ਕਾਮਰੇਡ ਪਰਗਣ ਸਿੰਘ, ਪੱਤਰਕਾਰ ਪਰਸਣ ਲਾਲ ਭੋਲਾ, ਟਹਿਲ ਸਿੰਘ, ਬਲਜਿੰਦਰ ਸਿੰਘ ਕਾਲਾ, ਮਾਸਟਰ ਅਮਰਜੀਤ ਸਿੰਘ, ਸਰਪੰਚ ਫੌਜਾ ਸਿੰਘ, ਸੁਰਜੀਤ ਸਿੰਘ ਠੱਠਾ, ਗੱਤਕਾ ਕੋਚ ਨਰਿੰਦਰ ਸਿੰਘ ਸੰਘਾ, ਸੰਦੀਪ ਭੋਲਾ, ਕੁਲਦੀਪ ਲੂੰਬਾ, ਮੁਖਤਿਆਰ ਸਿੰਘ ਖਾਲਸਾ, ਮਾ. ਸੁਖਦੇਵ ਸਿੰਘ, ਕਸਮੀਰ ਸਿੰਘ ਸੋਢੀ, ਸਮਸ਼ੇਰ ਸਿੰਘ ਰੱਖੜਾ, ਅਮਰੀਕ ਸਿੰਘ ਰੱਤੜਾ ਸਰਪੰਚ, ਸੁੱਚਾ ਸਿੰਘ ਖਤਰਾਏ ਕਲਾਂ, ਹਰਪਾਲ ਸਿੰਘ ਜਿਲਾ ਪ੍ਰਧਾਨ, ਮਾ. ਬਲਜੀਤ ਸਿੰਘ ਟਿੱਬਾ, ਸੇਵਾ ਸਿੰਘ ਬੜਿਆਲ ਸਰਪੰਚ, ਬਿੰਦੂ ਸੁੰਨੜ, ਲਹਿੰਬਰ ਸਿੰਘ ਸਾਬਕਾ ਸਰਪੰਚ ਆਦਿ ਵੀ ਹਾਜ਼ਰ ਸਨ। ਤਲਵੰਡੀ ਚੌਧਰੀਆਂ ਅਤੇ ਫੱਤੂਢੀਂਗਾ ਤੋਂ 2 ਬੱਸਾਂ ਸਮੇਤ ਵੱਡੀ ਗਿਣਤੀ ਲੋਕ ਸ਼ਾਮਿਲ ਹੋਏ।

# ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਦਿੱਤੀ ਜਾਵੇਗੀ ਮੁਫ਼ਤ ਕੋਚਿੰਗ

**ਜਲੰਧਰ,** (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ 'ਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਵਰਗਾਂ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਫ਼ਤ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਮੁਫ਼ਤ ਕੋਚਿੰਗ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚ ਦਾਖ਼ਲਾ ਟੈਸਟ ਦੇ ਆਧਾਰ 'ਤੇ ਹੋਵੇਗਾ।ਉਨ੍ਹਾਂ ਕਿਹਾ ਕਿ ਕੋਚਿੰਗ ਕਲਾਸਾਂ ਸ਼ੁਰੂ ਕਰਨ ਦਾ ਮਕਸਦ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨਾ ਹੈ ਤਾਂ ਜੋ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਢੁੱਕਵੀਂ ਤਿਆਰੀ ਕਰਕੇ ਆਪਣੀ ਪਸੰਦ ਦੀ ਨੌਕਰੀ ਹਾਸਲ ਕਰ ਸਕਣ।ਡਾ. ਅਗਰਵਾਲ ਨੇ ਦੱਸਿਆ ਕਿ ਕੋਚਿੰਗ ਕਲਾਸਾਂ ਵਿੱਚ ਦਾਖ਼ਲਾ ਲੈਣ ਲਈ ਉਮੀਦਵਾਰ ਦੀ ਵਿੱਦਿਅਕ ਯੋਗਤਾ ਘੱਟੋ-ਘੱਟ ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ ਅਤੇ ਚਾਹਵਾਨ ਨੌਜਵਾਨ ਗੂਗਲ ਲਿੰਕ http://forms.gle/yozUEGUhbmJnuGYbG 'ਤੇ ਰਜਿਸਟਰ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰਜ਼ਿਲ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਦਫ਼ਤਰ ਕਮਰਾ ਨੰ. 313 ਵਿਖੇ ਪਹੁੰਚ ਕੀਤੀ ਜਾ ਸਕਦੀ ਹੈ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡਾ ਤੋਂ ਭਾਰਤ ਪਹੁੰਚੀ ਪ੍ਰੀਤ ਨਗਰ ਦੇ ਨੌਜਵਾਨ ਦੀ ਮ੍ਰਿਤਕ ਦੇਹ



**ਫਗਵਾੜਾ** (ਡਾ. ਰਮਨ)- ਇੱਥੋਂ ਦੇ ਇੱਕ ਨੌਜਵਾਨ ਦੀ ਕੈਨੇਡਾ 'ਚ ਰੋਡ ਐਕਸੀਡੈਂਟ ਨਾਲ ਮੌਕੇ 'ਤੇ ਹੀ ਮੌਤ ਹੋ ਗਈ ਸੀ। ਮ੍ਰਿਤਕ ਰਜਤ ਕੁਮਾਰ ( 26 ) ਪੁੱਤਰ ਵਰਿੰਦਰ ਕੁਮਾਰ ਗਲੀ ਨੰਬਰ 3 ਮੁਹੱਲਾ ਪ੍ਰੀਤ ਨਗਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੀ ਲਾਸ਼ ਜਦੋਂ ਅੱਜ ਉਨ੍ਹਾਂ ਦੇ ਘਰ ਪੁੱਜੀ ਤਾਂ ਮਾਹੌਲ ਗਮਗੀਨ ਹੋ ਗਿਆ। ਖ਼ਬਰ ਮਿਲਦੇ ਹੀ ਸਾਕ ਸੰਬੰਧੀਆਂ, ਇਲਾਕੇ ਦੇ ਲੋਕਾਂ ਦਾ ਉਨ੍ਹਾਂ ਘਰ ਤਾਂਤਾ ਲੱਗਣਾ ਸ਼ੁਰੂ ਹੋ ਗਿਆ। ਕਿੰਨੀਆ ਆਸਾਂ ਅਤੇ ਉਮੀਦਾਂ ਇਸ ਪਰਵਾਰ ਨੂੰ ਸਨ ਕਿ ਉਨ੍ਹਾਂ ਦਾ ਬੇਟਾ ਅਗਲੇ ਹਫਤੇ ਹੀ ਇੰਡੀਆ ਆਉਣਾ ਸੀ। ਅੰਤਿਮ ਸੰਸਕਾਰ ਅੱਜ ਭੂਆਂ ਧਮੜੀ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਬੀਬੀ ਸਰਬਜੀਤ ਕੌਰ ਸਾਬਕਾ ਕੌਂਸਲਰ, ਹਨੀ ਧਾਲੀਵਾਲ, ਜਸਵਿੰਦਰ ਸਿੰਘ ਭਗਤਪੁਰਾ, ਡਾ. ਰਮਨ, ਸੰਜੀਵ ਸ਼ਰਮਾ ਟੀਟੂ, ਦੌਲਤ ਰਾਮ, ਮਲਕੀਅਤ ਸਿੰਘ, ਸੰਨੀ, ਆਰ ਕੇ ਸਲਹੋਤਰਾ, ਗੁਰਮੀਤ ਸਿੰਘ, ਬਲਵੀਰ ਸਿੰਘ , ਰਜਿੰਦਰ ਘੇੜਾ, ਡਾ. ਅਜੀਤ ਸਿੰਘ , ਡਾ. ਸੰਨਤ ਵਿਸ਼ਵਾਸ , ਨਿਰਮਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਮੌਜੂਦ ਸਨ

# ਅਖੌਤੀ ਬਾਬੇ ਲੱਖਾਂ ਰੁਪਏ ਲੋਕਾਂ ਪਾਸੋਂ ਬਟੋਰ ਕੇ ਫਰਾਰ



**ਭੁਲੱਥ,** (ਮਨਪ੍ਰੀਤ ਸਿੰਘ) ਇਥੋਂ ਥੋੜੀ ਦੂਰੀ 'ਤੇ ਪੈਂਦੇ ਪਿੰਡ ਰਾਏਪੁਰ ਪੀਰ ਬਖਸ ਵਾਲਾ ਵਿਖੇ ਪੰਜ-ਛੇ ਅਣਪਛਾਤੇ ਅਖੌਤੀ ਠੱਗ ਬਾਬਿਆ ਵੱਲੋਂ ਦਾਨ ਲੈਣ ਦੇ ਬਹਾਨੇ ਲੱਖਾਂ ਦੀ ਠੱਗੀ ਮਾਰਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਪਿੰਡ ਰਾਏਪੁਰ ਪੀਰ ਬਖਸ ਵਾਲਾ ਦੇ ਵਸਨੀਕ ਅਰਸ਼ਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਵੇਰਾ ਗੱਡੀ 'ਚ ਪੰਜ-ਛੇ ਅਣਪਛਾਤੇ ਬਾਬੇ ਆਏ ਤੇ ਗੱਡੀ ਰੋਡ 'ਤੇ ਸਾਈਡ 'ਤੇ ਖਿਲਾਰਕੇ ਪਿੰਡ ਵਿੱਚ ਪ੍ਰਵੇਸ਼ ਕਰਕੇ ਘਰਾਂ 'ਚ ਵੜਨ ਲੱਗੇ, ਤੇ ਘਰਾਂ 'ਚੋਂ ਪਿੰਗਲਵਾੜੇ ਦੇ ਨਾਮ 'ਤੇ ਲੋਕਾਂ ਪਾਸੋਂ ਮੋਟੀਆਂ ਰਕਮਾਂ ਗੱਲਾਂ ਬਾਤਾਂ ਦਾ ਝਾਂਸਾ ਦੇ ਕੇ ਬਟੋਰਨ ਲੱਗੇ।ਉਹਨਾਂ ਦੱਸਿਆ ਕਿ ਉਸ ਪਾਸੋਂ ਤੇ ਉਸਦੇ ਦਾਦਾ ਪਾਸੋਂ 8 ਹਜਾਰ ਰੁਪਏ ਤੋਂ ਉੱਪਰ ਰਕਮ ਬਟੋਰ ਲਈ ਤੇ ਹੋਰ ਨਾਲ ਲੱਗਦੇ ਘਰਾਂ 'ਚੋਂ ਕਿਸੇ ਪਾਸੋਂ 10 ਹਜ਼ਾਰ, 15 ਹਜ਼ਾਰ ਤੇ ਕੱਪੜੇ ਵਗੈਰਾ ਵੀ ਲੈ ਕੇ ਫਰਾਰ ਹੋ ਗਏ।ਅਰਸ਼ਦੀਪ ਸਿੰਘ ਨੇ ਦੱਸਿਆ ਕਿ ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਿਸ ਤਰੀਕੇ ਨਾਲ ਸਾਨੂੰ ਮੋਹਿਤ ਕਰਕੇ ਸਾਡੀਆਂ ਜੇਬਾਂ 'ਚੋਂ ਪੈਸੇ ਕਢਵਾ ਲਏ ਤੇ ਇਸੇ ਤਰ੍ਹਾਂ ਹੀ ਪਿੰਡ ਵਿੱਚ ਬਹੁਤ ਲੋਕਾਂ ਨੂੰ ਵਸੀਕਰਨ ਕਰਕੇ ਗੱਲਾਂ 'ਚ ਉਲਝਾ ਕੇ ਲੱਖਾਂ ਰੁਪਏ ਦੀ ਠੱਗੀ ਮਾਰ ਕੇ ਲੈ ਗਏ।ਤਰਸੇਮ ਸਿੰਘ ਨੇ ਦੱਸਿਆ ਕਿ ਉਹ ਆਪਣੇ ਆਪ ਨੂੰ ਪਿੰਗਲਵਾੜੇ ਦੇ ਬਾਬੇ ਦੱਸ ਰਹੇ ਸਨ, ਲੇਕਿਨ ਲੱਗਦਾ ਸੀ ਕਿ ਉਹਨਾਂ ਦਾ ਕਿਸੇ ਪਿੰਗਲਵਾੜੇ ਸੰਸਥਾ ਨਾਲ ਕੋਈ ਸੰਬੰਧ ਨਹੀਂ ਸੀ।

ਇਸ ਮੌਕੇ ਰਾਏਪੁਰ ਪੀਰ ਬਖਸ਼ ਵਾਲਾ ਦੇ ਵਸਨੀਕ ਸੁੱਚਾ ਸਿੰਘ, ਜਸਵਿੰਦਰ ਸਿੰਘ, ਸਵਰਨ ਸਿੰਘ, ਅਰਸ਼ਦੀਪ ਸਿੰਘ, ਆਕਾਸ਼ਦੀਪ ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹੋ ਜਿਹੇ ਅਖੌਤੀ ਬਾਬੇ ਜੋ ਪਿੰਡਾਂ ਵਿੱਚ ਵੜ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਤੇ ਠੱਗੀਆਂ ਮਾਰ ਰਹੇ ਹਨ ਇਹਨਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

# ਬਾਬਾ ਸੋਢਲ ਮੇਲੇ 'ਤੇ ਛੁੱਟੀ ਦਾ ਐਲਾਨ ਕਰਨ ਵੱਲ ਡਿਪਟੀ ਕਮਿਸ਼ਨਰ ਦੇਣ ਧਿਆਨ



**ਜਲੰਧਰ** ( **ਰਾਜੇਸ਼ ਥਾਪਾ** ) ਸ੍ਰੀ ਸਿੱਧ ਬਾਬਾ ਸੋਢਲ ਜਲੰਧਰ ਦੇ ਸਾਲਾਨਾ ਮੇਲੇ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਕਰਨ ਅਤੇ ਆਵਾਜਾਈ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਸਮੁੱਚੇ ਜ਼ਿਲੇ ਦੇ ਸਰਕਾਰੀ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਜਾਂਦਾ ਹੈ।ਇਸ ਵਾਰ ਸ੍ਰੀ ਸਿੱਧ ਬਾਬਾ ਸੋਢਲ ਜੀ ਦਾ ਮੇਲਾ 17 ਸਤੰਬਰ ਨੂੰ ਆ ਰਿਹਾ ਹੈ,ਪਰ ਡਿਪਟੀ ਕਮਿਸ਼ਨਰ ਜਲੰਧਰ ਵਲੋਂ ਅਜੇ ਤੱਕ ਸ੍ਰੀ ਸਿੱਧ ਬਾਬਾ ਸੋਢਲ ਜੀ ਦੇ ਮੇਲੇ ਤੇ ਛੁੱਟੀ ਕਰਨ ਦਾ ਨੌਟੀਫਿਕੇਸਨ ਜਾਰੀ ਨਹੀਂ ਕੀਤਾ ਗਿਆ। ਜਿਸ ਕਰਕੇ ਜਲੰਧਰ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਮਨਾਂ ਵਿੱਚ ਦੁਚਿੱਤੀ ਦੀ ਭਾਵਨਾ ਫੈਲੀ ਹੋਈ ਹੈ।ਇਸ ਦੁਚਿੱਤੀ ਨੂੰ ਦੂਰ ਕਰਨ ਲਈ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਪੁਸ਼ਪਿੰਦਰ ਕੁਮਾਰ ਵਿਰਦੀ, ਕਰਨੈਲ ਫਿਲੌਰ, ਕੁਲਵੰਤ ਰਾਮ ਰੁੜਕਾ,ਪ੍ਰੇਮ ਖਲਵਾੜਾ, ਕੁਲਦੀਪ ਵਾਲੀਆ, ਅਕਲ ਚੰਦ ਸਿੰਘ ਕਮਲਜੀਤ ਕੌਰ , ਸੁਰਿੰਦਰ ਕੌਰ ਸਹੋਤਾ , ਬਲਵੀਰ ਸਿੰਘ, ਤੀਰਥ ਸਿੰਘ ਬਾਸੀ ਅਤੇ ਪਰਨਾਮ ਸਿੰਘ ਸੈਣੀ, ਬਲਵੀਰ ਸਿੰਘ ਗੁਰਾਇਆ, ਤਾਰਾ ਸਿੰਘ ਬੀਕਾ ਆਦਿ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਅਪੀਲ ਕਰਦੇ ਹੋਏ ਮੰਗ ਕੀਤੀ ਹੈ ਕਿ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਸਮੇਂ ਸਿਰ ਛੁੱਟੀ ਦਾ ਐਲਾਨ ਤੁਰੰਤ ਕੀਤਾ ਜਾਵੇ।

# ਪੀ ਟੀ ਐੱਮ ਆਰੀਆ ਕਾਲਜ 'ਚ ਨਸ਼ਿਆਂ ਪ੍ਰਤੀ ਜਾਗਰੂਕਤਾ ਸੈਮੀਨਾਰ




**ਨੂਰਮਹਿਲ** (ਬਾਲਕ੍ਰਿਸ਼ਨ ਬਾਲੀ ) ਸਥਾਨਕ ਪੀ ਟੀ ਐਮ ਆਰਿਆ ਕਾਲਜ ਵਿਖੇ ਨਸ਼ਿਆ ਪ੍ਰਤੀ ਸਚੇਤ ਕਰਨ ਲਈ ਭਾਸ਼ਨ ਕਰਵਾਇਆ। ਪ੍ਰਾਇਮਰੀ ਹੈਲਥ ਸੈਂਟਰ ਤੋਂ ਆਏ ਹੈਲਥ ਸੁਪਰਵਾਈਜਰ ਤਰਲੋਚਨ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਤਮਾਕੂ ਦਾ ਨਸ਼ਾ ਮਜੂਦਾ ਪੀੜੀ ਨੂੰ ਹੀ ਨਸ਼ਟ ਨਹੀਂ ਕਰਦਾ ਬਲਕਿ ਆਉਣ ਵਾਲੀ ਪੀੜੀ ਨੂੰ ਵੀ ਨਸ਼ਟ ਕਰ ਦਿੰਦਾ ਹੈ। ਉਨ੍ਹਾਂ ਵਿਸਤਾਰ ਨਾਲ ਨਸ਼ਿਆਂ ਤੋਂ ਬਚਨ ਮਜ਼ਬੂਤ ਇਰਾਦੇ ਨਾਲ ਆਪਣਾ ਧਿਆਨ ਉਸਾਰੂ ਕੰਮਾਂ ਵੱਲ ਰੱਖਣ ਲਈ ਕਿਹਾ। ਇਸ ਮੌਕੇ ਵਿਭਾਗ ਦੇ ਮੁਖੀ ਪ੍ਰੋ. ਬਬੀਤਾ ਰਾਨੀ, ਯੂਥ ਸਰਵਿਸਜ਼ ਦੇ ਮੁੱਖੀ ਪ੍ਰੋ. ਮਰਜੀਣਾ ਲਾਖਾ ਮੌਜੂਦ ਸਨ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ ਕੇ ਜੈਨ ਨੇ ਆਏ ਮਹਿਮਾਨਾ ਦਾ ਧੰਨਵਾਦ ਕੀਤਾ।

# ਸਰਕਾਰੀ ਪ੍ਰਾਈਵੇਟ ਸਮਾਰਟ ਸਕੂਲ ਘਨਾਰੂ ਨੇ ਖੇਡਾਂ 'ਚ ਮੱਲਾਂ ਮਾਰੀਆਂ



**ਅਨੰਦਪੁਰ ਸਾਹਿਬ** (ਅਰਵਿੰਦਰ ਸਿੰਘ ਬਿੰਦੀ)-ਸਰਕਾਰੀ ਪ੍ਰਾਈਵੇਟ ਸਕੂਲ ਘਨਾਰੂ ਦੇ ਵਿਦਿਆਰਥੀਆਂ ਵੱਲੋਂ ਸੈਂਟਰ ਪੱਧਰੀ ਖੇਡਾਂ 'ਚ ਮੱਲਾਂ ਮਾਰਨ ਤੋਂ ਬਾਅਦ ਪਿੰਡ ਦੀ ਸਰਪੰਚ ਰੇਨੁਕਾ ਅਤੇ ਐਸ ਐਮ ਸੀ ਚੇਅਰਮੈਨ ਰਘਵੀਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਕਰਦਿਆਂ ਹੋਇਆ ਵਧਾਈਆਂ ਦਿੱਤੀਆਂ। ਇਸ ਦੌਰਾਨ ਸਕੂਲ ਦੇ ਮੁੱਖ ਅਧਿਆਪਕ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਵੱਲੋਂ ਸੈਂਟਰ ਪੱਧਰੀ ਖੇਡਾਂ ਦੇ ਵਿੱਚ ਖੋ ਖੋ ਮੁੰਡੇ ਪਹਿਲਾ ਸਥਾਨ, ਖੋ ਖੋ ਲੜਕੀਆਂ ਪਹਿਲਾ ਸਥਾਨ, ਯੋਗ ਲੜਕੀਆਂ ਪਹਿਲਾ ਸਥਾਨ, ਰਲੇ ਰੇਸ ਲੜਕੀਆਂ ਪਹਿਲਾ ਸਥਾਨ, ਗੋਲਾ ਸੁੱਟਣਾ, ਲੌਂਗ ਜੰਪ 200 ਮੀਟਰ ਦੌੜ ਲੜਕੇ ਤੇ ਲੜਕੀਆਂ ਨੇ ਵਿਸ਼ੇਸ਼ ਤੌਰ 'ਤੇ ਮੱਲਾਂ ਮਾਰੀਆਂ ਹਨ, ਜਿਨਾਂ ਦੀ ਹੌਸਲਾ ਅਫਜ਼ਾਈ ਦੇ ਲਈ ਜਿੱਥੇ ਅਧਿਆਪਕ ਬਲਜਿੰਦਰ ਕੌਰ ਮੌਜੂਦ ਸੀ ਉੱਥੇ ਨਾਲ ਹੀ ਪਿੰਡ ਦੀ ਸਰਪੰਚ ਰੇਨੁਕਾ ਅਤੇ ਰਘਵੀਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਕਰਦੇ ਹੋਏ ਵਧਾਈਆਂ ਦਿੱਤੀਆਂ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰਘਬੀਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਜੁਝਾਰੂ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਵਿੱਚ ਰੋਚਕ ਢੰਗ ਦੇ ਨਾਲ ਸਿੱਖਿਆ ਦੇਣ ਦੇ ਲਈ ਅਧਿਆਪਕਾਂ ਦਾ ਵਿਸ਼ੇਸ਼ ਧੰਨਵਾਦ ਹੈ। ਭਵਿੱਖ ਵਿੱਚ ਵੀ ਇਸ ਸਕੂਲ ਦੇ ਬੱਚੇ ਪੜ੍ਹਾਈ ਤੋਂ ਇਲਾਵਾ ਖੇਡਾਂ ਦੇ ਵਿੱਚ ਮੱਲਾਂ ਮਾਰਨਗੇ। ਇਸ ਦੌਰਾਨ ਆਂਗਨਵਾੜੀ ਵਰਕਰ ਸੁਸ਼ੀਲਾ ਦੇਵੀ ਵੀ ਮੌਜੂਦ ਸੀ।

# 'ਵਕ਼ਫ ਬੋਰਡ ਬਿੱਲ ਵਾਪਸ ਲਿਆ ਜਾਵੇ'



**ਫਗਵਾੜਾ** ( ਡਾ. ਰਮਨ )- ਵਕਫ਼ ਸੋਧ ਬਿੱਲ 2024 ਦੇ ਵਿਰੋਧ ਵਿੱਚ ਅੱਜ ਕੌਮੀ ਘੱਟ ਗਿਣਤੀ ਰਾਖਵਾਂਕਰਨ ਦੇ ਸੂਬਾ ਪ੍ਰਧਾਨ ਪੰਜਾਬ ਹਾਜੀ ਸਰਬਰ ਗੁਲਾਮ ਸਭਾ ਦੀ ਅਗਵਾਈ ਹੇਠ ਇਸ ਬਿੱਲ ਦੇ ਵਿਰੋਧ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਸੈਂਕੜੇ ਲੋਕਾਂ ਨੇ ਭਾਗ ਲਿਆ ਅਤੇ ਫਗਵਾੜਾ ਤਹਿਸੀਲ ਕੰਪਲੈਕਸ ਵਿਖੇ ਐੱਸ. ਡੀ. ਐਮ ਨੂੰ ਮੰਗ ਪੱਤਰ ਦੇ ਸਾਰਾ ਮਾਮਲਾ ਉਨ੍ਹਾਂ ਦੇ ਧਿਆਨ ਹਿੱਤ ਲਿਆਂਦਾ ਗਿਆ ਅਤੇ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਪੰਜਾਬ ਸਰਬਰ ਗੁਲਾਮ ਸਭਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਬਿੱਲ ਸੰਸਦ ਵਿੱਚ ਪੇਸ਼ ਕੀਤਾ ਗਿਆ ਹੈ ਉਸ ਪ੍ਰਤੀ ਸਰਕਾਰ ਦੀ ਨੀਅਤ ਠੀਕ ਨਹੀਂ ਹੈ, ਅਸੀਂ ਮੁਸਲਮਾਨ ਇਸ ਸਮੇਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਚਾਹੁੰਦੇ, ਇਸ ਨੂੰ ਵਾਪਸ ਲਿਆ ਜਾਵੇ। ਇਸ ਮਾਮਲੇ 'ਤੇ ਮੁਫਤੀ ਸ਼ੁਏਬ ਆਲਮ ਨੇ ਕਿਹਾ ਕਿ ਸਰਕਾਰ ਨੇ ਜਿਸ ਤਰ੍ਹਾਂ ਇਸ ਬਿੱਲ ਨੂੰ ਪੇਸ਼ ਕੀਤਾ ਹੈ, ਉਸ ਤੋਂ ਸਰਕਾਰ ਦੀ ਇਸ ਨੂੰ ਹਾਸਲ ਕਰਨ ਦੀ ਮਨਸ਼ਾ ਝਲਕਦੀ ਹੈ। ਅੰਤ ਵਿੱਚ ਮੌਲਾਨਾ ਨਸਾਮ ਅਹਿਮਦ ਕਾਸਮੀ ਅਤੇ ਕਾਰੀ ਗਫ਼ੂਰ ਅਹਿਮਦ ਨੇ ਸਮੂਹ ਭਾਈਚਾਰੇ ਵਲੋਂ ਇਸ ਰੋਸ ਮਾਰਚ ਨੂੰ ਸਫਲ ਬਣਾਉਣ ਲਈ ਆਏ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਕਮਰੁਲ, ਮੁਹੰਮਦ ਅਸਲਮ, ਫਿਰੋਜ਼ ਅਹਿਮਦ, ਏਜਾਜ਼ ਸਾ, ਰਹਿਮਤੁੱਲਾ ਰਾਮਸ਼ੇਰ, ਮੁਤੀਉਰ ਰਹਿਮਾਨ, ਮੁਹੰਮਦ ਕੈਸਰ, ਮੁਹੰਮਦ. ਤਾਜਿਮ ਮੁਹੰਮਦ ਮੁੰਨਾ ਮਾਸਟਰ, ਮੁਹੰਮਦ ਰਫੀਕ, ਅਲਾਉਦੀਨ, ਸ਼ਾਹਜਹਾਂ ਅਤੇ ਹਜ਼ਾਰਾਂ ਲੋਕ ਮੌਜੂਦ ਸਨ।

# ਕੇਜਰੀਵਾਲ ਨੂੰ ਜ਼ਮਾਨਤ ਮਿਲਣ ਦੀ ਖੁਸ਼ੀ 'ਚ ਲੱਡੂ ਵੰਡ ਕੇ ਖੁਸ਼ੀ ਮਨਾਈ



**ਫਿਲੌਰ** ( ਨਿਰਮਲ ) -ਆਮ ਆਦਮੀ ਪਾਰਟੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਮਿਲਣ ਦੀ ਖੁਸ਼ੀ ਵਿੱਚ ਹਲਕਾ ਫਿਲੌਰ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਅਤੇ ਨਾਲ ਦੇ ਵਰਕਰਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ, ਆਉਣ ਜਾਣ ਵਾਲੇ ਰਾਹਗੀਰਾਂ ਤੇ ਬੱਚਿਆਂ ਨੂੰ ਲੱਡੂ ਖਵਾ ਕੇ ਤਹਿ ਦਿਲੋਂ ਖੁਸ਼ੀ ਮਨਾਈ ਗਈ ਅਤੇ ਆਮ ਆਦਮੀ ਪਾਰਟੀ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਮਾਨਯੋਗ ਕੋਰਟ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਮੌਕੇ ਤੇ ਹਾਜ਼ਰ ਸਨ ਪਰਮਜੀਤ ਭਾਰਤੀ, ਸੁਰਿੰਦਰ ਡਾਵਰ, ਹਰਭਜਨ ਸਿੰਘ ਲਸਾੜਾ, ਹਰਮੇਸ਼ ਕੁਮਾਰ ਬਿੱਲਾ, ਗੁਰਿੰਦਰ ਸਿੰਘ ਬੱਛੋਵਾਲ, ਸੰਜੀਵ ਕੁਮਾਰ ਗੁਰਾਇਆ, ਮੇਸ਼ੀ ਗੁਰਾਇਆ, ਦੀਪਾ ਬਕਾਪੁਰ, ਗਿੱਲ,ਬਲਰਾਜ ਸਿੰਘ, ਦੀਪਾ, ਸ਼ੰਕਰ ਸੰਧੂ, ਜਗਤ ਰਾਮ ਭੱਟੀ ਦੇ ਨਾਲ ਆਮ ਆਦਮੀ ਪਾਰਟੀ ਦੇ ਵਰਕਰ ਹੋਰ ਕਾਫੀ ਮੌਜੂਦ ਸਨ।

# ਲਾਇਨਜ਼ ਕਲੱਬ ਜੰਡਿਆਲਾ ਗ੍ਰੇਟਰ ਵੱਲੋਂ ਪੌਦੇ ਲਗਾਏ



**ਨੂਰਮਹਿਲ** ( **ਬਾਲ ਕ੍ਰਿਸ਼ਨ ਬਾਲੀ** ) ਆਪਣੇ ਸਮਾਜ ਸੇਵੀ ਪ੍ਰੋਜੈਕਟਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਜੰਡਿਆਲਾ ਮੰਜਕੀ ਦੀ ਉੱਘੀ ਸਮਾਜ ਸੇਵੀ ਸੰਸਥਾ ਲਾਈਨਜ ਕਲੱਬ ਜੰਡਿਆਲਾ ਗ੍ਰੇਟਰ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਅਤੇ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਦੇ ਮਨੋਰਥ ਸਦਕਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਮਰਾਏ-ਜੰਡਿਆਲਾ ਦੇ ਹੈਡ ਮਾਸਟਰ ਉਜਾਗਰ ਸਿੰਘ ਸਮਰਾ ਸਟੇਡੀਅਮ ਵਿਖੇ ਛਾਂ ਦਾਰ ਬੂਟੇ ਲਗਾਏ ਗਏ। ਇਸ ਮੌਕੇ ਲਾਈਨਜ ਕਲੱਬ 321ਡੀ ਦੇ ਇਨਵਾਇਰਮੈਂਟ ਚੇਅਰਪਰਸਨ ਲਾਈਨ ਵਿਰਸਾ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜਿਨ੍ਹਾਂ ਦਾ ਕਲੱਬ ਦੇ ਪ੍ਰਧਾਨ ਲਾਈਨ ਸੰਦੀਪ ਸਿੰਘ ਅਤੇ ਬਾਕੀ ਕਲੱਬ ਮੈਂਬਰਾਂ ਵੱਲੋਂ ਹਾਰ ਪਾ ਅਤੇ ਫੁੱਲਾਂ ਦੇ ਗੁਲਦਸਤੇ ਦੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ, ਕਲੱਬ ਦੇ ਪ੍ਰਧਾਨ ਅਤੇ ਸਮੁੱਚੀ ਲਾਈਨਜ ਕਲੱਬ ਦੀ ਟੀਮ ਵੱਲੋਂ ਸਾਂਝੇ ਤੌਰ 'ਤੇ ਪੌਦੇ ਲਗਾਏ ਇਸ। ਇਸ ਮੌਕੇ ਲਾਈਨ ਸੁਖਵਿੰਦਰ ਸਿੰਘ, ਲਾਈਨ ਰਮੇਸ਼ ਗੁਪਤਾ, ਲਾਈਨ ਦੀਪਕ ਉੱਪਲ, ਲਾਈਨ ਚੁਰਾਗ ਸਿੰਘ ਸਹੋਤਾ, ਲਾਈਨ ਜਸਪਾਲ ਲਾਈਨ ਦਵਿੰਦਰ ਸਿੰਘ, ਲਾਈਨ ਵਿਜੇ ਕੁਮਾਰ , ਲਾਈਨ ਸੁਨੀਲ ਕੁਮਾਰ, ਲਾਈਨ ਰਜਿੰਦਰ ਸਿੰਘ, ਲਾਈਨ ਮਨਜਿੰਦਰ ਸਿੰਘ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਪ੍ਰਿੰਸੀਪਲ ਅਤੇ ਲਾਇਨ ਕਲੱਬ ਦੇ ਮੈਂਬਰ ਹਾਜ਼ਰ ਸਨ।

# ਭੀਮ ਸੈਨ ਭਸੀਨ ਨਮਿਤ ਅੰਤਮ ਅਰਦਾਸ ਅੱਜ



**ਕੁਰਾਲੀ** (ਮੋਹਨ ਅੱਗਰਵਾਲ) ਕੁਰਾਲੀ ਤੋਂ ਚੜ੍ਹਦੀ ਕਲਾ ਅਖਬਾਰ ਦੇ ਸੀਨੀਅਰ ਪੱਤਰਕਾਰ ਪੰਕਜ ਭਸੀਨ ਦੇ ਪਿਤਾ ਸਵ ਸ੍ਰੀ ਭੀਮ ਸੈਨ ਭਸੀਨ ਨਮਿਤ ਅੰਤਿਮ ਅਰਦਾਸ ਸਮਾਗਮ ਮਿਤੀ 15 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਭੀਮ ਸੈਨ ਭਸੀਨ ਜੋ ਕਿ ਅਪਣੀ ਪਤਨੀ ਸਮੇਤ ਆਪਣੇ ਸਪੁੱਤਰ ਡਾ. ਵਿਜੇ ਭਸੀਨ ਕੋਲ ਅਮਰੀਕਾ ਵਿੱਚ ਰਹਿ ਰਹੇ ਸਨ। ਬੀਤੀ 3 ਸਤੰਬਰ ਨੂੰ ਆਪਣੇ ਸੁਆਸਾ ਦੀ ਪੂੰਜੀ ਪੂਰੀ ਕਰਦਿਆਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਸਪੁੱਤਰ ਡਾ. ਵਿਜੇ ਭਸੀਨ ਦੇ ਪਰਵਾਰ ਵੱਲੋਂ ਅਮਰੀਕਾ ਵਿੱਚ ਹੀ ਕੀਤਾ ਗਿਆ ਸੀ। ਪੰਜਾਬ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨਮਿਤ ਅੰਤਿਮ ਅਰਦਾਸ ਸਮਾਗਮ ਮਿਤੀ 15 ਸਤੰਬਰ ਨੂੰ ਗੁਰਦੁਆਰਾ ਸ੍ਰੀ ਹਰਗੋਬਿੰਦਗੜ੍ਹ ਸਾਹਿਬ ਜੀ ਮੋਰਿੰਡਾ ਰੋਡ ਕੁਰਾਲੀ ਵਿਖੇ ਦੁਪਹਿਰ12:00 ਵਜੇ ਤੋਂ 1:00ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਪਰਿਵਾਰ ਦੇ ਮੈਂਬਰਾਂ ਵੱਲੋਂ ਸਾਰੇ ਹੀ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਧਾਰਮਿਕ ਸਖਸ਼ੀਅਤਾਂ, ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਰਿਸ਼ਤੇਦਾਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਗਈ ਹੈ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਕਮਲਾ ਭਸੀਨ , ਗਿਰਧਾਰੀ ਲਾਲ ਭਸੀਨ, ਰਾਜੇਸ਼ ਭਸੀਨ,ਡਾ ਵਿਜੇ ਭਸੀਨ, ਪੱਤਰਕਾਰ ਪੰਕਜ ਭਸੀਨ,ਜੋਨੀ ਸੇਠੀ ਅਤੇ ਹੋਰ ਪਰਿਵਾਰਕ ਮੈਂਬਰ ਹਾਜ਼ਰ ਸਨ।

15-SEP-PAGE-8.qxd 9/14/2024 11:00 PM Page 1



# ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਤ ਸ੍ਰੀ ਗੋਇੰਦਵਾਲ ਸਾਹਿਬ ਵਿਸ਼ੇਸ਼ ਸਪਲੀਮੈਂਟ

## ਸੰਦੇਸ਼

ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਕਾਬਲ ਸਿੰਘ ਮੱਲ੍ਹੀ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ



ਕੁਲਦੀਪ ਸਿੰਘ ਔਲਖ, ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ ਬਾਦਲ | ਅਮਰਿੰਦਰ ਸਿੰਘ ਸੰਨ੍ਹੀ | ਬਾਵਾ ਹਰਪ੍ਰੀਤ ਸਿੰਘ, ਕਿਸਾਨ ਨੌਜਵਾਨ ਆਗੂ | ਭੁਪਿੰਦਰ ਸਿੰਘ, ਐਮ ਡੀ ਪੁਖਰਾਜ ਕਿਸਾਨ ਸੇਵਾ ਕੇਂਦਰ


ਇਲਾਕੇ ਦਾ ਸਭ ਤੋਂ ਪੁਰਾਣਾ ਦਫਤਰ

ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾਂ ਦੇ ਜੋਤੀ ਜੋਤ ਸਮਾਗਮ ਤੇ ਮੌਕੇ ਤੇ ਪਹੁੰਚ ਰਹੀ ਸੰਗਤ ਦਾ ਹਾਰਦਿਕ ਸਵਾਗਤ

ਵਾਹਿਗੁਰੂ ਇੰਟਰਪ੍ਰਾਈਜ਼ਜ਼
ਸ੍ਰੀ ਗੋਇੰਦਵਾਲ ਸਾਹਿਬ



Rajwinder Singh
Visa expert

ਇੱਥੇ IELTS,PTE,Spoken ਅਤੇ UK ਇੰਟਰਵਿਊ ਦੀਆਂ ਕਲਾਸਾਂ ਲਗਵਾਈਆਂ ਜਾਂਦੀਆਂ ਹਨ ਇਸ ਤੋਂ ਇਲਾਵਾ ਇਸ ਸੰਸਥਾ ਵਿੱਚ ਵਧ ਗਿਣਤੀ ਵਿੱਚ ਵਿਦਿਆਰਥੀਆਂ ਦੇ Canada ,Australia , Europe ,USA ਅਤੇ UK ਦੇ ਵੀਜ਼ੇ ਲਗਵਾਏ ਜਾਂਦੇ ਹਨ। ਤੁਸੀਂ ਸਾਡੇ ਪੁਰਾਣੇ ਲੱਗੇ ਵੀਜ਼ਾ ਸਾਡੇ ਔਨਲਾਈਨ ਖਾਤੇ ਤੋਂ ਚੈੱਕ ਕਰ ਸਕਦੇ ਹੋ

ਸਾਰੇ ਪੈਸੇ ਵੀਜ਼ਾ ਲੱਗਣ ਤੋਂ ਬਾਅਦ ਲਏ ਜਾਂਦੇ ਹਨ

We specialize in immigration services and offer IELTS, PTE, and spoken English classes to make the process easy and straightforward.

Opp. Govt. S.S.School,Main Road Goindwal Sahib, Distt. Tarn-Taran,Punjab,NDIA 98046-93000, 97104-93000



ਅਨਮੋਲ ਫੋਟੋ ਸਟੇਟ
ਫਤਿਆਬਾਦ

ਇੱਥੇ ਹਰ ਤਰ੍ਹਾਂ ਦੇ ਫਾਰਮ ਭਰਵਾਉਣ ਅਤੇ ਫੋਟੋ ਸਟੇਟ ਕਰਾਉਣ ਲਈ ਸੰਪਰਕ ਕਰੋ।

ਮੋਬਾ. 98155-11850



ਸੁਖਵਿੰਦਰ ਸਿੰਘ





ਗੁਰਵਿੰਦਰ ਸਿੰਘ ਮੱਲ੍ਹੀ

ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਗੁਰ ਕ੍ਰਿਪਾ ਕਰਿਆਨਾ ਸਟੋਰ

ਹਰ ਤਰ੍ਹਾਂ ਦਾ ਸਾਫ਼-ਸੁਥਰਾ ਅਤੇ ਕੰਪਨੀਆਂ ਦਾ ਡੱਬੇ ਬੰਦ ਕਰਿਆਨਾ ਸਾਮਾਨ ਬਾਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ।

ਫੋਨ. 84270-28270



ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਬਾਵਾ ਹਰਪ੍ਰੀਤ ਸਿੰਘ ਮਿੰਨਾ
ਸਥਾਨਕ ਨੌਜਵਾਨ ਆਗੂ

ਫੋਨ. 98769-04670



ਬਾਵਾ ਹਰਪ੍ਰੀਤ ਸਿੰਘ




ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ


ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਮਹਾਰਾਜਾ ਗੈਸ ਸਰਵਿਸ ਗੋਇੰਦਵਾਲ ਸਾਹਿਬ



ਸਵਰਗਵਾਸੀ ਅਮਰਜੀਤ ਸਿੰਘ

Indane

ਸਤਿਕਾਰਯੋਗ ਗ੍ਰਾਹਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੇਹਤਰ ਸਹੂਲਤ ਅਤੇ ਵਧੀਆ ਗੈਸ ਸਪਲਾਈ ਲੈਣ ਲਈ ਆਨ ਲਾਈਨ ਨੰ. 77189-55555 ਤੇ IOC ਲਿਖ ਕੇ ਅਤੇ ਮੋਬਾਇਲ 84549-55555 'ਤੇ ਮਿਸ ਕਾਲ ਕਰੋ



ਸ. ਅਮਰਿੰਦਰ ਸਿੰਘ ਸੰਨ੍ਹੀ

ਸੰਪਰਕ 97811-66641, 97813-66641

ਜਾਰੀ ਕਰਤਾ : ਕਾਬਲ ਸਿੰਘ ਮੱਲ੍ਹੀ ਮੈਨੇਜਰ





ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਪੁਖਰਾਜ ਕਿਸਾਨ ਸੇਵਾ ਕੇਂਦਰ
ਇੰਡੀਅਨ ਆਇਲ ਪੈਟਰੋਲ ਪੰਪ
ਸ੍ਰੀ ਗੋਇੰਦਵਾਲ ਸਾਹਿਬ

ਸ. ਭੁਪਿੰਦਰ ਸਿੰਘ ਸਪੁੱਤਰ ਸਵ. ਸ. ਬਲੀ ਸਿੰਘ (ਮੋਬਾ. 98159-56153)




## ਧੰਨਵਾਦ

ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਮੈਨੂੰ ਸਪਲੀਮੈਂਟ ਦੇ ਕੇ ਭਰਵਾਂ ਸਹਿਯੋਗ ਦਿੱਤਾ ਅਤੇ ਅੱਗੇ ਤੋਂ ਵੀ ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।

ਕਾਬਲ ਸਿੰਘ ਮੱਲ੍ਹੀ
ਪੱਤਰਕਾਰ ਸ੍ਰੀ ਗੋਇੰਦਵਾਲ ਸਾਹਿਬ, ਮੋਬਾ. 99142-36641


ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ
ਸ੍ਰੀ ਗੋਇੰਦਵਾਲ ਸਾਹਿਬ
ਜ਼ਿਲ੍ਹਾ ਤਰਨ ਤਾਰਨ



ਕੁਲਦੀਪ ਸਿੰਘ ਔਲਖ, ਚੇਅਰਮੈਨ | ਸ੍ਰੀਮਤੀ ਬਲਜੀਤ ਕੌਰ, ਪ੍ਰਿੰਸੀਪਲ

ਦਾਖ਼ਲਾ ਸ਼ੁਰੂ ਹੈ
(ਨਰਸਰੀ ਤੋਂ ਬਾਰ੍ਹਵੀਂ ਤੱਕ)
ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ ਦੀਆਂ ਕਲਾਸਾਂ ਸ਼ੁਰੂ

ਸੰਪਰਕ : 99155-00065, 98761-18145



ਸ੍ਰੀ ਗੁਰੂ ਅਮਰ ਦਾਸ ਜੀ ਦੇ 450 ਸਾਲਾ ਦੇ ਜੋਤੀ ਜੋਤਿ ਸਮਾਗਮ ਮੌਕੇ ਪਹੁੰਚ ਰਹੀਆਂ ਸੰਗਤਾਂ ਦਾ ਹਾਰਦਿਕ ਸਵਾਗਤ

ਦਾਸ ਮੋਟਰਜ਼

ਮਾਰੂਤੀ ਦੇ ਆਥੋਰਾਈਜ਼ਡ ਸਰਵਿਸ ਸਟੇਸ਼ਨ : ਇੱਥੇ ਹਰ ਤਰ੍ਹਾਂ ਦੀਆਂ ਗੱਡੀਆਂ ਦੀ ਸਰਵਿਸ ਅਤੇ ਰਿਪੇਅਰ ਤਸੱਲੀਬਖ਼ਸ਼ ਕੀਤੀ ਜਾਂਦੀ ਹੈ।



ਗੁਰਜੀਤ ਸਿੰਘ ਸੋਨੀ





ਬਾਬਾ ਬਿਸ਼ਨ ਸਿੰਘ

ਬਾਬਾ ਬਿਸ਼ਨ ਸਿੰਘ ਕੀਰਤਨ ਸਿੰਘ ਮੈਮੋਰੀਅਲ ਸਕੂਲ ਢੋਟਾ (ਤਰਨ ਤਾਰਨ)
ਮਾਨਤਾ ਪ੍ਰਾਪਤ ਨੰ. (97)1185

ਇਲਾਕੇ ਦੇ ਸਕੂਲਾਂ ਨਾਲੋਂ ਘੱਟ ਖਰਚ ਵੱਧ ਮਿਹਨਤ, ਤਜਰਬੇਕਾਰ ਮਿਹਨਤੀ ਸਟਾਫ਼, ਪੈਨਸਲ, ਰਬੜ, ਸ਼ਾਪਨਰ ਫਰੀ

ਕੀਰਤਨ ਫਰੀ ਸਿਖਾਇਆ ਜਾਂਦਾ ਹੈ।



ਚੇਅਰਮੈਨ ਬਾਬਾ ਇੰਦਰਜੀਤ ਸਿੰਘ

ਜਾਰੀ ਕਰਤਾ : ਪ੍ਰਿੰਸੀਪਲ ਡੀ ਕੇ ਰੰਧਾਵਾ



ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਬੰਧੀ

ਗੁਰਮਤਿ ਸਮਾਗਮ

੩੧ ਭਾਦੋਂ ਤੋਂ ੩ ਅੱਸੂ, ਸੰਮਤ ਨਾਨਕਸ਼ਾਹੀ ੫੫੬ (15 ਤੋਂ 18 ਸਤੰਬਰ, 2024)

ਸਥਾਨ : ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ (ਤਰਨ ਤਾਰਨ)

ਪ੍ਰੋਗਰਾਮ

**ਸਹਿਜ ਪਾਠ ਸਾਹਿਬ ਦੇ ਭੋਗ :-** 15 ਸਤੰਬਰ 2024 ਨੂੰ ਸਵੇਰੇ 10:00 ਵਜੇ ਧਰਮ ਪ੍ਰਚਾਰ ਕਮੇਟੀ ਅਤੇ ਸਹਿਜ ਪਾਠ ਸੰਸਥਾ ਆਸਟ੍ਰੇਲੀਆ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤੇ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਇਸ ਮਗਰੋਂ ਸਰਬ ਹਿੰਦ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵੱਲੋਂ ਸਮੂਹਿਕ ਰੂਪ ਵਿਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ।

**ਧਾਰਮਿਕ ਮੁਕਾਬਲੇ:-** 16 ਸਤੰਬਰ 2024 ਨੂੰ 10:00 ਤੋਂ 12:00 ਵਜੇ ਤੱਕ ਸਿੱਖ ਮਿਸ਼ਨਰੀ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਜਾਵੇਗਾ। 12:00 ਤੋਂ 3:00 ਵਜੇ ਤੱਕ ਸ਼੍ਰੋਮਣੀ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਦੇ ਗੁਰਬਾਣੀ ਕੀਰਤਨ, ਕਵੀਸ਼ਰੀ, ਢਾਡੀ ਵਾਰਾਂ, ਕਵਿਤਾਵਾਂ ਅਤੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ।

**ਗੱਤਕਾ ਮੁਕਾਬਲੇ:-** 16 ਸਤੰਬਰ 2024 ਨੂੰ ਸ਼ਾਮ 5:30 ਵਜੇ ਤੋਂ ਰਾਤ 10:00 ਵਜੇ ਤੱਕ ਨੈਸ਼ਨਲ ਗੱਤਕਾ ਮੁਕਾਬਲੇ ਹੋਣਗੇ।

**ਨਗਰ ਕੀਰਤਨ:-** 17 ਸਤੰਬਰ 2024 ਨੂੰ ਸਵੇਰੇ 9:00 ਵਜੇ ਗੁਰਦੁਆਰਾ ਤਪਿਆਣਾ ਸਾਹਿਬ ਖਡੂਰ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਪੈਦਲ ਚੱਲ ਕੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੁੱਜੇਗਾ। ਨਗਰ ਕੀਰਤਨ ਵਿਚ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ, ਨਿਹੰਗ ਸਿੰਘ ਦਲਾਂ, ਕਾਰਸੇਵਾ ਸੰਪ੍ਰਦਾਵਾਂ, ਸਭਾ-ਸੁਸਾਇਟੀਆਂ ਅਤੇ ਸੰਗਤਾਂ ਹਾਜ਼ਰੀ ਭਰਨਗੀਆਂ।

**ਕਵੀ, ਢਾਡੀ ਤੇ ਕਵੀਸ਼ਰੀ ਦਰਬਾਰ:-** 17 ਸਤੰਬਰ 2024 ਨੂੰ ਸਮਾਗਮਾਂ ਦੌਰਾਨ ਕਵੀ, ਢਾਡੀ ਅਤੇ ਕਵੀਸ਼ਰ ਦਰਬਾਰ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਕਵੀ, ਢਾਡੀ ਤੇ ਕਵੀਸ਼ਰ ਜਥੇ ਗੁਰ-ਇਤਿਹਾਸ ਸਰਵਣ ਕਰਵਾਉਣਗੇ।

ਮੁੱਖ ਸਮਾਗਮ

18 ਸਤੰਬਰ 2024 ਨੂੰ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਵੇਰੇ 10:00 ਵਜੇ ਤੋਂ 3:00 ਵਜੇ ਤੀਕ ਸ਼ਤਾਬਦੀ ਦਾ ਮੁੱਖ ਸਮਾਗਮ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਹਾਜ਼ਰੀ ਭਰਨਗੇ। ਮੁੱਖ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਸਿੰਘ ਸਾਹਿਬਾਨ ਅਤੇ ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

18 ਸਤੰਬਰ ਨੂੰ ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਹੋਵੇਗਾ।

ਆਓ! ਇਨ੍ਹਾਂ ਗੁਰਮਤਿ ਸਮਾਗਮਾਂ 'ਚ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।

ਸਮੂਹ ਮੈਂਬਰਾਨ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਗੁਰੂ ਪੰਥ ਦੇ ਦਾਸ
ਐਡਵੋਕੇਟ ਹਰਜਿੰਦਰ ਸਿੰਘ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ


## ਅੱਤਵਾਦ ਪੀੜਤਾਂ ਦੇ ਬੱਚਿਆਂ ਲਈ ਮੈਡੀਕਲ ਕਾਲਜਾਂ 'ਚ 4 ਸੀਟਾਂ ਰਾਖਵੀਆਂ: ਡਿਪਟੀ ਕਮਿਸ਼ਨਰ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਅਕਾਦਮਿਕ ਸੈਸ਼ਨ 2024-25 ਦੌਰਾਨ ਕੇਂਦਰੀ ਪੂਲ ਦੇ ਵੱਖ-ਵੱਖ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ 4 ਸੀਟਾਂ ਸਾਰੇ ਸੂਬਿਆਂ ਦੇ ਅੱਤਵਾਦ ਪ੍ਰਭਾਵਿਤ ਆਮ ਨਾਗਰਿਕਾਂ ਦੀ ਸ਼੍ਰੇਣੀ ਦੇ ਉਮੀਦਵਾਰਾਂ ਲਈ ਨਿਰਧਾਰਤ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਇਹ ਸੀਟਾਂ ਜਿਨ੍ਹਾਂ ਮੈਡੀਕਲ ਕਾਲਜਾਂ/ਸੰਸਥਾਵਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚ ਗਯਾ (ਬਿਹਾਰ) ਦੇ ਏ. ਐਨ ਮਗਧ ਮੈਡੀਕਲ ਕਾਲਜ ਵਿਚ ਇਕ, ਮੁੰਬਈ (ਮਹਾਰਾਸ਼ਟਰ) ਦੇ ਗ੍ਰਾਂਟ ਮੈਡੀਕਲ ਕਾਲਜ ਵਿਚ ਇਕ ਅਤੇ ਰਾਏਪੁਰ (ਛੱਤੀਸਗੜ੍ਹ) ਜੇ.ਐਨ.ਐਮ ਮੈਡੀਕਲ ਕਾਲਜ ਵਿੱਚ ਦੋ ਸੀਟਾਂ ਰਾਖਵੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਲਈ ਅੱਤਵਾਦ ਤੋਂ ਪ੍ਰਭਾਵਿਤ ਪਰਵਾਰਾਂ ਦੇ ਬੱਚੇ, ਜੋ ਐੱਮ.ਬੀ.ਬੀ.ਐੱਸ. ਦੇ ਲਈ ਲੋੜੀਂਦੀ ਯੋਗਤਾ ਰੱਖਣੇ ਹਨ, ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਦੇ ਲਈ ਉਮੀਦਵਾਰ ਦੇ 12ਵੀਂ ਜਮਾਤ ਦੇ ਮੈਡੀਕਲ ਵਿਸ਼ਿਆਂ ਵਿੱਚ ਜਨਰਲ ਕੈਟਾਗਰੀ ਵਿੱਚ 50 ਫੀਸਦੀ ਅੰਕ ਅਤੇ ਐਸ.ਸੀ., ਐਸ.ਟੀ., ਓ.ਬੀ.ਸੀ. ਵਿੱਚ 40 ਫੀਸਦੀ ਅੰਕ ਹੋਣੇ ਚਾਹੀਦੇ ਹਨ। ਉਮੀਦਵਾਰ ਦੇ ਨੈਟ ਪੇਪਰ ਵਿੱਚ ਜਨਰਲ ਸ਼੍ਰੇਣੀ ਲਈ 50 ਪ੍ਰਤੀਸ਼ਤ ਅੰਕ ਅਤੇ ਐਸ.ਸੀ, ਐਸ.ਟੀ ਅਤੇ ਓ.ਬੀ.ਸੀ ਲਈ 40 ਫੀਸਦੀ ਅੰਕਾਂ ਦਾ ਹੋਣਾ ਲਾਜ਼ਮੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ 17 ਸਤੰਬਰ ਤੋਂ ਪਹਿਲਾਂ ਰਾਜੀਵ ਕੁਮਾਰ, ਅੰਡਰ ਸੈਕਟਰੀ (ਸੀ.ਟੀ.-2), ਕਮਰਾ ਨੰਬਰ 81, ਸੀ ਨੂੰ ਭੇਜਣ।

## ਅੰਡਰ 17 'ਚ ਟੇਬਲ ਟੈਨਿਸ 'ਚ ਬਾਬਾ ਵਜ਼ੀਰ ਸਿੰਘ ਖਾਲਸਾ ਸਕੂਲ ਚੈਂਪੀਅਨ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਬਾਬਾ ਵਜ਼ੀਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਲੋਹ ਜ਼ਿਲ੍ਹਾ ਅੰਡਰ 17 'ਚ ਟੇਬਲ ਟੈਨਿਸ ਜਿੱਤ ਪ੍ਰਾਪਤ ਕਰਕੇ ਸਕੂਲ ਨੂੰ ਚੈਂਪੀਅਨ ਬਣਾਇਆ। ਪ੍ਰਿੰਸੀਪਲ ਜਸਵੀਰ ਸਿੰਘ ਦੀ ਨੇ ਹੋਣਹਾਰ ਖਿਡਾਰੀਆਂ ਦੀ ਹੌਂਸਲਾ ਅਫਜਾਈ ਕਰਦਿਆਂ ਦੱਸਿਆ ਕਿ ਟੇਬਲ ਟੈਨਿਸ ਬਾਬਾ ਵਜ਼ੀਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਲੋਹ ਰੋਡ ਨਵਾਂਸ਼ਹਿਰ ਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਟੂਰਨਾਮੈਂਟ ਟੇਬਲ ਟੈਨਿਸ ਵਿਚ ਅੰਡਰ 17 ਲੜਕੇ ਦੂਸਰੀ ਪੁਜੀਸ਼ਨ ਵਿੱਚ ਜੇਤੂ ਰਹੇ ਪ੍ਰਿੰਸੀਪਲ ਜਸਵੀਰ ਸਿੰਘ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸੁਰਜੀਤ ਕੌਰ ਸੰਦੀਪ ਕੌਰ, ਰਾਜਵੀਰ ਕੌਰ ਸ਼ਮਾ ਮੈਡਮ, ਕਮਲ ਪ੍ਰਿਆ, ਰੀਆ, ਸੁਖਜਿੰਦਰ ਸਿੰਘ, ਨਵਜੀਤ ਸਿੰਘ, ਨੇਹਾ ਆਦਿ ਹਾਜ਼ਰ ਸਨ।

## ਕੌਮੀ ਲੋਕ ਅਦਾਲਤ 'ਚ 372 ਕੇਸਾਂ ਦਾ ਨਿਪਟਾਰਾ



**ਖਡੂਰ ਸਾਹਿਬ (ਨਜ਼ਸ)**—ਲੰਬੇ ਸਮੇਂ ਤੋਂ ਲੋਕਾਂ ਦੇ ਲਟਕਦੇ ਕੇਸਾਂ ਦੇ ਤੁਰੰਤ ਅਤੇ ਬਿਨਾਂ ਖਰਚੇ 'ਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਕੇਸਾਂ ਦੇ ਨਿਪਟਾਰੇ ਲਈ ਖਡੂਰ ਸਾਹਿਬ ਵਿਖੇ ਸ਼੍ਰੀਮਤੀ ਇੰਦੂ ਬਾਲਾ ਏਸੀਜੇ ਐੱਸਡੀ (ਐੱਸਡੀ)=ਕਮ-ਐੱਸਡੀਜੇਐੱਮ, ਖਡੂਰ ਸਾਹਿਬ ਦੀ ਮਾਣਯੋਗ ਅਗਵਾਈ ਹੇਠ 14 ਸਤੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਗਈ ਜਿਸ 'ਚ ਲੋਕਾਂ ਦੇ 477 ਕੇਸ ਪੇਸ਼ ਹੋਏ ਜਿਨ ਾਂ 'ਚੋਂ 372 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਲੋਕ ਅਦਾਲਤਾਂ ਦੇ ਫੈਸਲੇ ਨੂੰ ਅੰਤਿਮ ਫੈਸਲਾ ਮੰਨਿਆਂ ਜਾਂਦਾ।

## ਮਨ ਤੇ ਆਤਮਾ 'ਚੋਂ ਆਤਮਾ ਦੀ ਆਵਾਜ਼ ਚੁਣੋ : ਸਾਧਵੀ ਗਰਿਮਾ ਭਾਰਤੀ





**ਸ਼ਾਹਕੋਟ (ਗਿਆਨ ਸੈਦਪੁਰੀ)**-ਦਿਵਿਆ ਜਯੋਤੀ ਜਾਗਰਤੀ ਸੰਸਥਾ ਵੱਲੋਂ ਆਯੋਜਿਤ ਸ੍ਰੀ ਰਾਮ ਕਥਾ ਅੰਮ੍ਰਿਤ ਪ੍ਰੋਗਰਾਮ ਦੇ ਤੀਜੇ ਦਿਨ ਸਾਧਵੀ ਗਰਿਮਾ ਭਾਰਤੀ ਨੇ ਸੀਤਾ ਸਵੈਮਵਰ ਐਪੀਸੋਡ ਪੇਸ਼ ਕੀਤਾ। ਭਗਵਾਨ ਸ੍ਰੀ ਰਾਮ ਜੀ ਰਿਸ਼ੀ ਵਿਸ਼ਵਾਮਿੱਤਰ ਜੀ ਨਾਲ ਜੰਗਲ ਪ੍ਰਾਂਤ ਵਿੱਚ ਜਾਂਦੇ ਹਨ ਅਤੇ ਦੁਸ਼ਟ ਸ਼ਕਤੀਆਂ ਨੂੰ ਖਤਮ ਕਰਦੇ ਹਨ। ਸਾਧਵੀ ਨੇ ਕਿਹਾ ਕਿ ਅਸਲ ਵਿੱਚ ਸਾਡਾ ਮਨ ਜੰਗਲ ਦਾ ਪ੍ਰਤੀਕ ਹੈ। ਤਾੜਕਾ ਅਤੇ ਸੁਬਾਹੂ ਮਰੀਚ ਆਦਿ ਰਾਖਸ਼ ਸਾਡੇ ਮਨ ਵਿੱਚ ਪੈਦਾ ਹੋਣ ਵਾਲੇ ਲਾਲਚ, ਮੋਹ, ਹੰਕਾਰ ਦੇ ਪ੍ਰਤੀਕ ਹਨ। ਜਿਵੇਂ ਕਿ ਰਾਖਸ਼ੀ ਸ਼ਕਤੀਆਂ ਦਾ ਅੰਤ ਉਦੋਂ ਹੋਇਆ ਜਦੋਂ ਭਗਵਾਨ ਸ੍ਰੀ ਰਾਮ ਜੰਗਲ ਪ੍ਰਾਂਤ ਵਿੱਚ ਪ੍ਰਗਟ ਹੋਏ। ਹਨੇਰਾ ਅਤੇ ਅਗਿਆਨਤਾ ਖਤਮ ਹੋ ਗਈ ਅਤੇ ਸ਼ਾਂਤੀ ਦਾ ਰਾਜ ਸਥਾਪਤ ਹੋ ਗਿਆ, ਉਸੇ ਤਰ੍ਹਾਂ ਜਦੋਂ ਸ੍ਰੀ ਰਾਮ ਸਾਡੇ ਅੰਦਰੂਨੀ ਘਟ ਵਿੱਚ ਪ੍ਰਗਟ ਹੋਣਗੇ, ਤਾਂ ਇਹ ਵਿਕਾਰ ਦੂਰ ਹੋ ਜਾਣਗੇ। ਸਤਿਗੁਰੂ ਦੀ ਸ਼ਰਨ ਲੈਣ ਅਤੇ ਆਪਣੇ ਅੰਦਰ ਸ੍ਰੀ ਰਾਮ ਨੂੰ ਪ੍ਰਗਟ ਕਰਨ ਦੀ ਲੋੜ ਹੈ। ਸਾਡੇ ਸਾਰੇ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਕਿ ਗੁਰੂ ਤੋਂ ਬਿਨਾਂ ਕੋਈ ਵੀ ਗਤੀ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਮਨੁੱਖ ਨੂੰ ਸਦਾ ਅਜਿਹੇ ਗੁਰੂ ਦੀ ਭਾਲ ਕਰਨੀ ਚਾਹੀਦੀ ਹੈ ਜੋ ਉਸ ਦੀ ਸੁੱਤੀ ਹੋਈ ਆਤਮਾ ਨੂੰ ਜਗਾਉਂਦਾ ਹੈ ਅਤੇ ਉਸ ਨੂੰ ਪਰਮਾਤਮਾ ਨਾਲ ਮਿਲਾਉਂਦਾ ਹੈ। ਦਿਵਿਆ ਜਯੋਤੀ ਜਾਗਰਤੀ ਸੰਸਥਾਨ ਦੇ ਸੰਸਥਾਪਕ ਆਸ਼ੂਤੋਸ਼ ਮਹਾਰਾਜ ਸਦੀਵੀ ਪ੍ਰਾਚੀਨ ਬ੍ਰਹਮ ਗਿਆਨ ਦੇ ਕੇ ਸਮਾਜ ਨੂੰ ਅਧਿਆਤਮਿਕ ਜਾਗਰੂਕਤਾ ਦੇ ਕੇ ਸ਼ਖਸੀਅਤ ਨੂੰ ਪੂਰਨਤਾ ਪ੍ਰਦਾਨ ਕਰ ਰਹੇ ਹਨ। ਸਮਾਗਮ ਵਿੱਚ ਪਰਮਿੰਦਰ ਸਿੰਘ ਪਿੰਦਰ ਪੰਡੋਰੀ (ਹਲਕਾ ਇੰਚਾਰਜ ਸ਼ਾਹਕੋਟ ਆਮ ਆਦਮੀ ਪਾਰਟੀ) ਬਲਬੀਰ ਸਿੰਘ ਢੰਡੋਵਾਲ (ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ), ਪ੍ਰਵੀਨ ਗਰੋਵਰ, ਸ਼ਿਆਮ ਸੁੰਦਰ ਅਗਰਵਾਲ (ਸ਼ਾਹਕੋਟ ਰਾਈਸ ਮਿੱਲ), ਵਰਿੰਦਰ ਚੌਧਰੀ, ਸੋਨੂੰ ਮਿੱਤਲ, ਪਵਨ ਅਗਰਵਾਲ (ਸਾਬਕਾ ਕੌਂਸਲਰ ਅਤੇ ਮੰਡੀ ਕਮੇਟੀ ਪ੍ਰਧਾਨ), ਹਰਜਿੰਦਰ ਸਿੰਘ ਵਿਰਕ, ਬਲਜਿੰਦਰ ਸਿੰਘ ਖਿੰਡਾ, ਕੁਲਦੀਪ ਸਿੰਘ ਦੀਦ, ਸਵਿੰਦਰ ਸਿੰਘ ਸੋਨੂੰ ਬਲਾਕ ਪ੍ਰਧਾਨ, ਪ੍ਰਜਾਪਿਤਾ ਬ੍ਰਹਮਕੁਮਾਰੀ ਈਸ਼ਵਰੀ ਸੰਸਥਾ, ਗੁਲਸ਼ਨ ਕੁਮਾਰ (ਕ੍ਰਿਸ਼ਨਾ ਗਾਰਮੈਂਟਸ), ਸੀ.ਏ. ਤਰੁਣ ਅਗਰਵਾਲ, ਜਤਿੰਦਰ ਪਾਲ ਸਿੰਘ ਬੱਲ੍ਹਾ (ਸਾਬਕਾ ਕੌਂਸਲਰ), ਵਿਜੇ ਕੁਮਾਰੀ ਜੱਸਲ (ਸਾਬਕਾ ਕੌਂਸਲਰ ),ਦਵਿੰਦਰ ਰਿਹਾਨ, ਭਾਰਤ ਭੂਸ਼ਣ (ਸਚਦੇਵਾ ਗਾਰਮੈਂਟਸ), ਕਮਲੇਸ਼ ਮਿੱਤਲ, ਜੀਵਨ ਦਾਸ ਗੁਪਤਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਥਾ ਦੀ ਸਮਾਪਤੀ ਭਗਵਾਨ ਦੀ ਮੰਗਲ ਆਰਤੀ ਨਾਲ ਹੋਈ।

## 16 ਸਤੰਬਰ ਨੂੰ ਪ੍ਰਸਿੱਧ ਗਾਇਕ ਰੰਧਾਵਾ ਬ੍ਰਦਰਜ਼ ਰੰਮੀ ਰੰਧਾਵਾ ਤੇ ਪ੍ਰਿੰਸ ਰੰਧਾਵਾ ਆਪਣੇ ਫ਼ਨ ਦਾ ਕਰਨਗੇ ਮੁਜ਼ਾਹਰਾ

**ਕਾਲਾ ਸੰਘਿਆਂ (ਮਨਜੀਤ ਮਾਨ)** ਪਿੰਡ ਆਧੀ ਜ਼ਿਲ੍ਹਾ ਜਲੰਧਰ ਦੇ ਬਾਬਾ ਮੱਟ ਸਾਹਿਬ ਦੇ ਅਸਥਾਨ ਤੇ ਸਲਾਨਾ ਮੇਲਾ 15,16 ਸਤੰਬਰ ਦਿਨ ਐਤਵਾਰ ਤੇ ਸੋਮਵਾਰ ਨੂੰ ਬਾਬਾ ਮੱਟ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਜਰਨੈਲ ਸਿੰਘ ਸ਼ਾਹਪੁਰ, ਹਰਨੇਕ ਸਿੰਘ ਨੇਕਾ, ਡਾਕਟਰ ਕੁਲਵੰਤ ਸਿੰਘ, ਸੁਖਦੇਵ ਸਿੰਘ ਸੋਨਾ, ਬਲਵੰਤ ਸਿੰਘ, ਜਸਵਿੰਦਰ ਸੰਧੂ, ਬਲਦੇਵ ਰਾਜ ਗੁੱਗੂ, ਲਖਵਿੰਦਰ ਸਿੰਘ ਆਧੀ, ਤੇ ਲਖਵੀਰ ਸਿੰਘ ਲੱਖੀ ਨੇ ਸਾਂਝੇ ਤੌਰ ਤੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮੇਲਾ ਪਿੰਡ ਇਲਾਕਾ ਸਮੂਹ ਗ੍ਰਾਮ ਪੰਚਾਇਤ ਤੇ ਪ੍ਰਵਾਸੀ ਭਾਰਤੀਆਂ ਤੇ ਪਿੰਡ ਆਧੀ, ਸ਼ਾਹਪੁਰ ਤੇ ਪੰਡੋਰੀ ਦੀਆ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਉਤਸ਼ਾਹ ਤੇ ਸ਼ਾਨੋਸ਼ੌਕਤ ਦੇ ਨਾਲ ਕਰਵਾਇਆ ਜਾ ਰਿਹਾ ਹੈ ਇਸ ਮੇਲੇ ਚ ਪ੍ਰਸਿੱਧ ਗਾਇਕ ਰੰਧਾਵਾ ਬ੍ਰਦਰਜ਼ ਰੰਮੀ ਰੰਧਾਵਾ ਤੇ ਪ੍ਰਿੰਸ ਰੰਧਾਵਾ ਆਪਣੇ ਫ਼ਨ ਦਾ ਮੁਜਾਹਰਾ ਕਰਨਗੇ।

## ਯੇਚੁਰੀ ਦੀ ਮੌਤ ਨਾਲ ਖੱਬੀ ਜਮਹੂਰੀ ਤੇ ਧਰਮ ਨਿਰਪੱਖ ਲਹਿਰ ਨੂੰ ਵੱਡਾ ਘਾਟਾ ਪਿਆ : ਮਾਸਟਰ ਭਗਤ ਰਾਮ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਮਾਸਟਰ ਭਗਤ ਰਾਮ ਸਾਬਕਾ ਐਮ ਪੀ ਨੇ ਇਕ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਉਹਨਾਂ ਨੂੰ ਕਾਮਰੇਡ ਸੀਤਾ ਰਾਮ ਯੇਚੁਰੀ, ਸੀ ਪੀ ਆਈ ਐਮ ਦੇ ਕੌਮੀ ਜਨਰਲ ਸਕੱਤਰ ਦੀ ਬੇਵਕਤ ਮੌਤ 'ਤੇ ਗਹਿਰਾ ਸਦਮਾ ਲੱਗਾ ਹੈ ਤੇ ਡੂੰਘਾ ਦੁੱਖ ਹੋਇਆ ਹੈ। ਉਹਨਾਂ ਨੇ ਕਾਮਰੇਡ ਯੇਚੁਰੀ ਦੇ ਸ਼ੋਕਗ੍ਰਸਤ ਪਰਵਾਰ, ਸਾਰੀ ਪਾਰਟੀ ਲੀਡਰਸ਼ਿਪ, ਸਾਰੇ ਮੈਂਬਰਾਂ, ਹਮਦਰਦਾਂ ਤੇ ਹਮਾਇਤੀਆਂ ਨਾਲ ਦੁੱਖ ਸਾਂਝਾ ਕੀਤਾ ਹੈ ਅਤੇ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ ।ਉਹਨਾਂ ਦੀ ਮੌਤ ਨਾਲ ਉਹਨਾਂ ਦੇ ਪਰਵਾਰ , ਸਨੇਹੀਆਂ, ਸੀਪੀਆਈ ਐਮ, ਖੱਬੀ ਜਮਹੂਰੀ ਤੇ ਧਰਮ ਨਿਰਪੱਖ ਲਹਿਰ ਅਤੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਹਨਾ ਨੇ ਆਪਣੀ ਸਾਰੀ ਜ਼ਿੰਦਗੀ ਪਾਰਟੀ, ਦੇਸ਼ ਤੇ ਲੋਕ ਸੇਵਾ ਲੇਖੇ ਲਾ ਦਿੱਤੀ। ਉਹਨਾਂ ਨੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਸਿਆਸੀ ਵਿਰਾਸਤ ਫਿਰਕੂ ਸ਼ਕਤੀਆਂ ਨੂੰ ਸੱਤਾ ਤੋਂ ਲਾਂਭੇ ਰਖਣ ਲਈ ਖੱਬੀਆਂ ਜਮਹੂਰੀ ਤੇ ਧਰਮਨਿਰਪੱਖ ਸ਼ਕਤੀਆਂ ਦੀ ਲਾਮਬੰਦੀ ਅਤੇ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਦੀ ਪਾਰਟੀ ਲਾਈਨ 'ਤੇ ਡਟ ਕੇ ਪਹਿਰਾ ਦਿੱਤਾ ਅਤੇ ਇਸ ਦੀ ਕਾਮਯਾਬੀ ਲਈ ਅਣਥੱਕ ਕੋਸ਼ਿਸਾਂ ਕੀਤੀਆਂ।ਉਹਨਾਂ ਨੇ ਐਸ ਐਫ ਆਈ ਨੂੰ ਕੌਮੀ ਪੱਧਰ 'ਤੇ ਜਥੇਬੰਦ ਤੇ ਮਜ਼ਬੂਤ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਹ ਇਕ ਪ੍ਰਸਿੱਧ ਤੇ ਪ੍ਰਪੱਕ ਮਾਰਕਸਵਾਦੀ ਸਿਧਾਂਤਕਾਰ ਸਨ । ਉਹ ਤੀਹ ਸਾਲ ਲਗਾਤਾਰ ਪਾਰਟੀ ਦੀ ਕੇਂਦਰੀ ਟੀਮ ਦਾ ਹਿੱਸਾ ਰਹੇ ਅਤੇ ਕੇਂਦਰੀ ਪੋਜ਼ੀਸ਼ਨਾਂ 'ਤੇ ਕੰਮ ਕਰਦੇ ਹੋਏ ਪਾਰਟੀ ਪਾਲਸੀਆਂ ਨੂੰ ਘੜਨ, ਜਥੇਬੰਦਕ ਸੇਧ ਦੇਣ ਅਤੇ ਜਨਤਕ ਅੰਦੋਲਨਾਂ ਦੀ ਅਗਵਾਈ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੇ ਰਹੇ। ਉਹਨਾਂ ਦੀ ਮੌਤ ਨਾਲ ਪਏ ਵੱਡੇ ਘਾਟੇ ਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਮਜ਼ਬੂਤੀ ਨਾਲ ਚੱਲ ਕੇ ਹੀ ਖੱਬੀ, ਜਮਹੂਰੀ ਤੇ ਧਰਮਨਿਰਪੱਖ ਲਹਿਰ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ।

## ਇਤਿਹਾਸਕ ਛਿੰਝ ਮੇਲਾ ਭਲਕ ਤੋਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਲੱਖਾਂ ਦੇ ਦਾਤੇ ਦਾ 120ਵਾਂ ਨੂਰਮਹਿਲ ਇਲਾਕੇ ਦਾ ਇਤਿਹਾਸਕ ਛਿੰਝ ਮੇਲਾ 16 ਸਤੰਬਰ ਤੋਂ 18 ਸਤੰਬਰ ਤੱਕ ਕਰਵਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਕੌਂਸ਼ਲਰ ਰਾਜੀਵ ਮਿਸਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਛਿੰਝ ਮੇਲਾ ਬੜੀ ਸ਼ਾਨੋ ਸ਼ੋਕਤ ਨਾਲ ਮਨਾਇਆ ਜਾ ਰਿਹਾ ਹੈ।ਜਿਸ ਵਿਚ ਪਟਕੇ ਦੀ ਪਹਿਲੀ ਕੁਸ਼ਤੀ ਦਾ ਇਨਾਮ ਕਾਰ (ਗੱਡੀ) ਹੋਵੇਗੀ।ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿਚ ਹੋਰ ਦਿਲ ਖਿਚਵੇ ਇਨਾਮ ਵੀ ਹੋਣਗੇ 16 ਸਤੰਬਰ ਨੂੰ ਸਵੇਰੇ ਪਿੜ ਵਿਚ ਮੱਥਾ ਟੇਕਣ ਦੀ ਰਸਮ ਹੋਵੇਗੀ।ਉਪਰੰਤ ਘੋੜਿਆਂ ਦੀਆਂ ਦੌੜਾਂ ਹੋਣਗੀਆਂ।18 ਸਤੰਬਰ ਨੂੰ ਬੱਚਿਆਂ ਦੀ ਕਬੱਡੀ ਦਾ ਮੈਚ ਹੋਵੇਗਾ।ਉਪਰੰਤ ਮੇਲਾ ਜਗਾਤੂ ਟਰੈਕਟਰ ਤਵੀਆ ਦੇ ਮੁਕਾਬਲੇ ਹੋਣਗੇ।ਉਸ ਤੋਂ ਬਾਅਦ ਇਸ ਵਿਚ ਦੇਸ਼ ਦੇ ਚੋਟੀ ਦੇ ਪਹਿਲਵਾਨ ਇਸ ਛਿੰਜ ਮੇਲੇ ਵਿਚ ਹਿੱਸਾ ਲੈਣਗੇ।

## ਬੰਗਾ ਡਵੀਜ਼ਨ ਵਿਖੇ ਪਾਵਰਕਾਮ ਦੇ ਕਰਮਚਾਰੀਆਂ ਵੱਲੋਂ ਗੇਟ ਰੈਲੀ



**ਬੰਗਾ (ਅਵਤਾਰ ਕਲੇਰ)** ਪਾਵਰਕਾਮ ਦੇ ਪੀ ਐਸ ਈ ਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਚੱਲ ਰਹੇ ਸੰਘਰਸ਼ ਵਿੱਚ ਬੰਗਾ ਡਵੀਜ਼ਨ ਵਿਖੇ ਗੇਟ ਰੈਲੀ ਕੀਤੀ ਗਈ।ਜਿਸ ਵਿੱਚ ਰਾਮ ਲੁਭਾਇਆ ਸਾਬਕਾ ਵਿੱਤ ਸਕੱਤਰ ਟੀ ਐਸ ਯੂ ਪੰਜਾਬ, ਸੁਰਿੰਦਰ ਪਾਲ ਪ੍ਰਧਾਨ, ਕੰਵਰ ਜਸਵਿੰਦਰ ਪਾਲ ਸਿੰਘ ਪ੍ਰਧਾਨ, ਅਸ਼ੋਕ ਕੁਮਾਰ, ਮੋਹਨ ਲਾਲ, ਨੰਦ ਲਾਲ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਵਲੋਂ ਐਸਮਾ ਦੇ ਲੈਟਰ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਪ੍ਰੰਤੂ ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਮੁਲਾਜ਼ਮ ਡਰ ਨਹੀਂ ਰਹੇ।

ਇਸ ਮੌਕੇ ਸਮੁੱਚੇ ਕਰਮਚਾਰੀਆਂ ਵੱਲੋਂ ਮਿਤੀ 10,11,12 ਸਤੰਬਰ ਦੀਆਂ ਛੁੱਟੀਆਂ ਦੀ ਲਗਾਤਾਰਤਾ ਵਿੱਚ ਮਿਤੀ 13 ਸਤੰਬਰ ਤੋਂ 17 ਸਤੰਬਰ ਤੱਕ ਸਮੂਹਿਕ ਛੁੱਟੀਆਂ ਕਰਵਾਈਆਂ ਗਈਆਂ।ਬਿਜਲੀ ਮੰਤਰੀ ਅਤੇ ਪਾਵਰਕੌਮ ਦੀ ਮੈਨੇਜਮੈਂਟ ਵਲੋਂ ਮੀਟਿੰਗਾਂ ਕਰਕੇ ਮੰਗਾਂ ਨਾ ਮੰਨਣ ਬਾਰੇ ਰੋਸ ਜ਼ਾਹਿਰ ਕੀਤਾ ਗਿਆ। ਪਾਵਰਕੌਮ ਦੀ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨਾ ਲਾਗੂ ਕੀਤੀਆਂ ਗਈਆਂ ਤਾਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਜਿਸ ਦੇ ਨਿਕਲਣ ਵਾਲੇ ਸਿਟਿਆਂ ਦੀ ਜ਼ਿੰਮੇਵਾਰੀ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਰੈਲੀ ਵਿੱਚ ਸੁਖਵਿੰਦਰ ਸਿੰਘ, ਦਿਨੇਸ਼ ਕੁਮਾਰ, ਗੁਰਜੀਤ ਕੁਮਾਰ, ਰਜਿੰਦਰ ਕੁਮਾਰ, ਕੁਲਦੀਪ ਸਿੰਘ, ਬਲਜੀਤ ਸਿੰਘ, ਜੋਗਿੰਦਰ ਪਾਲ, ਇਰਵਿਨਪ੍ਰੀਤ ਸੋਨੂ, ਯਸ਼ਪਾਲ, ਬਲਰਾਜ,ਜੀਵਨ ਕੁਮਾਰ, ਸੰਜੋਗ ਸਿੰਘ, ਮਨਦੀਪ ਸਿੰਘ, ਜਸਪਾਲ ਸਿੰਘ, ਹਰਮੇਸ਼ ਲਾਲ, ਹਰਜਿੰਦਰ ਕੁਮਾਰ, ਰਜਿੰਦਰ ਕੁਮਾਰ, ਰਘਵੀਰ ਕੁਮਾਰ, ਕੰਵਲਜੀਤ ਸਿੰਘ, ਸੁਖਵੰਤ ਸਿੰਘ, ਰਾਜਵਿੰਦਰ ਕੌਰ,ਸਮਿਸਤਾ, ਆਦਿ ਹਾਜ਼ਰ ਸਨ। ਆਖਿਰ ਵਿੱਚ ਪ੍ਰਧਾਨ ਵਲੋਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

## ਬਾਬਾ ਸ੍ਰੀ ਚੰਦ ਦਾ ਪ੍ਰਕਾਸ਼ ਦਿਵਸ ਸ਼ਰਧਾ-ਪੂਰਵਕ ਮਨਾਇਆ



**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ )**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦਾ 530ਵਾਂ ਪ੍ਰਕਾਸ਼ ਦਿਵਸ ਡੇਰਾ ਸੰਤ ਇੰਦਰ ਦਾਸ ਹਰਿ ਕੀ ਜੋਤ ਆਸ਼ਰਮ ਸ਼ੇਖੇ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਇੰਦਰ ਦਾਸ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਹੇਠ ਅਤੇ ਸੰਤ ਪ੍ਰਮੇਸ਼ਰੀ ਦਾਸ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ।ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ ਜਥਿਆਂ ਵਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਸਰਵਣ ਦਾਸ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, (ਰਜਿ) ਪੰਜਾਬ, ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਰਮੇਸ਼ ਦਾਸ ਡੇਰਾ ਬਾਬੇ ਕੱਲਰਾਂ ਸ਼ੇਰਪੁਰ ਢਕੋਂ, ਸੰਤ ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਵਿਨੈ ਮੁਨੀ ਜੰਮੂ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਸ਼ਿਵ ਨਰਾਇਣ, ਸੰਤ ਨਿਰੰਜਣ ਦਾਸ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਲਵਪ੍ਰੀਤ ਬੋਹਨ, ਵਿੱਕੀ ਬਹਾਦਰਕੇ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਸਰਵਣ ਦਾਸ ਸਲੇਮਟਾਵਰੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਮੁਫਤ ਚੈਕਅੱਪ ਕੈਂਪ ਵੀ ਲਗਾਇਆ ਗਿਆ ਅਤੇ ਦਵਾਈਆਂ ਵੀ ਦਿੱਤੀਆਂ। ਸੰਗਤਾਂ ਲਈ ਚਾਹ ਪਕੌੜਿਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਛਿੰਝ ਮੇਲਾ 18-19 ਨੂੰ

**ਗੁਰਾਇਆ (ਰਘਬੀਰ ਸਿੰਘ)**- ਧੰਨ ਧੰਨ ਬਾਬਾ ਬਸਾਊ ਪ੍ਰਬੰਧਕ ਕਮੇਟੀ, ਸਮੂਹ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰ ਅਤੇ ਸਮੂਹ ਨਗਰ ਨਿਵਾਸੀ ਪਿੰਡ ਰੁਪੋਵਾਲ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਬਸਾਊ ਰੁਪੋਵਾਲ ਨੂੰ ਸਮਰਪਿਤ ਪੰਜਾਬ ਦਾ ਮਸ਼ਹੂਰ 164ਵਾਂ ਸਾਲਾਨਾ ਛਿੰਝ ਮੇਲਾ 18 ਅਤੇ 19 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਕਮੇਟੀ ਦੀ ਮੀਟਿੰਗ ਹੋਈ ਜਿਸ ਦੌਰਾਨ ਜਾਣਕਾਰੀ ਦਿੰਦੇ ਆ ਕਮੇਟੀ ਮੈਂਬਰਾਂ ਨੇ ਦੱਸਿਆ 14 ਸਤੰਬਰ ਦਿਨ ਸ਼ਨੀਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਕੀਤੀ ਗਈ।18 ਸਤੰਬਰ ਨੂੰ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਸਵੇਰੇ 8 ਵਜੇ, ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਭੋਗ 10 ਵਜੇ ,ਢਾਡੀ ਜੱਥਾ 11 ਵਜੇ ਲੱਗੇਗਾ। ਜਿਸ ਤੋਂ ਉਪਰੰਤ 18 ਸਤੰਬਰ ਨੂੰ ਅਮਨ ਰੋਜੀ ਦਾ ਖੁੱਲਾ ਅਖਾੜਾ ਲੱਗੇਗਾ,ਸ਼ਾਮ ਨੂੰ ਪਹਿਲਵਾਨਾਂ ਦੀ ਛਿੰਝ ਵੇਖਣ ਯੋਗ ਹੋਵੇਗੀ।19 ਸਤੰਬਰ ਨੂੰ ਸਵੇਰੇ ਗਾਇਕ ਬਾਗੀ ਦਾ ਖੁੱਲਾ ਅਖਾੜਾ ਲੱਗੇਗਾ।ਇਸ ਮੌਕੇ ਕਮੇਟੀ ਦੇ ਪ੍ਰਧਾਨ ਸਰਪੰਚ ਸੁਰਿੰਦਰ ਸਿੰਘ ਸਰਾਣਾ, ਕੈਸ਼ੀਅਰ ਹਰਮੇਲ ਸਿੰਘ, ਗੁਰਦੀਪ ਸਿੰਘ ,ਜਨਰਲ ਸਕੱਤਰ ਮਾਸਟਰ ਜਗਦੀਸ਼ ਮਹਿਮੀ ,ਡਾਕਟਰ ਸੁਖਦੇਵ ਕੁਮਾਰ ਸ਼ਰਮਾ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ ਲੰਬੜਦਾਰ, ਗੁਰਵਿੰਦਰ ਸਿੰਘ ਪੰਚ, ਭਾਗਰਾਮ ਪੰਚ, ਪਿਆਰਾ ਸਿੰਘ ਪੰਚ, ਰਾਜਵਿੰਦਰ ਕੌਰ ਪੰਚ, ਰੇਸ਼ਮ ਕੌਰ ਪੰਚ, ਜੱਸਾ ਸਿੰਘ ਭੋਗਲ, ਦਵਿੰਦਰ ਸਿੰਘ, ਜਸਪਾਲ ਸਿੰਘ, ਬਲਿਹਾਰ ਰਾਮ, ਪਰਮਜੀਤ ਰਾਮ, ਕੁਲਵਿੰਦਰ ਸਿੰਘ, ਜਸਵੰਤ ਸਿੰਘ,ਸੋਹਨ ਸਿੰਘ ਹਾਜ਼ਰ ਸਨ।

## ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸਤਾਰ੍ਹਵੀਂ ਜਨਰਲ ਕੌਂਸਲ ਦਾ ਪਹਿਲਾ ਅਜਲਾਸ 22 ਨੂੰ



**ਜਲੰਧਰ (ਰਾਜੇਸ਼ ਥਾਪਾ )**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾਈ ਗੂਗਲ ਮੀਟ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ , ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾਈ ਜਨਰਲ ਕੌਂਸਲ 22 ਸਤੰਬਰ ਨੂੰ ਰੋਪੜ ਵਿੱਚ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਸੁਖਵਿੰਦਰ ਸਿੰਘ ਚਾਹਲ,ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ,ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ, ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੰਵਿਧਾਨ ਮੁਤਾਬਿਕ ਹਰ ਛੇ ਮਹੀਨੇ ਬਾਅਦ ਜਥੇਬੰਦੀ ਦੀ ਜਨਰਲ ਕੌਂਸਲ ਬੁਲਾਈ ਜਾਂਦੀ ਹੈ ਜਿਸ ਵਿਚ ਅਧਿਆਪਕਾ ਦੇ ਮੰਗਾਂ ਮਸਲਿਆਂ ਤੇ ਵਿਚਾਰ ਚਰਚਾ ਕਰਨ ਉਪਰੰਤ ਨਵੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਂਦਾ ਹੈ। ਓਹਨਾਂ ਦੱਸਿਆ ਕਿ ਇਸ ਜਨਰਲ ਕੌਂਸਲ ਵਿੱਚ ਜਥੇਬੰਦੀ ਦੇ ਸਾਰੇ ਚੁਣੇ ਹੋਏ ਬਲਾਕ ਪ੍ਰਧਾਨ, ਜ਼ਿਲ੍ਹੇ ਤੇ ਪੰਜਾਬ ਦੇ ਸਰਗਰਮ ਆਗੂ ਹਿੱਸਾ ਲੈਣਗੇ। ਅਧਿਆਪਕ ਮੰਗਾਂ ਮਸਲਿਆਂ ਤੋਂ ਵੀ ਸਰਕਾਰ ਭੱਜੀ ਹੈ ਤੇ ਜਿਸ ਬਾਰੇ ਜਨਰਲ ਕੌਂਸਲ ਵਿੱਚ ਖੁੱਲ੍ਹ ਕੇ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਸੂਬਾਈ ਜਨਰਲ ਕੌਂਸਲ ਦੀ ਤਿਆਰੀ ਲਈ 17 ਅਤੇ 18 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ। ਓਹਨਾ ਕਿਹਾ ਕਿ ਇਸ ਜਨਰਲ ਕੌਂਸਲ ਵਿੱਚ ਉੱਘੇ ਸਿੱਖਿਆ ਸ਼ਾਸਤਰੀ ਨਵੀਂ ਸਿੱਖਿਆ ਨੀਤੀ 'ਤੇ ਆਪਣੇ ਵਿਚਾਰ ਪ੍ਰਗਟ ਕਰਨਗੇ। ਇਸ ਸਮੇਂ ਬਲਵਿੰਦਰ ਸਿੰਘ ਭੁੱਟੋ ਜਥੇਬੰਧਕ ਸਕੱਤਰ, ਜਸਵਿੰਦਰ ਸਮਾਣਾ ਸਹਾਇਕ ਜਥੇਬੰਧਕ ਸਕੱਤਰ, ਕੁਲਦੀਪ ਸਿੰਘ ਪੁਰੋਵਾਲ ਤੇ ਗੁਰਪ੍ਰੀਤ ਸਿੰਘ ਅੰਮੀਵਾਲ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਬਾਜਵਾ ਤੇ ਮਨੋਹਰ ਲਾਲ ਸ਼ਰਮਹ ਮੀਤ ਪ੍ਰਧਾਨ, ਦੇਵੀ ਦਿਆਲ ਤੇ ਹਰਿੰਦਰ ਮੱਲੀਆਂ ਜੁਆਇੰਟ ਸਕੱਤਰ, ਦਿਲਦਾਰ ਭੰਡਾਲ਼ ਤੇ ਗੁਰਦੀਪ ਸਿੰਘ ਬਾਜਵਾ, ਗੁਰਮੇਲ ਸਿੰਘ, ਸੁਭਾਸ਼ ਪਠਾਨਕੋਟ, ਸੁੱਚਾ ਸਿੰਘ ਟਰਪਈ, ਹਰਿੰਦਰ ਮੱਲੀਆਂ, ਬਲਦੇਵ ਸਿੰਘ ਬਰਾੜ , ਜਗਜੀਤ ਸਿੰਘ ਮਾਨ, ਨੂਰ ਮੁਹੰਮਦ, ਨਰਿੰਦਰ ਸਿੰਘ ਮਾਖਾ, ਜੱਜ ਪਾਲ ਸਿੰਘ ਬਾਜੇ ਕੇ, ਰਵਿੰਦਰ ਸਿੰਘ ਪੱਪੀ ਸਿੱਧੂ, ਅਮ੍ਰਿਤਪਾਲ ਸਿੰਘ ਪਠਾਨਕੋਟ, ਧਰਮਿੰਦਰ ਭੰਗੂ, ਸਰਬਜੀਤ ਸਿੰਘ ਧਾਲੀਵਾਲ, ਹਰਜੀਤ ਸਿੰਘ ਗਲ੍ਹਵੱਟੀ, ਰਰੇਸ਼ ਕੁਮਾਰ, ਸੰਦੀਪ ਕੁਮਾਰ ਫਾਜ਼ਿਲਕਾ ਆਦਿ ਹਾਜ਼ਰ ਸਨ।

15-Sep-Sunday.qxd 9/14/2024 10:37 PM Page 1



ਯਾਤਰਾ ਪ੍ਰਸੰਗ-ਰੁਪਿਨ ਪਾਸ ਟਰੈਕ
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 15 ਸਤੰਬਰ 2024 www.nawanzamana.in ਕੀਮਤ 5.00 ਰੁਪਏ

# ਪਿੰਗਲਵਾੜਾ ਤੇ ਸਵਰਾਜਬੀਰ ਦੀ ਪੱਤਰਕਾਰੀ

ਸਵਰਾਜਬੀਰ ਕਵੀ ਹੈ; ਉਸ ਤੋਂ ਵਧ ਕੇ ਨਾਟਕਕਾਰ ਹੈ; ਤੇ ਉਸ ਨੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਦੀ ਹੈਸੀਅਤ 'ਚ ਤਾਰੀਖ਼ੀ ਮੁਕਾਮ ਹਾਸਿਲ ਕੀਤਾ ਹੈ। ਇਸ ਅਖ਼ਬਾਰ ਦੇ ਐਤਵਾਰੀ ਸੰਪਾਦਕੀ ਨੂੰ ਨਵਾਂ ਮੁਹਾਂਦਰਾ ਦੇਣ ਦਾ ਆਗਾਜ਼ ਗੁਰਬਚਨ ਸਿੰਘ ਭੁੱਲਰ ਨੇ ਕੀਤਾ ਸੀ; ਸਵਰਾਜਬੀਰ ਨਵੇਂ ਨਕਸ਼ ਘੜਦਾ ਸਿਖ਼ਰ 'ਤੇ ਲੈ ਗਿਆ ਹੈ, ਜਿਸ ਦਾ ਪਿੱਛਾ ਕਰਨ ਵਾਲ਼ੇ ਪੱਤਰਕਾਰ ਦਾ ਪੰਜਾਬੀ ਭਾਸ਼ਾ ਨੂੰ ਇੰਤਜ਼ਾਰ ਰਹੇਗਾ। ਸੁਤੰਤਰ ਭਾਰਤ ਦਾ ਬਦਕਿਸਮਤ ਸਮਾਂ, ਪੱਤਰਕਾਰ ਦੀ ਹੈਸੀਅਤ 'ਚ, ਉਸ ਦੀ ਤੇ ਸਾਡੀ ਖ਼ੁਸ਼ਕਿਸਮਤੀ ਰਿਹਾ ਹੈ। ਗਹਿਰੇ ਸੰਕਟ ਦਾ ਕਾਲ-ਖੰਡ ਕਲਮਾਂ ਨੂੰ ਘੜਨ ਤੇ ਨਿਖਾਰਨ ਦਾ ਯੁੱਗ ਵੀ ਹੁੰਦਾ ਹੈ।

ਉਹ ਉਸ ਵੇਲ਼ੇ ਬੋਲ ਰਿਹਾ ਸੀ, ਜਦ ਬੋਲਾਂ 'ਤੇ ਪਹਿਰਾ ਭਾਰੀ ਹੋ ਰਿਹਾ ਸੀ। ਜਿਨ੍ਹਾਂ ਨੂੰ ਕੁਝ ਵੀ ਬੋਲਣ ਦੀ ਖੁੱਲ੍ਹ ਸੀ, ਉਹ ਸੱਤਾ ਦੀ ਦਲਾਲੀ ਲਈ ਬਦ-ਜ਼ੁਬਾਨ ਹੋ ਰਹੇ ਸਨ। ਉਸ ਨੇ ਜ਼ੁਬਾਨ ਦੇ ਜ਼ਬਤ ਤੇ ਬੇਬਾਕੀ ਦਾ ਸੁਮੇਲ ਕਰਨਾ ਸੀ; ਤੇ ਸੱਤਾ ਨੂੰ ਨਾਰਾਜ਼ ਕਰਦੇ ਸ਼ਬਦ ਸਿਰਜਣੇ ਸਨ। ਉਸ ਨੇ ਸੁਚੇਤ ਤੇ ਉਤਸ਼ਾਹੀ ਪਾਠਕਾਂ ਨੂੰ ਬਲ ਬਖ਼ਸ਼ਦੇ ਸ਼ਬਦਾਂ ਨਾਲ ਨਿਹਾਲ ਕੀਤਾ ਹੈ; ਤੇ ਕੂੜ ਦੇ ਸੌਦਾਗਰਾਂ ਨੂੰ ਬੇਨਕਾਬ ਕੀਤਾ ਹੈ। ਇਸ ਵਿੱਚ ਵੀ ਜ਼ਬਤ ਦੀ ਸੀਮਾ ਬਰਕਰਾਰ ਰਹੀ ਹੈ।

ਸ਼ਬਦੀਸ਼

ਸੱਤਾ ਸਿਰਫ਼ ਹਕੂਮਤੀ ਨਹੀਂ ਹੁੰਦੀ, ਇਸ ਦੇ ਕਈ ਸੂਖਮ ਰੂਪ ਵੀ ਹੁੰਦੇ ਹਨ, ਜਿਨ੍ਹਾਂ 'ਚੋਂ ਗੁਜ਼ਰਦੀ ਪ੍ਰਤਿਭਾ ਸ਼ਬਦ ਸਿਰਜਦੀ ਹੈ। ਇਸ ਮਨੋ-ਯੁੱਧ ਦੇ ਗੁੱਝੇ ਭੇਤ ਕਵਿਤਾ ਨੂੰ ਸੱਦਾ ਦਿੰਦੇ ਹਨ; ਨਾਟਕ ਨੂੰ ਆਵਾਜ਼ ਮਾਰਦੇ ਹਨ। ਉਹਦੇ ਕੋਲ ਕੰਨ ਹਨ; ਉਹ ਰਚਨਾ ਦੀ ਸੱਦ ਸੁਣ ਰਿਹਾ ਹੋਵੇਗਾ ਜਾਂ ਹੋ ਸਕਦਾ ਹੈ, ਸੁਣ ਹੀ ਚੁੱਕਾ ਹੋਵੇ। ਸਾਨੂੰ ਉਸ ਦੇ ਬੋਲਾਂ ਦੀ ਉਡੀਕ ਹੈ। ਫ਼ਿਲਹਾਲ ਉਸ ਦੀ ਪੱਤਰਕਾਰੀ ਦੇ ਬੋਲਾਂ ਦੀ ਗੱਲ ਕਰਦੇ ਹਾਂ। ਇਹ ਬੋਲ ਲੋਕ ਯੁੱਧ ਦੇ ਸੰਘਰਸ਼ਾਂ 'ਚੋਂ ਉਗਮਦੇ ਹਨ; ਸੰਘਰਸ਼ੀ ਜੀਵੜਿਆਂ ਨੂੰ ਉਤਸ਼ਾਹ ਦਿੰਦੇ ਹਨ; ਤੇ ਉਨ੍ਹਾਂ ਦੇ ਸਬਰ-ਸੰਤੋਖ ਤੇ ਸਿਰੜ ਤੋਂ ਤਾਕਤ ਵੀ ਲੈਂਦੇ ਹਨ।

ਸਵਰਾਜਬੀਰ ਖੱਬੇ-ਪੱਖੀ ਹੈ, ਪਰ ਉਸ ਸਿਆਸਤ ਤੋਂ ਮੁਕਤ ਹੈ, ਜਿਸ ਦੇ ਪਿੰਡੇ 'ਤੇ ਵਿਰੋਧੀ ਧਿਰ ਦੀ ਮੋਹਰੀ ਪਾਰਟੀ ਦੇ ਪੱਖ ਵਿੱਚ ਭੁਗਤਣ ਲਈ 'ਖ਼ਾਮੋਸ਼ ਰਹਿਣ ਦੀ ਪ੍ਰਤੀਬੱਧਤਾ' ਦੀਆਂ ਘਾਸੀਆਂ ਪਈਆਂ ਹੋਈਆਂ ਹਨ। ਸਾਡੇ ਕੋਲ ਇਸ ਮਾਮਲੇ ਵਿੱਚ 'ਦਲੇਰਾਨਾ ਪੱਤਰਕਾਰੀ ਦੀ ਪ੍ਰੰਪਰਾ' ਵੀ ਰਹੀ ਹੈ।

ਹਰ ਪੰਜਾਬੀ ਭਗਤ ਪੂਰਨ ਸਿੰਘ ਦੇ ਨਾਂਅ ਤੋਂ ਵਾਕਿਫ਼ ਹੈ। ਉਸ ਦਾ ਪਿੰਗਲਵਾੜਾ ਲਾਚਾਰ ਲੋਕਾਂ ਨੂੰ ਸਹਾਰਾ ਦਿੰਦਾ ਹੈ। ਸਵਰਾਜਬੀਰ ਨੇ ਸਿਆਸੀ-ਸਮਾਜੀ ਖੇਤਰ 'ਚ ਲਾਚਾਰਤਾ ਦੇ ਮਾਰੇ ਸਮਾਜ ਨੂੰ ਚਿੰਤਨੀ ਬੋਲ ਦਿੱਤੇ ਹਨ। ਜਿਸਮਾਨੀ ਸਹਾਰੇ ਨੇ ਚਿੰਤਨੀ ਸਹਾਰੇ ਦੀ ਬਾਂਹ ਫੜੀ ਹੈ। ਇਹ ਪੰਜਾਬ ਦੇ ਇਤਿਹਾਸ ਦੀ ਚਮਤਕਾਰੀ ਘਟਨਾ ਹੈ। ਇਸ ਸੇਵਾ-ਭਾਵ ਵਾਲੀ ਸੰਸਥਾ ਨੇ ਉਸ ਦੀ ਪੱਤਰਕਾਰੀ ਨੂੰ ਤਿੰਨ ਕਿਤਾਬਾਂ 'ਚ ਸਾਂਭ ਲਿਆ ਹੈ। ਇਹ ਪਿੰਗਲਵਾੜੇ ਦੀ ਪ੍ਰੰਪਰਾ ਮੁਤਾਬਕ ਭੇਟਾ-ਰਹਿਤ ਪ੍ਰਕਾਸ਼ਨ ਹੈ।

ਭਗਤ ਪੂਰਨ ਸਿੰਘ ਧਰਮੀ ਪੁਰਸ਼ ਸਨ। ਉਨ੍ਹਾਂ ਦਾ ਧਰਮ ਵਲਗਣ ਦੇ ਦਾਇਰੇ ਦਾ ਕੈਦੀ ਨਹੀਂ ਸੀ। ਉਨ੍ਹਾਂ ਦੀ ਸਿੱਖ ਆਸਥਾ 'ਚ ਸਮਾਜੀ ਚੇਤਨਾ ਸਮੋਈ ਹੋਈ ਸੀ। ਉਨ੍ਹਾਂ ਬਲਿਊ ਸਟਾਰ ਆਪਰੇਸ਼ਨ ਪ੍ਰਤੀਕਰਮ ਵਿੱਚ ਭਾਰਤ ਸਰਕਾਰ ਦਾ ਪਦਮਸ੍ਰੀ ਸਨਮਾਨ ਵਾਪਸ ਕਰ ਦਿੱਤਾ। ਉਸ ਸਨਮਾਨ ਨੂੰ ਵਾਪਸ ਕਰਦਾ ਖ਼ਤ ਇਤਿਹਾਸਕ ਦਸਤਾਵੇਜ਼ ਹੈ, ਜਿਵੇਂ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਖ਼ਿਲਾਫ਼ ਸਰ ਦਾ ਖ਼ਿਤਾਬ ਮੋੜਦਾ ਰਾਬਿੰਦਰ ਨਾਥ ਟੈਗੋਰ ਦਾ ਪ੍ਰਤੀਕਰਮ ਸਾਡੀ ਵਿਰਾਸਤ ਦਾ ਹਿੱਸਾ ਹੈ। ਇਹ ਭਗਤ ਪੂਰਨ ਸਿੰਘ ਦਾ ਸਿਆਸੀ ਨਹੀਂ, ਸੱਤਾ ਵਿਰੋਧੀ ਮਾਨਵੀ ਚਿਹਰਾ ਸੀ।

ਉਨ੍ਹਾਂ ਦੇ ਸੇਵਾ-ਭਾਵ ਵਾਲੇ ਕਾਰਜਾਂ ਨੂੰ ਡਾ. ਇੰਦਰਜੀਤ ਕੌਰ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਸਦਕਾ ਅੱਗੇ ਤੋਰ ਰਹੇ ਹਨ। ਸਵਰਾਜਬੀਰ ਦੀ ਪੱਤਰਕਾਰੀ ਤਿੰਨ ਕਿਤਾਬਾਂ-'ਭਾਈ ਹਮਾਰੇ ਸਦ ਹੀ ਜੀਵੀ', 'ਅਉਖੀ ਘਾਟੀ ਬਿਖੜਾ ਪੈਂਡਾ' ਅਤੇ 'ਰੱਬ ਦੇ ਹੁਸਨ ਬਾਗ਼ ਦੇ ਵਾਰਿਸ' ਦੇ ਰੂਪ ਵਿੱਚ ਛਾਪੀ ਗਈ ਹੈ। ਇਨ੍ਹਾਂ 'ਚੋਂ ਇੱਕ (ਰੱਬ ਦੇ ਹੁਸਨ ਬਾਗ਼ ਦੇ ਵਾਰਿਸ) ਦੀ ਭੂਮਿਕਾ ਅਮਰਜੀਤ ਸਿੰਘ ਗਿੱਲ ਹੁਰਾਂ ਲਿਖੀ ਹੈ ਅਤੇ ਦੋ ਕਿਤਾਬਾਂ ਦੀ ਜਾਣ-ਪਛਾਣ ਡਾ. ਸਰਬਜੀਤ ਸਿੰਘ ਛੀਨਾ ਨੇ ਕਰਵਾਈ ਹੈ। ਡਾ. ਇੰਦਰਜੀਤ ਕੌਰ ਦੇ ਬੇਬਾਕ ਵਜਾਹਤ ਕਰਦੇ 'ਦੋ ਸ਼ਬਦ' ਦੱਸਦੇ ਹਨ; ਸਵਰਾਜਬੀਰ ਉਸ ਸਰਕਾਰ ਦੀਆਂ ਨੀਤੀਆਂ ਬਾਰੇ ਖੁੱਲ੍ਹ ਕੇ ਲਿਖਣ ਦੇ ਕਾਇਲ ਹਨ, ਜਿਹੜੀ ਭਾਰਤੀ ਸੰਵਿਧਾਨ ਨੂੰ ਹਿੰਦੂਤਵ ਵੱਲ ਮੋੜਾ ਦੇਣ ਦੇ ਯਤਨ ਕਰ ਰਹੀ ਹੈ; ਸੱਤਾ ਦੇ ਸੌਦਾਗਰਾਂ ਕੋਲ ਤਾਂ ਬੁਲਡੋਜ਼ਰ










ਹਨ, ਪ੍ਰੰਤੂ ਸਾਡੇ ਕੋਲ ਹੱਕ-ਸੱਚ ਦੇ ਬੋਲ ਹਨ। ਉਹ ਆਖਦੇ ਹਨ ਕਿ ਸਵਰਾਜਬੀਰ ਗੁਰੂਆਂ ਦੇ ਸਰਬ-ਸਾਂਝੀਵਾਲਤਾ ਦੇ ਉਪਦੇਸ਼ ਦੀ ਗੱਲ ਕਰਦੇ ਹਨ। ਅਨਿਆਂ ਭਾਵੇਂ ਸਟੈਨ ਸਵਾਮੀ ਨਾਲ ਹੋਵੇ, ਭਾਵੇਂ ਕਿਸਾਨਾਂ ਨਾਲ ਤੇ ਭਾਵੇਂ ਮੁਸਲਮਾਨ ਭਰਾਵਾਂ ਨਾਲ, ਉਹ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਦਾ ਸਮਾਜਵਾਦ ਵਿੱਚ ਡੂੰਘਾ ਵਿਸ਼ਵਾਸ ਹੈ, ਜਿਸ ਵਿੱਚ ਆਰਥਿਕ ਨਾ-ਬਰਾਬਰੀ ਘੱਟੋ-ਘੱਟ ਹੋਵੇ। ਸਭ ਦੇ ਸਿਰ 'ਤੇ ਛੱਤ ਹੋਵੇ, ਸਭ ਨੂੰ ਸਿੱਖਿਆ ਦਾ ਅਧਿਕਾਰ ਹੋਵੇ। ਹੱਕ, ਸੱਚ ਤੇ ਨਿਆਂ ਅਤੇ ਆਪਣੇ ਅਧਿਕਾਰਾਂ ਬਾਰੇ ਗੱਲ ਕਰਨ ਦੀ ਜਾਂ ਸੰਘਰਸ਼ ਕਰਨ ਦੀ ਆਜ਼ਾਦੀ ਹੋਵੇ। ਗੱਲ ਤਾਂ ਜਮਹੂਰੀਅਤ ਨੂੰ ਬਚਾਉਣ ਦੀ ਹੈ, ਜਿਸ ਨੂੰ ਅੱਜਕੱਲ੍ਹ ਭਾਰੀ ਖ਼ਤਰਾ ਹੈ ਅਤੇ ਖ਼ਤਰਾ ਵੀ ਸੱਤਾਧਾਰੀਆਂ ਵੱਲੋਂ ਹੈ।

ਸਵਰਾਜਬੀਰ ਦੀਆਂ ਲਿਖਤਾਂ ਦਾ ਪਹਿਲਾ ਭਾਗ, 'ਭਾਈ ਹਮਾਰੇ ਸਦ ਹੀ ਜੀਵੀ' ਨਰਿੰਦਰ ਮੋਦੀ ਸਰਕਾਰ ਵੱਲੋਂ ਥੋਪੇ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ਼ ਹੋਏ ਕਿਸਾਨ ਅੰਦੋਲਨ 'ਤੇ ਕੇਂਦਰਤ ਹੈ। ਇਹ ਲੇਖ ਸੱਤਾ ਦਾ ਕਾਰਪੋਰੇਟੀ ਚਿਹਰਾ ਬੇਨਕਾਬ ਕਰਦੇ ਹਨ। ਇਹ ਕਿਸਾਨ ਅੰਦੋਲਨ ਵਿਸ਼ਵ ਇਤਿਹਾਸ ਦੇ ਪ੍ਰੇਰਣਾ-ਸਰੋਤ ਵਜੋਂ ਦਰਜ ਹੋ ਗਿਆ ਹੈ। ਇਸ ਦੀਆਂ ਪਰਤਾਂ ਫਰੋਲਣ ਦੇ ਤਲਬਗਾਰ ਖੋਜਾਰਥੀ ਸਵਰਾਜਬੀਰ ਦਾ ਚਿੰਤਨ-ਮੰਥਨ ਵੀ ਅਣਡਿਠ ਨਹੀਂ ਕਰ ਸਕਣਗੇ। ਉਸ ਦੀਆਂ ਕਈ ਲਿਖਤਾਂ ਦੀ ਡੂੰਘਾਈ ਮੋਰਚੇ ਵਿੱਚ ਸ਼ਾਮਲ ਨੇਤਾਵਾਂ ਦੀਆਂ ਲਿਖਤਾਂ ਨੂੰ ਵੀ ਬਹੁਤ ਪਿਛਾਂਹ ਛੱਡ ਦੇਣ ਵਾਲੀ ਹੈ। ਉਹ ਮੋਰਚੇ ਤੋਂ ਬਾਹਰ ਬਹਿ ਕੇ ਵੀ ਉਸ ਦੇ ਅੰਦਰ ਸੀ ਤੇ ਮੋਰਚੇ ਦੇ ਬੌਧਿਕ ਬੁਲਾਰੇ ਵਜੋਂ ਵਿਚਰ ਰਿਹਾ ਸੀ। ਇਸ ਯੁੱਗ ਵਿੱਚ ਮੁਲਾਜ਼ਮ ਪੱਤਰਕਾਰ ਦਾ, ਕਾਰਕੁੰਨੀ ਚਿਹਰਾ ਜ਼ਾਹਰ ਹੋਣਾ ਨਾ-ਮੁਮਕਿਨ ਨੂੰ ਮੁਮਕਿਨ ਬਣਾ ਦੇਣ ਦਾ ਕਰਮ ਸੀ।

ਇਸ ਦਾ ਅੰਤਿਮ ਭਾਗ ਇਸਤਰੀ ਅਸਮਿਤਾ ਦੇ ਪੱਖ ਵਿੱਚ ਹੋਏ ਸੰਘਰਸ਼ਾਂ ਦੀ ਗਾਥਾ ਛੇੜਦਾ ਹੈ। ਇਸ ਅੰਦੋਲਨ ਨੇ, ਜਿਨ੍ਹਾਂ 'ਚ ਪਹਿਲਵਾਨ ਕੁੜੀਆਂ ਦਾ ਸੰਘਰਸ਼ ਵੀ ਸ਼ਾਮਲ ਹੈ, ਜਿਸ ਨੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਦੀ ਨਾਅਰੇਬਾਜ਼ ਸਰਕਾਰ ਦੀ ਸਚਾਈ ਜ਼ਾਹਰ ਕੀਤੀ ਹੈ। ਇਸ ਲੜੀ ਦਾ ਇੱਕ ਲੇਖ ਹੈ—'ਸੱਚ ਵੰਨੀ ਹੋਵਸਾ ਮੈਂ।' ਇਹ ਲੇਖ ਸੱਤਾ ਤੇ ਸੱਚੀ ਪੱਤਰਕਾਰੀ ਦੇ ਟਕਰਾਵੇਂ ਰਿਸ਼ਤੇ ਦੀਆਂ ਪਰਤਾਂ ਫਰੋਲਦਾ ਹੈ, ਜਿਸ ਨੂੰ ਐਡਮੰਡ ਬਰਕ ਤੇ ਥਾਮਸ ਕਾਰਲਾਇਲ ਜਿਹੇ ਚਿੰਤਕਾਂ ਨੇ ਲੋਕਤੰਤਰ ਦਾ ਚੌਥਾ ਥੰਮ੍ਹ ਸਵੀਕਾਰ ਕੀਤਾ ਸੀ। ਹੁਣ ਲੋਕਤੰਤਰ ਤੇ ਪੱਤਰਕਾਰੀ, ਦੋਵਾਂ ਦੀ ਆਦਰਸ਼ਕ ਧਾਰਨਾ ਬੀਤੇ ਦੀ ਬਾਤ ਹੋ ਗਈ ਹੈ। ਵਿਚਾਰਾਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਨਜ਼ਰਬੰਦੀ ਨੂੰ ਸੱਦਾ ਹੈ; ਮੌਤ ਤੋਂ ਬਖ਼ੌਫ਼ ਤਾਂਘ ਦਾ ਪ੍ਰਗਟਾਵਾ ਹੈ। ਇਹ ਲੇਖ ਅਲ-ਜਜ਼ੀਰਾ ਦੀ ਪੱਤਰਕਾਰ ਸ਼ਿਰੀਨ ਅਬੂ ਅਕਲੇਹ ਨੂੰ ਯਾਦ ਕਰ ਰਿਹਾ ਹੈ, ਜਿਸ ਨੂੰ 11 ਮਈ, 2022 ਨੂੰ ਇਜ਼ਰਾਇਲੀ ਫ਼ੌਜ ਨੇ ਗੋਲੀ ਦਾ ਨਿਸ਼ਾਨਾ ਬਣਾਇਆ ਸੀ। ਕਦੇ ਸਮਾਂ ਸੀ, ਸਾਡੇ ਦੇਸ਼ ਦੇ ਲੋਕਾਂ ਤੇ ਸਰਕਾਰ, ਦੋਵਾਂ ਲਈ ਫ਼ਲਸਤੀਨੀ ਲੋਕਾਂ ਉੱਤੇ ਜ਼ੁਲਮੋ-ਸਿਤਮ ਕਰਦੀ ਇਜ਼ਰਾਇਲੀ ਹਕੂਮਤ ਖਲਨਾਇਕ ਸੀ। ਇਹ ਨਰਿੰਦਰ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਦੀ 'ਮਹਾਨ ਪ੍ਰਾਪਤੀ' ਹੈ ਕਿ ਫ਼ਲਸਤੀਨੀ ਲੋਕਾਂ ਦੇ ਕਟਹਿਰੇ 'ਚ ਖੜ੍ਹਾ ਮੁਲਕ ਭਾਰਤੀ ਸੱਤਾ ਦਾ ਨਾਇਕ ਬਣ ਗਿਆ ਹੈ। ਇਹ ਭਾਰਤੀ ਸੱਤਾ ਲਈ ਵਿਗੜੇ ਸਬੰਧਾਂ ਦਾ ਕਿੰਨਾ ਸੋਹਣਾ 'ਸੁਖਦਾਈ ਅੰਤ' ਹੈ। ਇਜ਼ਰਾਇਲ ਦੀ ਯਹੂਦੀ ਸਰਕਾਰ ਹਿਟਲਰੀ ਜ਼ੁਲਮਾਂ ਨੂੰ ਭੁਲਾ ਕੇ, ਓਸੇ ਦੀ ਹਮਸਫ਼ਰ ਹੋ ਗਈ ਹੈ ਅਤੇ ਫ਼ਲਸਤੀਨੀ ਆਵਾਮ ਦਾ ਉਵੇਂ ਹੀ ਸਫ਼ਾਇਆ ਕਰ ਰਹੀ ਹੈ, ਜਿਵੇਂ ਕਦੇ ਫਾਸ਼ੀਵਾਦ ਯਹੂਦੀਆਂ ਦਾ ਖ਼ੂਨ ਵਹਾ ਰਿਹਾ ਸੀ। ਇਸ ਸਰਕਾਰ ਦੇ ਹਾਮੀ ਉਸ ਯੁੱਗ ਨੂੰ ਕਿਸ ਸੰਵੇਦਨਾ ਨਾਲ ਗ੍ਰਹਿਣ ਕਰਦੇ ਹੋਣਗੇ; ਸਮਝ ਸਕਦੇ ਹਾਂ।

ਸਵਰਾਜਬੀਰ ਸ਼ਿਰੀਨ ਅਬੂ ਅਕਲੇਹ ਨੂੰ ਯਾਦ ਕਰ ਰਿਹਾ ਸੀ; ਉਸ ਨੂੰ ਗੌਰੀ ਲੰਕੇਸ਼ ਦਾ ਚੇਤਾ ਆ ਰਿਹਾ ਸੀ; ਉਸ ਦੇ ਅੰਦਰ ਇਜ਼ਰਾਇਲੀ ਫ਼ੌਜ ਹੱਥੋਂ ਕਤਲ ਹੋਏ 20 ਪੱਤਰਕਾਰਾਂ ਦੀ ਧੜਕਣ ਸੀ, ਜਿਨ੍ਹਾਂ 'ਚੋਂ 18 ਫ਼ਲਸਤੀਨੀ ਸਨ, ਜਦੋਂ ਉਸ ਨੂੰ ਪਤਾ ਲੱਗਿਆ ਕਿ ਮੇਰੇ ਨੇੜੇ, ਬਲਕਿ ਘਰ ਵਿੱਚ ਹੀ ਸੱਤਾ ਕਹਿਰ ਵਰਤਾਅ ਰਹੀ ਹੈ। ਇਹ ਵੇਖ ਕੇ ਉਹਦਾ ਲੇਖ ਅਧੂਰਾ ਹੀ ਰਹਿ ਗਿਆ। ਉਸ ਨੂੰ ਖ਼ਬਰ ਮਿਲ ਗਈ ਸੀ ਕਿ ਸਾਡੀ ਸਮਾਜਿਕ ਕਾਰਕੁੰਨ ਤੇ ਚਿੰਤਕ ਨਵਸ਼ਰਨ ਸਿੰਘ ਵੀ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਸ਼ਿਕੰਜੇ ਵਿੱਚ ਫਸਾਈ ਜਾ ਰਹੀ ਹੈ। ਇਹ ਸੱਤਾ ਦੇ ਦਮਨਕਾਰੀ ਰੁਖ਼ ਖ਼ਿਲਾਫ਼ ਸਾਲਾਂਬੱਧੀ ਕੀਤੇ ਸੰਘਰਸ਼ ਦਾ 'ਇਨਾਮ' ਸੀ। ਨਵਸ਼ਰਨ ਸਿੰਘ ਤੇ ਉਸ ਦੇ ਹਮਸਫ਼ਰ ਅਤੁੱਲ ਸੂਦ ਦੇ ਸੰਘਰਸ਼ਾਂ ਦਾ ਲੰਮਾ ਸਫ਼ਰ ਹੈ। ਨਵਸ਼ਰਨ ਸੱਤਾ ਖ਼ਿਲਾਫ਼ ਲੜ ਰਹੀ ਪੰਜਾਬੀਅਤ ਦੇ ਮਹਾਂ-ਨਾਇਕ ਗੁਰਸ਼ਰਨ ਸਿੰਘ ਦੀ ਵੱਡੀ ਧੀ ਹੈ ਅਤੇ ਉਨ੍ਹਾਂ ਵਾਂਗ ਹੀ ਆਪਣੇ ਸਿਆਸੀ-ਸਮਾਜੀ ਸਰੋਕਾਰਾਂ ਲਈ ਪੈਰ ਗੱਡ ਕੇ ਲੜਨ ਵਾਲੀ ਸੁਤੰਤਰ 'ਅੰਦੋਲਨ-ਜੀਵੀ' ਹੈ, ਜਿਸ ਨੇ ਨਫ਼ਰਤ-ਜੀਵੀ ਸੱਤਾ ਨੂੰ ਹਮੇਸ਼ਾ ਵੰਗਾਰਿਆ ਹੈ; ਓਦੋਂ ਵੀ, ਜਦੋਂ ਕੇਂਦਰ ਦੀ ਸੱਤਾ 'ਤੇ ਕਾਂਗਰਸ ਸਵਾਰ ਹੁੰਦੀ ਸੀ।

ਸੱਤਾ ਦੀ ਗ਼ੁਲਾਮ ਈ.ਡੀ. ਨੇ ਨਵਸ਼ਰਨ ਸਿੰਘ ਦੀ 'ਪੜਤਾਲ' ਵਿੱਚ ਅਨੋਖੇ ਸਵਾਲ ਵੀ ਪੁੱਛੇ : ਤੁਸੀਂ ਔਰਤਾਂ ਬਾਰੇ ਕਿਉਂ ਲਿਖਦੇ ਹੋ? ਤੁਸੀਂ ਕਿਸਾਨਾਂ ਬਾਰੇ ਕਿਉਂ ਲਿਖਦੇ ਹੋ? ਸਵਰਾਜਬੀਰ ਸੱਤਾ ਅਤੇ ਕਾਰਪੋਰੇਟੀ ਤਾਨਾਸ਼ਾਹਾਂ 'ਤੇ ਕਟਾਖਸ਼ ਕਰਦਿਆਂ ਆਖਦੇ ਹਨ ਕਿ ਉਨ੍ਹਾਂ ਦਾ ਇਹ ਸਵਾਲ ਪੁੱਛਣਾ ਵਾਜਿਬ ਹੈ ਕਿ ਤੁਸੀਂ ਲੋਕਾਂ ਦੇ ਹੱਕਾਂ ਬਾਰੇ ਕਿਉਂ ਲਿਖਦੇ ਹੋ; (ਤੁਸੀਂ) ਫੈਸ਼ਨ, ਬਾਜ਼ਾਰੀ ਚਮਕ, ਗਗਨ-ਚੁੰਬੀ ਇਮਾਰਤਾਂ, ਕਾਰਾਂ, ਟੈਲੀਵਿਜ਼ਨਾਂ, ਬਾਜ਼ਾਰ ਤੇ ਸਰਕਾਰ ਦੀਆਂ ਬਰਕਤਾਂ, ਇਨ੍ਹਾਂ ਵਿਸ਼ਿਆਂ ਬਾਰੇ ਕਿਉਂ ਨਹੀਂ ਲਿਖਦੇ..? ਇਹ ਕਿਸੇ ਅਧੂਰੇ ਲੇਖ ਦੀ ਪੂਰਨਤਾ ਦਾ ਇਤਿਹਾਸਕ ਕਾਬਲ-ਏ-ਗੌਰ ਦਸਤਾਵੇਜ਼ ਹੈ।

ਸਵਰਾਜਬੀਰ ਸਰੋਕਾਰਾਂ ਦੀ ਤਾਲਾਸ਼ ਕੀਤੀ ਜ਼ਮੀਨ 'ਤੇ ਡੂੰਘੇ ਸਿਆੜ ਕੱਢਣ ਵਾਲੇ ਕਲਮਕਾਰ ਹਨ। ਭਾਰਤ ਦੀ ਕਾਰਪੋਰੇਟੀ ਸੱਤਾ ਦੇ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਵੇਲ਼ੇ ਕਾਰਕੁੰਨੀ ਕਲਮਕਾਰ ਹੀ ਨਵੇਂ ਸਿਆੜਾਂ ਦੀ ਆਵਾਜ਼ ਸੁਣ ਸਕਦਾ ਸੀ। ਉਸ ਦੇ ਸਰੋਕਾਰਾਂ ਦਾ ਵਸੀਹ ਦਾਇਰਾ ਹੈ। ਉਹ ਭਾਰਤੀ ਸੰਵਿਧਾਨ (ਇਹ ਜਿਵੇਂ ਦਾ ਵੀ ਹੈ) ਨੂੰ ਖ਼ਤਰੇ ਦੀ ਗੱਲ ਕਰੇ, ਅਦਾਲਤੀ ਕਾਰਵਾਈ ਦੀ ਲੋਕ-ਪੱਖੀ ਜਾਂ ਲੋਕ-ਵਿਰੋਧੀ ਭੂਮਿਕਾ ਦੀ ਚਰਚਾ ਛੇੜੇ ਜਾਂ ਹਿੰਦੂਤਵਵਾਦੀ ਹਮਲੇ ਦਾ ਸੱਚ ਉਜਾਗਰ ਕਰ ਰਿਹਾ ਹੋਵੇ, ਹਰ ਵੇਲ਼ੇ ਸਿਆਸੀ-ਸਮਾਜੀ ਤੇ ਆਰਥਿਕ ਨਿਜ਼ਾਮ ਦੀਆਂ ਪਰਤਾਂ ਫਰੋਲਦਾ ਹੈ। ਉਸ ਦੀਆਂ ਲਿਖਤਾਂ ਸੁਚੇਤ ਪਾਠਕ ਨੂੰ ਅਚੰਭਿਤ ਕਰਦੀਆਂ ਹਨ; ਚਿੰਤਕਾਂ ਨੂੰ ਸੇਧ ਦਿੰਦੀਆਂ ਹਨ; ਤੇ ਢੇਰ ਸਾਰੇ ਨਵੇਂ ਜਾਂ ਬਹੁਤ ਪਿਛਾਂਹ ਰਹਿ ਗਏ ਦਸਤਾਵੇਜ਼ਾਂ ਦਾ ਧਿਆਨ ਧਰਾ ਦਿੰਦੀਆਂ ਹਨ। ਉਸ ਦੀਆਂ ਲਿਖਤਾਂ ਵਿੱਚ ਕਵਿਤਾ ਹੈ; ਨਾਟਕੀਅਤਾ ਹੈ ਤੇ ਬੇਬਾਕ ਕਟਾਖਸ਼ ਵੀ ਹੈ।

ਕਿਸਾਨ ਅੰਦੋਲਨ ਚੱਲ ਰਿਹਾ ਹੈ। ਇਸ ਤੋਂ ਬਾਹਰ ਵਿਚਰਦੀ ਸੱਤਾਵਾਦੀ ਕਿਸਾਨ ਮਹਾਂ-ਪੰਚਾਇਤ ਮਾਣਯੋਗ ਸੁਪਰੀਮ ਕੋਰਟ 'ਚ ਅਰਜ਼ ਗੁਜ਼ਾਰਦੀ ਹੈ ਕਿ ਅਸੀਂ ਸਰਕਾਰ ਦੇ ਬਣਾਏ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿੱਚ ਮੁਜ਼ਾਹਰਾ ਕਰਨ ਦੇ ਤਲਬਗਾਰ ਹਾਂ, ਸਾਨੂੰ ਇਸ ਦੀ ਆਗਿਆ ਦਿੱਤੀ ਜਾਵੇ। ਇਸ ਪਟੀਸ਼ਨ ਦੀ ਸੁਣਵਾਈ ਵੇਲ਼ੇ ਸਤਿਕਾਰਤ ਜੱਜ ਕਿਸਾਨਾਂ ਨੂੰ ਮੁਖ਼ਾਤਿਬ ਹੋ ਕੇ ਆਖਦੇ ਹਨ, ਤੁਸੀਂ ਸਾਰੇ ਸ਼ਹਿਰ ਦੀ ਸੰਘੀ ਘੁੱਟ ਦਿੱਤੀ ਹੈ, ਹੁਣ ਤੁਸੀਂ ਸ਼ਹਿਰ ਦੇ ਅੰਦਰ ਆਉਣਾ ਚਾਹੁੰਦੇ ਹੋ..? ਸਵਰਾਜਬੀਰ 'ਸੰਘੀ ਘੁੱਟ' ਦੇਣ ਦੇ ਇਲਜ਼ਾਮ ਦੇ ਜਵਾਬ 'ਚ ਲੇਖ ਲਿਖਦਾ ਹੈ : 'ਇਹ ਸਾਡੀ ਫ਼ਿਤਰਤ ਨਹੀਂ..!'

ਇਹ ਉਸ ਦੀਆਂ ਨਾਟਕੀਅਤਾ ਭਰਪੂਰ ਲਿਖਤਾਂ 'ਚ ਸ਼ਾਮਲ ਹੈ। ਉਹ ਕਿਸੇ ਸੋਲੋ ਨਾਟਕ ਦਾ ਕਿਰਦਾਰ 'ਮੈਂ' ਹੋ ਜਾਂਦਾ ਹੈ ਅਤੇ ਮਾਣਯੋਗ ਜੱਜ ਨੂੰ ਮੁਖ਼ਾਤਿਬ ਹੁੰਦਾ ਹੈ, ਜੱਜ ਸਾਹਿਬ..! ਮੈਂ ਏਥੇ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਮਨ ਵਿੱਚ ਇਹ 'ਤੁਸੀਂ' ਸ਼ਬਦ ਕਿਵੇਂ ਆਇਆ? ਤੁਹਾਡੇ ਸਵਾਲ ਦੀ ਸੀਰਤ 'ਚ 'ਅਸੀਂ' ਤੇ 'ਤੁਸੀਂ' ਦੀ ਵੰਡ ਪ੍ਰਤੱਖ ਵਿਖਾਈ ਦਿੰਦੀ ਹੈ; ਇਹ ਗੱਲ ਬਹੁਤ ਪੀੜ ਪਹੁੰਚਾਉਣ ਵਾਲੀ ਹੈ ਕਿ ਤੁਸੀਂ ਸਾਨੂੰ ਓਪਰੇ, ਪਰਾਏ ਤੇ ਬਿਗਾਨੇ ਸਮਝਿਆ। ਅਸੀਂ ਤਾਂ ਸਮਝਦੇ ਸਾਂ/ਹਾਂ ਕਿ ਤੁਸੀਂ ਸਾਡੇ ਆਪਣੇ ਹੋ, ਸਾਨੂੰ ਨਿਆਂ ਦੇਣ ਵਾਲ਼ੇ; ਸਾਨੂੰ ਉਮੀਦ ਸੀ ਕਿ ਇਹ 'ਅਸੀਂ-ਤੁਸੀਂ' ਦੀ ਵੰਡ ਘੱਟੋ-ਘੱਟ ਤੁਹਾਡੇ ਮਨ ਵਿੱਚ ਤਾਂ ਨਹੀਂ ਆਏਗੀ।

ਇਹ ਨਾਟਕੀਅਤਾ ਉਸ ਦੇ ਕਈ ਲੇਖਾਂ ਵਿੱਚ ਹੈ। ਇਸ ਪੁਸਤਕ ਲੜੀ ਦਾ ਭਾਗ ਦੂਜਾ 'ਅਉਖੀ ਘਾਟੀ ਬਿਖੜਾ ਪੈਂਡਾ' ਦਾ ਤਾਂ ਆਗਾਜ਼ ਹੀ 'ਮੈਂ ਦੋਸ਼ ਲਾਉਂਦਾ ਹਾਂ...' ਤੋਂ ਹੁੰਦਾ ਹੈ। ਇਸ ਦਾ ਆਧਾਰ ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਆਫ਼ ਪੁਲਸ ਜੂਲਿਓ ਰਿਬੇਰੋ ਦਾ ਦਿੱਲੀ ਦੇ ਕਮਿਸ਼ਨਰ ਆਫ਼ ਪੁਲਸ ਐੱਸ.ਐੱਨ. ਸ੍ਰੀਵਾਸਤਵ ਨੂੰ ਲਿਖਿਆ ਖੁੱਲ੍ਹਾ ਖ਼ਤ ਹੈ। ਇਹ 'ਭਰੇ ਮਨ ਨਾਲ' ਸ਼ਾਂਤਮਈ ਮੁਜ਼ਾਹਰਾਕਾਰੀਆਂ ਤੇ ਘੱਟ-ਗਿਣਤੀ ਭਾਈਚਾਰੇ ਪ੍ਰਤੀ ਵਿਤਕਰੇ ਦੀ ਭਾਵਨਾ ਦੇ ਕੇਸਾਂ ਖ਼ਿਲਾਫ਼ ਗੁੱਸਾ ਹੈ।

ਜੂਲਿਓ ਰਿਬੇਰੋ ਨਾ ਖੱਬੇ-ਪੱਖੀ ਹੈ, ਨਾ ਹੀ ਇਨ੍ਹਾਂ ਕੇਸਾਂ 'ਚ ਧਰੇ ਗਏ ਭਾਈਚਾਰੇ ਦਾ ਹਿੱਸਾ ਹੈ, ਤਾਂ ਵੀ ਬੇਬਾਕੀ ਨਾਲ ਆਖਦਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਭਾਜਪਾ ਦੇ ਉਨ੍ਹਾਂ ਤਿੰਨ ਆਗੂਆਂ, ਜਿਨ੍ਹਾਂ ਦਾ ਮੈਂ ਨਾਂਅ ਲਿਆ ਸੀ, ਨੂੰ ਧੂੰਆਂ-ਧਾਰ ਭਾਸ਼ਨ ਦੇਣ, ਬਕੜਵਾਹ ਕਰਨ ਅਤੇ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਵਾਲਿਆਂ ਨੂੰ ਧਮਕੀ ਦੇਣ ਦੀ ਖੁੱਲ੍ਹ ਦੇਣ ਨੂੰ ਸਹੀ ਠਹਿਰਾਉਣਾ ਨਾ-ਮੁਮਕਿਨ ਹੈ। ਜੇ ਅਜਿਹੇ ਭਾਸ਼ਣ ਖੱਬੇ-ਪੱਖੀਆਂ ਜਾਂ ਮੁਸਲਮਾਨਾਂ ਨੇ ਦਿੱਤੇ ਹੁੰਦੇ ਤਾਂ ਇਹ ਗੱਲ ਪੱਕੀ ਹੈ ਕਿ ਪੁਲਸ ਨੇ ਉਨ੍ਹਾਂ ਨੂੰ ਦੇਸ਼-ਧ੍ਰੋਹੀ ਕਰਾਰ ਦੇ ਕੇ ਗ੍ਰਿਫ਼ਤਾਰ ਕਰ ਲੈਣਾ ਸੀ। ਇਸੇ ਤਰ੍ਹਾਂ ਦਾ ਲੇਖ 'ਅਸੀਂ ਨਿਆਂ ਚਾਹੁੰਦੇ ਹਾਂ ਮਾਈ ਲਾਰਡ' ਹੈ।

ਉਸ ਨੇ ਆਮ ਭਾਰਤੀ ਮੀਡੀਆ (ਖ਼ਾਸ ਕਰਕੇ ਪੰਜਾਬੀ) ਲਈ ਖ਼ਬਰ ਵੀ ਨਾ ਬਣਨ ਵਾਲੇ ਸਵਾਲਾਂ ਨੂੰ ਵੀ ਗੰਭੀਰਤਾ ਨਾਲ ਲਿਆ ਹੈ। ਇੱਕ ਲੇਖ ਦਾ ਆਗਾਜ਼ ਕਰਦੇ ਹਨ, ਲਿਖਣਾ ਬੰਦ ਹੈ। ਲੇਖਕ ਹੜਤਾਲ 'ਤੇ ਹਨ। ਇਹ ਸ਼ਬਦ ਬਹੁਤੇ ਲੋਕਾਂ ਨੂੰ ਹੈਰਾਨ ਕਰਨ ਵਾਲੇ ਹਨ, ਕਿਉਂਕਿ ਅਸੀਂ ਸੋਚ ਹੀ ਨਹੀਂ ਸਕਦੇ ਕਿ 'ਲੇਖਕ ਹੜਤਾਲ 'ਤੇ' ਵੀ ਜਾ ਸਕਦਾ ਹੈ। ਇਹ ਲੇਖ 2 ਜੁਲਾਈ, 2023 ਨੂੰ ਪ੍ਰਕਾਸ਼ਿਤ ਹੋਇਆ ਸੀ। ਉਸ ਵੇਲ਼ੇ ਹਾਲੀਵੁੱਡ ਫ਼ਿਲਮਾਂ, ਟੈਲੀਵਿਜ਼ਨ, ਇੰਟਰਨੈੱਟ ਤੇ ਰੇਡੀਓ ਲਈ ਪਟਕਥਾ, ਡਾਇਲਾਗ ਤੇ ਕਹਾਣੀਆਂ ਲਿਖਣ ਵਾਲੇ (2 ਮਈ ਤੋਂ) ਹੜਤਾਲ 'ਤੇ ਸਨ। ਇਹ ਹੜਤਾਲ 11,000 ਮੈਂਬਰਾਨ ਦੀ ਜਥੇਬੰਦੀ ਰਾਈਟਰਜ਼ ਗਿਲਡ ਆਫ਼ ਅਮਰੀਕਾ ਦੇ ਸੱਦੇ 'ਤੇ ਹੋਈ ਸੀ। ਇਹ ਬਿਹਤਰ ਤਨਖਾਹਾਂ, ਸਹੂਲਤਾਂ, ਇੰਟਰਨੈੱਟ ਤੋਂ ਹੋਣ ਵਾਲੀ ਆਮਦਨੀ 'ਚੋਂ ਹਿੱਸਾ, ਪਟਕਥਾ ਲਿਖਣ ਵਿੱਚ ਮਸਨੂਈ ਬੁੱਧੀ (Artificial Intelligence) ਦੀ ਵਰਤੋਂ ਨਾ ਕੀਤੇ ਜਾਣ ਵਾਲੇ ਮੁੱਦਿਆਂ 'ਤੇ ਸੀ। ਇਸ ਦਾ ਟਕਰਾਅ ਅਲਾਇੰਸ ਆਫ਼ ਮੋਸ਼ਨ ਪਿਕਚਰ ਐਂਡ ਟੈਲੀਵਿਜ਼ਨ ਪ੍ਰੋਡਿਊਸਰਜ਼ ਨਾਲ ਸੀ। ਇਸ ਕਲਾ ਦੀ ਸੌਦਾਗਰੀ ਵਾਲੀ ਜਥੇਬੰਦੀ ਵਿੱਚ ਨੈੱਟਫਲਿਕਸ, ਵਾਲਟ ਡਿਜ਼ਨੀ, ਸੋਨੀ, ਵਾਰਨਰ ਬ੍ਰਦਰਜ਼, ਡਿਸਕਵਰੀ, ਐਪਲ ਸਟੂਡਿਓਜ਼, ਐਮਾਜ਼ੋਨ ਸਟੂਡਿਓਜ਼ ਵਰਗੀਆਂ ਕਾਰਪੋਰੇਟ ਕੰਪਨੀਆਂ ਹਨ। ਇਸ ਦਾ ਨੋਟਿਸ ਨਾ ਸਾਡੀ ਕਿਸੇ ਭਾਰਤੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਬਸਤਰ ਵਿਚ ਰਾਜਕੀ ਦਹਿਸ਼ਤਵਾਦ, ਇਕ ਤੱਥ-ਖੋਜ ਰਿਪੋਰਟ ਦੀ ਜ਼ੁਬਾਨੀ

ਪਿਛਲੇ ਦਿਨੀਂ ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਉੱਘੇ ਕਾਰਕੁਨਾਂ ਤੇ ਲੋਕਪੱਖੀ ਬੁੱਧੀਜੀਵੀਆਂ ਨੇ ਇਕ ਮਹੱਤਵਪੂਰਨ ਤੱਥ-ਖੋਜ ਰਿਪੋਰਟ ਜਾਰੀ ਕੀਤੀ ਹੈ। ਟੀਮ ਵਿਚ ਉੱਘੀ ਕਾਰਕੁਨ ਬੇਲਾ ਭਾਟੀਆ, ਸੀਨੀਅਰ ਪੱਤਰਕਾਰ ਮਾਲਿਨੀ ਸੁਬਰਾਮਨੀਅਮ, ਪ੍ਰਸਿੱਧ ਸਮਾਜ ਸ਼ਾਸਤਰੀ ਨੰਦਿਨੀ ਸੁੰਦਰ, ਆਦਿਵਾਸੀ ਪੱਤਰਕਾਰ ਲਿੰਗਾਰਾਮ ਆਜ਼ਾਦ ਦੇ ਨਾਲ ਹੋਰ ਵੀ ਕਈ ਸ਼ਖ਼ਸੀਅਤਾਂ ਸ਼ਾਮਲ ਸਨ। ਰਿਪੋਰਟ ਵਿਚ ਬਸਤਰ ਦੇ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਜਾਰੀ ਰਾਜਕੀ ਦਹਿਸ਼ਤਵਾਦ ਦੇ ਘਿਣਾਉਣੇ ਚਿਹਰੇ ਨੂੰ ਤੱਥਾਂ ਸਹਿਤ ਨੰਗਾ ਕੀਤਾ ਗਿਆ ਹੈ। ਇਹ ਰਿਪੋਰਟ ਇਨ੍ਹਾਂ ਇਲਾਕਿਆਂ ਦੇ ਹੌਲਨਾਕ ਹਾਲਾਤ ਬਾਰੇ ਛਾਈ ਚੁੱਪ ਨੂੰ ਤੋੜਨ ਦੀ ਦਿਸ਼ਾ 'ਚ ਬਹੁਤ ਸਾਰਥਕ ਉਪਰਾਲਾ ਹੈ। ਇਹ ਇਕ ਅਜਿਹਾ ਮੁੱਦਾ ਹੈ, ਜਿਸ ਉੱਪਰ ਹੋਰ ਵੀ ਗਹਿਰਾਈ ਅਤੇ ਵਿਆਪਕਤਾ 'ਚ ਕੰਮ ਕਰਨ ਦੀ ਜ਼ਰੂਰਤ ਹੈ।

ਸਲਵਾ ਜੁਡਮ ਦੇ ਨਾਂਅ ਹੇਠ ਕਈ ਸਾਲ ਲਗਾਤਾਰ ਸਾੜ੍ਹਸਤੀ, ਕਤਲੇਆਮ, ਉਜਾੜੇ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਨਾਲ ਵੀ ਜਦੋਂ ਕਾਰਪੋਰੇਟ ਵਿਕਾਸ ਮਾਡਲ ਦੇ ਪੈਰੋਕਾਰ ਹਾਕਮਾਂ ਦੀ ਤਸੱਲੀ ਨਾ ਹੋਈ ਤਾਂ ਇਸ ਰਾਜਕੀ ਦਹਿਸ਼ਤਵਾਦ ਨੂੰ ਜ਼ਰਬਾਂ ਦੇਣ ਲਈ ਕਾਂਗਰਸ ਦੀ ਗੱਠਜੋੜ ਸਰਕਾਰ ਵੱਲੋਂ ਸਤੰਬਰ 2009 'ਚ ਨਕਸਲਵਾਦ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ 'ਓਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ ਗਿਆ। ਕੇਂਦਰ ਵਿਚ ਮਨਮੋਹਣ-ਚਿਦੰਬਰਮ ਦੀ ਅਗਵਾਈ ਹੇਠ ਯੂਪੀਏ ਸਰਕਾਰ ਸੀ ਅਤੇ ਛੱਤੀਸਗੜ੍ਹ ਵਿਚ ਭਾਜਪਾ ਸਰਕਾਰ, ਪਰ ਮਾਓਵਾਦੀ ਅਗਵਾਈ ਹੇਠ ਆਦਿਵਾਸੀ ਟਾਕਰੇ ਨੂੰ ਕੁਚਲਣ ਅਤੇ ਕਾਰਪੋਰੇਟ ਪ੍ਰੋਜੈਕਟ ਥੋਪਣ ਲਈ ਭਾਜਪਾ ਸਮੇਤ ਸਾਰੀਆਂ ਹੀ ਰਾਜ ਸਰਕਾਰਾਂ ਕੇਂਦਰ ਸਰਕਾਰ ਨਾਲ ਇਕਮੱਤ ਸਨ। ਆਪਣੇ ਹੀ ਮੁਲਕ ਦੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਛੇੜੀ ਇਸ ਜੰਗ ਦਾ ਉਦੋਂ ਦੇਸ਼-ਵਿਦੇਸ਼ ਵਿਚ ਐਨਾ ਤਿੱਖਾ ਵਿਰੋਧ ਹੋਇਆ ਕਿ ਸਮੇਂ ਦੀ ਹਕੂਮਤ ਨੂੰ ਅਜਿਹੇ ਕਿਸੇ ਅਪਰੇਸ਼ਨ ਤੋਂ ਸਰੇਆਮ ਮੁੱਕਰਨ ਦਾ ਰਾਹ ਅਖ਼ਤਿਆਰ ਕਰਨਾ ਪਿਆ ਸੀ, ਹਾਲਾਂਕਿ ਅਣਐਲਾਨੇ ਰੂਪ 'ਚ ਜੰਗੀ ਪੈਮਾਨੇ 'ਤੇ ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦਾ ਕਤਲੇਆਮ ਉਸੇ ਤਰ੍ਹਾਂ ਜਾਰੀ ਰੱਖਿਆ ਗਿਆ। ਉਦੋਂ ਤੋਂ ਲੈ ਕੇ ਲੋਕਾਂ ਵਿਰੁੱਧ ਸਟੇਟ ਦੀ ਇਹ ਜੰਗ ਹੋਰ ਵੀ ਲਹੂ-ਤਿਹਾਈ ਅਤੇ ਜ਼ਿਆਦਾ ਤੋਂ ਜ਼ਿਆਦਾ ਕਰੂਰ ਹੁੰਦੀ ਗਈ ਹੈ।

ਮਈ 2014 'ਚ ਕੇਂਦਰ ਵਿਚ ਸਰਕਾਰ ਬਣਾ ਕੇ ਆਰ ਐੱਸ ਐੱਸ-ਭਾਜਪਾ ਨੇ ਜੋ ਵੱਡੇ ਟੀਚੇ ਮਿੱਥੇ, ਉਨ੍ਹਾਂ ਵਿੱਚੋਂ ਇਕ ਸੀ ਜੰਗਲਾਂ-ਪਹਾੜਾਂ ਹੇਠਲੇ ਬੇਹੱਦ ਕੀਮਤੀ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਕਬਜ਼ਾ ਯਕੀਨੀ ਬਣਾਉਣ ਲਈ ਆਦਿਵਾਸੀਆਂ ਨੂੰ ਹੋਰ ਵੀ ਬੇਕਿਰਕੀ ਨਾਲ ਕੁਚਲਣਾ, ਕਿਉਂਕਿ ਮਾਓਵਾਦੀ ਅਗਵਾਈ ਹੇਠ ਆਦਿਵਾਸੀਆਂ ਦਾ ਜੁਝਾਰੂ ਟਾਕਰਾ ਇਸ ਕਥਿਤ ਵਿਕਾਸ ਮਾਡਲ ਦੇ ਰਾਹ 'ਚ ਵੱਡਾ ਅੜਿੱਕਾ ਬਣਿਆ ਹੋਇਆ ਹੈ। ਆਰ ਐੱਸ ਐੱਸ-ਭਾਜਪਾ ਦਾ ਇਸ ਲਹਿਰ ਨੂੰ ਕੁਚਲਣ ਪਿੱਛੇ ਫਾਸ਼ੀਵਾਦੀ ਵਿਚਾਰਧਾਰਕ ਨਿਸ਼ਾਨਾ ਵੀ ਹੈ, ਕਿਉਂਕਿ ਇਸ ਨੇ ਸ਼ੁਰੂ ਤੋਂ ਹੀ ਆਪਣੇ ਮੁੱਖ ਦੁਸ਼ਮਣਾਂ ਦੀ ਸੂਚੀ ਵਿਚ ਮੁਸਲਮਾਨਾਂ ਅਤੇ ਈਸਾਈਆਂ ਦੇ ਨਾਲ ਕਮਿਊਨਿਸਟਾਂ ਨੂੰ ਵੀ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਇਨ੍ਹਾਂ ਟੀਚਿਆਂ ਦੀ ਪੂਰਤੀ ਲਈ ਭਗਵਾਂ ਹਕੂਮਤ ਵੱਲੋਂ ਹੋਰ ਵੀ ਵੱਡੀ ਤਾਦਾਦ 'ਚ ਨੀਮ-ਫ਼ੌਜੀ ਤਾਕਤਾਂ ਝੋਕੀਆਂ ਗਈਆਂ ਹਨ। ਸਟੇਟ ਦੇ ਅਣਐਲਾਨੇ ਯੁੱਧ ਨੂੰ ਭਰਾਮਾਰ ਖ਼ਾਨਾਜੰਗੀ ਬਣਾਉਣ ਦੀ ਮਨਸ਼ਾ ਨਾਲ ਆਦਿਵਾਸੀ ਸਮਾਜ ਵਿੱਚੋਂ ਵੱਡੇ ਪੈਮਾਨੇ 'ਤੇ ਡਿਸਟ੍ਰਿਕਟ ਰਿਜ਼ਰਵ ਗਾਰਡਾਂ, ਬਸਤਰੀਆ ਬਟਾਲੀਅਨ, ਖ਼ੁਫੀਆ ਮੁਖ਼ਬਰਾਂ ਦੇ ਰੂਪ 'ਚ ਤਰ੍ਹਾਂ-ਤਰ੍ਹਾਂ ਦੀ ਭਰਤੀ ਕੀਤੀ ਗਈ ਹੈ। ਦਹਿਸ਼ਤ, ਦਬਾਅ ਅਤੇ ਲਾਲਚ ਸਮੇਤ ਹਰ ਹਰਬਾ ਵਰਤ ਕੇ ਸਾਬਕਾ 'ਨਕਸਲੀਆਂ' ਨੂੰ ਆਦਿਵਾਸੀ ਸਮਾਜ ਦਾ ਘਾਣ ਕਰਨ ਲਈ ਵਿਸ਼ੇਸ਼ ਤਾਕਤ ਦੇ ਰੂਪ 'ਚ ਲਾਮਬੰਦ ਕੀਤਾ ਗਿਆ ਹੈ। ਇਹ ਸਲਵਾ ਜੁਡਮ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਤੁਰੰਤ ਖ਼ਤਮ ਕਰਨ ਦੇ ਸੁਪਰੀਮ ਕੋਰਟ ਦੇ ਆਦੇਸ਼ (ਜੁਲਾਈ 2011) ਦੀਆਂ ਧੱਜੀਆਂ ਉਡਾ ਕੇ ਕੀਤਾ ਜਾ ਰਿਹਾ ਹੈ। ਦਹਿ-ਹਜ਼ਾਰਾਂ ਕਰੋੜ ਰੁਪਏ ਦੀਆਂ 'ਵਿਕਾਸ ਯੋਜਨਾਵਾਂ' ਉਲੀਕੀਆਂ ਗਈਆਂ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਮਾਓਵਾਦੀ ਲਹਿਰ ਨੂੰ ਕੁਚਲਣਾ ਅਤੇ ਉਨ੍ਹਾਂ ਦੇ ਮਜ਼ਬੂਤ ਆਦਿਵਾਸੀ ਆਧਾਰ ਦੀ ਨਸਲਕੁਸ਼ੀ ਅਤੇ ਤਬਾਹੀ ਹੈ। 'ਮੁੱਖਧਾਰਾ ਮੀਡੀਆ' ਲਈ ਇਸ ਵਿਆਪਕ ਕਤਲੇਆਮ ਅਤੇ ਤਬਾਹੀ ਦੀਆਂ ਰਿਪੋਰਟਾਂ ਕੋਈ ਮੁੱਦਾ ਨਹੀਂ ਹਨ, ਕਿਉਂਕਿ ਇਨ੍ਹਾਂ 'ਵਿਕਾਸ' ਪ੍ਰੋਜੈਕਟਾਂ 'ਚ ਮੀਡੀਆ ਨਾਲ ਸੰਬੰਧਤ ਕਾਰਪੋਰੇਟਾਂ ਦੇ ਆਪਣੇ ਕਾਰੋਬਾਰੀ ਹਿੱਤ ਹਨ।

ਮਾਓਵਾਦੀਆਂ ਤੇ ਸਾਧਾਰਨ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ ਅਤੇ ਝੂਠੇ ਮੁਕਾਬਲਿਆਂ 'ਚ ਮਾਰਨ ਦਾ ਜੋ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਸੀ, ਉਸ ਦੇ ਨਾਲ-ਨਾਲ ਜਦੋਂ ਪਿਛਲੇ ਕੁਝ ਸਾਲਾਂ 'ਚ ਪਿੰਡਾਂ ਤੇ ਜੰਗਲਾਂ-ਖੇਤਾਂ 'ਚ ਆਪਣੇ ਰੋਜ਼ਮਰ੍ਹਾ ਕੰਮਕਾਰ ਕਰਦੇ ਆਦਿਵਾਸੀਆਂ ਉੱਪਰ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋਈਆਂ ਤਾਂ ਇਸ ਵਿਰੁੱਧ 'ਮੁੱਖਧਾਰਾ' ਭਾਰਤ ਵਿੱਚੋਂ ਕੋਈ ਖ਼ਾਸ ਆਵਾਜ਼ ਨਹੀਂ ਉੱਠੀ। ਬਸਤਰ ਦੇ ਉੱਚ ਪੁਲਸ/ਸੁਰੱਖਿਆ ਬਲਾਂ ਦੇ ਅਧਿਕਾਰੀ ਇਨ੍ਹਾਂ ਰਿਪੋਰਟਾਂ ਨੂੰ 'ਮਾਓਵਾਦੀ ਪ੍ਰਾਪੇਗੰਡਾ' ਕਹਿ ਕੇ ਰੱਦ ਕਰ ਦਿੰਦੇ ਹਨ ਅਤੇ 'ਮੁੱਖਧਾਰਾ' ਮੀਡੀਆ ਇਸ ਨੂੰ ਸੱਤ ਬਚਨ ਕਹਿ ਕੇ ਪ੍ਰਚਾਰਦਾ ਹੈ। ਉਹ ਸ਼ਹਿਰੀ ਆਜ਼ਾਦੀਆਂ/ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਇਨ੍ਹਾਂ ਇਲਾਕਿਆਂ ਵਿਚ ਜਾ ਕੇ ਆਜ਼ਾਦਾਨਾ ਜਾਂਚ ਕਰਨ ਦੀ ਇਜਾਜ਼ਤ ਨਹੀਂ ਦਿੰਦੇ। 'ਮੁੱਖਧਾਰਾ'/ਗੋਦੀ ਮੀਡੀਆ ਦਾ ਤਾਂ ਪੂਰਾ ਦਾਰੋਮਦਾਰ ਹੀ ਸਰਕਾਰੀ ਪ੍ਰੈੱਸ ਨੋਟਾਂ ਅਤੇ ਸੱਤਾ ਦੇ ਬਿਰਤਾਂਤ ਉੱਪਰ ਹੈ। ਬਾਕੀ ਮੀਡੀਆ ਹਿੱਸਿਆਂ ਨੇ ਸਵੈ-ਸੈਂਸਰਸ਼ਿਪ ਦਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਇਸ ਵਿਚ ਭਗਵਾਂ ਹਕੂਮਤ ਦੀ 'ਸ਼ਹਿਰੀ ਨਕਸਲੀ' ਦੀ ਨੀਤੀ ਨਾਲ ਬਣੇ ਖ਼ੌਫ਼ ਦੇ ਮਾਹੌਲ ਦੀ ਵੀ ਕੁਝ

ਬੂਟਾ ਸਿੰਘ ਮਹਿਮੂਦਪੁਰ

ਨਾ ਕੁਝ ਭੂਮਿਕਾ ਹੈ। ਸਿਤਮ ਜ਼ਰੀਫ਼ੀ ਤਾਂ ਇਹ ਹੈ ਕਿ ਕਹਿੰਦੇ-ਕਹਾਉਂਦੇ ਪੱਤਰਕਾਰਾਂ ਦਾ ਇਕ ਹਿੱਸਾ ਵੀ ਬਿਨਾਂ ਕੋਈ ਜਾਂਚ-ਪੜਤਾਲ ਕੀਤੇ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਨੂੰ



'ਮਾਓਵਾਦੀ ਪ੍ਰਾਪੇਗੰਡਾ' ਕਹਿ ਕੇ ਰੱਦ ਕਰਨ 'ਚ ਸ਼ਰਮ ਮਹਿਸੂਸ ਨਹੀਂ ਕਰਦਾ। ਇਸ ਕਰਕੇ ਕੁਝ ਬੁੱਧੀਜੀਵੀਆਂ ਤੇ ਸੁਤੰਤਰ ਪੱਤਰਕਾਰਾਂ ਵੱਲੋਂ ਹਕੂਮਤੀ ਚੱਕਰਵਿਊ ਨੂੰ ਤੋੜਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕਰਕੇ ਜ਼ਮੀਨੀ ਹਕੀਕਤ ਦੇ ਤੱਥ ਸਾਹਮਣੇ ਲਿਆਉਣਾ ਉਨ੍ਹਾਂ ਦਾ ਪੇਸ਼ੇਵਾਰਾਨਾ ਫਰਜ਼ ਤਾਂ ਹੈ ਹੀ, ਉਪਰੋਕਤ ਭਿਆਨਕ ਖ਼ੌਫ਼ ਦੇ ਮਾਹੌਲ ਵਿਚ ਇਹ ਬਹੁਤ ਦਲੇਰਾਨਾ ਕਾਰਜ ਵੀ ਹੈ। ਇਸ ਪ੍ਰਸੰਗ 'ਚ ਹੀ ਰਿਪੋਰਟ ਦੇ ਮਹੱਤਵ ਨੂੰ ਸਹੀ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

ਰਿਪੋਰਟ ਨੇ ਬਹੁਤ ਸਾਰੇ ਤੱਥਪੂਰਨ ਖ਼ੁਲਾਸੇ ਕੀਤੇ ਹਨ, ਜਿਵੇਂ-

* ਆਦਿਵਾਸੀ ਇਲਾਕਿਆਂ ਵਿਚ 'ਵਿਕਾਸ' ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰਨ ਦਾ ਮੁੱਖ ਤਰੀਕਾ ਸੁਰੱਖਿਆ ਕੈਂਪਾਂ ਦਾ ਤੇਜ਼ੀ ਨਾਲ ਵਧਾਰਾ-ਪਸਾਰਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਨੁਸਾਰ 2019 ਤੋਂ ਲੈ ਕੇ ਬਸਤਰ ਵਿਚ 250 ਕੈਂਪ ਹੋਰ ਬਣਾਏ ਗਏ ਹਨ। ਫਰਵਰੀ 2024 'ਚ ਆਈ ਜੀ ਬਸਤਰ ਵੱਲੋਂ 50 ਹੋਰ ਕੈਂਪ ਬਣਾਏ ਜਾਣ ਅਤੇ ਸਰਕਾਰ ਵੱਲੋਂ 3000 ਹੋਰ ਸੁਰੱਖਿਆ ਬਲ ਤਾਇਨਾਤ ਕਰਨ ਦਾ ਐਲਾਨ ਕੀਤਾ ਗਿਆ। (ਇਹ ਸਿਰਫ਼ ਐਲਾਨੀ ਗਿਣਤੀ ਹੈ, ਅਣਐਲਾਨੀ ਤਾਇਨਾਤੀ ਇਸ ਤੋਂ ਵੱਖਰੀ ਹੈ।)

✲ ਬਸਤਰ, ਮੁਲਕ ਦੇ ਸਭ ਤੋਂ ਵੱਧ ਫ਼ੌਜੀ ਤਾਇਨਾਤੀ ਵਾਲੇ ਖੇਤਰਾਂ ਵਿੱਚੋਂ ਇਕ ਹੈ, ਜਿੱਥੇ ਹਰ ਨੌਂ ਆਮ ਨਾਗਰਿਕਾਂ ਪਿੱਛੇ ਇਕ ਸੁਰੱਖਿਆ ਸੈਨਿਕ ਤਾਇਨਾਤ ਹੈ। ਮਿਸਾਲ ਵਜੋਂ, ਦੋਰਨਾਪਾਲ ਅਤੇ ਜਗਰਗੁੰਡਾ ਦਰਮਿਆਨ ਦੀ 56 ਕਿਲੋਮੀਟਰ ਪੱਟੀ ਵਿਚ ਪੰਜ ਪੁਲਸ ਥਾਣੇ ਅਤੇ 15 ਸੀ ਆਰ ਪੀ ਐੱਫ ਦੇ ਕੈਂਪ ਹਨ। ਔਸਤਨ ਹਰ ਸੁਰੱਖਿਆ ਕੈਂਪ ਵਿਚ 400 ਸੁਰੱਖਿਆ ਬਲ ਰੱਖੇ ਗਏ ਹਨ ਅਤੇ ਇੰਝ ਪੰਦਰਾਂ ਕੈਂਪਾਂ 'ਚ ਸੁਰੱਖਿਆ ਬਲਾਂ ਦੀ ਨਫ਼ਰੀ 6000 ਹੈ। ਜੰਗਲਾਂ 'ਚ ਆਦਿਵਾਸੀ ਵਸੋਂ ਅਸਾਧਾਰਨ ਤੌਰ 'ਤੇ ਵਿਰਲੀ ਹੋਣ ਕਾਰਨ ਪ੍ਰਤੀ ਪਿੰਡ ਔਸਤ 500 ਵਸੋਂ ਹੈ ਅਤੇ ਮੋਟੇ ਅੰਦਾਜ਼ੇ ਅਨੁਸਾਰ ਇਸ ਪੱਟੀ ਵਿਚ ਕੁਲ 51500 ਵਸੋਂ ਬਣਦੀ ਹੈ। ਹਰ ਦੋ-ਚਾਰ ਕਿਲੋਮੀਟਰ ਉੱਪਰ ਕੈਂਪ ਹੋਣ ਕਾਰਨ ਪੂਰਾ ਬਸਤਰ ਹੀ ਇਕ ਤਰ੍ਹਾਂ ਨਾਲ ਵਿਆਪਕ ਛਾਉਣੀ ਬਣ ਚੁੱਕਾ ਹੈ। ਇਕ ਨਮੂਨੇ ਦੀ ਮਿਸਾਲ ਬੇਦਰੇ ਕੈਂਪ ਹੈ, ਜੋ ਫਰਵਰੀ 2023 'ਚ ਬਣਾਇਆ ਗਿਆ ਸੀ। ਇੱਥੇ 80 ਡੀ ਆਰ ਜੀ ਸਮੇਤ 600-700 ਦੀ ਗਿਣਤੀ 'ਚ ਪੂਰੀ ਬਟਾਲੀਅਨ ਤਾਇਨਾਤ ਹੈ, ਜਿਸ ਵਿਚ ਐੱਸ ਟੀ ਐੱਫ ਅਤੇ ਸੀ ਆਰ ਪੀ ਐੱਫ ਦੇ ਜਵਾਨ ਹਨ। ਅਜਿਹੇ ਕੈਂਪ ਨੇ ਆਮ ਤੌਰ 'ਤੇ 5-6 ਏਕੜ ਜਗ੍ਹਾ ਘੇਰੀ ਹੁੰਦੀ ਹੈ।

✲ ਇਕ ਪਾਸੇ ਸਰਕਾਰ ਅਤੇ ਪੁਲਸ-ਨੀਮ-ਫ਼ੌਜੀ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਮਾਓਵਾਦੀ ਲਹਿਰ ਦਾ ਆਧਾਰ ਸੁੰਗੜ ਰਿਹਾ ਹੈ। ਜੇ ਆਧਾਰ ਸੁੰਗੜ ਰਿਹਾ ਹੈ ਤਾਂ ਪੁਲਸ-ਨੀਮ-ਫ਼ੌਜੀ ਤਾਇਨਾਤੀ ਅਤੇ ਕੈਂਪਾਂ ਦੀ ਗਿਣਤੀ ਘਟਣੀ ਚਾਹੀਦੀ ਹੈ, ਪਰ ਤਾਇਨਾਤੀ ਤਾਂ ਉਲਟਾ ਬਹੁਤ ਤੇਜ਼ੀ ਨਾਲ ਵਧਾਈ ਜਾ ਰਹੀ ਹੈ। ਬਸਤਰ ਰੇਂਜ ਦਾ ਆਈ ਜੀ ਸੁੰਦਰਰਾਜ ਇਸ ਨੂੰ ਵਾਜਬ ਠਹਿਰਾਉਣ ਲਈ ਦਲੀਲ ਦਿੰਦਾ ਹੈ : "ਉਨ੍ਹਾਂ ਕੋਲ ਅਜੇ ਵੀ ਨੁਕਸਾਨ ਪਹੁੰਚਾਉਣ ਦੀ ਫ਼ੌਜੀ ਸਮਰੱਥਾ ਹੈ। 2023 'ਚ, ਮੀਡੀਆ ਰਿਪੋਰਟਾਂ ਤੋਂ ਬਾਅਦ ਕਿ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ, ਉਨ੍ਹਾਂ ਨੇ ਭਾਜਪਾ ਆਗੂਆਂ ਉੱਪਰ ਹਮਲਿਆਂ ਨਾਲ ਪਲਟ ਕੇ ਵਾਰ ਕੀਤਾ। 2022 'ਚ 234 ਘਟਨਾਵਾਂ ਹੋਈਆਂ। 2007-2008 ਤੋਂ ਬਾਅਦ 65% ਗਿਰਾਵਟ ਆਈ ਹੈ, ਪਰ ਗਿਣਤੀ ਅਨੁਸਾਰ ਨਹੀਂ ਚੱਲਿਆ ਜਾ ਸਕਦਾ।"

ਆਈ ਜੀ ਸੁੰਦਰਰਾਜ ਨੇ ਅੰਦਾਜ਼ਾ ਪੇਸ਼ ਕੀਤਾ ਹੈ ਕਿ ਮਾਓਵਾਦੀ ਹਥਿਆਰਬੰਦ ਕਾਡਰਾਂ ਦੀ ਗਿਣਤੀ 1200 ਦੇ ਕਰੀਬ ਹੈ। ਹਮਾਇਤੀ ਕਾਡਰ (ਸੀ ਐੱਨ ਐੱਮ [ਚੇਤਨਾ ਨਾਟਿਯਾ ਮੰਚ] ਤੇ ਡੀ ਕੇ ਐੱਮ ਐੱਸ [ਦੰਡਕਾਰਣੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਗਠਨ]) ਦੀ ਗਿਣਤੀ 15000 ਦੇ ਕਰੀਬ ਹੈ। ਉਸ ਦਾ ਦਾਅਵਾ ਹੈ ਕਿ ਸਿਰਫ਼ ਸੀ ਐੱਨ ਐੱਮ ਨੂੰ ਹੀ ਲਹਿਰ ਵਿਚ ਆਪਣੀ ਭੂਮਿਕਾ ਬਾਰੇ ਸਪੱਸ਼ਟਤਾ ਹੈ। ਡੀ ਕੇ ਐੱਮ ਐੱਸ ਦੇ ਕਾਡਰਾਂ ਨੂੰ ਹੁਣ ਆਪਣੀ ਭੂਮਿਕਾ ਬਾਰੇ ਸਪੱਸ਼ਟਤਾ ਨਹੀਂ ਹੈ ਕਿਉਂਕਿ ਮਾਓਵਾਦੀ ਉਨ੍ਹਾਂ ਦੀਆਂ ਬਾਕਾਇਦਾ ਮੀਟਿੰਗਾਂ ਕਰਵਾਉਣ 'ਚ ਕਾਮਯਾਬ ਨਹੀਂ ਹੋ ਰਹੇ। ਛੱਤੀਸਗੜ੍ਹ ਰਾਜ ਦੇ ਅੰਕੜਿਆਂ (ਆਈ ਜੀ ਆਫਿਸ ਤੋਂ ਪ੍ਰਾਪਤ) ਅਤੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ 2011 ਤੋਂ ਲੈ ਕੇ 2022 ਤੱਕ ਬਸਤਰ ਵਿਚ 6804 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਪਿਛਲੇ ਸਾਲ ਡੀ ਏ ਕੇ ਐੱਮ ਐੱਸ ਦੇ 250 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜੇ ਇਹ ਵਿਸ਼ਵਾਸ ਕੀਤਾ ਜਾਵੇ ਕਿ ਇਹ ਸਾਰੇ ਮਾਓਵਾਦੀ ਪਾਰਟੀ ਦੇ ਮੈਂਬਰ ਸਨ ਤਾਂ ਅੱਧਾ ਹਮਾਇਤੀ ਆਧਾਰ ਤਾਂ ਪਹਿਲਾਂ ਹੀ ਸੀਖ਼ਾਂ ਪਿੱਛੇ ਡੱਕਿਆ ਹੋਇਆ ਹੈ। ਫਿਰ ਵੀ, ਆਈ ਜੀ ਇਹ ਦਾਅਵਾ ਕਰਦਾ ਹੈ ਕਿ ਪੁਲਸ ਹੁਣ ਪਹਿਲਾਂ ਵਾਂਗ 'ਅੰਧਾਧੁੰਦ' ਗ੍ਰਿਫ਼ਤਾਰੀਆਂ ਨਹੀਂ ਕਰਦੀ, ਪਰ ਤੱਥ ਖੋਜ ਟੀਮ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ 'ਚ ਸਾਹਮਣੇ ਆਇਆ ਕਿ ਵੱਡੀ ਗਿਣਤੀ 'ਚ ਉਨ੍ਹਾਂ ਆਮ ਲੋਕਾਂ ਨੂੰ ਦੋ ਤੋਂ ਲੈ ਕੇ ਤਿੰਨ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ, ਜਿਨ੍ਹਾਂ ਉੱਪਰ ਨਕਸਲੀ ਸਰਗਰਮੀਆਂ 'ਚ ਸ਼ਾਮਲ ਹੋਣ ਦੇ ਝੂਠੇ ਦੋਸ਼ ਲਗਾਏ ਗਏ ਸਨ।

✲ ਰਿਪੋਰਟ ਵਿਚ ਪੰਜ ਡਰੋਨ ਹਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ: ਅਪ੍ਰੈਲ 2021, 14/15 ਅਪ੍ਰੈਲ 2022, 11 ਜਨਵਰੀ 2023, 7 ਅਪ੍ਰੈਲ 2023 ਅਤੇ 7 ਅਪ੍ਰੈਲ 2024। ਇਨ੍ਹਾਂ ਨਾਲ 20 ਪਿੰਡਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਬੰਧਤ ਪਿੰਡਾਂ ਦੇ ਆਦਿਵਾਸੀ ਇਨ੍ਹਾਂ ਹਮਲਿਆਂ ਦੇ ਸਬੂਤ ਵੀ ਮੀਡੀਆ ਅੱਗੇ ਪੇਸ਼ ਕਰ ਚੁੱਕੇ ਹਨ। ਪੁਲਸ ਵੱਲੋਂ ਅਪਣਾਏ ਅਜਿਹੇ ਸੂਖ਼ਮ ਤਰੀਕਿਆਂ ਦਾ ਮੁਕਾਬਲਾ ਕਰਨ ਲਈ ਮਾਓਵਾਦੀ ਵੀ ਯੁੱਧਨੀਤੀ ਘੜਨ 'ਚ ਜੁਟੇ ਹੋਏ ਹਨ। ਪੁਲਸ/ਨੀਮ-ਫ਼ੌਜੀ ਅਧਿਕਾਰੀਆਂ ਕੋਲ ਆਦਿਵਾਸੀਆਂ ਦੇ ਪੱਖ ਨੂੰ ਰੱਦ ਕਰਨ ਲਈ ਘੜੀ-ਘੜਾਈ ਦਲੀਲ ਹੈ : ਇਹ 'ਝੂਠ' ਹੈ, 'ਮਾਓਵਾਦੀ ਪ੍ਰਾਪੇਗੰਡਾ', ਹੈ, 'ਇਹੋ ਜਿਹਾ ਕੁਝ ਨਹੀਂ ਹੋਇਆ', ਪਰ ਆਦਿਵਾਸੀਆਂ ਵੱਲੋਂ ਪੇਸ਼ ਕੀਤੇ ਸਬੂਤਾਂ ਦਾ ਉਹ ਕੋਈ ਸਪੱਸ਼ਟੀਕਰਨ ਨਹੀਂ ਦੇ ਰਹੇ। ਆਈ ਜੀ ਸੁੰਦਰਰਾਜ ਦਾ ਇਹ ਦਾਅਵਾ ਕਿਸੇ ਨੂੰ ਕਾਇਲ ਨਹੀਂ ਕਰ ਸਕਦਾ ਕਿ "ਬਾਕੀ ਮੁਲਕ ਵਾਂਗ ਬਸਤਰ ਵਿਚ ਵੀ ਸੁਰੱਖਿਆ ਤਾਕਤਾਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

CMYK

# ਕਾਂਗਰਸ ਦੇ ਗੁਨਾਹ ਗਿਣਦੀ ਭਾਜਪਾ ਦਾ ਆਪਣਾ ਰਿਕਾਰਡ ਕੀ ਦੱਸਦੈ !

ਵਿਦੇਸ਼ ਦੌਰੇ ਲਈ ਅਮਰੀਕਾ ਗਏ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਆਪਣੇ ਪਿਛਲੇ ਰਿਕਾਰਡ ਮੁਤਾਬਕ ਅਗਲਾ ਵਿਵਾਦ ਛੇੜ ਧਰਿਆ ਹੈ। ਇੱਕ ਮੀਟਿੰਗ ਵਿੱਚ ਉਸ ਨੇ ਭਾਰਤ ਵਿੱਚ ਸਿੱਖਾਂ ਨੂੰ ਉਨ੍ਹਾਂ ਦੇ ਕੱਕਾਰ ਪਹਿਨੇ ਜਾਣ ਤੋਂ ਰੋਕਣ ਸਮੇਤ ਕਈ ਗੱਲਾਂ ਦਾ ਜ਼ਿਕਰ ਕਰ ਦਿੱਤਾ ਤੇ ਇਸ ਜ਼ਿਕਰ ਨੂੰ ਚੁੱਕ ਕੇ ਭਾਜਪਾ ਦੇ ਤਿੱਖੇ ਬੁਲਾਰਿਆਂ ਨੇ ਕਾਂਗਰਸ ਪਾਰਟੀ ਤੇ ਰਾਹੁਲ ਗਾਂਧੀ ਖਿਲਾਫ ਇੱਕ ਨਵੀਂ ਮੁਹਿੰਮ ਵਿੱਢ ਦਿੱਤੀ ਹੈ। ਉਹ ਇਹੋ ਜਿਹਾ ਕੰਮ ਸ਼ੁਰੂ ਕਰਨ ਅਤੇ ਭਾਜਪਾ ਹਾਈ ਕਮਾਨ ਕੋਲ ਆਪਣੇ ਨੰਬਰ ਬਣਾਉਣ ਲਈ ਹਮੇਸ਼ਾ ਤਿਆਰ ਹੁੰਦੇ ਹਨ। ਕੁਝ ਲੋਕ ਰਾਹੁਲ ਗਾਂਧੀ ਦੇ ਵਿਚਾਰ ਪ੍ਰਗਟਾਵੇ ਦੇ ਹੱਕ ਦੀ ਵਕਾਲਤ ਕਰਦੇ ਹਨ ਅਤੇ ਕੁਝ ਹੋਰ ਇਹ ਕਹਿੰਦੇ ਸੁਣੀਂਦੇ ਹਨ ਕਿ ਉਹ ਬਿਨਾਂ ਵਜ੍ਹਾ ਕੁਝ ਨਾ ਕੁਝ ਬੋਲਣ ਦੀ ਆਦਤ ਛੱਡਦਾ ਨਹੀਂ ਅਤੇ ਹਰ ਨਵੇਂ ਦਿਨ ਨਵੇਂ ਵਿਵਾਦ ਵਿੱਚ ਫਸਦੇ ਰਹਿਣ ਦਾ ਆਦੀ ਹੋ ਚੁੱਕਾ ਹੈ। ਇੱਕ ਤੀਸਰੀ ਧਿਰ ਇਹ ਕਹਿੰਦੀ ਹੈ ਕਿ ਰਾਹੁਲ ਗਾਂਧੀ ਦੀਆਂ ਗੱਲਾਂ ਭਾਵੇਂ ਗਲਤ ਨਹੀਂ, ਪਰ ਵਿਦੇਸ਼ ਜਾ ਕੇ ਏਦਾਂ ਕਹਿਣ ਨਾਲ ਭਾਰਤ ਬਾਰੇ ਮਾੜਾ ਪ੍ਰਭਾਵ ਪੈਂਦਾ ਹੈ, ਉਸ ਨੂੰ ਦੇਸ਼ ਤੋਂ ਬਾਹਰ ਹੁੰਦਿਆਂ ਏਦਾਂ ਦੀ ਕਿਸੇ ਟਿਪਣੀ ਤੋਂ ਬਚਣਾ ਚਾਹੀਦਾ ਹੈ। ਦਲੀਲ ਕਿਸੇ ਵੀ ਪਾਸੇ ਦੀ ਹੋਵੇ, ਭਾਰਤ ਦੀ ਰਾਜਨੀਤੀ ਨੂੰ ਇੱਕ ਮੁੱਦਾ ਮਿਲ ਗਿਆ ਹੈ ਅਤੇ ਉਹ ਭਖਣ ਲੱਗ ਪਈ ਹੈ।

ਜਿੱਥੋਂ ਤੱਕ ਰਾਹੁਲ ਗਾਂਧੀ ਦਾ ਸਵਾਲ ਹੈ, ਉਹ ਕਈ ਵਾਰੀ ਮੁੱਦੇ ਕਿਸੇ ਹੋਰ ਬਾਰੇ ਬੋਲ ਰਿਹਾ ਹੁੰਦਾ ਹੈ ਅਤੇ ਓਥੇ ਆਪਣੇ ਸਾਹਮਣੇ ਬੈਠੇ ਲੋਕਾਂ ਦਾ ਧਿਆਨ ਖਿੱਚਣ ਲਈ ਉਨ੍ਹਾਂ ਵਿੱਚੋਂ ਕਿਸੇ ਨਾ ਕਿਸੇ ਨੂੰ ਸੰਬੋਧਨ ਕਰ ਕੇ ਕੋਈ ਏਦਾਂ ਦੀ ਗੱਲ ਕਹਿ ਬੈਠਦਾ ਹੈ, ਜਿਹੜੀ ਵਿਵਾਦ ਦਾ ਕਾਰਨ ਬਣ ਜਾਂਦੀ ਹੈ। ਦੂਸਰੀ ਗੱਲ ਇਹ ਕਿ ਉਹ ਆਪਣੇ ਸਲਾਹਕਾਰਾਂ ਬਾਰੇ ਸੁਚੇਤ ਨਹੀਂ ਅਤੇ ਜਿਹੜੇ ਬੰਦਿਆਂ ਕਾਰਨ ਪਹਿਲਾਂ ਵਿਵਾਦ ਪੈਦਾ ਹੋ ਚੁੱਕੇ ਹੋਣ, ਫਿਰ ਉਨ੍ਹਾਂ ਦੀ ਰਾਏ ਨੂੰ ਬਹੁਤਾ ਵਜ਼ਨ ਦੇਣ ਲੱਗਦਾ ਹੈ ਅਤੇ ਹੱਦੋਂ ਬਾਹਲੀ ਅਕਲ ਵਾਲੇ ਉਨ੍ਹਾਂ ਸੱਜਣਾਂ ਤੋਂ ਖਹਿੜਾ ਨਹੀਂ ਛੁਡਾਉਂਦਾ। ਮਿਸਾਲ ਵਜੋਂ ਰਾਹੁਲ ਦੀ ਆਪਣੇ ਪਿਤਾ ਰਾਜੀਵ ਗਾਂਧੀ ਦੇ ਸਾਥੀ ਸੈਮ ਪੈਤਰੋਦਾ ਨਾਲ ਸਾਂਝ ਅਤੇ ਉਸ ਦੀਆਂ ਖੁਦ ਕੀਤੀਆਂ ਟਿਪਣੀਆਂ ਦੇ ਕਾਰਨ ਕਈ ਵਾਰੀ ਕਾਂਗਰਸ ਪਾਰਟੀ ਕਸੂਤੀ ਫਸ ਚੁੱਕੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਇੱਕ ਠੀਕ ਗੱਲ ਗਲਤ ਸ਼ਬਦਾਂ ਵਿੱਚ ਪੇਸ਼ ਕਰਨ ਕਰ ਕੇ ਕਾਂਗਰਸ ਨੂੰ ਚੋਣਾਂ ਦੌਰਾਨ ਹੀ ਸੈਮ ਪੈਤਰੋਦਾ ਨੂੰ ਪਾਰਟੀ ਤੋਂ ਕੱਢਣ ਦਾ ਐਲਾਨ ਕਰਨਾ ਪਿਆ ਸੀ ਤੇ ਅੱਜਕੱਲ੍ਹ ਉਹ ਫਿਰ ਰਾਹੁਲ ਗਾਂਧੀ ਨਾਲ ਪ੍ਰਛਾਵੇਂ ਵਾਂਗ ਜੁੜਿਆ ਪਿਆ ਹੈ। ਸੈਮ ਪੈਤਰੋਦਾ ਹੋਵੇ ਜਾਂ ਮਣੀ ਸ਼ੰਕਰ ਅਈਅਰ, ਇਨ੍ਹਾਂ ਦੀ ਅਕਲ ਇਨ੍ਹਾਂ ਦੇ ਸਿਰ ਵਿੱਚ ਜਦੋਂ ਖੌਰੂ ਪਾਵੇ ਤਾਂ ਕੋਈ ਨਾ ਕੋਈ ਬਖੇੜਾ ਖੜਾ ਕਰ ਦੇਂਦੇ ਹਨ।

ਦੂਸਰੇ ਪਾਸੇ ਭਾਜਪਾ ਦੇ ਆਗੂ ਅਤੇ ਬੁਲਾਰੇ ਜਦੋਂ ਇਹ ਕਹਿੰਦੇ ਹਨ ਕਿ ਰਾਹੁਲ ਗਾਂਧੀ ਵਿਦੇਸ਼ ਜਾ ਕੇ ਭਾਰਤ ਦੀ ਭੰਡੀ ਕਰਦਾ ਹੈ ਤਾਂ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਾਰਤੀ ਰਾਜਨੀਤੀ ਦੇ ਖਿੱਦੋ ਦੀਆਂ ਬਦਬੂ ਮਾਰਦੀਆਂ ਲੀਰਾਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਵਿਦੇਸ਼ ਦੌਰਿਆਂ ਵੇਲੇ ਉਨ੍ਹਾਂ ਦੇਸ਼ਾਂ ਵਿੱਚ ਖੋਲ੍ਹ ਬੈਠਦੇ ਹਨ। ਜਿਹੜੇ ਦੇਸ਼ਾਂ ਵਿੱਚ ਜਾ ਕੇ ਉਨ੍ਹਾ ਨੇ ਏਦਾਂ ਦਾ ਕੰਮ ਕੀਤਾ ਹੋਇਆ ਹੈ, ਉਨ੍ਹਾਂ ਦੀ ਸੂਚੀ ਬਣਾਉਣੀ ਥਕਾ ਦੇਣ ਵਾਲਾ ਕੰਮ ਹੋਵੇਗਾ। ਰਾਹੁਲ ਗਾਂਧੀ ਹੋਵੇ ਜਾਂ ਨਰਿੰਦਰ ਮੋਦੀ ਜਾਂ ਫਿਰ ਕੋਈ ਵੀ ਹੋਰ, ਇਨ੍ਹਾਂ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਕਿ 'ਘਰ ਕੀ ਬਾਤ ਘਰ ਮੇਂ ਹੀ ਰਹੇ ਤੋ ਅੱਛਾ ਹੈ', ਪਰ ਸੋਚਦਾ ਕੋਈ ਵੀ ਨਹੀਂ। ਲਾਗੂ ਕਰਨਾ ਹੈ ਤਾਂ ਪੈਮਾਨਾ ਸਾਰਿਆਂ ਲਈ ਇੱਕੋ ਚਾਹੀਦਾ ਹੈ।

ਇਸ ਵਾਰੀ ਰਾਹੁਲ ਗਾਂਧੀ ਦੀਆਂ ਅਮਰੀਕਾ ਜਾ ਕੇ ਇੱਕ ਸਿੱਖ ਦੇ ਹਵਾਲੇ ਨਾਲ ਕੀਤੀਆਂ ਟਿਪਣੀਆਂ ਤੋਂ ਬਾਅਦ ਭਾਜਪਾ ਦੇ ਆਗੂਆਂ ਨੇ ਤੂਫਾਨ ਲਿਆ ਦਿੱਤਾ ਤੇ ਅਪਰੇਸ਼ਨ ਬਲਿਊ ਸਟਾਰ ਤੋਂ ਸ਼ੁਰੂ ਕਰ ਕੇ ਦੋਸ਼ਾਂ ਦੀ ਲੰਮੀ ਸੂਚੀ ਲੋਕਾਂ ਅੱਗੇ ਰੱਖ ਦਿੱਤੀ ਹੈ। ਦੇਸ਼ ਦੇ ਲੋਕ ਇਹ ਸਭ ਕੁਝ ਪਹਿਲਾਂ ਤੋਂ ਜਾਣਦੇ ਹਨ ਤੇ ਜਿਹੜੇ ਆਮ ਲੋਕ ਰਾਜਨੀਤਕ ਗਲਤੀਆਂ ਨੂੰ ਭੁਗਤਦੇ ਹਨ, ਉਨ੍ਹਾਂ ਨੂੰ ਨਾ ਕਾਂਗਰਸ ਦੇ ਕਿਸੇ ਪੱਖ ਬਾਰੇ ਕੋਈ ਭੁਲੇਖਾ ਹੈ ਤੇ ਨਾ ਭਾਜਪਾ ਲੀਡਰਾਂ ਦੇ ਕਿਰਦਾਰ ਬਾਰੇ ਉਨ੍ਹਾਂ ਤੋਂ ਕੋਈ ਗੱਲ ਛੁਪੀ ਹੋਈ ਹੈ। ਗੱਲਾਂ ਸਿਰਫ ਭੁੱਲ ਜਾਂਦੀਆਂ ਹਨ, ਪਤਾ ਉਨ੍ਹਾਂ ਬਾਰੇ ਲੋਕਾਂ ਨੂੰ ਹੁੰਦਾ ਹੈ। ਦਿੱਲੀ ਵਿੱਚ ਭਾਜਪਾ ਦੇ ਇੱਕ ਸਿੱਖ ਲੀਡਰ ਨੇ ਰਾਹੁਲ ਗਾਂਧੀ ਵਿਰੁੱਧ ਪ੍ਰਦਰਸ਼ਨ ਕਰਦਿਆਂ ਏਥੋਂ ਤੱਕ ਵੀ ਉਸ ਨੂੰ ਕਹਿ ਦਿੱਤਾ ਕਿ ਜੋ ਕੁਝ ਤੇਰੀ ਦਾਦੀ ਨਾਲ ਹੋਇਆ ਸੀ, ਉਹੋ ਕੁਝ ਤੇਰੇ ਨਾਲ ਹੋਵੇਗਾ। ਉਸ ਦੇ ਸ਼ਬਦਾਂ ਵਿੱਚ ਧਮਕੀ ਹੋਣ ਦੀ ਧਮਕ ਹਰ ਕਿਸੇ ਨੇ ਨੋਟ ਕੀਤੀ ਹੈ, ਪਰ ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਕਾਂਗਰਸ ਪਾਰਟੀ ਦੀ ਕਮਾਨ ਸੋਨੀਆ ਗਾਂਧੀ ਹੱਥ ਆਉਣ ਵਾਲੇ ਸਾਲ ਵਿੱਚ ਇਸ ਸਿੱਖ ਆਗੂ ਨੇ ਕਾਂਗਰਸ ਦੀ ਟਿਕਟ ਉੱਤੇ ਦਿੱਲੀ ਵਿਧਾਨ ਸਭਾ ਦੀ ਚੋਣ ਲੜੀ ਅਤੇ ਜਿੱਤ ਗਿਆ ਸੀ ਤੇ ਫਿਰ ਪੰਦਰਾਂ ਸਾਲ ਓਸੇ ਕਾਂਗਰਸ ਵੱਲੋਂ ਦਿੱਲੀ ਦਾ ਵਿਧਾਇਕ ਬਣਦਾ ਰਿਹਾ ਸੀ। ਉਸ ਵਕਤ ਉਹ ਇੰਦਰਾ ਗਾਂਧੀ ਦੇ ਸੋਹਲੇ ਗਾਉਣ ਵਾਲੇ ਲੋਕਾਂ ਦੀ ਕਤਾਰ ਵਿੱਚ ਖੜਾ ਦਿਖਾਈ ਦੇਂਦਾ ਸੀ ਤੇ ਬਾਅਦ ਵਿੱਚ ਅਕਾਲੀ ਦਲ ਤੋਂ ਹੁੰਦਾ ਹੋਇਆ ਅੱਜਕੱਲ੍ਹ ਉਹ ਭਾਜਪਾ ਵਿੱਚ ਪਹੁੰਚ ਕੇ ਰਾਹੁਲ ਗਾਂਧੀ ਨੂੰ ਉਸੇ ਹਸ਼ਰ ਦੀ ਧਮਕੀ ਦੇਂਦਾ ਪਿਆ ਹੈ। ਜੇ ਦੇਸ਼ ਦੀ ਰਾਜਨੀਤੀ ਇਹੋ ਜਿਹੇ ਡੱਡੂ ਵਾਂਗ ਛੜੱਪੇ ਮਾਰਨ ਵਾਲੇ ਲੀਡਰਾਂ ਦੀ ਭਾਸ਼ਾ ਤੋਂ ਤੈਅ ਹੋਣ ਲੱਗ ਪਈ ਤਾਂ ਹਾਲਾਤ ਵਿਗੜਨ ਵਿੱਚ ਜਿਹੜੀ ਕੋਈ ਕਸਰ ਬਾਕੀ ਰਹਿੰਦੀ ਹੈ, ਉਹ ਵੀ ਨਿਕਲ ਜਾਵੇਗੀ, ਪਰ ਕਿਸੇ ਨੂੰ ਇਸ ਦੀ ਚਿੰਤਾ ਨਹੀਂ।

ਕਾਂਗਰਸ ਪਾਰਟੀ ਜਦੋਂ ਕੇਂਦਰ ਵਿੱਚ ਵੀ ਤੇ ਰਾਜ ਸਰਕਾਰਾਂ ਦੇ ਵੱਡੇ ਹਿੱਸੇ ਉੱਤੇ ਵੀ ਉਹ ਪੂਰੀ ਕਾਬਜ਼ ਹੁੰਦੀ ਸੀ ਤਾਂ ਉਹ ਆਮ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਲੋਕਾਂ ਨਾਲ ਅਤੇ ਖਾਸ ਕਰ ਕੇ ਘੱਟ ਗਿਣਤੀਆਂ ਨਾਲ ਵਧੀਕੀਆਂ ਕਰਨ ਵਿੱਚ ਕੋਈ ਕਸਰ ਨਹੀਂ ਰਹਿਣ ਦੇਂਦੀ ਸੀ, ਪਰ ਅੱਜਕੱਲ੍ਹ ਉਹ ਸੱਤਾ ਤੋਂ ਲਾਂਭੇ ਹੈ ਅਤੇ ਉਹੋ ਸਾਰਾ ਕੁਝ ਭਾਜਪਾ ਕਰਦੀ ਪਈ ਹੈ। ਫਰਕ ਸਿਰਫ ਇਹ ਹੈ ਕਿ ਕਾਂਗਰਸ ਆਪਣੇ ਐਲਾਨਾਂ ਵਿੱਚ ਕਿਸੇ ਇੱਕ ਖਾਸ ਘੱਟ-ਗਿਣਤੀ ਬਾਰੇ ਓਦਾਂ ਦੀ ਕੁੜੱਤਣ ਦੀ ਭਾਵਨਾ ਦਾ ਪ੍ਰਗਟਾਵਾ ਨਹੀਂ ਸੀ ਕਰਦੀ, ਪਰ ਭਾਜਪਾ ਉਸ ਖਾਸ ਭਾਈਚਾਰੇ ਬਾਰੇ ਆਪਣੀ ਨਫਰਤ ਲੁਕਾਏ ਬਿਨਾਂ ਬਾਕੀ ਭਾਈਚਾਰਿਆਂ ਵਾਸਤੇ ਮੋਹ ਜਾਂ ਹਮਦਰਦੀ ਦਾ ਵਿਖਾਵਾ ਕਰਨ ਦਾ ਯਤਨ ਕਰਦੀ ਹੈ। ਜਿਨ੍ਹਾਂ ਭਾਈਚਾਰਿਆਂ ਵੱਲ ਭਾਜਪਾ ਆਗੂ ਅੱਜਕੱਲ੍ਹ ਬਾਹਲੇ ਮੋਹ ਦਾ ਪ੍ਰਭਾਵ ਪਾਉਣ ਦਾ ਯਤਨ ਕਰਦੇ ਹਨ, ਸਿੱਖ ਭਾਈਚਾਰਾ ਉਨ੍ਹਾਂ ਵਿੱਚੋਂ ਹੈ, ਪਰ ਰਿਕਾਰਡ ਦੱਸਦਾ ਹੈ ਕਿ ਦੇਸ਼ ਆਜ਼ਾਦ ਹੋਣ ਦੀ ਘੜੀ ਤੋਂ ਲੈ ਕੇ ਭਾਜਪਾ ਜਾਂ ਇਸ ਤੇ ਇਸ ਤੋਂ ਪਹਿਲਾ ਰੂਪ 'ਭਾਰਤੀ ਜਨ ਸੰਘ' ਇੱਕ ਖਾਸ ਵਿਰੋਧ ਦੀ ਧਾਰਨਾ ਉੱਤੇ ਚੱਲਦਾ ਰਿਹਾ ਹੈ। ਕਾਂਗਰਸ ਉੱਤੇ ਦੋਸ਼ ਲੱਗਦਾ ਹੈ ਕਿ ਜਦੋਂ ਸਾਰੇ ਭਾਰਤ ਵਿੱਚ ਭਾਸ਼ਾ ਆਧਾਰ ਉੱਤੇ ਰਾਜਾਂ ਦੀ ਹੱਦਬੰਦੀ ਅਤੇ ਮਾਨਤਾ ਸ਼ੁਰੂ ਕੀਤੀ ਜਾਣ ਲੱਗੀ ਸੀ ਤਾਂ ਪੰਜਾਬ ਨੂੰ ਇਹੋ ਹੱਕ ਦੇਣ ਤੋਂ ਨਾਂਹ ਕਰਦੀ ਸੀ। ਇਹ ਦੋਸ਼ ਬਿਲਕੁਲ ਠੀਕ ਹੈ, ਪਰ ਇਹ ਗੱਲ ਨਾਲ ਨੋਟ ਕੀਤੀ ਜਾਣ ਵਾਲੀ ਹੈ ਕਿ ਜਦੋਂ ਕਦੀ ਅਕਾਲੀ ਆਗੂ 'ਪੰਜਾਬੀ ਸੂਬਾ' ਲੈਣ ਦੀ ਗੱਲ ਕਰਦੇ ਜਾਂ ਮੋਰਚਾ ਲਾਉਂਦੇ ਸਨ ਤਾਂ ਉਨ੍ਹਾਂ ਅੱਗੇ ਪਹਿਲਾ ਅੜਿੱਕਾ ਜਨ ਸੰਘ ਲਾਇਆ ਕਰਦੀ ਸੀ। ਆਪਣੀ ਮੰਗ ਲਈ ਅਕਾਲੀ ਆਗੂ ਦਰਬਾਰ ਸਾਹਿਬ ਵਿੱਚ ਮਰਨ ਵਰਤ ਰੱਖਣ ਲੱਗਦੇ ਤਾਂ ਮਸਾਂ ਦੋ ਸੌ ਗਜ਼ ਦੂਰ ਮਲਕਾ ਦੇ ਬੁੱਤ ਕੋਲ ਤੰਬੂ ਗੱਡ ਕੇ ਭਾਜਪਾ ਦਾ ਇੱਕ ਆਗੂ ਮਰਨ ਵਰਤ ਰੱਖ ਕੇ ਬੈਠ ਜਾਂਦਾ ਅਤੇ ਇਸ ਮੰਗ ਦੇ ਵਿਰੁੱਧ ਮੈਦਾਨ ਮੱਲ ਲਿਆ ਕਰਦਾ ਸੀ। ਇਹ ਵਰਤਾਰਾ ਬੋਲੀ ਦੇ ਆਧਾਰ ਉੱਤੇ ਅਜੋਕਾ ਪੰਜਾਬ ਬਣਾਉਣ ਦੀ ਮੰਗ ਮੰਨੇ ਜਾਣ ਤੱਕ ਏਦਾਂ ਹੀ ਚੱਲਦਾ ਰਿਹਾ ਸੀ ਅਤੇ ਉਸ ਦੇ ਬਾਅਦ ਦੀ ਰਾਜਨੀਤੀ ਵਿੱਚ ਵੀ ਜਨ ਸੰਘ ਦੀ ਇਹ ਸੋਚ ਪ੍ਰਗਟ ਹੁੰਦੀ ਰਹੀ ਸੀ।

ਕੁਝ ਲੋਕ 1967 ਦੀਆਂ ਉਨ੍ਹਾਂ ਆਮ ਚੋਣਾਂ ਨੂੰ ਕੁੜੱਤਣ ਦਾ ਇੱਕ ਪੜਾਅ ਪੂਰਾ ਹੋਣਾ ਮੰਨਦੇ ਹਨ, ਜਿਨ੍ਹਾਂ ਮਗਰੋਂ ਪੰਜਾਬ ਵਿੱਚ ਪਹਿਲੀ ਵਾਰੀ ਗੈਰ-ਕਾਂਗਰਸੀ ਸਰਕਾਰ ਬਣੀ ਅਤੇ ਅਕਾਲੀ ਮੁੱਖ ਮੰਤਰੀ ਦੀ ਅਗਵਾਈ ਵਿੱਚ ਭਾਰਤੀ ਜਨ ਸੰਘ ਦੇ ਉਹ ਲੋਕ ਮੰਤਰੀ ਬਣੇ ਸਨ, ਜਿਹੜੇ ਪਿੱਛੋਂ ਭਾਜਪਾ ਬਣਾਉਣ ਵਾਲਿਆਂ ਵਿੱਚ ਸ਼ਾਮਲ ਸਨ। ਇਹ ਠੀਕ ਹੈ ਕਿ ਇਸ ਦਾ ਪਹਿਲਾ ਪ੍ਰਭਾਵ ਇਸ ਰਾਜ ਵਿੱਚ ਹਿੰਦੂ-ਸਿੱਖ ਏਕੇ ਵਾਲਾ ਸੀ, ਪਰ ਜਦੋਂ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਮੌਕੇ ਅੰਮ੍ਰਿਤਸਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਲਿਆ ਤਾਂ ਹਿੰਦੂ-ਸਿੱਖ ਏਕੇ ਦੀਆਂ ਗੱਲਾਂ ਕਰਨ ਵਾਲੇ ਜਨ ਸੰਘੀ ਆਗੂ ਅਸਤੀਫੇ ਦੇ ਕੇ ਬਾਹਰ ਹੋ ਗਏ ਸਨ। ਅੱਜ ਉਹ ਕਾਂਗਰਸ ਨੂੰ 'ਪੰਡਤ ਨਹਿਰੂ ਵੇਲੇ ਤੋਂ' ਸਿੱਖਾਂ ਦੀ ਵਿਰੋਧੀ ਦੱਸਦੇ ਹਨ ਤੇ ਇਸ ਵਿੱਚੋਂ ਕਈ ਗੱਲਾਂ ਠੀਕ ਵੀ ਕਹਿੰਦੇ ਹਨ, ਪਰ ਆਪਣੇ ਬਾਰੇ ਨਹੀਂ ਦੱਸਦੇ ਕਿ ਉਨ੍ਹਾਂ ਵੀ ਕਈ ਵਾਰੀ ਸਿੱਖਾਂ ਨਾਲ ਇਹ ਕੁਝ ਕੀਤਾ ਹੋਇਆ ਹੈ। ਭਾਜਪਾ ਲੀਡਰ ਅੱਜਕੱਲ੍ਹ ਅਪਰੇਸ਼ਨ ਬਲਿਊ ਸਟਾਰ ਦੀ ਮੰਦਭਾਗੀ ਕਾਰਵਾਈ ਲਈ ਇਕੱਲੀ ਕਾਂਗਰਸ ਨੂੰ ਦੋਸ਼ੀ ਦੱਸਣ ਅਤੇ ਆਪਣੀ ਭੂਮਿਕਾ ਲੁਕਾਉਣ ਦਾ ਯਤਨ ਕਰਦੇ ਹਨ। ਸੱਚਾਈ ਇਹ ਹੈ ਕਿ ਉਸ ਘਟਨਾ ਤੋਂ ਬਾਅਦ ਪਾਰਲੀਮੈਂਟ ਦਾ ਪਹਿਲਾ ਸੈਸ਼ਨ ਜਦੋਂ ਹੋਇਆ ਤਾਂ ਉਸ ਵਿੱਚ ਭਾਜਪਾ ਲੀਡਰ ਅਟਲ ਬਿਹਾਰੀ ਵਾਜਪਾਈ ਨੇ ਇਸ ਨੂੰ ਠੀਕ, ਪਰ ਦੇਰੀ ਨਾਲ ਕੀਤੀ ਗਈ ਕਾਰਵਾਈ ਕਿਹਾ ਸੀ। ਉਹ ਗੱਲ ਬਾਅਦ ਵਿੱਚ ਸ਼ਾਇਦ ਆਈ-ਗਈ ਹੋ ਜਾਂਦੀ, ਪਰ ਵਾਜਪਾਈ ਸਰਕਾਰ ਦੇ ਵਕਤ ਉਨ੍ਹਾ ਨਾਲ ਡਿਪਟੀ ਪ੍ਰਧਾਨ ਮੰਤਰੀ ਬਣਾਏ ਗਏ ਲਾਲ ਕ੍ਰਿਸ਼ਨ ਅਡਵਾਨੀ ਨੇ 'ਮਾਈ ਕੰਟਰੀ, ਮਾਈ ਲਾਈਫ' ਸਿਰਲੇਖ ਵਾਲੀ ਆਪਣੀ ਜੀਵਨੀ ਲਿਖੀ ਤਾਂ ਉਸ ਵਿੱਚ ਇਹ ਗੱਲ ਲਿਖ ਦਿੱਤੀ ਕਿ ਇੰਦਰਾ ਗਾਂਧੀ ਅਪਰੇਸ਼ਨ ਬਲਿਊ ਸਟਾਰ ਕਰਨ ਨੂੰ ਮੰਨਦੀ ਨਹੀਂ ਸੀ, ਭਾਜਪਾ ਲੀਡਰਾਂ ਨੇ ਦਬਾਅ ਪਾ ਕੇ ਕਰਵਾਇਆ ਸੀ। ਜਿਹੜੇ ਲੀਡਰ ਖੁਦ ਕਹਿੰਦੇ ਰਹੇ ਸਨ ਕਿ ਇੰਦਰਾ ਗਾਂਧੀ ਤੋਂ ਦਬਾਅ ਪਾ ਕੇ ਉਨ੍ਹਾਂ ਇਹ ਫੌਜੀ ਕਰਵਾਈ ਕਰਵਾਈ ਸੀ, ਉਨ੍ਹਾਂ ਦੇ ਪਿਛਲੱਗ ਅੱਜ ਉਸ ਅਪਰੇਸ਼ਨ ਨੂੰ ਕਾਂਗਰਸ ਦੀ ਸਿੱਖਾਂ ਨਾਲ ਦੁਸ਼ਮਣੀ ਦਾ ਰੰਗ ਦੇ ਕੇ ਪੇਸ਼ ਕਰਦੇ ਅਤੇ ਆਪਣੀ ਭੂਮਿਕਾ ਛੁਪਾ ਜਾਣਾ ਚਾਹੁੰਦੇ ਹਨ।

ਇਤਿਹਾਸ ਕਦੇ ਵੀ ਕੁਝ ਪੜਾਵਾਂ ਤੱਕ ਸੀਮਤ ਨਹੀਂ ਹੁੰਦਾ ਅਤੇ ਕਦੇ ਇੱਕ ਥਾਂ ਜਾ ਕੇ ਰੁਕਦਾ ਨਹੀਂ, ਇਹ ਅਗਲੇ ਪੜਾਅ ਪਾਰ ਕਰਦਾ ਨਵਾਂ ਕਈ ਕੁਝ ਚੰਗਾ ਵੀ ਅਤੇ ਮਾੜਾ ਵੀ ਇਸ ਦੁਨੀਆ ਮੂਹਰੇ ਪਰੋਸਦਾ ਰਹਿੰਦਾ ਹੈ ਅਤੇ ਅੱਜ ਵੀ ਇਹ ਇਤਿਹਾਸਕ ਵਰਤਾਰਾ ਜਾਰੀ ਹੈ। ਸਭ ਨੂੰ ਪਤਾ ਹੈ ਕਿ ਦਿੱਲੀ ਦੇ ਬਾਰਡਰਾਂ ਉੱਤੇ ਜਦੋਂ ਸੰਘਰਸ਼ ਕਰਨ ਪਹੁੰਚੇ ਹੋਏ ਕਿਸਾਨਾਂ ਦੇ ਕਾਰਨ ਕੇਂਦਰ ਸਰਕਾਰ ਮੁਸ਼ਕਲ ਵਿੱਚ ਸੀ, ਉਨ੍ਹਾਂ ਕਿਸਾਨਾਂ ਵਿੱਚ ਵੱਡੀ ਗਿਣਤੀ ਕਿਉਂਕਿ ਸਿੱਖ ਕਿਸਾਨਾਂ ਦੀ ਸੀ, ਇਸ ਲਈ ਭਾਜਪਾ ਆਗੂਆਂ ਨੇ ਕਿਸਾਨ ਮੋਰਚੇ ਨੂੰ ਖਾਲਿਸਤਾਨੀ ਸਾਜ਼ਿਸ਼ ਅਤੇ ਕਿਸਾਨ ਲੀਡਰਾਂ ਨੂੰ ਪਾਕਿਸਤਾਨ ਦੇ ਏਜੰਟ ਤੱਕ ਆਖਿਆ ਸੀ। ਇਹ ਗੱਲ ਕਹਿਣ ਵੇਲੇ ਭਾਜਪਾ ਆਗੂਆਂ ਨੇ ਇਹ ਸੱਚ ਅੱਖੋਂ ਓਹਲੇ ਕਰ ਦਿੱਤਾ ਸੀ ਕਿ ਉਨ੍ਹਾਂ ਵਿੱਚ ਬੜੀ ਵੱਡੀ ਗਿਣਤੀ ਵਿੱਚ ਹਰਿਆਣਾ ਦੇ ਕਿਸਾਨ ਵੀ ਸਨ ਅਤੇ ਉਨ੍ਹਾਂ ਵਿੱਚ ਹਰ ਧਰਮ ਨਾਲ ਜੁੜੇ ਕਿਸਾਨਾਂ ਦੇ ਉਸ ਇਕੱਠ ਦੀ ਇੱਕਸੁਰਤਾ ਉਨ੍ਹਾਂ ਦੇ ਨਾਅਰਿਆਂ ਤੱਕ ਸੀਮਤ ਨਹੀਂ ਸੀ, ਲੰਗਰ ਵੀ ਸਾਂਝਾ ਬਣਦਾ ਸੀ। ਕਾਂਗਰਸ ਦੇ ਲੀਡਰਾਂ ਦੀ ਸਿਆਸਤ ਵਿੱਚ ਕੁਚੱਜ ਅਤੇ ਲੋਕਾਂ ਨਾਲ ਕੀਤੇ ਧੱਕਿਆਂ ਦੀ ਕਹਾਣੀ ਆਪਣੀ ਥਾਂ ਹੈ ਅਤੇ ਉਸ ਨੂੰ ਅੱਖੋਂ ਓਹਲੇ ਕੋਈ ਨਹੀਂ ਕਰਨਾ ਚਾਹੇਗਾ, ਪਰ ਭਾਜਪਾ ਨੇ ਵੀ ਦੇਸ਼ ਦੇ ਆਮ ਲੋਕਾਂ ਨਾਲ ਘੱਟ ਨਹੀਂ ਕੀਤੀ। ਜਿੱਦਾਂ ਦੇ ਪੁੱਠੇ ਕੰਮ ਕਾਂਗਰਸੀ ਕਰਿਆ ਕਰਦੇ ਸਨ, ਹਰ ਵਿਗੜੇ ਹੋਏ ਅਤੇ ਬਦਨਾਮ ਕਾਂਗਰਸੀ ਆਗੂ ਨੂੰ ਆਪਣੇ ਵਿੱਚ ਰਲਾਉਣ ਲਈ ਤਿਆਰ ਰਹਿਣ ਵਾਲੀ ਭਾਜਪਾ ਦੇ ਆਗੂ ਵੀ ਉਹ ਸਾਰੇ ਪੁੱਠੇ ਕੰਮ ਕਰਦੇ ਹਨ ਅਤੇ ਸਗੋਂ ਇਨ੍ਹਾਂ ਪੁੱਠੇ ਕੰਮਾਂ ਨੂੰ ਆਪਣੀ ਫਿਰਕੂ ਸੋਚ ਦੀ ਪੁੱਠ ਚਾੜ੍ਹ ਕੇ ਹੋਰ ਵੱਡੇ ਗੁਨਾਹ ਕਰਦੇ ਪਏ ਹਨ। ਦੋਵਾਂ ਧਿਰਾਂ ਦੀ ਸੋਚ ਵਿੱਚ ਇੱਕ ਪਾਸੇ ਸਿੱਧੀ ਤਾਂ ਦੂਸਰੇ ਪਾਸੇ ਲੁਕਵੀਂ ਤੰਗਨਜ਼ਰੀ ਦਾ ਫਰਕ ਹੁੰਦਾ ਹੈ, ਪਰ ਜਦੋਂ ਇਨ੍ਹਾਂ ਦੋਵਾਂ ਦਾ ਤੋਲ-ਤੁਲਾਵਾ ਕਰਨ ਦੀ ਲੋੜ ਪਵੇ ਤਾਂ ਸਿੱਖਾਂ ਸਣੇ ਸਾਰੀਆਂ ਘੱਟ-ਗਿਣਤੀਆਂ ਬਾਰੇ ਭਾਜਪਾ ਦੇ ਗੁਨਾਹ ਕਾਂਗਰਸ ਤੋਂ ਘੱਟ ਨਹੀਂ ਨਿਕਲਣੇ। ਭਾਰਤ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਉਨ੍ਹਾਂ ਸਾਹਮਣੇ ਇਸ ਵਕਤ ਵੀ ਕੋਈ ਤੀਸਰਾ ਬਦਲ ਨਹੀਂ ਅਤੇ ਉਹ ਇਨ੍ਹਾਂ ਦੋਵਾਂ ਨੂੰ ਭੁਗਤਦੇ ਪਏ ਹਨ।

# ਜਿਨਸੀ ਸ਼ੋਸ਼ਣ ਇੱਕ ਸਦੀਵੀ ਰੋਗ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਜਦੋਂ ਤੋਂ ਇਸ ਧਰਤੀ 'ਤੇ ਕਬੀਲਿਆਂ ਦੇ ਰੂਪ ਵਿੱਚ ਮਨੁੱਖ ਨੇ ਜਨਮ ਲਿਆ, ਉਦੋਂ ਜ਼ਿਆਦਾ ਉਨ੍ਹਾਂ 'ਚ ਜਿਨਸੀ ਭੁੱਖ ਹੁੰਦੀ ਸੀ, ਜਿਸ ਨੂੰ ਹੌਲੀ-ਹੌਲੀ ਕਬੀਲਿਆ ਦੇ ਮੁਖੀਆਂ ਨੇ ਆਪਣੀ ਸਮਰਥਾ ਮੁਤਾਬਕ ਨੇਮਬੱਧ ਕਰਨ ਲਈ ਸਮੇਂ-ਸਮੇਂ ਸੰਘਰਸ਼ ਕੀਤਾ ਹੋਵੇਗਾ, ਪਰ ਅੱਜ ਤੱਕ ਸੰਪੂਰਨ ਸਮਾਜ ਅਜਿਹੀਆਂ ਨਮੋਸ਼ੀਯੋਗ ਘਟਨਾਵਾਂ ਤੋਂ ਪਾਕਿ ਨਹੀਂ ਹੋ ਸਕਿਆ। ਅੱਜ ਵੀ ਦੁਨੀਆ ਭਰ ਦੇ ਸਮੁੱਚੇ ਦੇਸਾਂ 'ਚੋਂ ਕੋਈ ਦੇਸ਼ ਸੰਪੂਰਨ ਛੁਟਕਾਰਾ ਨਹੀਂ ਪਾ ਸਕਿਆ।

ਅੱਜ ਦੁਨੀਆ ਦੇ ਦੇਸ਼ ਇਸ ਸ਼ਰਮਨਾਕ ਘਟਨਾਵਾਂ ਨਾਲ ਆਪੋ-ਆਪਣੇ ਤਰੀਕੇ ਨਾਲ ਲੜ ਰਹੇ ਹਨ, ਪਰ ਇਸ 'ਤੇ ਪੂਰਨ ਕਾਬੂ ਨਹੀਂ ਪਾ ਸਕੇ। ਅਜਿਹੇ ਭੱਦੇ ਦੋਸ਼ ਘਰ ਦੀਆਂ ਗਰੀਬ ਨੌਕਰਾਣੀ ਤੋਂ ਲੈ ਕੇ ਦੇਸ਼ਾਂ ਦੇ ਮੁਖੀਆਂ ਤੱਕ ਲਗਦੇ ਰਹੇ ਹਨ। ਇਸ ਦੋਸ਼ ਨਾਲ ਹਰ ਦੇਸ਼ ਦਾ ਉਹ ਸਮਾਂ ਵੀ ਬਚ ਨਹੀਂ ਸਕਿਆ, ਜਦ ਵਿਦਿਆ ਦੀ ਘਾਟ ਕਰਕੇ ਸਾਧੂ, ਸੰਤਾਂ, ਕਰਾਮਾਤੀਆ, ਜਾਦੂ-ਟੂਣਿਆ ਦਾ ਯੁੱਗ ਸੀ। ਅੱਜ ਕੱਲ੍ਹ ਦੇ ਉਨ੍ਹਾਂ ਸਾਧੂਆਂ, ਸੰਤਾਂ, ਗੁਰੂਆਂ 'ਤੇ ਜੇ ਤੁਸੀਂ ਪੂਰੀ ਨੀਝ ਨਾਲ ਝਾਤੀ ਮਾਰ ਕੇ ਸਮਝਣਾ ਚਾਹੋਗੇ ਤਾਂ ਤੁਹਾਨੂੰ ਸਭ ਜੇਲ੍ਹਾਂ ਵਿੱਚ ਬਿਰਾਜਮਾਨ ਹੋਇਆਂ ਨੂੰ ਦੇਖੋਗੇ। ਗੁਰੂ ਦਾ ਅਹੁਦਾ ਮਾਤਾ-ਪਿਤਾ ਤੋਂ ਵੀ ਉਪਰ ਹੁੰਦਾ ਹੈ, ਉਹ ਵੀ ਗੁਰੂ ਦਾ ਰੋਲ ਨਿਭਾਉਂਦੇ-ਨਿਭਾਉਂਦੇ ਆਖਰ ਭੇੜੀਏ ਬਣੇ ਦੇਖੋਗੇ।

ਸਮਾਜ ਵਿੱਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਤੋਂ ਜੋ ਮੁੱਖ ਕਾਰਨ ਬਣਦਾ ਹੈ, ਉਹ ਹੈ ਸਮਾਜ ਵਿੱਚ ਵਿਦਿਆ ਦੀ ਘਾਟ। ਅਸੀਂ ਆਪਣੇ ਬੱਚਿਆਂ ਨੂੰ ਬਣਦੇ ਮੌਕਿਆਂ 'ਤੇ ਅਜਿਹੀ ਸਿੱਖਿਆ ਨਹੀਂ ਦਿੰਦੇ। ਪੰਜਾਬੀ ਵਾਰਤਕ ਦੇ ਪਿਤਾਮਾ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਖਿਆ ਕਰਦੇ ਸਨ ਅਤੇ ਲਿਖਦੇ ਵੀ ਸਨ। ਕਿ ਜਦ ਤੁਹਾਡਾ ਜਾਨਵਰ ਗਊ-ਮੱਝ ਆਦਿ ਨੂੰ ਤੁਸੀਂ ਸਾਨ੍ਹਾਂ ਅਤੇ ਝੋਟਿਆਂ ਪਾਸ ਲਿਜਾਂਦੇ ਹੋ ਤਾਂ ਉਸ ਸਮੇਂ ਨਾਲ ਗਏ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਅਜਿਹਾ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ? ਅਗਰ ਉਸ ਸਮੇਂ ਬੱਚਿਆਂ ਨੂੰ ਡੀਟੇਲ 'ਚ ਸਮਝਾਅ ਦਿਉਗੇ ਤਾਂ ਬੱਚਾ ਸਮਝ ਜਾਵੇਗਾ। ਅਜਿਹਾ ਹੋਣ ਤੋਂ ਬਾਅਦ ਇਹ ਜਾਨਵਰ ਬੱਚਾ ਦੇਵੇਗਾ। ਇਹ ਸਾਨੂੰ ਦੁੱਧ ਦੇਣਗੇ, ਜਿਸ ਨੂੰ ਪੀ ਕੇ ਅਸੀਂ ਤਕੜੇ ਹੋਵਾਂਗੇ। ਇਸ ਸੰਬੰਧ ਵਿੱਚ ਸਭ ਮਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਿਆਰੀ ਧੀ ਨੂੰ ਆਪਣਾ ਫ਼ਰਜ਼ ਸਮਝ ਕੇ ਸਮੇਂ-ਸਮੇਂ ਸਮਝਾਉਣ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?

ਜਿਨਸੀ ਸ਼ੋਸ਼ਣ ਦਾ ਰੋਗ ਫੌਜ ਦੇ ਤਿੰਨਾਂ ਅੰਗਾਂ, ਜੁਡੀਸ਼ਰੀ, ਵਿਦਿਅਕ ਖੇਤਰ, ਸਭ ਸਰਕਾਰੀ ਅਦਾਰਿਆ ਵਿੱਚ ਵਧ-ਘੱਟ ਅਨੁਪਾਤ ਨਾਲ ਫੈਲਿਆ ਹੋਇਆ ਹੈ। ਅੱਜ ਦੇ ਦਿਨ ਵੀ ਕਹਿੰਦੇ-ਕਹਾਉਂਦੇ ਧਾਰਮਕ ਡੇਰੇ ਵੀ ਇਸ ਤੋਂ ਬਿਲਕੁਲ ਮੁਕਤ ਨਹੀਂ ਹਨ। ਉਨ੍ਹਾਂ ਡੇਰਿਆਂ ਦੀ ਮਾੜੀ ਗੱਲ ਬਾਹਰ ਇਸ ਕਰਕੇ ਨਹੀਂ ਆਉਂਦੀ, ਕਿਉਂਕਿ ਉਨ੍ਹਾਂ ਨੂੰ ਸਿਆਸੀ ਪਨਾਹ ਮਿਲੀ ਹੋਈ ਹੁੰਦੀ ਹੈ। ਬਹੁਤੇ ਧਾਰਮਕ ਡੇਰਿਆਂ ਦੀਆਂ ਸਮੇਂ-ਸਮੇਂ ਸਿਰ ਅਜਿਹੀਆਂ ਤਸਵੀਰਾਂ ਆਮ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਸਮੇਂ-ਸਮੇਂ ਰਾਜ ਕਰ ਚੁੱਕੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਡੇਰਿਆਂ ਵਿੱਚ ਪਾਖੰਡੀ ਗੁਰੂਆਂ ਦੇ ਚਰਨਾਂ ਵਿੱਚ ਬੈਠਿਆਂ ਜਾਂ ਝੁਕ ਕੇ ਅਸ਼ੀਰਵਾਦ ਲੈਂਦਿਆਂ ਆਮ ਦੇਖਿਆ ਜਾ ਸਕਦਾ ਹੈ। ਜਦ ਕਿਸੇ ਵੀ ਅਖੌਤੀ ਡੇਰੇ ਨੂੰ ਸਿਆਸੀ ਪਨਾਹ ਮਿਲ ਜਾਂਦੀ ਹੈ, ਫਿਰ ਅਜਿਹੇ ਡੇਰਿਆਂ ਵਿੱਚ ਧਰਮ ਦੇ ਉਹਲੇ ਕੁਕਰਮ ਸ਼ੁਰੂ ਹੋ ਜਾਂਦਾ ਹੈ। ਆਮ ਦੇਖਿਆ ਗਿਆ ਹੈ ਕਿ ਅਜਿਹੇ ਡੇਰਿਆਂ ਦੇ ਮੁਖੀ ਜਦ ਸੀਖਾਂ ਪਿੱਛੇ ਵੀ ਹੁੰਦੇ ਹਨ, ਤਦ ਵੀ ਉਨ੍ਹਾਂ ਦੇ ਚੇਲੇ ਮੰਨਣ ਤੋਂ ਇਨਕਾਰੀ ਹੋਣ ਦੀ ਬਜਾਏ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ ਜੋੜਦੇ ਹਨ ਕਿ ਉਹ ਵੀ ਜੇਲ੍ਹ 'ਚ ਰਹੇ ਸਨ। ਇਸ ਸਭ ਵਿਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਬੱਚਿਆਂ ਨੂੰ ਬਣਦੀ ਉਮਰ ਸਮੇਂ ਸਹੀ ਜਾਣਕਾਰੀ ਹਾਸਲ ਕਰਾਉਣੀ ਚਾਹੀਦੀ ਹੈ। ਜਿਨਸੀ ਸ਼ੋਸ਼ਣ ਦੀ ਦੌੜ ਵਿੱਚ ਸਭ ਸ਼ਾਮਲ ਹਨ। ਇਸ ਦੌੜ ਵਿੱਚ ਇਕ ਬਾਪ (ਮਤਰੇਆ ਪਿਓ) ਤੋਂ ਲੈ ਕੇ ਗੁਰੂ ਤੱਕ ਸ਼ਾਮਲ ਹਨ। ਜਿਸ ਨੂੰ ਪੜ੍ਹ ਕੇ ਆਮ ਮਨੁੱਖ ਪੂਰੇ ਦਾ ਪੂਰਾ ਹਿੱਲ ਜਾਂਦਾ ਹੈ। ਅਜਿਹੀਆਂ ਖ਼ਬਰਾਂ ਪੜ੍ਹ ਕੇ ਮਨੁੱਖ ਸੋਚਦਾ ਹੈ ਕਿ ਮਨੁੱਖ ਯਕੀਨ ਕਰੇ ਤਾ ਕਿਸ 'ਤੇ ਕਰੇ? ਅਜਿਹੀਆਂ ਹਰਕਤਾਂ ਬਾਰੇ ਜਾਨਣ ਲਈ ਜਦ ਲੇਖਕ ਨੇ ਪਸ਼ੂਆਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਜਦ ਲੇਖਕ ਊਠਾਂ-ਊਠਣੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੜ੍ਹ ਰਿਹਾ ਸੀ ਤਾਂ ਪਤਾ ਲੱਗਾ ਕਿ ਇੱਕ ਵਾਰ ਜਦ ਊਠਣੀ ਸਾਹੇ ਤੋਂ ਬਾਅਦ ਊਠ ਪਾਸ ਲਿਆਂਦੀ ਗਈ। ਊਠ ਨੂੰ ਊਠਣੀ ਨਾਲ ਸੰਬੰਧ ਬਣਾਉਣ ਤੋਂ ਪਹਿਲਾਂ ਊਠ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ। ਜਦ ਬਾਅਦ ਵਿੱਚ ਊਠ ਦੀਆਂ ਅੱਖਾਂ 'ਤੇ ਪੱਟੀ ਖੋਲ੍ਹੀ ਗਈ ਤਾਂ ਊਠ ਨੇ ਦੇਖਿਆ ਕਿ ਸੰਬੰਧਤ ਊਠਣੀ ਰਿਸ਼ਤੇ ਤੋਂ ਉਸ ਦੀ ਮਾਂ ਲੱਗਦੀ ਸੀ। ਫਿਰ ਕੀ ਸੀ, ਉਹ ਬਹੁਤ ਦਹਾੜਿਆ, ਖਾਣਾ-ਪੀਣਾ ਪ੍ਰਾਣ ਤਿਆਗਣ ਤੱਕ ਉਸ ਨੇ ਤਿਆਗਿਆ, ਇਹ ਹੈ ਕਿ ਇਕ ਜਾਨਵਰ ਦਾ ਵਧੀਆ ਰਵੱਈਆ ਆਪਣੇ ਪਰਵਾਰ ਵਾਰੇ, ਪਰ ਅਸੀਂ ਭਾਵ ਮਨੁੱਖ ਅੱਜ ਵੀਹਵੀਂ ਸਦੀ 'ਚ ਸਭ ਹੱਦਾਂ ਟੱਪ ਜਾਂਦਾ ਹੈ ਜਾਂ ਟੱਪਣ ਨੂੰ ਤਿਆਰ ਰਹਿੰਦਾ ਹੈ।

ਜਦ ਅਸੀਂ ਜਿਨਸੀ ਸ਼ੋਸ਼ਣ ਬਾਰੇ ਲਿਖ ਰਹੇ ਹਾਂ ਤਾਂ ਬਹੁਤ ਵੱਡੀ ਖ਼ਬਰ ਆ ਰਹੀ ਹੈ। ਭਾਰਤ ਦੇ ਇੰਦੌਰ ਸ਼ਹਿਰ ਵਿੱਚ ਦੋ ਫੌਜੀ ਅਤੇ ਉਨ੍ਹਾਂ ਦੀਆਂ ਦੋ ਮਹਿਲਾ ਮਿੱਤਰ ਆਪਣੇ ਤੌਰ 'ਤੇ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਨੂੰ ਛੇ ਬਦਮਾਸ਼ਾਂ ਰੋਕ ਕੇ ਲੁੱਟ ਲਿਆ ਅਤੇ ਇਕ ਪਹਿਲਾ ਨਾਲ ਸਮੂਹਿਕ ਬਲਾਤਕਾਰ ਕੀਤਾ, ਜਿਨ੍ਹਾਂ ਵਿੱਚੋਂ ਦੋ ਫੜੇ ਗਏ। ਜੇ ਇਹ ਹਾਲ ਇੰਦੌਰ ਦਾ ਹੈ, ਫਿਰ ਅਸੀਂ ਸੁਰੱਖਿਅਤ ਕਿਥੇ ਹਾਂ? ਜਿੰਨਾ ਅਸੀਂ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਲਈ ਯਤਨਸ਼ੀਲ ਹਾਂ, ਓਨਾ ਅਸੀਂ ਕਈ ਮਾਮਲਿਆਂ ਵਿੱਚ ਨਿਵਾਣਾਂ ਛੂਹ ਰਹੇ ਹਾਂ। ਖ਼ਬਰਾਂ ਮੁਤਾਬਕ ਛੱਤੀਸਗੜ੍ਹ ਸੂਬੇ ਦੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਬੀਅਰ ਅਤੇ ਸ਼ਰਾਬ ਪੀਣ ਤੱਕ ਪਹੁੰਚ ਗਏ ਹਨ। ਅਜਿਹੇ ਹਾਲਤਾਂ ਵਿੱਚ ਤੁਸੀਂ ਆਉਣ ਵਾਲੀ ਪੀੜ੍ਹੀ ਤੋਂ ਕੀ ਆਸ ਰੱਖ ਸਕਦੇ ਹੋ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਘਿਨਾਉਣੀਆਂ ਆਦਤਾਂ ਫੈਲੀਆਂ ਹੋਈਆਂ ਹਨ, ਉਨ੍ਹਾਂ ਨੂੰ ਨੱਥ ਪਾਉਣ ਲਈ ਸਭ ਵੱਲੋਂ ਸਾਂਝੇ ਯਤਨ ਸ਼ੁਰੂ ਕਰਨੇ ਪੈਣਗੇ। ਅੰਧ-ਵਿਸ਼ਵਾਸਾਂ ਖ਼ਿਲਾਫ਼ ਇੱਕ ਸਾਂਝੇ ਤੌਰ 'ਤੇ ਯਤਨ ਕਰਨੇ ਹੋਣਗੇ। ਉਂਝ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ '51-ਏ' ਮੁਤਾਬਕ ਸਭ ਦੇਸ਼ ਵਾਸੀਆਂ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਦੇ ਖ਼ਿਲਾਫ਼ ਲਿਖਣ ਅਤੇ ਬੋਲਣੇ ਦਾ ਸੰਪੂਰਨ ਹੱਕ ਹੈ। ਸਾਨੂੰ ਸਭ ਨੂੰ ਸਮਾਜ ਨੂੰ ਜਾਗ੍ਰਿਤ ਕਰਨ ਲਈ ਇਸ ਅਧਿਕਾਰ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ, ਤਾਂ ਕਿ ਸਾਡਾ ਵੀ ਆਪਣੇ ਵਿੱਤ ਮੁਤਾਬਕ ਹਿਸਾ ਪੈਂਦਾ ਰਹੇ। ਲੜਾਈ ਬਹੁਤ ਲੰਮੀ ਲੜਨ ਦੀ ਲੋੜ ਹੈ। ਅਗਰ ਬਹੁਤਿਆਂ ਵੱਲੋਂ ਰਲ ਕੇ ਹੰਭਲਾ ਮਾਰਿਆ ਜਾਵੇ ਤਾਂ ਇਸ ਨਾ-ਮੁਰਾਦ ਬਿਮਾਰੀ ਨੂੰ ਘਟਾਉਣ ਵਿੱਚ ਅਸੀਂ ਆਪਣਾ ਹਿਸਾ ਪਾ ਕੇ ਮਾਣ ਮਹਿਸੂਸ ਕਰਾਂਗੇ।

**# ਸੰਪਰਕ : 98721-65741**

# ਅਣਖੀ ਅਜਾਇਬਘਰ ਬਰਨਾਲਾ

ਰਾਮ ਸਰੂਪ ਅਣਖੀ ਅਜਾਇਬਘਰ ਉਨ੍ਹਾਂ ਦੇ ਆਪਣੇ ਘਰ ਗਲੀ ਨੰਬਰ 11, ਕੱਚਾ ਕਾਲਜ ਰੋਡ, ਬਰਨਾਲਾ ਅਣਖੀ ਦੇ ਲਿਖਣ ਕਮਰੇ ਵਿੱਚ ਬਣਾਇਆ ਗਿਆ ਹੈ। ਇਹ ਅਜਾਇਬ ਘਰ ਕਿਸੇ ਸਰਕਾਰੀ ਅਦਾਰੇ ਨੇ ਨਹੀਂ, ਸਗੋਂ ਉਨ੍ਹਾਂ ਦੇ ਸਪੁੱਤਰ ਡਾ. ਕ੍ਰਾਂਤੀਪਾਲ ਅਤੇ ਨੂੰਹ ਡਾ. ਜਸਵਿੰਦਰ ਕੌਰ ਵੀਨੂੰ ਨੇ ਬਣਾਇਆ ਹੈ। ਕਿਸੇ ਵੇਲ਼ੇ ਅਣਖੀ ਜੀ ਤੋਂ ਸੁਣਿਆ ਸੀ ਕਿ ਨਾਟਕਕਾਰ ਬਰਨਾਰਡ ਸ਼ਾਹ ਦਾ ਲਿਖਣ ਕਮਰਾ, ਉਸ ਦੀਆਂ ਵਰਤੋਂ ਦੀਆਂ ਵਸਤੂਆਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਉਸ ਨੂੰ ਦੇਖਣ ਲਈ ਦੂਰੋਂ-ਦੂਰੋਂ ਲੋਕ ਆਉਂਦੇ ਹਨ। ਮੈਂ ਵੀ ਉਸ ਨੂੰ ਇੰਗਲੈਂਡ ਫੇਰੀ ਦੌਰਾਨ ਦੇਖਿਆ ਸੀ।



ਇਸ ਮਿਊਜ਼ੀਅਮ ਵਿਚ ਰਾਮ ਸਰੂਪ ਅਣਖੀ ਦੀਆਂ ਪੈਂਟਾਂ, ਸ਼ਰਟਾਂ, ਕੋਟ, ਕੁੜਤਾ-ਪਜਾਮਾ, ਟਾਵਲ ਆਦਿ ਬਹੁਤ ਹੀ ਸਲੀਕੇ ਨਾਲ ਸ਼ੀਸ਼ੇ ਦੀ ਅਲਮਾਰੀ ਵਿੱਚ ਰੱਖੇ ਹੋਏ ਹਨ। ਸਾਲ ਵਿੱਚ ਦੋ-ਤਿੰਨ ਵਾਰ ਇਨ੍ਹਾਂ ਨੂੰ ਡਰਾਈ ਕਲੀਨ ਤੇ ਪ੍ਰੈੱਸ ਕਰਵਾ ਕੇ ਸਾਂਭਿਆ ਜਾਂਦਾ ਹੈ। ਇਸੇ ਅਲਮਾਰੀ ਦੇ ਹੇਠਾਂ ਅਣਖੀ ਜੀ ਦੀ ਬੰਨ੍ਹੀ ਹੋਈ ਪੱਗ, ਟੋਪੀ, ਪਰਨਾ ਰੱਖਿਆ ਹੋਇਆ ਹੈ। ਹੇਠਾਂ ਚਾਰ ਜੁੱਤੀਆਂ ਦੇ ਜੋੜੇ, ਚੱਪਲ, ਪਾਲਿਸ਼, ਬੁਰਸ਼ ਰੱਖੇ ਹੋਏ ਹਨ।

ਇੱਕ ਹੋਰ ਅਲਮਾਰੀ ਵਿੱਚ ਉਨ੍ਹਾਂ ਨੂੰ ਮਿਲੇ ਖਿਤਾਬ ਸਾਹਿਤ ਅਕੈਡਮੀ ਪੁਰਸਕਾਰ ਦਾ ਚਿੰਨ੍ਹ ਰੱਖਿਆ ਹੋਇਆ ਹੈ। ਪਾਸਪੋਰਟ, ਦੋ ਘੜੀਆਂ, ਚੈੱਕ ਬੁੱਕ, ਰੇਡੀਓ, ਕੈਮਰਾ, ਛੋਟੀ ਟੇਪਰਿਕਾਰਡ, ਕੈਸਿਟਾਂ, ਟਾਈਮ ਪੀਸ, ਟਰਾਂਜਿਸਟਰ, ਛੋਟਾ ਮੋਬਾਇਲ, ਡਰਾਈਵਿੰਗ ਲਾਈਸੈਂਸ ਦੇ ਨਾਲ-ਨਾਲ ਦਾੜ੍ਹੀ 'ਤੇ ਫੇਰਨ ਵਾਲਾ ਬੁਰਸ਼, ਟੁੱਥਪੇਸਟ, ਚਾਕੂ, ਸਾਬਣ, ਕੈਂਚੀ, ਸਕੂਟਰੀ ਦੀ ਚਾਬੀ, ਡਿਸਪਰੀਨ ਦਾ ਪੱਤਾ, ਦੋ ਸਟੀਲ ਦੇ ਕੜੇ, ਪੈਨਸਿਲ, ਪੈਨ, ਪਾਊਡਰ, ਪੱਗ ਪਿਨ, ਤੇਲ ਆਦਿ ਦੇ ਨਾਲ ਇੱਕ ਰੰਮ ਦੀ ਬੋਤਲ ਵੀ ਰੱਖੀ ਹੋਈ ਹੈ। ਇਹ ਸਾਮਾਨ ਤਰਤੀਬ ਨਾਲ ਵਧੀਆ ਢੰਗ ਨਾਲ ਸਜਾਇਆ ਹੋਇਆ ਹੈ।

ਇੱਕ ਹੋਰ ਅਲਮਾਰੀ ਵਿੱਚ ਉਨ੍ਹਾਂ ਦੀ ਅੰਤਿਮ ਲਿਖਤ ਨਾਵਲ ਦਾ ਪੰਨਾ-ਪੈਨ, ਐਨਕ ਅਤੇ ਲਿਖਣ ਵਾਲਾ ਫੱਟਾ, ਦੋ ਐਨਕਾਂ, ਦੋ ਮੈਡਲ, ਪੁਰਾਣਾ ਪਾਸਪੋਰਟ, ਆਈ ਕਾਰਡ ਦੇ ਨਾਲ ਮੈਗਜ਼ੀਨ ਨੂੰ ਪੋਸਟ ਕਰਨ ਵਾਲਾ ਸਾਮਾਨ, ਸਟੈਪਲਰ, ਕੈਂਚੀ, ਕਾਰਡ, ਪੋਸਟ ਕਾਰਡ, ਲਿਫਾਫੇ ਆਦਿ ਪਏ ਹਨ। ਇੱਕ ਅਲਮਾਰੀ ਹੋਰ ਹੈ, ਜਿਸ ਵਿੱਚ ਬਹੁਤ ਹੀ ਅਨਮੋਲ ਸਰਮਾਇਆ ਰੱਖਿਆ ਹੋਇਆ ਹੈ। ਅਣਖੀ ਜੀ ਦੀਆਂ ਹੱਥ ਲਿਖਤਾਂ, ਜੋ ਸਕੂਲ ਕਾਪੀਆਂ ਵਿੱਚ ਲਿਖੇ ਹੋਏ ਨਾਵਲ ਹਨ, ਇਹਨਾਂ ਦੀ ਗਿਣਤੀ ਕਾਫੀ ਹੈ। ਰਾਮ ਸਰੂਪ ਅਣਖੀ ਨਾਵਲ ਲਿਖਣ ਸਮੇਂ ਕਾਪੀਆਂ 'ਤੇ ਲਿਖਦੇ ਸਨ ਤਾਂ ਕਿ ਇਹ ਲਿਖਤਾਂ ਸਾਂਭੀਆਂ ਜਾ ਸਕਣ।

ਕਈ ਨਾਵਲ ਕਾਪੀਆਂ ਵਿੱਚ ਲਿਖੇ ਮਿਲੇ ਹਨ, ਪਰ ਜ਼ਿਆਦਾਤਰ ਉਹ ਪੇਪਰ ਬੋਰਡ ਉੱਪਰ ਰੱਖੇ ਕਾਗਜ਼ਾਂ ਉੱਪਰ ਲਿਖਦੇ ਸਨ। ਉਨ੍ਹਾਂ ਦੇ ਸੱਜੇ ਹੱਥ ਦੀ ਹੇਠਲੀ ਉਂਗਲ 'ਤੇ ਅੱਟਨ ਪੈ ਗਏ ਸਨ ਲਿਖਦੇ-ਲਿਖਦੇ। ਸਵੇਰੇ ਸਦੇਹਾਂ ਹੀ ਉੱਠ ਕੇ ਲਿਖਣ ਦੀ ਆਦਤ ਪੱਕੀ ਸੀ। ਇਨ੍ਹਾਂ ਹੱਥ ਲਿਖਤਾਂ ਦੀ ਲਿਖਾਈ ਦੇ ਅੱਖਰਾਂ ਦੀ ਬਨਾਵਟ ਸਾਫ-ਸੁਥਰੀ ਤਾਂ ਹੈ ਹੀ ਤੇ ਨਾਲ ਤੇਜ਼ੀ ਨਾਲ ਲਿਖੀ ਹੋਈ ਵੀ ਲੱਗਦੀ ਹੈ। ਇਸ ਵਿੱਚ ਮਲਵਈ ਬੋਲੀ/ ਭਾਸ਼ਾ ਦੀ ਇੱਕ ਟਕਸਾਲ ਨਜ਼ਰ ਆਉਂਦੀ ਹੈ। ਜਿਸ ਵਿੱਚੋਂ ਕਿੰਨੇ ਹੀ ਸ਼ਬਦ ਕਿਰ-ਕਿਰ ਕੇ ਉਨ੍ਹਾਂ ਦੇ ਪੋਟਿਆਂ ਰਾਹੀਂ ਕਾਗਜ਼ ਦੀ ਹਿੱਕ 'ਤੇ ਉੱਕਰੇ ਜਾਂਦੇ ਰਹੇ ਸਨ। ਜੋ ਇੱਕ ਦਸਤਾਵੇਜ਼ ਬਣ ਚੁੱਕੇ ਹਨ। ਜਿਨ੍ਹਾ ਵਿਚ ਉਨ੍ਹਾਂ ਦੇ ਸਾਹਾਂ ਦੀ ਮਹਿਕ ਹੁਣ ਵੀ ਮੌਜੂਦ ਹੈ।

ਉਨ੍ਹਾਂ ਦੀ ਨਿਰੰਤਰ ਸਾਧਨਾ ਵਿੱਚੋਂ ਹੀ ਤਕਰੀਬਨ ਪੰਜ ਸੌ ਕਹਾਣੀਆਂ ਤੇ ਉੱਨੀ ਨਾਵਲ, ਕਵਿਤਾਵਾਂ ਤੇ ਵਾਰਤਕ ਦੀਆਂ ਪੁਸਤਕਾਂ ਹੋਂਦ ਵਿੱਚ ਆਈਆਂ। 67 ਅੰਕ ਕਹਾਣੀ ਪੰਜਾਬ ਮੈਗਜ਼ੀਨ ਦੀ ਸੰਪਾਦਨਾ ਕੀਤੀ ਹੈ। ਨਵੇਂ ਕਹਾਣੀਕਾਰਾਂ ਦੀ ਇੱਕ ਪਨੀਰੀ ਨੂੰ ਪਾਲ਼ਿਆ ਹੈ, ਸਿੰਜਿਆ ਹੈ। ਅੱਜ ਉਹ ਕਹਾਣੀਕਾਰਾਂ ਦਾ ਇੱਕ ਵੱਡਾ ਕਾਫਲਾ ਹੈ। ਜੋ ਅਣਖੀ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਨ। ਇਹ ਕਹਿ ਸਕਦੇ ਹਾਂ ਕਿ ਅਣਖੀ ਪੰਜਾਬੀ ਕਹਾਣੀਕਾਰਾਂ ਦੀ ਟਕਸਾਲ ਵਜੋਂ ਵਿਚਰ ਰਿਹਾ ਹੈ।

ਇਸ ਮਿਊਜ਼ੀਅਮ ਦੇ ਕਮਰੇ ਦੀਆਂ ਕੰਧਾਂ ਉੱਪਰ ਜਿੱਥੇ ਸਾਹਮਣੇ ਉਨ੍ਹਾਂ ਦੇ ਪਿਤਾ ਜੀ ਪੰਡਤ ਇੰਦਰ ਰਾਮ ਦੀ ਤਸਵੀਰ ਹੈ, ਨਾਲ ਹੀ ਉਹਨਾਂ ਦੇ ਦਾਦਾ ਜੀ ਤੇ ਦਾਦੀ ਜੀ ਦੀ ਤਸਵੀਰ ਹੈ। ਸੱਜੀ ਕੰਧ 'ਤੇ ਅਣਖੀ ਅਤੇ ਸ਼ੋਭਾ ਅਣਖੀ ਦੀ ਤਸਵੀਰ ਹੈ। ਮਹਾਂਰਾਸ਼ਟਰ ਨਾਗਪੁਰ ਤੋਂ ਸ਼ੋਭਾ ਅਣਖੀ ਦੀ ਤਸਵੀਰ ਦੇਖਦਿਆਂ ਉਨ੍ਹਾਂ ਨਾਲ ਜੁੜੀਆਂ ਬਹੁਤ ਸਾਰੀਆਂ ਯਾਦਾਂ ਚੇਤੇ ਆਉਂਦੀਆਂ ਹਨ, ਜਿਨ੍ਹਾਂ ਨੇ ਅਣਖੀ ਦੇ ਗਰਦਿਸ਼ ਭਰੇ ਦਿਨਾਂ ਵਿੱਚ ਘਰ ਨੂੰ ਨਵੀਂ ਦਿਸ਼ਾ ਦਿੱਤੀ। ਖੱਬੀ ਕੰਧ ਉੱਪਰ ਅਣਖੀ ਦੇ ਨਾਲ ਭਾਗਵੰਤੀ ਦੀ ਤਸਵੀਰ ਵੀ ਸੁਸ਼ੋਭਿਤ ਹੈ। ਅਣਖੀ ਦੇ ਚਾਚਾ ਨੱਥੂ ਰਾਮ ਜੀ ਦੀ ਤਸਵੀਰ ਵੀ ਲਗਾਈ ਹੋਈ ਹੈ। ਅਣਖੀ ਦੀ ਵਸੀਅਤ ਜੋ ਉਨ੍ਹਾਂ ਨੇ ਪੁਸਤਕ 'ਆਪਣੇ ਮਿੱਟੀ ਦੇ ਰੁੱਖ' ਵਿੱਚ ਛਪਵਾਈ ਸੀ। ਜਿਸ ਦਾ ਪੋਸਟਰ ਪੀਪਲਜ਼ ਫੋਰਮ ਵਾਲਿਆਂ ਨੇ ਛਾਪਿਆ ਹੈ, ਉਹ ਵੀ ਲਾਇਆ ਹੋਇਆ ਹੈ।

ਇਸ ਕਮਰੇ ਦੀ ਹਰ ਰੋਜ਼ ਸਫਾਈ ਕੀਤੀ ਜਾਂਦੀ ਹੈ। ਅਲਮਾਰੀਆਂ ਵਿੱਚ ਰੱਖੀਆਂ ਨਿਸ਼ਾਨੀਆਂ ਨੂੰ ਸਮੇਂ-ਸਮੇਂ 'ਤੇ ਧੁੱਪ ਵੀ ਲਗਵਾਈ ਜਾਂਦੀ ਹੈ ਤਾਂ ਕਿ ਇਨ੍ਹਾਂ ਵਸਤਾਂ ਦੀ ਤਾਜ਼ਗੀ ਬਰਕਰਾਰ ਰਹੇ। ਲਿਖਣ ਕਮਰੇ ਵਿੱਚ ਟੇਬਲ ਵੀ ਹੈ, ਕੁਰਸੀ ਵੀ ਮੌਜੂਦ ਹੈ।

ਉਨ੍ਹਾਂ ਦੇ ਕੱਟੜ ਪਾਠਕ ਦੇਸ਼ਾਂ-ਵਿਦੇਸ਼ਾਂ ਤੋਂ ਇਸ ਕਮਰੇ ਨੂੰ ਦੇਖਣ ਆਉਂਦੇ ਹਨ। ਕਈ ਲੇਖਕ ਆਪਣੀ ਲਿਖੀ ਪੁਸਤਕ ਨੂੰ ਲੋਕ ਅਰਪਣ ਵੀ ਇੱਥੇ ਕਰਦੇ ਹਨ। ਉਦੋਂ ਇੰਝ ਲੱਗਦਾ ਕਿ ਅਣਖੀ ਜੀ ਉਥੇ ਹੀ ਕਿਤੇ ਮੌਜੂਦ ਹਨ। ਆਪਣੇ ਨਾਲ ਜੁੜੇ ਲੇਖਕਾਂ-ਮਿੱਤਰਾਂ ਦੇ ਦਿਲਾਂ ਵਿੱਚ ਹਮੇਸ਼ਾ ਹੀ ਜਿਉਂਦੇ-ਜਾਗਦੇ ਹਨ, ਕਿਉਂਕਿ ਅੱਜ ਵੀ ਉਨ੍ਹਾਂ ਦਾ ਪਾਠਕ ਵਰਗ ਪਹਿਲਾਂ ਵਾਂਗ ਵਧਿਆ ਹੈ। ਉਹ ਲਿਖਤਾਂ ਕਰਕੇ ਅੱਜ ਵੀ ਅਮਰ ਹਨ। 28 ਅਗਸਤ ਨੂੰ ਰਾਮ ਸਰੂਪ ਅਣਖੀ ਭਾਣੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਹਰ ਸਾਲ ਮਨਾਇਆ ਜਾਂਦਾ ਹੈ। ਰਾਮ ਸਰੂਪ ਅਣਖੀ ਦੀ ਯਾਦ ਹਮੇਸ਼ਾ ਸੁਗੰਧ ਬਣ ਕੇ ਉਨ੍ਹਾਂ ਦੇ ਪਾਠਕਾਂ ਤੇ ਲੇਖਕਾਂ ਦੇ ਮਨਾਂ ਵਿੱਚ ਫੈਲਦੀ ਰਹੇਗੀ। ਸਦੀਆਂ ਤੱਕ ਉਨ੍ਹਾਂ ਦੇ ਸਾਹਿਤ ਕਰਕੇ ਜਿਉਂਦੇ ਰਹਿਣਗੇ।

**- ਡਾ. ਭੁਪਿੰਦਰ ਸਿੰਘ ਬੇਦੀ**

ਸੰਪਰਕ-94170-61645

# ਸਚਹੁ ਓਰੈ ਸਭੁ ਕੋ ਉਪਰ ਸੱਚ ਅਚਾਰ ॥

ਸੱਚ ਉਜਾਗਰ ਕਰਨਾ ਹਰ ਵੇਲ਼ੇ ਮੋਹੀ,
ਜ਼ਿੰਮੇਵਾਰੀ ਰਹਿੰਦੀ ਸਦਾ ਅਦੀਬਾਂ 'ਤੇ।

'ਸਦਾ ਸੱਚ ਬੋਲੋ' ਜਾਂ 'ਸਚਾਈ ਦੀ ਸਦਾ ਜਿੱਤ ਹੁੰਦੀ ਹੈ' ਜਿਹੇ ਸ਼ਬਦ ਸਾਡੇ ਜੀਵਨ ਵਿੱਚ ਇੰਨੇ ਰਚ-ਮਿਚ ਗਏ ਹਨ ਕਿ 'ਘਸ ਗਏ' ਪ੍ਰਤੀਤ ਹੁੰਦੇ ਹਨ। ਉਂਝ ਵੀ ਬੱਚੇ ਇਸ ਮਾਮਲੇ 'ਚ ਕਾਫ਼ੀ ਅੱਗੇ ਹਨ ਅਤੇ ਕਈ ਮਾਮਲਿਆਂ 'ਚ ਤਾਂ ਸਾਥੋਂ ਵੀ ਵੱਧ, ਪਰ ਕਈ ਵਾਰ ਉਨ੍ਹਾਂ ਦੀ ਜਾਣਕਾਰੀ 'ਕੱਚੀ-ਪੱਕੀ' ਹੁੰਦੀ ਹੈ। ਅਜਿਹੀ ਜਾਣਕਾਰੀ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਰੋੜਾ ਸਾਬਤ ਹੋ ਸਕਦੀ ਹੈ। ਇਸ ਲਈ ਬਚਪਨ ਵਿੱਚ ਹੀ ਬੱਚਿਆਂ ਨੂੰ ਪਾਏਦਾਰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

ਬੱਚੇ ਸੱਚੇ ਹਨ, ਪਰ ਇਹ ਉਦੋਂ ਤੱਕ ਹੀ ਸੰਭਵ ਹੈ, ਜਦੋਂ ਤੱਕ ਉਹ ਬੱਚੇ ਹਨ। ਉਮਰ ਵਧਣ ਨਾਲ਼ ਸਮਾਜਿਕ ਵਰਤਾਰਾ ਉਨ੍ਹਾਂ ਨੂੰ ਸਮਾਜ ਦੀਆਂ ਅਖੌਤੀ ਰਹੁ-ਰੀਤਾਂ, ਰਿਵਾਜ, ਸਮਾਜਿਕ ਅਨੁਸ਼ਾਸਨ ਅਤੇ ਸਮਾਜਿਕ ਤੌਰ-ਤਰੀਕੇ ਸਿਖਾ ਦਿੰਦਾ ਹੈ। ਇੱਥੇ ਹੀ ਬੱਚਾ ਸਿੱਖਦਾ ਹੈ ਕਿ ਜੋ ਵੀ ਬੰਦਾ ਸਚਾਈ ਦੇ ਰਸਤੇ ਚੱਲਦਾ ਹੈ, ਉਹ ਮੂਰਖ ਹੈ। ਜੋ ਵੀ ਇਨਸਾਨ ਅੱਜ ਦੇ ਸਮੇਂ ਵਿੱਚ ਕਦਮ ਨਾਲ਼ ਕਦਮ ਮਿਲਾ ਕੇ ਨਾ ਚੱਲ ਸਕੇ, ਉਸ ਤੋਂ ਬੁੱਧੀਮਤਾ ਦੀ ਆਸ ਫ਼ਜ਼ੂਲ ਹੈ। ਇਹ 'ਸਾਡਾ ਅਜੋਕਾ' ਯਥਾਰਥ ਹੈ। ਅਜੋਕਾ 'ਪ੍ਰੈਕਟੀਕਲ' ਹੈ। ਸਾਡਾ ਸਾਰਾ ਇਤਿਹਾਸ, ਮਿਥਿਹਾਸ, ਧਰਮ ਅਤੇ ਕਿਤਾਬੀ ਗਿਆਨ ਇਸ ਗੱਲ 'ਤੇ ਟਿਕਿਆ ਹੈ ਕਿ ਜਿੱਤ ਸਦਾ ਸੱਚ ਦੀ ਹੁੰਦੀ ਹੈ। ਬੁਰਾਈ ਦੀ ਹਾਰ ਹੁੰਦੀ ਹੈ, ਝੂਠ ਚਿੱਤ ਹੋ ਜਾਂਦਾ ਹੈ। ਇਹ 'ਕਿਤਾਬੀ ਗਿਆਨ' ਹੈ, ਯਥਾਰਥ ਨਹੀਂ। ਇਸੇ ਲਈ ਕਦੇ-ਕਦੇ ਸ਼ਾਇਰ ਵੀ ਵਿਅੰਗ ਦੀ ਧਾਰ ਤਿੱਖੀ ਕਰਦਿਆਂ ਲਿਖਦੇ ਨੇ :

ਸੱਚੇ-ਸੁੱਚੇ ਬੋਲ ਨਾ ਬੋਲੀਂ, ਸਿੱਧੀਆਂ ਸੋਚਾਂ ਸੋਚੀਂ ਨਾ।
ਚਮਗਿੱਦੜਾਂ ਦੀ ਬਸਤੀ ਦੇ ਵਿੱਚ, ਪੁੱਠਾ ਟੰਗਿਆ ਜਾਵੇਂਗਾ।
(ਪ੍ਰੋ. ਦੀਦਾਰ ਸਿੰਘ)

ਦਰਅਸਲ ਅਸੀਂ ਹੀ ਯਥਾਰਥ ਨੂੰ ਅਜਿਹਾ ਬਣਾ ਦਿੱਤਾ ਹੈ। ਅਸੀਂ ਹੀ ਨੈਤਿਕਤਾ ਅਤੇ ਯਥਾਰਥ ਨੂੰ ਦੋ ਅੱਡ-ਅੱਡ ਪਲੜਿਆਂ 'ਚ ਪਾ ਕੇ ਦੇਖਣ ਦੀ ਠਾਣੀ ਹੋਈ ਹੈ, ਜਦੋਂ ਕਿ ਸਚਾਈ ਅਟੱਲ ਹੈ।

ਇੱਕ ਵਾਰ ਕਿਤੇ ਲਿਖਿਆ ਹੋਇਆ ਸੀ ਕਿ ਸਦਾ ਸੱਚ ਬੋਲੋ। ਬੜਾ ਚੰਗਾ ਲੱਗਦਾ ਹੈ, ਅਜਿਹਾ ਲਿਖਿਆ ਹੋਇਆ ਪੜ੍ਹਨਾ, ਪਰ ਉਸ ਦੇ ਥੱਲੇ ਕਿਸੇ ਨੇ ਕੋਲੇ ਜਿਹੇ ਨਾਲ਼ ਲਿਖ ਦਿੱਤਾ : ਜੇ ਤੁਸੀਂ ਸੱਚ ਜਾਣਦੇ ਹੋ, ਤਾਂ। ਕਿੰਨੀ ਖ਼ੂਬਸੂਰਤ ਗੱਲ ਹੈ ਕਿ ਜੇਕਰ ਤੁਸੀਂ ਸੱਚ ਜਾਣਦੇ ਹੋ, ਤਾਂ ਸੱਚ ਬੋਲੋ। ਅਸਲ ਵਿੱਚ ਫਰਕ ਦ੍ਰਿਸ਼ਟੀਕੋਣ ਦਾ ਹੈ, ਦੇਖਣ ਦਾ ਹੈ। ਦੇਖਣ ਵਾਲ਼ੀ ਅੱਖ ਦਾ ਹੈ। ਸ਼ਾਇਰ ਸੰਦੀਪ ਚੌਹਾਨ ਇਸੇ ਲਈ ਸਾਡੇ ਮਨਾਂ 'ਚ ਸੁਆਲ ਉਪਜਾਉਂਦਾ ਹੈ :

ਕਿੰਨਾ ਸੱਚ ਤੇ ਕਿੰਨਾ ਝੂਠ ਹੈ, ਕੌਣ ਕਹੇ,
ਹਰ ਇੱਕ ਦਾ ਆਪਣਾ ਪੈਮਾਨਾ ਹੁੰਦਾ ਹੈ।

ਆਪਣਾ ਪੈਮਾਨਾ। ਸੁਆਰਥ ਖਾਤਰ ਪੈਮਾਨਾ ਬਦਲਿਆ ਜਾ ਸਕਦਾ ਹੈ। ਬਦਲਿਆ ਜਾਂਦਾ ਹੈ। ਪਦਾਰਥਵਾਦ ਅੱਗੇ ਹੈ। ਸੱਚ ਬੋਲਣ ਤੋਂ ਪਹਿਲਾਂ ਬੰਦਾ ਸੌ ਵਾਰ ਸੋਚਦੈ ਅਤੇ ਝੂਠ ..... ਝੂਠ ਤਾਂ ........

- ਝੂਠ ਉਦੋਂ ਤੱਕ ਸਾਰੇ ਸੰਸਾਰ ਦੀ ਸੈਰ ਕਰ ਆਉਂਦਾ ਹੈ,
ਜਦ ਸੱਚ ਅਜੇ ਆਪਣੇ ਬੂਟਾਂ ਦੇ ਤਸਮੇ ਬੰਨ੍ਹ ਰਿਹਾ ਹੁੰਦਾ ਹੈ।
(ਅਗਿਆਤ)

ਬੰਦਾ ਸੱਚ ਬੋਲਣ ਲੱਗੇ ਝਕਦੈ। ਲਿਖਣ ਲੱਗੇ ਡੋਲਦੈ, ਫਿਰ:
ਸਾਥੋਂ ਸਿਰ 'ਤੇ ਢੋਹ ਨਾ ਹੁੰਦਾ, ਝੂਠ ਤੇਰਾ ਹੁਣ ਹੋਰ,
ਕਹਿ ਕੇ ਇੱਕ ਦਿਨ ਕਵਿਤਾਵਾਂ ਨੇ ਕਰ ਦਿੱਤੀ ਹੜਤਾਲ।
(ਜਗਵਿੰਦਰ ਜੋਧਾ)

ਦੂਜੇ ਪਾਸੇ ਕਵੀ ਅਡਿੱਗ ਹੈ ਕਿ ਉਸ ਨੇ ਸੱਚ ਦਾ ਸਾਥ ਹੀ ਦੇਣਾ ਹੈ। ਉਸ ਨੂੰ ਕੋਈ ਘਬਰਾਹਟ ਨਹੀਂ ਹੈ ਪਰ ਉਹ ਬਾਕੀਆਂ ਨੂੰ ਵੀ ਸੱਚ ਬੋਲਣ ਦਾ ਸੱਦਾ ਦੇ ਰਿਹਾ ਹੈ :

ਸੱਚ ਨੂੰ ਸੱਚ ਆਖ ਕੇ ਕਿਉਂ ਡਰ ਰਿਹੈਂ 'ਹਰਨਾਮ' ਤੂੰ,
ਬਣ ਰਿਹਾ ਹੈ ਕਾਫ਼ਲਾ ਹਮਦਮ ਬਥੇਰੇ ਹੋਰ ਨੇ।
(ਹਰਨਾਮ ਸਿੰਘ ਡੱਲਾ)

ਬੱਚੇ ਉਦੋਂ ਤੱਕ ਸੱਚ ਬੋਲਣਾ ਨਹੀਂ ਸਿੱਖਣਗੇ : ਜਦੋਂ ਉਨ੍ਹਾਂ ਕੋਲ਼ ਵੱਡਿਆਂ ਦੀਆਂ ਮਿਸਾਲਾਂ ਨਾ ਹੋਣ; ਉਦਾਹਰਨਾਂ ਨਾ ਹੋਣ ਪਰ ਜੇਕਰ ਵੱਡੇ ਹੀ ...........

.....ਬੱਚਾ ਕੋਈ ਕਹਾਣੀ ਯਾਦ ਕਰ ਰਿਹਾ ਏ, ਜਿਸ ਦਾ ਸਿੱਟਾ ਹੈ ਕਿ ਸਦਾ ਸੱਚ ਬੋਲੋ, ਪਰ ਉਹ ਕਹਾਣੀ ਬੱਚੇ ਦੇ ਦਿਮਾਗ 'ਚ ਬੈਠ ਹੀ ਨਹੀਂ ਰਹੀ। ਕਿਉਂ ਨਹੀਂ ਬੈਠ ਰਹੀ ? ਘਰ 'ਚ ਮਾਹੌਲ ਹੀ ਅਜਿਹਾ ਹੈ। ਅਚਾਨਕ ਬੂਹਾ ਖੜਕਦਾ ਹੈ, ਤਾਂ ਪਿਤਾ ਮੋਬਾਇਲ 'ਚ 'ਬਿਜ਼ੀ' ਹੋਣ ਕਾਰਨ ਬੱਚੇ ਨੂੰ ਕਹਿੰਦਾ ਹੈ ਕਿ ਦੇਖ ਕੌਣ ਆਇਆ, ਜੇ ਕੋਈ ਮੈਨੂੰ ਪੁੱਛੇ, ਤਾਂ ਕਹਿ ਦੇਵੀਂ ਕਿ ਪਾਪਾ ਘਰ ਨਹੀਂ ਹਨ। ਬੱਚੇ ਨੂੰ ਕਹਾਣੀ ਵੀ ਇਸੇ ਲਈ ਯਾਦ ਨਹੀਂ ਹੋ ਰਹੀ, ਕਿਉਂਕਿ ਦਿਲ ਅਤੇ ਦਿਮਾਗ ਦਾ ਸੁਮੇਲ ਨਹੀਂ ਹੈ। ਬੱਚਾ ਦਿਲੋਂ ਸੋਚਦਾ ਹੈ ਅਤੇ ਪਾਪਾ ਦਿਮਾਗੋਂ .......ਆਪਸ 'ਚ ਸੁਮੇਲ ਨਹੀਂ ਹੈ। ਸੱਚ ਨੂੰ ਵੀ ਅਸੀਂ ਆਪਣੇ ਅਨੁਸਾਰ ਢਾਲਣਾ ਚਾਹੁੰਦੇ ਹਾਂ। ਅਮੀਰ-ਗਰੀਬ ਲਈ ਸਾਡਾ ਸੱਚ ਬਦਲਦਾ ਰਹਿੰਦਾ ਹੈ। ਕਵੀ ਕਹਿੰਦਾ ਹੈ :

**ਰਾਬਿੰਦਰ ਸਿੰਘ ਰੱਬੀ**

ਸਭ ਦਾ ਭਲਾ ਨਾ ਮੰਗਦੇ ਲੋਕ, ਸੱਚ ਨੂੰ ਸੂਲੀ ਟੰਗਦੇ ਲੋਕ।
ਤਕੜਾ ਵੇਖ ਕੇ ਨੀਵੀਂ ਪਾਵਣ, ਮਾੜੇ ਉੱਤੇ ਖੰਘਦੇ ਲੋਕ ।
(ਅਜੀਤ ਸਿੰਘ ਢੰਗਰਾਲ਼ੀ)

..........ਪੈਸੇ ਦੀ ਚਕਾਚੌਂਧ ਨੇ ਬੰਦੇ ਨੂੰ ਬਾਂਦਰ ਵਾਂਗ ਟਪੂਸੀਆਂ ਮਾਰਨ ਲਾ ਦਿੱਤਾ ਹੈ। ਫੇਰ ਸੱਚ ਜਿਹੇ 'ਥੋਥੇ' ਅਤੇ 'ਦਕਿਆਨੂਸੀ' ਵਿਚਾਰਾਂ ਨੂੰ ਕੋਈ ਕਿੰਝ ਹਿੱਕ ਨਾਲ਼ ਲਾਈ ਰੱਖੇ ? ਇਹ ਵੀ ਇੱਕ ਸੱਚ ਹੈ 'ਕੌੜਾ ਸੱਚ'। ਅਜੋਕੀ ਦੁਨੀਆ ਦਾ ਸੱਚ, ਜੋ ਸੱਚ ਨੂੰ ਥੋਥਾ ਗਰਦਾਨਣ 'ਤੇ ਤੁਲੀ ਹੋਈ ਹੈ। ਹਿਟਲਰ ਦੇ ਸਲਾਹਕਾਰ ਗੋਬਲਜ਼ ਅਨੁਸਾਰ,

"ਜੇਕਰ ਤੁਸੀਂ ਇੱਕ ਝੂਠ ਨੂੰ ਵਾਰ-ਵਾਰ ਬੋਲੋ, ਤਾਂ ਉਹ ਸੱਚ ਲੱਗਣ ਲੱਗੇਗਾ।"

ਇਹ ਵੀ ਸੱਚ ਹੈ ਕਿ ਮਾੜੀ ਭਾਵਨਾ ਨਾਲ਼ ਬੋਲਿਆ ਗਿਆ ਸੱਚ ਵੀ ਝੂਠ ਬਰਾਬਰ ਹੀ ਹੁੰਦਾ ਹੈ। ਸਥਿਤੀਆਂ ਵਾਚਣ ਤੋਂ ਬਾਅਦ ਪੰਜਾਬੀ ਦੇ ਚਰਚਿਤ ਕਵੀ ਸੁਰਜੀਤ ਪਾਤਰ ਨੇ ਇੱਕ ਸ਼ਿਅਰ ਲਿਖਿਆ, ਜੋ ਕਿ ਬਹੁਤ ਹੀ ਮਕਬੂਲ ਹੋਇਆ :

ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ,
ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।
(ਸੁਰਜੀਤ ਪਾਤਰ)

ਇੱਥੇ ਵੀ ਸ਼ਾਇਰ ਸਥਿਤੀ 'ਤੇ ਵਿਅੰਗ ਕਰ ਰਿਹਾ ਹੈ ਕਿ ਜੇਕਰ ਤੂੰ ਸਚਾਈ ਦੇ ਰਸਤੇ 'ਤੇ ਚੱਲੇਂਗਾ, ਤਾਂ ਤੇਰੀ ਅਰਥੀ ਲਈ ਚਾਰ ਬੰਦੇ ਵੀ ਨਹੀਂ ਜੁੜਨੇ। ਇਸ ਸਥਿਤੀ ਨਾਲ਼ ਕੋਈ ਕਿੰਝ ਨਿਪਟੇਗਾ ? ਭਾਰਤੀ ਪਰੰਪਰਾ ਅਨੁਸਾਰ ਰਾਜਾ ਹਰੀਸ਼ ਚੰਦਰ ਨੂੰ 'ਸੱਚੇ-ਪੱਕੇ' ਬੰਦੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਤੇ ਜੋ-ਜੋ ਔਕੜਾਂ ਦਾ ਸਾਹਮਣਾ ਉਸ ਨੂੰ ਕਰਨਾ ਪਿਆ, ਕਹਿਣ ਤੋਂ ਪਰੇ ਹੈ। ਦੂਜਾ ਯੁਧਿਸ਼ਟਰ ਨੂੰ 'ਧਰਮ ਪੁੱਤਰ' ਵਜੋਂ ਜਾਣਿਆ ਜਾਂਦਾ ਹੈ ਕਿ ਉਸ ਨੇ ਕਦੇ ਵੀ ਝੂਠ ਨਹੀਂ ਬੋਲਿਆ, ਪਰ ਯੁਧਿਸ਼ਟਰ ਨੂੰ ਵੀ ਮੌਕੇ ਅਨੁਸਾਰ ਵਰਤ ਲਿਆ ਗਿਆ। ਮਹਾਂਭਾਰਤ ਦੇ ਯੁੱਧ ਵਿੱਚ ਕੌਰਵਾਂ ਵੱਲੋਂ ਲੜਦਿਆਂ ਦਰੋਣਾਚਾਰੀਆ ਪਾਂਡਵਾਂ 'ਤੇ ਭਾਰੂ ਪੈ ਰਿਹਾ ਸੀ। ਕੌਰਵ ਸੰਤੁਸ਼ਟ ਸਨ ਅਤੇ ਪਾਂਡਵਾਂ ਨੂੰ ਕੁੱਝ ਵੀ ਸੁੱਝ ਨਹੀਂ ਸੀ ਰਿਹਾ। ਲੜਾਈ ਦੌਰਾਨ ਭੀਮ ਨੇ ਦਰੋਣਾਚਾਰੀਆ ਨੂੰ ਜਾ ਕਿਹਾ ਕਿ ਉਸ ਨੇ ਅਸ਼ਵਥਾਮਾ ਨੂੰ ਮਾਰ ਦਿੱਤਾ ਹੈ। ਦਰੋਣਾਚਾਰੀਆ ਨੇ ਭੀਮ ਦਾ ਯਕੀਨ ਨਾ ਕੀਤਾ ਅਤੇ ਯੁਧਿਸ਼ਟਰ ਨੂੰ ਪੁੱਛਿਆ, ਤਾਂ ਯੁਧਿਸ਼ਟਰ ਨੇ ਵੀ ਕਹਿ ਦਿੱਤਾ ਕਿ ਅਸ਼ਵਥਾਮਾ ਮਰ ਗਿਆ ਹੈ। ਬੱਸ, ਇਸੇ ਗੱਲ ਨਾਲ਼ ਜੰਗ ਦਾ ਪਾਸਾ ਹੀ ਬਦਲ ਗਿਆ, ਜਦੋਂ ਕਿ ਅਸ਼ਵਥਾਮਾ ਹਾਥੀ ਮਾਰਿਆ ਗਿਆ ਸੀ, ਨਾ ਕਿ ਦਰੋਣਾਚਾਰੀਆ ਦਾ ਪੁੱਤਰ। ਇਸ ਤਰ੍ਹਾਂ ਸੱਚ ਪੁੱਤਰ ਵੀ ਸਥਿਤੀਆਂ ਸਾਹਮਣੇ ਮੁਚ ਗਿਆ।

ਸੱਚ ਕਿਹੋ ਜਿਹਾ ਵੀ ਹੋਵੇ, ਤੁਹਾਨੂੰ ਧਰਵਾਸ ਦਿੰਦਾ ਹੈ। ਹੌਸਲਾ ਦਿੰਦਾ ਹੈ। ਸੱਚ ਤੁਹਾਡੀ ਜ਼ਮੀਰ ਨੂੰ ਜਿਉਂਦਾ ਰੱਖਦਾ ਹੈ। ਸੱਚ ਬੋਲਣ ਨਾਲ਼ ਤੁਸੀਂ ਕਿਸੇ ਦੀ ਵੀ ਅੱਖ 'ਚ ਅੱਖ ਪਾ ਕੇ ਬੋਲਣ ਦਾ ਜੇਰਾ ਕਰ ਸਕਦੇ ਹੋ। ਸੱਚ ਸਾਨੂੰ ਜ਼ਿੰਦਗੀ ਦੇ ਓਝੜ ਰਾਹਾਂ 'ਤੇ ਤੁਰਨਾ ਸਿਖਾਉਂਦਾ ਹੈ। ਇਸੇ ਲਈ ਬਲਿੰਸਕੀ ਸਾਨੂੰ ਚੇਤਨ ਕਰਦਿਆਂ ਆਖਦਾ ਹੈ,

"ਸੱਚ ਤੋਂ ਨਾ ਡਰੋ, ਇਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕੋ।" (ਬਲਿੰਸਕੀ)

ਸੱਚ ਅਕਸਰ ਕੌੜਾ ਹੁੰਦਾ ਹੈ। ਇਸੇ ਲਈ ਜ਼ਿਆਦਾਤਰ ਲੋਕ ਇਸ ਤੋਂ ਬਚਦੇ ਹਨ, ਪਰ ਜ਼ਿੰਦਗੀ ਨੂੰ ਸੁਖਾਵੀਂ ਬਣਾਉਣ ਲਈ, ਜ਼ਿੰਦਗੀ 'ਚ ਖੇੜਾ ਭਰਨ ਲਈ, ਸਤਰੰਗੀ ਪੀਂਘ ਫੜਨ ਲਈ ਸੱਚ ਦੀ ਹੀ ਲੋੜ ਹੈ। ਮਹਾਂਰਿਸ਼ੀ ਬਾਲਮੀਕ ਇਸ ਗੱਲ ਦਾ ਨਿਚੋੜ ਕਰਦੇ ਹਨ ਕਿ ਸਾਰੇ ਪੁੰਨਾਂ ਅਤੇ ਸਦਗੁਣਾਂ ਦੀ ਜੜ੍ਹ ਸੱਚ ਹੈ। ਝੂਠ ਬੋਲ ਕੇ ਤੁਸੀਂ ਕੁੱਝ ਸਮਾਂ ਲਈ ਤਾਂ ਸੁਖਾਵਾਂ ਮਾਹੌਲ ਸਿਰਜ ਸਕਦੇ ਹੋ, ਪਰ ਇਹ ਜ਼ਿਆਦਾ ਸਮੇਂ ਤੱਕ ਨਹੀਂ ਰਹਿੰਦਾ, ਕਿਉਂਕਿ ਇੱਕ ਝੂਠ ਨੂੰ ਛਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਂਦੇ ਹਨ। ਫਿਰ ਵੀ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ। ਪ੍ਰਸਿੱਧ ਚਿੰਤਕ ਲਿਓ ਟਾਲਸਟਾਏ ਝੂਠ ਦੇ ਇਸ ਰਸਤੇ ਤੋਂ ਸਾਨੂੰ ਵਰਜਦਿਆਂ ਹੋਇਆਂ ਆਖਦਾ ਹੈ :

ਝੂਠ ਦੇ ਰਸਤੇ ਤੋਂ ਮੁੜ ਆਉਣਾ ਸੌ ਦਰਜੇ ਚੰਗਾ ਹੈ, ਬਸ਼ਰਤੇ ਕਿ ਅਸੀਂ ਉਸੇ ਰਸਤੇ 'ਤੇ ਚੱਲਦੇ ਰਹੀਏ।

ਸੱਚ ਮੂਲ ਹੈ। ਬਾਕੀ ਮੁਲੰਮਾ ਹੈ। ਸਾਨੂੰ ਲੱਗਦੈ ਕਿ 'ਝੂਠ ਦੀਆਂ ਪੌਂ ਬਾਰਾਂ' ਹਨ, ਪਰ ਸਚਾਈ ਦੇ ਰਸਤੇ 'ਤੇ ਚੱਲਦਾ ਬੰਦਾ ਸਾਫ਼-ਸੁਥਰੀ ਜ਼ਿੰਦਗੀ ਜਿਊਂਦਾ ਹੈ। ਅਣਖ ਨਾਲ਼ ਸਿਰ ਉਠਾ ਕੇ ਚੱਲਦਾ ਹੈ। ਦੂਜਿਆਂ ਲਈ 'ਰਾਹ ਦਸੇਰਾ' ਬਣਦਾ ਹੈ ਅਤੇ ਇਹੋ ਜਿਹੇ ਦਾਨਿਸ਼ਮੰਦਾਂ ਦੀਆਂ ਗਾਥਾਵਾਂ ਲੋਕ ਗਾਉਂਦੇ ਨੇ। ਉਦਾਹਰਨਾਂ ਦਿੱਤੀਆਂ ਜਾਂਦੀਆਂ ਨੇ। ਇਹੋ ਲੋਕ ਸਾਡੀ ਜ਼ਿੰਦਗੀ ਨੂੰ ਸੁਖਾਵੀਂ ਬਣਾਉਣ ਲਈ ਸਹਾਇਕ ਹੁੰਦੇ ਨੇ। ਇਸ ਸੰਬੰਧੀ ਗੁਰਬਾਣੀ ਸਾਨੂੰ ਇਸ ਨੁਕਤੇ 'ਤੇ ਬੜੀ ਸਪੱਸ਼ਟਤਾ ਨਾਲ਼ ਆਖਦੀ ਹੈ :

ਸਚਹੁ ਓਰੈ ਸਭੁ ਕੋ ਉਪਰ ਸੱਚ ਅਚਾਰ॥

ਸਭ ਤੋਂ ਵੱਡਾ, ਸਭ ਤੋਂ ਨਿਆਰਾ ਅਤੇ ਸਭ ਤੋਂ ਵਿਲੱਖਣ ਸੱਚ ਹੈ। ਲੋਕ ਮਾਨਸ ਵੀ ਇਸੇ ਭਾਵਨਾ 'ਤੇ ਮੋਹਰ ਲਾਉਂਦਿਆਂ ਆਖਦਾ ਹੈ, "ਅੰਦਰ ਹੋਵੇ ਸੱਚ, ਤਾਂ ਕੋਠੇ ਚੜ੍ਹ ਕੇ ਨੱਚ।" ਸੱਚ ਕਹਿਣ ਨਾਲ਼ ਭਾਂਬੜ ਮਚਦੈ, ਝੂਠ ਨਾਲ਼ ਸਹਾਰਾ ਮਿਲਦੈ, ਪਰ ਫਿਰ ਵੀ ਜਿਸ ਨੇ ਸੱਚ ਬੋਲਣਾ, ਉਹ ਸੱਚ ਬੋਲੇ ਬਿਨਾਂ ਰਹਿ ਨਹੀਂ ਸਕਦਾ। ਸਾਈਂ ਬੁੱਲ੍ਹੇ ਸ਼ਾਹ ਇਸ ਗੱਲ ਦੀ ਤਸਦੀਕ ਕਰਦੇ ਦਿਖਾਈ ਦਿੰਦੇ ਹਨ :

ਸੱਚ ਕਹਾਂ ਤਾਂ ਭਾਂਬੜ ਮਚਦਾ ਏ,
ਝੂਠ ਆਖਾਂ ਤਾਂ ਕੁਝ ਬਚਦਾ ਏ।
ਜਚ-ਜਚ ਕੇ ਜੀਭਾ ਕਹਿੰਦੀ ਏ,
ਮੂੰਹ ਆਈ ਬਾਤ ਨਾ ਰਹਿੰਦੀ ਏ।

*ਸੰਪਰਕ-89689-46129*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਦਲਿਤ ਸਮਾਜ ਦੀਆਂ ਕਹਾਣੀਆਂ

ਫੋਕਸ

## ਚਰਚਾ ਇਕ ਪੁਸਤਕ ਦੀ

**ਡਾ. ਸੁਖਪਾਲ ਕੌਰ ਸਮਰਾਲਾ**






### ਅਛੂਤ, ਕਮੀਣ ਤੇ ਅਦਨਾ ਇਨਸਾਨ

(ਸੰਪਾਦਤ ਕਹਾਣੀ ਸੰਗ੍ਰਹਿ)
**ਸੰਪਾਦਕ : ਭਗਵੰਤ ਰਸੂਲਪੁਰੀ**
**ਮੁੱਲ : 450, ਪੰਨੇ : 352**
**ਸੰਗਮ ਪਬਲੀਕੇਸ਼ਨਜ਼ ਸਮਾਣਾ**

ਪੰਜਾਬ ਵਿੱਚ ਦਲਿਤ ਲੋਕ ਆਪਣੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਪੇਸ ਲੈਣ ਲਈ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ। ਇਹ ਲੋਕ ਜਿਹੜੇ ਹਾਸ਼ੀਏ 'ਤੇ ਧੱਕੇ ਹੋਏ ਸਨ, ਇਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਆਜ਼ਾਦੀ ਤੋਂ ਬਾਅਦ ਸੰਵਿਧਾਨਕ ਹੱਕ ਦਿੱਤੇ ਗਏ ਤਾਂ ਕਿ ਇਨ੍ਹਾਂ ਲੋਕਾਂ ਦੀ ਸਮਾਜਿਕ, ਆਰਥਿਕ ਅਤੇ ਮਾਨਸਿਕ ਸਥਿਤੀ ਮਜ਼ਬੂਤ ਹੋ ਸਕੇ। ਦਲਿਤ ਲੋਕਾਂ ਦੀ ਹੋਣੀ ਦੀਆਂ ਜੜ੍ਹਾਂ ਭਾਰਤੀ ਸੰਸਕ੍ਰਿਤੀ ਅਤੇ ਵਰਣਵੰਡ ਵਿੱਚ ਪਈਆਂ ਹਨ। ਭਗਤੀ ਲਹਿਰ ਵੇਲੇ ਚਿੰਤਕਾਂ ਤੇ ਗੁਰੂਆਂ, ਪੀਰਾਂ ਨੇ ਇਸ ਸਮਾਜ ਦੀ ਸਥਿਤੀ ਸੁਧਾਰਨ ਲਈ ਵਿਆਪਕ ਅੰਦੋਲਨ ਚਲਾਇਆ। ਗੁਰਮਤਿ ਫ਼ਲਸਫ਼ੇ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਫਿਰ ਬਾਅਦ ਵਿੱਚ ਡਾ. ਅੰਬੇਡਕਰ ਨੇ ਦਲਿਤਾਂ ਅਤੇ ਅਛੂਤ ਲੋਕਾਂ ਨੂੰ ਜੋ ਸੰਵਿਧਾਨਕ ਹੱਕ ਲੈ ਕੇ ਦਿੱਤੇ, ਉਨ੍ਹਾਂ ਨਾਲ ਇਨ੍ਹਾਂ ਲੋਕਾਂ ਦੀ ਸਥਿਤੀ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ, ਪਰ ਇਸ ਸੁਧਾਰ ਦੀ ਗਤੀ ਬਹੁਤ ਮੱਧਮ ਸੀ।

ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਅਤੇ ਬਾਅਦ ਹੌਲੀ-ਹੌਲੀ ਪੰਜਾਬ ਦੇ ਦਲਿਤ ਲੋਕਾਂ ਉੱਤੇ ਵੀ ਇਨ੍ਹਾਂ ਵਰਤਾਰਿਆਂ ਦਾ ਅਸਰ ਹੋਣਾ ਸ਼ੁਰੂ ਹੋ ਗਿਆ। ਸੰਵਿਧਾਨਕ ਹੱਕਾਂ ਨਾਲ ਦਲਿਤ ਲੋਕਾਂ ਵਿੱਚ ਕੰਮ ਕਰਨ ਦੀ ਚੇਤਨਾ ਆਉਣੀ ਸ਼ੁਰੂ ਹੋ ਗਈ। ਉਹ ਖੇਤ ਮਜ਼ਦੂਰ ਤੇ ਸੀਰੀਪੁਣੇ ਤੋਂ ਆਜ਼ਾਦ ਹੋ ਕੇ ਆਪਣੇ ਸੁਤੰਤਰ ਰੂਪ ਵਿੱਚ ਕੰਮ ਕਰਨ ਲੱਗ ਪਏ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਲੱਗ ਪਏ। ਉਨ੍ਹਾਂ ਨੂੰ ਜ਼ਮੀਨ ਖਰੀਦਣ ਦੇ ਅਧਿਕਾਰ ਮਿਲਣ ਨਾਲ ਉਹ ਆਪਣੇ ਘਰਾਂ ਦੀ ਜ਼ਮੀਨ ਦੇ ਮਾਲਕ ਬਣ ਗਏ। ਇਹ ਅਛੂਤ ਅਤੇ ਅਦਨੇ ਇਨਸਾਨ ਪੰਜਾਬੀ ਕਹਾਣੀ ਵਿੱਚ ਆਉਣ ਲੱਗ ਪਏ। ਇਸ ਸਮਾਜ ਦੀ ਗਤੀ ਅਤੇ ਇਸ ਸਮਾਜ ਦਾ ਵਿਕਾਸ ਅਸੀਂ ਇਸ ਸੰਪਾਦਤ ਪੁਸਤਕ ਦੀਆਂ 30 ਕਹਾਣੀਆਂ ਵਿੱਚ ਵੇਖ ਸਕਦੇ ਹਾਂ।

ਸੰਪਾਦਕ ਭਗਵੰਤ ਰਸੂਲਪੁਰੀ ਨੇ ਕਹਾਣੀਆਂ ਰਾਹੀ ਪੇਸ਼ ਹੋਏ ਦਲਿਤ ਸਮਾਜ ਦੀ ਇਤਿਹਾਸਕਾਰੀ ਦੇ ਪ੍ਰਮਾਣਿਕ ਵੇਰਵੇ ਪੇਸ਼ ਕਰਨ ਵਾਲੀਆਂ ਕਹਾਣੀਆਂ ਦੀ ਚੋਣ ਕੀਤੀ ਹੈ। ਮੈਂ ਇਸ ਨੂੰ ਪੰਜਾਬੀ ਵਿੱਚ ਲਿਖੀਆਂ ਦਲਿਤ ਸਮਾਜ ਦੀਆਂ ਕਹਾਣੀਆਂ ਦਾ ਪਹਿਲਾਂ ਸੰਪਾਦਤ ਸੰਗ੍ਰਹਿ ਕਹਾਂਗੀ, ਕਿਉਂਕਿ ਇਨ੍ਹਾਂ ਕਹਾਣੀਆਂ ਦੀ ਜਿਸ ਤਰ੍ਹਾਂ ਚੋਣ ਕੀਤੀ ਗਈ ਹੈ, ਜਿਸ ਦ੍ਰਿਸ਼ਟੀ ਤੋਂ ਚੋਣ ਕੀਤੀ ਗਈ ਹੈ, ਉਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਮੁੱਢਲੀ ਪੰਜਾਬੀ ਕਹਾਣੀ ਵਿੱਚ ਦਲਿਤ ਸਮਾਜ ਦੇ ਪਾਤਰ ਕਿਸ ਤਰ੍ਹਾਂ ਦੇ ਪੇਸ਼ ਹੁੰਦੇ ਸਨ ਅਤੇ ਫਿਰ ਉਨ੍ਹਾਂ ਤੋਂ ਬਾਅਦ ਦੇ ਕਹਾਣੀਕਾਰ ਉਨ੍ਹਾਂ ਪਾਤਰਾਂ ਨੂੰ ਕਿਸ ਤਰ੍ਹਾਂ ਪੇਸ਼ ਕਰਦੇ ਹਨ ਅਤੇ ਬਿਲਕੁਲ ਨਵੇਂ ਕਹਾਣੀਕਾਰ ਦਲਿਤ ਬਿਰਤਾਂਤ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦੇ ਤੇ ਸਮਝਦੇ ਹਨ।

ਕਿਸੇ ਸੰਪਾਦਤ ਪੁਸਤਕ ਦੀ ਭੂਮਿਕਾ ਅਹਿਮ ਹੁੰਦੀ ਹੈ। ਭੂਮਿਕਾ ਰਾਹੀਂ ਹੀ ਅਸੀਂ ਜਾਣ ਪਾਉਂਦੇ ਹਾਂ ਕਿ ਇਹ ਕਿਤਾਬ ਕਿਉਂ ਸੰਪਾਦਤ ਕੀਤੀ ਗਈ ਹੈ ਅਤੇ ਸੰਪਾਦਕ ਦੀ ਕਿਹੜੀ ਸੋਚ ਅਤੇ ਦ੍ਰਿਸ਼ਟੀ ਕੰਮ ਕਰਦੀ ਹੈ। ਪਿਛਲੇ ਸਮੇਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਪੁਸਤਕਾਂ ਵੀ ਸੰਪਾਦਤ ਹੋਈਆਂ, ਜਿਨ੍ਹਾਂ ਦੀ ਕੋਈ ਸੰਪਾਦਕੀ ਜਾਂ ਭੂਮਿਕਾ ਹੀ ਨਹੀਂ ਦਿੱਤੀ ਗਈ। ਪਾਠਕ ਭੂਮਿਕਾ ਨੂੰ ਧਿਆਨ ਵਿੱਚ ਰੱਖਦਾ ਹੋਇਆ ਹੀ ਸੰਪਾਦਤ ਕੀਤੀਆਂ ਕਹਾਣੀਆਂ ਦਾ ਪਾਠ ਕਰਦਾ ਹੈ। ਸੰਪਾਦਕ ਭਗਵੰਤ ਰਸੂਲਪੁਰੀ ਨੇ ਇਸ ਕਿਤਾਬ ਦੀ 20 ਪੰਨਿਆਂ ਉੱਤੇ ਫੈਲੀ ਭੂਮਿਕਾ ਲਿਖੀ ਹੈ। ਆਪਣੀ ਲੰਮੀ ਭੂਮਿਕਾ ਵਿੱਚ ਰਸੂਲਪੁਰੀ ਨੇ ਆਪਣੀ ਇਹ ਧਾਰਨਾ ਦਿੱਤੀ ਹੈ ਕਿ ਪਾਠਕ ਇਨ੍ਹਾਂ ਕਹਾਣੀਆਂ ਰਾਹੀ ਦਲਿਤ ਲੋਕਾਂ ਦੇ ਇਤਿਹਾਸ ਤੋਂ ਜਾਣੂ ਹੋ ਸਕਦੇ ਹਨ। ਅਛੂਤ ਦਾ ਮੁੱਢਲਾ ਪੜ੍ਹਾਅ ਕਿਸ ਤਰ੍ਹਾਂ ਦਾ ਰਿਹਾ ਅਤੇ ਕਿਵੇਂ ਇਸ ਸਮਾਜ ਵਿੱਚ ਤਬਦੀਲੀ ਆਈ, ਕਿਵੇਂ ਇਸ ਸਮਾਜ ਨੇ ਤਰੱਕੀ ਕੀਤੀ। ਕਿਵੇਂ ਇਹ ਲੋਕ ਪੜ੍ਹ-ਲਿਖ ਕੇ ਨੌਕਰੀਆਂ ਵਿੱਚ ਆਏ। ਜਿਵੇਂ ਇਸ ਸਮਾਜ ਵਿੱਚ ਵੱਖਰੀਆਂ-ਵੱਖਰੀਆਂ ਉਪ ਜਾਤਾਂ ਉਭਰੀਆਂ ਤੇ ਉਨ੍ਹਾਂ ਵਿੱਚ ਆਪਸੀ ਤਣਾਓ ਪੈਦਾ ਹੋਇਆ। ਇਹ ਸਾਰੇ ਮਸਲਿਆਂ ਨੂੰ ਸੰਪਾਦਤ ਕਿਤਾਬ ਦੀਆਂ ਕਹਾਣੀਆਂ ਐਡਰਸ ਕਰਦੀਆਂ ਹਨ।

ਗੁਰਮੁਖ ਸਿੰਘ ਮੁਸਾਫ਼ਰ ਦੀ ਕਹਾਣੀ 'ਰੇਸ਼ਮੀ ਲੀੜਾ', ਹਰਨਾਮ ਸਿੰਘ ਤੇਗ ਪਿਸ਼ਾਵਰੀ ਦੀ ਕਹਾਣੀ 'ਅਛੂਤ ਠਾਕੁਰ', ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਕਮੀਣ' ਅਤੇ ਸੁਖਬੀਰ ਦੀ ਕਹਾਣੀ 'ਆਖ਼ਿਰ' ਬਹੁਤ ਅਹਿਮ ਕਹਾਣੀਆਂ ਹਨ। ਇਨ੍ਹਾਂ ਚਾਰ ਕਹਾਣੀਆਂ ਦਾ ਬਿਰਤਾਂਤ ਆਜ਼ਾਦੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਸਾਨੂੰ ਪਤਾ ਲੱਗਦਾ ਹੈ ਕਿ ਜਦੋਂ ਬਸਤੀਵਾਦ ਦਾ ਦੇਸ਼ ਉੱਤੇ ਗਲਬਾ ਸੀ ਅਤੇ ਪੂਰੇ ਦੇਸ਼ ਸਮੇਤ ਪੰਜਾਬੀ ਕੌਮੀ ਮੁਕਤੀ ਅੰਦੋਲਨ ਵਿੱਚ ਕੁੱਦਿਆ ਹੋਇਆ ਸੀ, ਉਸ ਵੇਲੇ ਦਲਿਤ ਲੋਕਾਂ ਦੀ ਕਿਸ ਤਰ੍ਹਾਂ ਦੀ ਸਥਿਤੀ ਸੀ। ਉਹ ਆਪਣੀ ਹੋਂਦ ਲਈ ਕਿਵੇਂ ਲੜ ਰਹੇ ਸਨ। ਉਨ੍ਹਾਂ ਦੀ ਸਮਾਜ ਵਿੱਚ ਕਿਸ ਤਰ੍ਹਾਂ ਦੀ ਥਾਂ ਸੀ।

ਪੰਜਾਬੀ ਵਿੱਚ ਲਿਖੀ ਗਈ ਮੁੱਢਲੇ ਦੌਰ ਦੀ ਕਹਾਣੀ ਜਦੋਂ ਅਸੀਂ ਵੇਖਦੇ ਹਾਂ, ਸਮਝਦੇ ਹਾਂ ਤੇ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਸ ਵੇਲੇ ਦਲਿਤ ਸਮਾਜ ਛੂਤ-ਛਾਤ ਤੇ ਭਿੱਟ ਦਾ ਸ਼ਿਕਾਰ ਸੀ ਅਤੇ ਸਾਡੇ ਪੰਜਾਬੀ ਦੇ ਜਿਨ੍ਹਾਂ ਕਹਾਣੀਕਾਰਾਂ ਨੇ ਦਲਿਤ ਲੋਕਾਂ ਨੂੰ ਲੈ ਕੇ ਕਹਾਣੀਆਂ ਲਿਖੀਆਂ, ਉਨ੍ਹਾਂ ਦੀ ਦ੍ਰਿਸ਼ਟੀ ਆਦਰਸ਼ਵਾਦੀ ਰਹੀ। ਕਹਾਣੀਕਾਰਾਂ ਨੇ ਜਿਹੜੇ ਪਾਤਰ ਲਏ ਜਾਂ ਉਸਾਰੇ, ਉਹ ਹਮਦਰਦੀ ਵਾਲੇ ਉਸਾਰੇ। ਪਾਠਕ ਨੂੰ ਕਹਾਣੀ ਪੜ੍ਹ ਕੇ ਦਲਿਤ ਪਾਤਰਾਂ ਪ੍ਰਤੀ ਹਮਦਰਦੀ ਹੁੰਦੀ ਸੀ। ਇਹ ਪਾਤਰ ਮੁੱਖ ਤੌਰ 'ਤੇ ਜ਼ਿਮੀਦਾਰਾਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਕਾਮੇ ਜਾਂ ਸੀਰੀ ਹੁੰਦੇ ਸਨ, ਜਿਨ੍ਹਾਂ ਦਾ ਜ਼ਿਮੀਦਾਰ ਲਗਾਤਾਰ ਸ਼ੋਸ਼ਣ ਕਰਦੇ ਸਨ। ਇਹ ਸਾਰਾ ਵਰਤਾਰਾ ਸਾਨੂੰ ਮੁੱਢਲੀ ਪੰਜਾਬੀ ਕਹਾਣੀ ਵਿੱਚ ਵੇਖਣ ਤੇ ਸਮਝਣ ਨੂੰ ਮਿਲਦਾ ਹੈ।

ਇਸੇ ਸਮੇਂ ਆਰੀਆ ਸਮਾਜੀ ਲਹਿਰ ਅਤੇ ਹੋਰ ਸਮਾਜ ਨੂੰ ਸੁਧਾਰਨ ਵਾਲੀਆਂ ਲਹਿਰਾਂ ਹੋਂਦ ਵਿੱਚ ਆਉਂਦੀਆਂ ਹਨ, ਜਿਹੜੀਆਂ ਅਛੂਤ ਸਮਾਜ ਨੂੰ ਮੁੱਖ ਧਾਰਾ ਦੇ ਸਮਾਜ ਵਿੱਚ ਲਿਆਉਣ ਲਈ ਤਤਪਰ ਰਹਿੰਦੀਆਂ ਹਨ। ਸਮਾਜ ਦੇ ਇਸ ਸੱਚ ਨੂੰ ਉਸ ਵੇਲੇ ਹਰਨਾਮ ਸਿੰਘ ਤੇਗ ਪਿਸ਼ਾਵਰੀ ਆਪਣੀ ਕਹਾਣੀ 'ਅਛੂਤ ਠਾਕਰ' ਵਿੱਚ ਪੇਸ਼ ਕਰਦਾ ਹੈ। ਉਸ ਵੇਲੇ ਦਲਿਤ ਸਮਾਜ ਲਈ ਅਛੂਤ ਸ਼ਬਦ ਪ੍ਰਚੱਲਤ ਸੀ। ਪਾਠਕਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਕਹਾਣੀ 1936 ਵਿੱਚ ਛਪਦੀ ਹੈ। ਇਸ ਕਹਾਣੀ ਨੂੰ ਉਸ ਸਮੇਂ ਦੇ ਪ੍ਰਸੰਗ ਵਿੱਚ ਰੱਖ ਕੇ ਸਮਝਿਆ ਜਾ ਸਕਦਾ ਹੈ। ਆਪਣੀ ਸੋਚ ਮਾਨਵਵਾਦੀ ਰੱਖਣ ਵਾਲੇ ਪੰਜਾਬੀ ਦੇ ਕਹਾਣੀਕਾਰ ਅਛੂਤ ਜਾਤੀਆਂ ਵਿੱਚ ਫੈਲੀ ਛੂਤ-ਛਾਤ ਦੀ ਅਹਿਮ ਸਮੱਸਿਆ ਨੂੰ ਅਧਾਰ ਬਣਾ ਕੇ ਕਹਾਣੀਆਂ ਲਿਖ ਰਹੇ ਸਨ। ਉਸ ਵੇਲੇ ਪੰਜਾਬੀ ਕਹਾਣੀ ਵਿੱਚ ਦਲਿਤ ਚੇਤਨਾ ਲਹਿਰ ਦੀ ਕਨਸੋਅ ਸਾਨੂੰ ਮਿਲ ਜਾਂਦੀ ਹੈ। ਹਰਨਾਮ ਸਿੰਘ ਤੇਗ ਇਸ ਪ੍ਰਭਾਵ ਨਾਲ ਕਹਾਣੀ 'ਅਛੂਤ ਠਾਕੁਰ' ਲਿਖਦਾ ਹੈ। ਇਸ ਕਹਾਣੀ ਵਿੱਚ ਲੇਖਕ ਇਹ ਮਸਲਾ ਉਭਾਰਦਾ ਹੈ ਕਿ ਉਸ ਵੇਲੇ ਬ੍ਰਾਹਮਣ ਲੋਕ ਉੱਚ ਦਰਜੇ ਦੇ ਆਪਣੇ ਆਪ ਨੂੰ ਸਮਝਦੇ ਸਨ। ਅਛੂਤ ਲੋਕਾਂ ਨੂੰ ਆਪਣੇ ਤੋਂ ਥੱਲੇ ਦੇ ਪੌਡੇ ਉੱਤੇ ਬੈਠੇ ਸਮਝਦੇ ਸਨ। ਉਨ੍ਹਾਂ ਦਾ ਵਰਤਾਓ ਵੀ ਉਨ੍ਹਾਂ ਪ੍ਰਤੀ ਇਸ ਕਿਸਮ ਦਾ ਹੁੰਦਾ ਸੀ। ਕਹਾਣੀਕਾਰ ਨੇ ਅਛੂਤ ਲੋਕਾਂ ਦਾ ਸਮਾਜਿਕ ਜੀਵਨ ਨਰਕ ਭਰਿਆ ਪੇਸ਼ ਕਰਕੇ ਰੁਦਨ ਪੈਦਾ ਕੀਤਾ ਹੈ, ਤਾਂ ਕਿ ਪਾਠਕ ਦੇ ਮਨ ਅੰਦਰ ਉਨ੍ਹਾਂ ਅਛੂਤ ਲੋਕਾਂ ਪ੍ਰਤੀ ਹਮਦਰਦੀ ਪੈਦਾ ਕੀਤੀ ਜਾ ਸਕੇ।

ਕਹਾਣੀ ਵਿੱਚ ਅਛੂਤ ਰਾਮੂ ਅਤੇ ਉਸ ਦੀ ਜੀਵਨ ਸਾਥਣ ਮਾਲਣ ਦੀ ਕਹਾਣੀ ਪੇਸ਼ ਕੀਤੀ ਹੈ। ਰਾਮੂ ਮਾਂਦਰੀ ਦਾ ਕਿੱਤਾ ਕਰਦਾ ਹੈ, ਜਿਹੜਾ ਟਰਾਇਬਲ ਲੋਕਾਂ ਦਾ ਉਸ ਵੇਲੇ ਪ੍ਰਮੁੱਖ ਕਿੱਤਾ ਸੀ। ਕਹਾਣੀ ਵਿੱਚ ਰਾਮੂ ਦੀ ਮਾਨਸਿਕਤਾ ਨੂੰ ਭਰਪੂਰਤਾ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਦੂਜਾ ਬਿਰਤਾਂਤ ਬ੍ਰਾਹਮਣ ਸਮਾਜ ਦਾ ਹੈ। ਘਰ ਨੂੰ ਖ਼ੁਸ਼ਹਾਲ ਰੱਖਣ ਲਈ ਬ੍ਰਾਹਮਣ ਨੂੰ ਘਰ ਸੱਦ ਕੇ ਉਸ ਨੂੰ ਭੋਜਨ ਛਕਾਉਣਾ ਜ਼ਰੂਰੀ ਹੁੰਦਾ ਹੈ। ਇਹ ਸੋਚ ਰਾਮੂ ਦੇ ਮੁੰਡੇ ਦੀ ਹੁੰਦੀ ਹੈ। ਉਸ ਵੇਲੇ ਇਹ ਪ੍ਰੰਪਰਾ ਵੀ ਸੀ, ਪਰ ਕਹਾਣੀ ਵਿੱਚ ਉਸ ਦੀ ਮਾਂ ਕਹਿੰਦੀ ਹੈ, 'ਬੇਟਾ ਉਹ ਬ੍ਰਾਹਮਣ, ਪਵਿੱਤਰ, ਬ੍ਰਹਮਾ ਦੇ ਮੂੰਹ 'ਚੋਂ ਪੈਦਾ ਹੋਣ ਵਾਲੇ ਤੇ ਅਸੀਂ ਅਛੂਤ, ਮੈਲ਼ੇ ਤੇ ਕਮੀਨੇ ਉਹ ਕਦ ਸਾਡੇ ਘਰ ਆਵਣਗੇ।'

ਪਰ ਉਹ ਅਛੂਤ ਮੁੰਡਾ ਬ੍ਰਾਹਮਣ ਨੂੰ ਦੱਸਣ, ਉਹਦੇ ਘਰ ਚਲੇ ਜਾਂਦਾ ਹੈ। ਬ੍ਰਾਹਮਣ ਉਸ ਨੂੰ ਉੱਥੇ ਕੰਮ ਉੱਤੇ ਲਾ ਲੈਂਦਾ ਹੈ। ਕਹਾਣੀ ਉਦੋਂ ਸਿਖਰ ਉੱਤੇ ਪੁੱਜ ਜਾਂਦੀ ਹੈ, ਜਦੋਂ ਬ੍ਰਾਹਮਣ ਦੇ ਸੱਪ ਲੜ ਜਾਂਦਾ ਹੈ। ਦਹਿਸ਼ਤ ਤੇ ਜ਼ਹਿਰ ਨਾਲ ਉਹ ਮਰਨ ਵਾਲਾ ਹੋ ਜਾਂਦਾ ਹੈ। ਉਸ ਵੇਲੇ ਉਸ ਨੂੰ ਰਾਮੂ ਮਾਂਦਰੀ ਦਾ ਚੇਤਾ ਆਉਂਦਾ ਹੈ, ਮਰ ਰਹੇ ਬ੍ਰਾਹਮਣ ਨੂੰ ਇਕ ਵਾਰ ਤਾਂ ਛੂਤ-ਛਾਤ ਭੁੱਲ ਜਾਂਦੀ ਹੈ। ਦੂਜੀ ਕਹਾਣੀ ਬ੍ਰਾਹਮਣ ਦੀ ਲੜਕੀ ਦੀ ਵੀ ਨਾਲ ਨਾਲ ਚਲਦੀ ਹੈ, ਜੋ ਰਾਮੂ ਦੇ ਮੁੰਡੇ ਵੱਲ ਉਲਾਰ ਹੋ ਜਾਂਦੀ ਹੈ ਅਤੇ ਭੋਜਨ ਉਪਰੰਤ ਦਾਨ ਵਿੱਚ ਲੜਕੀ ਉਸ ਮੁੰਡੇ ਨੂੰ ਮੰਗ ਲੈਂਦੀ ਹੈ। ਏਥੇ ਕਹਾਣੀਕਾਰ ਨੇ ਮੁੰਡੇ-ਕੁੜੀ ਨੂੰ ਇਕੱਠਿਆ ਕਰਕੇ ਨਾਟਕੀ ਬਿਰਤਾਂਤ ਸਿਰਜ ਦਿੱਤਾ ਹੈ। ਇਸ ਬਿਰਤਾਂਤ ਨਾਲ ਕਹਾਣੀਕਾਰ ਛੂਤ-ਛਾਤ ਅਤੇ ਜਾਤ-ਪਾਤ ਖਤਮ ਦਰਨ ਦਾ ਸੰਦੇਸ਼ ਦਿੰਦਾ ਹੈ। ਅੱਗੇ ਕਹਾਣੀ ਵਿੱਚ ਲੇਖਕ ਇਕ ਮੋੜ ਹੋਰ ਦਿੰਦਾ ਹੈ। ਲੇਖਕ ਦੋਵਾਂ ਨੂੰ 'ਖੰਡੇ ਦਾ ਅੰਮ੍ਰਿਤ' ਛਕਾ ਕੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰਵਾਉਂਦਾ ਹੈ। ਕਹਾਣੀ ਦੇ ਸਮੁੱਚੇ ਬਿਰਤਾਂਤ ਵਿਚ ਕਹਾਣੀਕਾਰ ਪਾਠਕ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਸਿੱਖੀ ਵਿੱਚ ਜਾਤ-ਪਾਤ ਲਈ ਕੋਈ ਥਾਂ ਨਹੀਂ। ਕਹਾਣੀ ਬ੍ਰਾਹਮਣਵਾਦੀ ਸੋਚ ਤੋਂ ਨਾਬਰੀ ਅਤੇ ਗੁਰੂ ਦੀ ਸਰਬੱਤ ਦੇ ਭਲੇ ਦੀ ਸੋਚ 'ਤੇ ਪਹਿਰਾ ਦਿੰਦੀ ਹੈ।

ਇਸ ਤੋਂ ਬਾਅਦ ਜਦੋਂ ਅਸੀਂ ਗੁਰਮੁਖ ਸਿੰਘ ਮੁਸਾਫ਼ਰ ਦੀ ਕਹਾਣੀ 'ਰੇਸ਼ਮੀ ਲੀੜਾ' ਪੜ੍ਹਦੇ ਹਾਂ ਤਾਂ ਮੁਸਾਫ਼ਰ ਵੀ ਉਸ ਵੇਲੇ ਦਾ ਇਹੋ ਮੁੱਦਾ ਉਭਾਰਦਾ ਹੈ। ਕਹਾਣੀ ਉਸ ਕਾਲ-ਖੰਡ ਵਿੱਚ ਉਸਰਦੀ ਹੈ, ਜਦੋਂ ਪੰਜਾਬ ਵਿੱਚ ਛੂਤ-ਛਾਤ ਦਾ ਮਸਲਾ ਭਰਵੇਂ ਰੂਪ ਵਿੱਚ ਸਮਾਜ ਵਿੱਚ ਫੈਲਿਆ ਹੋਇਆ ਸੀ। ਉਸ ਸਮੇਂ ਪੰਜਾਬ ਵਿੱਚ ਛੂਤ ਦੀ ਬਿਮਾਰੀ ਦਾ ਭਿਆਨਕ ਰੂਪ ਇਨ੍ਹਾਂ ਕਹਾਣੀਆਂ ਰਾਹੀਂ ਵੇਖਣ, ਸਮਝਣ ਨੂੰ ਮਿਲਦਾ ਹੈ। ਜਿੱਥੇ ਇਕ ਪਾਸੇ ਡਾ. ਅੰਬੇਡਕਰ ਛੂਤ-ਛਾਤ ਦੀ ਬਿਮਾਰੀ ਨੂੰ ਜੜ੍ਹੋਂ ਉਖਾੜਨ ਲਈ ਦਲਿਤਾਂ ਨੂੰ ਲਾਮਬੰਦ ਕਰ ਰਿਹਾ ਸੀ। ਉਨ੍ਹਾਂ ਵਿੱਚ ਇਸ ਵਰਤਾਰੇ ਵਿਰੁੱਧ ਚੇਤਨਾ ਭਰ ਰਿਹਾ ਸੀ, ਦੂਜੇ ਪਾਸੇ ਈਸਾਈ ਮਿਸ਼ਨਰੀ ਸਮਾਜ ਦੇ ਹਰ ਵਰਗ ਨੂੰ ਬਰਾਬਰ ਕਰਨ ਲਈ ਆਪਣੀ ਪੱਧਰ ਉੱਤੇ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਨੂੰ ਵਿੱਦਿਆ ਵੱਲ ਮੋੜ ਰਹੇ ਸਨ ਅਤੇ ਉਨ੍ਹਾਂ ਨੂੰ ਸਤਿਕਾਰ ਵਾਲੇ ਕਿੱਤਿਆਂ ਵੱਲ ਜਾਣ ਦੀ ਪ੍ਰੇਰਨਾ ਦੇ ਰਹੇ ਸਨ, ਭਾਵੇਂ ਕਿ ਅੰਬੇਡਕਰ ਵੱਲੋਂ ਦਿੱਤੇ ਸੰਵਿਧਾਨਕ ਅਧਿਕਾਰਾਂ ਕਾਰਨ ਦਲਿਤ ਲੋਕਾਂ ਨੂੰ ਛੂਤ-ਛਾਤ ਤੋਂ ਮੁਕਤੀ ਮਿਲਦੀ ਹੈ, ਪਰ ਸੰਪਾਦਕ ਧਾਰਨਾ ਦਿੰਦਾ ਹੈ ਕਿ ਇਹ ਕਹਾਣੀ 'ਰੇਸ਼ਮੀ ਲੀੜਾ' ਉਸ ਵੇਲੇ ਸਮਾਜ ਦੀ ਇਤਿਹਾਸਕਾਰੀ ਕਰਦੀ ਹੈ।

ਕਹਾਣੀ ਵਿੱਚ 'ਅੱਛਰੋ' ਦਲਿਤ ਸਮਾਜ ਦੀ ਪ੍ਰਤੀਨਿੱਧ ਪਾਤਰ ਹੈ, ਜਿਸ ਦਾ ਪਰਵਾਰ ਦਲਿਤ ਜਾਤੀਆਂ ਵਿੱਚੋਂ ਸਿੱਖੀ ਵਿੱਚ ਕਨਵਰਟ ਹੋ ਜਾਂਦਾ ਹੈ, ਜਿਸ ਕਾਰਨ ਉਸ ਨੂੰ ਦਰਬਾਰ ਸਾਹਿਬ ਅੰਮ੍ਰਿਤ ਸਰੋਵਰ 'ਤੇ ਲੰਗਰ ਵਿੱਚ ਥਾਂ ਮਿਲ ਜਾਂਦੀ ਹੈ, ਪਰ ਸਮਾਜਿਕ ਵਿਹਾਰ ਵਿੱਚ ਉਹ ਅਛੂਤ ਦਾ ਅਛੂਤ ਹੀ ਰਹਿੰਦਾ ਹੈ। ਉਹ ਪਾਤਰ 'ਭਿੱਟ' ਨਾਂਅ ਦੇ ਸਮਾਜਿਕ ਕੋਹੜ ਦਾ ਸ਼ਿਕਾਰ ਹੋ ਕੇ ਸੰਤਾਪ ਭੋਗਦਾ ਹੈ। ਕਹਾਣੀਕਾਰ ਨੇ ਧਰਮ ਪਰਿਵਰਤਨ ਦੀ ਬਣਤਰ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ। 'ਰੇਸ਼ਮੀ ਲੀੜਾ' ਕਹਾਣੀ ਵਿੱਚ ਕਮਾਲ ਦਾ ਮੈਟਾਫ਼ਰ ਹੈ। ਇਹ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬੀ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਕਹਾਣੀ ਦੀ ਪਾਤਰ 'ਅੱਛਰੋ', ਜਿਸ ਦੇ ਸਪਰਸ਼ ਹੋਣ ਨਾਲ ਰੇਸ਼ਮੀ ਲੀੜਾ 'ਨਾਸਾਰ' ਤੇ 'ਔਲਾ' ਭਿੱਟੇ ਜਾਂਦੇ ਹਨ। ਕਹਾਣੀ ਦੇ ਬਿਰਤਾਂਤ ਵਿੱਚ ਅੱਗੇ ਆਉਂਦਾ ਹੈ ਕਿ ਉਸੇ ਔਰਤ ਦੀ ਛੋਹ ਨਾਲ ਨੰਬਰਦਾਰ ਦੀ ਜੜ੍ਹ ਲੱਗ ਜਾਂਦੀ ਹੈ। ਕਹਾਣੀ ਦੇ ਬਿਰਤਾਂਤ ਵਿੱਚ ਲੇਖਕ ਭਿੱਟ 'ਤੇ ਤਕੜਾ ਵਿਅੰਗ ਕਰਦਾ ਹੈ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਲਿਖੀਆਂ ਗਈਆਂ ਇਹ ਕਹਾਣੀਆਂ ਦਲਿਤ ਅਛੂਤਾਂ ਦੀ ਸਮਾਜਿਕ ਸਥਿਤੀ ਨੂੰ ਬੜੀ ਮਾਨਵਵਾਦੀ ਦ੍ਰਿਸ਼ਟੀ ਨਾਲ ਉਭਾਰਦੀਆਂ ਹਨ। ਅਛੂਤ ਲੋਕਾਂ ਦੀ ਸਮਾਜਿਕ ਸਥਿਤੀ ਬੇਹੱਦ ਤਰਸਯੋਗ ਸੀ। ਉਸ ਵੇਲੇ ਸਮਾਜ ਵਿੱਚ ਇਨ੍ਹਾਂ ਨੂੰ ਸੁਧਾਰਨ ਲਈ ਅਨੇਕਾਂ ਲਹਿਰਾਂ ਚੱਲ ਰਹੀਆਂ ਸਨ। ਇਸ ਬਦਲ ਰਹੇ ਦਲਿਤ ਸਮਾਜ ਦੀ ਸਥਿਤੀ ਜਿਸ ਤਰ੍ਹਾਂ ਪੰਜਾਬੀ ਕਹਾਣੀ ਮੁੱਢਲੇ ਦੌਰ ਵਿੱਚ ਆਉਣ ਲੱਗਦੀ ਹੈ, ਇਹ ਦੋ ਕਹਾਣੀਆਂ ਇਨ੍ਹਾਂ ਨੂੰ ਭਰਪੂਰਤਾ ਨਾਲ ਫੜਦੀਆਂ ਹਨ।

ਕਿਤਾਬ ਦੀ ਅਗਲੀ ਕਹਾਣੀ ਅੰਮ੍ਰਿਤਾ ਪ੍ਰੀਤਮ ਦੀ 'ਕਮੀਣ' ਹੈ। ਕਹਾਣੀ ਦਲਿਤ ਸਮਾਜ ਦੀ ਨਾਰੀ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਪਾਤਰ 'ਵੀਰਾਂ' ਇਕ ਤਾਂ ਔਰਤ ਹੈ, ਦੂਜਾ ਨੀਵੀਂ ਜਾਤ ਛੀਂਬਿਆਂ-ਜੁਲਾਹਿਆਂ ਦੀ ਧੀ ਹੈ, ਜੋ ਉਸ ਦੀ ਹੋਣੀ ਬਣ ਜਾਂਦੀ ਹੈ। 1947 ਵੇਲੇ ਹੋਏ ਕਤਲ, ਲੁੱਟ-ਖੋਹ ਕਹਾਣੀ ਦਾ ਕੇਂਦਰੀ ਥੀਮ ਹੈ। ਅੰਮ੍ਰਿਤਾ ਪ੍ਰੀਤਮ ਨਾਟਕੀ ਬਿਰਤਾਂਤ ਰਾਹੀ ਵੀਰਾਂ ਦਾ ਵਿਆਹ ਰੂਪ ਚੰਦ ਨਾਲ ਕਰ ਦਿੰਦੀ ਹੈ, ਕਿਉਂਕਿ ਹਵੇਲੀ ਦੀ ਮਾਲਕਣ ਸ਼ਿੱਬੋ ਉਹਨੂੰ ਕੋਈ ਵਾਰਸ ਨਹੀਂ ਦੇ ਸਕਦੀ। ਹਵੇਲੀ ਲਈ ਵਾਰਸ ਦੀ ਲੋੜ ਤਾਂ ਹੁੰਦੀ ਹੀ ਹੈ। ਉੱਧਰ 'ਵੀਰਾਂ' ਦੀ ਜੋ ਮਾਂ ਹੈ ਉਹ ਹਵੇਲੀ ਵਿੱਚ ਕੰਮੀ-ਕਮੀਣ ਦਾ ਕੰਮ ਕਰਦੀ ਹੈ। ਸੋ ਹਵੇਲੀ ਦਾ ਵਾਰਸ ਪੈਸਾ ਕਰਨ ਲਈ ਵੀਰਾਂ ਦਾ ਰੂਪ ਚੰਦ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਰੂਪ ਚੰਦ ਦਾ ਸ਼ਰੀਕਾ ਜਾਤੀ ਹੈਂਕੜ ਨਾਲ ਭਰਿਆ ਕਹਿੰਦਾ ਹੈ, 'ਤੈਨੂੰ ਉੱਚੇ ਘਰ ਦੀ ਧੀ ਨਹੀਂ ਸੀ ਦਿਸੀ? ਤੂੰ ਕਮੀਣਾਂ ਦੀ ਧੀ ਵਿਆਹ ਲਈ...।'

ਅੱਗੋਂ ਰੂਪ ਚੰਦ ਕਹਿੰਦਾ ਹੈ, 'ਚਾਚਾ ਅੱਜਕੱਲ੍ਹ ਜਾਤਾਂ ਕੌਣ ਵੇਂਹਦਾ ਏ...।' ਅੰਮ੍ਰਿਤਾ ਇਸ ਕਿਸਮ ਦੇ ਅਦਰਸ਼ਵਾਦੀ ਬਿਰਤਾਂਤ ਸਿਰਜਦੀ ਹੈ। ਅੰਮ੍ਰਿਤਾ ਨੇ ਏਥੇ ਰੂਪ ਚੰਦ ਨੂੰ ਜਾਤ-ਪਾਤ ਤੋੜਨ ਵਾਲਾ ਆਦਰਸ਼ਵਾਦੀ ਪਾਤਰ ਪੇਸ਼ ਕੀਤਾ ਹੈ, ਜਿਹੜਾ ਇਸ ਲੜਾਈ 'ਚ ਜਿੱਤ ਜਾਂਦਾ ਹੈ। ਹਵੇਲੀ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਤਕਰੇ ਵਾਲਾ ਬਿਰਤਾਂਤ ਨਹੀਂ ਸਿਰਜਿਆ ਗਿਆ। ਅੰਮ੍ਰਿਤਾ ਇਸ ਕਹਾਣੀ ਵਿੱਚ ਭਾਵੇਂ ਸੁਚੇਤ ਹੋ ਕੇ ਦਲਿਤ ਚੇਤਨਾ ਵਾਲਾ ਬਿਰਤਾਂਤ ਨਹੀਂ ਉਸਾਰਦੀ, ਪਰ ਉਹਦੇ ਮਨ ਵਿੱਚ ਕਿਤੇ ਨਾ ਕਿਤੇ ਪਿਆ ਹੈ ਕਿ ਜਾਤੀ ਵਿਤਕਰੇ ਤੋਂ ਉੱਚਾ ਉੱਠ ਕੇ ਇਕ ਲੇਖਕ ਨੂੰ ਗੱਲ ਕਰਦੀ ਚਾਹੀਦੀ ਹੈ।

ਸਵੈਰਾਜ ਸੰਧੂ ਦੀ ਕਹਾਣੀ 'ਭੀਲਣੀ ਦੇ ਬੇਰ' ਦਲਿਤ ਸਮਾਜ ਦੀ ਇਤਿਹਾਸਕਾਰੀ ਦੀ ਅਗਲੀ ਕੜੀ ਹੈ। ਕਹਾਣੀ ਛੂਤ-ਛਾਤ ਤੋਂ ਉਪਰ ਉੱਠ ਰਹੇ ਨਵੇਂ ਸਮਾਜ ਦੀ ਗੱਲ ਕਰਦੀ ਹੈ। ਕਹਾਣੀ ਉਸ ਵੇਲੇ ਦਾ ਦ੍ਰਿਸ਼ ਪੇਸ਼ ਕਰਦੀ ਹੈ, ਜਦੋਂ ਜੱਟ ਜ਼ਿਮੀਦਾਰ ਨਿਮਨ ਧਿਰ ਮਜ਼ਬੀਆਂ-ਦਲਿਤਾਂ ਕਾਮਿਆਂ ਤੋਂ ਭਿੱਟ ਤੇ ਛੂਤ-ਛਾਤ ਮੰਨਦੇ ਸਨ ਅਤੇ ਉਨ੍ਹਾਂ ਦੇ ਨੇੜੇ ਜਾਣ ਤੋਂ ਡਰਦੇ ਤੇ ਉਨ੍ਹਾਂ ਦੇ ਭਾਂਡੇ ਵੱਖਰੇ ਰੱਖਦੇ ਸਨ, ਪਰ ਉਹ ਜੋ ਕੰਮ ਕਰਦੇ ਸਨ, ਉਨ੍ਹਾਂ ਨਾਲ ਉਹ ਭਿੱਟ ਨਹੀਂ ਹੁੰਦੇ। ਕਹਾਣੀ ਦਾ ਪਾਤਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਮੁੱਢਲੀ ਪੰਜਾਬੀ ਪੱਤਰਕਾਰੀ ਦਾ ਪਿਤਾਮਾ

(ਗਿਆਨੀ ਦਿੱਤ ਸਿੰਘ ਦਾ ਪੰਜਾਬੀ ਵਾਰਤਕ ਸਾਹਿਤ ਇਤਿਹਾਸ ਮੂਲਕ ਅਧਿਐਨ)
ਡਾ. ਵਰਿੰਦਰ ਕੌਰ ਭਾਟੀਆ
ਪੰਨੇ-216, ਮੁੱਲ-400 ਰੁਪਏ
ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ

ਪੁਸਤਕ ਖੋਜ ਪ੍ਰਬੰਧ ਹੈ। ਇਹ ਖੋਜ ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਖੋਜੀ ਵਿਦਵਾਨ ਡਾ. ਧਰਮ ਸਿੰਘ ਦੀ ਸੁਯੋਗ ਅਗਵਾਈ ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਖੋਜ ਕਾਰਜ ਲਈ ਖੋਜਾਰਥਣ ਨੂੰ ਡਾ. ਨਰਿੰਦਰ ਸਿੰਘ ਕਪੂਰ, ਡਾ. ਕਰਨੈਲ ਸਿੰਘ ਸੋਮਲ, ਪ੍ਰੋ. ਹਰਿਭਜਨ ਸਿੰਘ ਭਾਟੀਆ, ਸਰਦਾਰ ਪ੍ਰੀਤਮ ਸਿੰਘ ਐੱਮ ਏ, ਡਾ. ਇੰਦਰ ਜੀਤ ਸਿੰਘ ਗੋਗੋਆਣੀ, ਗਿਆਨੀ ਦਿੱਤ ਸਿੰਘ, ਪੱਤ੍ਰਿਕਾ ਦੇ ਸੰਪਾਦਕ ਨਸੀਬ ਸਿੰਘ ਸੇਵਕ ਆਪਣੇ ਸਵਰਗੀ ਪਤੀ ਗੁਰਮੀਤ ਸਿੰਘ ਭਾਟੀਆ, ਸਵਰਗੀ ਮਾਤਾ ਪਿਤਾ ਤੋਂ ਮਿਲੇ ਨਿੱਘੇ ਸਹਿਯੋਗ ਤੇ ਹੋਰ ਸੰਬੰਧੀਆਂ, ਰਿਸ਼ਤੇਦਾਰਾਂ ਤੋਂ ਮਿਲੇ ਉਤਸ਼ਾਹ ਤੇ ਪ੍ਰੇਰਨਾ ਸਦਕਾ ਇਹ ਪੁਸਤਕ ਛਪੀ ਹੈ। ਇਨ੍ਹਾਂ ਸਾਰੀਆਂ ਅਦਬੀ ਸ਼ਖਸੀਅਤਾਂ ਲਈ ਧੰਨਵਾਦੀ ਸ਼ਬਦ ਪੁਸਤਕ ਦੇ ਆਰੰਭ ਵਿਚ ਲੇਖਿਕਾ ਨੇ ਪ੍ਰਭਾਵਸ਼ਾਲੀ ਰੂਪ ਵਿਚ ਲਿਖੇ ਹਨ। ਖੋਜ ਪ੍ਰਬੰਧ ਬਾਰੇ ਡਾ. ਧਰਮ ਸਿੰਘ ਮੁਖੀ ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਇੰਦਰ ਜੀਤ ਸਿੰਘ ਗੋਗੋਆਣੀ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਨੇ ਮੁਬਾਰਕ ਰੰਗ ਵਾਲੇ ਬੇਸ਼ਕੀਮਤੀ ਸ਼ਬਦ ਲਿਖੇ ਹਨ।

ਪੁਸਤਕ ਦੇ 9 ਅਧਿਆਇ ਹਨ। ਇਨ੍ਹਾਂ ਦੀ ਤਰਤੀਬ ਦਾ ਜ਼ਿਕਰ ਲੇਖਿਕਾ ਨੇ ਕਿਤਾਬ ਦੀ ਭੂਮਿਕਾ ਵਿਚ ਕੀਤਾ ਹੈ। ਸਾਰੀ ਤਰਤੀਬ ਵਿਗਿਆਨਕ ਤੇ ਸਥਿਤੀਆਂ ਅਨੁਕੂਲ ਹੈ। ਪਹਿਲੇ ਅਧਿਆਇ ਵਿਚ ਸਿੰਘ ਸਭਾ ਲਹਿਰ ਦਾ ਜ਼ਿਕਰ ਹੈ। ਸਿੰਘ ਸਭਾ ਲਹਿਰ ਦੇ ਧਾਰਮਿਕ, ਸੱਭਿਆਚਾਰਕ, ਸਮਾਜਿਕ ਤੇ ਵਿਦਿਅਕ ਪਿਛੋਕੜ ਬਾਰੇ ਲਿਖਦੇ ਸਿੱਖ ਰਾਜ ਦੇ ਪਤਨ ਤੋਂ ਚਰਚਾ ਸ਼ੁਰੂ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਅੰਗਰੇਜ਼ਾਂ ਦਾ ਪੰਜਾਬ 'ਤੇ ਕਾਬਜ਼ ਹੋਣਾ, ਇਸਾਈ ਧਰਮ ਦਾ ਪੰਜਾਬ ਵਿਚ ਪ੍ਰਚਾਰ ਕਰਨਾ, ਧਰਮ ਪਰਿਵਰਤਨ ਨੂੰ ਲਹਿਰ ਦਾ ਰੂਪ ਦੇਣਾ, ਅੰਗਰੇਜ਼ੀ ਸਕੂਲ ਖੋਲ੍ਹਣੇ, ਲੋਕਾਂ ਨੂੰ ਆਰਥਿਕ ਸਹਾਇਤਾ ਦਾ ਲਾਲਚ ਦੇ ਕੇ ਧਰਮ ਬਦਲਾਉਣਾ, ਗੁਰਦੁਆਰਿਆਂ ਦੇ ਪ੍ਰਬੰਧ ਵਿਚ ਫਜ਼ੂਲ ਦਖਲ ਦੇਣਾ ਆਦਿ ਸਾਰੇ ਕੰਮ ਸਿੱਖ ਵਿਰੋਧੀ ਸਨ। ਅੰਗਰੇਜ਼ਾਂ ਵੱਲੋਂ ਆਪਣੇ ਪਿੱਠੂਆਂ ਰਾਹੀਂ ਗੁਰਮਰਿਆਦਾ ਦਾ ਘਾਣ ਕੀਤਾ ਜਾਣ ਲਗਾ।

ਆਰੀਆ ਸਮਾਜ ਲਹਿਰ ਨੇ ਬਲਦੀ ਉਪਰ ਤੇਲ ਪਾਇਆ। ਸਵਾਮੀ ਦਇਆ ਨੰਦ ਨੇ ਸਿੱਖ ਵਿਰੋਧੀ ਪ੍ਰਚਾਰ ਕੀਤਾ। ਗੁਰੂ ਸਾਹਿਬਾਨ ਬਾਰੇ ਗਲਤ ਸ਼ਬਦ ਲਿਖੇ। ਸਤਿਆਰਥ ਪ੍ਰਕਾਸ਼ ਵਿਚ ਜ਼ਹਿਰ ਉਗਲਿਆ। ਇਹ ਸਭ ਕੁਝ ਵੇਖਦੇ ਹੀ ਸਿੱਖਾਂ ਵਿਚ ਜਾਗਰਤੀ ਆਈ। ਸਿੰਘ ਸਭਾ ਲਹਿਰ ਦਾ ਪ੍ਰਚਲਨ ਹੋਇਆ। ਗਿਆਨੀ ਦਿੱਤ ਸਿੰਘ ਨੇ ਇਸ ਲਹਿਰ ਦੀ ਅਗਵਾਈ ਕੀਤੀ। ਪੁਸਤਕ ਦੇ ਪਹਿਲੇ ਅਧਿਆਇ ਵਿਚ ਸਿੰਘ ਸਭਾ ਲਹਿਰ ਦਾ ਭਰਪੂਰ ਜ਼ਿਕਰ ਹੈ। ਸਿੰਘ ਸਭਾ ਲਹਿਰ ਦੇ ਉਦੇਸ਼, ਨਿਸ਼ਾਨੇ, ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪੈਦਾ ਹੋਇਆ ਪੰਜਾਬੀ ਸਾਹਿਤ, ਸਮਾਜਿਕ ਤਬਦੀਲੀ, ਖਾਲਸਾ ਸਮਾਚਾਰ ਦਾ ਆਰੰਭ, ਗੁਰਮਤਿ ਸਿਧਾਂਤਾਂ ਦੀ ਪੁਨਰਸੁਰਜੀਤੀ, ਗਿਆਨੀ ਦਿੱਤ ਸਿੰਘ ਨੇ ਸਵਾਮੀ ਦਇਆ ਨੰਦ ਨਾਲ ਵੇਦਾਂ ਦੇ ਸੰਬੰਧ ਵਿਚ ਰਹੱਸਵਾਦੀ ਸੰਵਾਦ ਕੀਤਾ। ਸੰਵਾਦ ਦੀ ਪੁਸਤਕ ਛਾਪੀ। ਸਵਾਮੀ ਦਇਆ ਨੰਦ ਨੂੰ ਗਿਆਨੀ ਦਿੱਤ ਸਿੰਘ ਤੋਂ ਹਾਰ ਸਵੀਕਾਰ ਕਰਨੀ ਪਈ। ਇਸ ਬਾਰੇ ਗਹਿਰੀ ਖੋਜ ਲੇਖਿਕਾ ਨੇ ਗਿਆਨੀ ਦਿੱਤ ਸਿੰਘ ਦੇ ਜੀਵਨ ਤੇ ਰਚਨਾ ਕਾਂਡ ਵਿਚ ਕੀਤੀ ਹੈ। ਹਮ ਹਿੰਦੂ ਨਹੀ ਕਿਤਾਬਚਾ ਲਿਖ ਕੇ ਮੂੰਹ ਤੋੜ ਉੱਤਰ ਦਿੱਤਾ। ਅਸਲ ਵਿਚ ਉਸ ਵੇਲੇ ਪੰਜਾਬ ਦਾ ਮਾਹੌਲ ਪੂਰੀ ਤਰ੍ਹਾਂ ਫਿਰਕੂ ਤੇ ਜ਼ਹਿਰੀ ਹੋ ਚੁੱਕਾ ਸੀ। ਹਿੰਦੂ-ਸਿੱਖਾਂ ਵਿਚ ਫੁੱਟ ਪਾਉਣ ਦਾ ਬੀਜ ਅੰਗਰੇਜ਼ ਬੀਜ ਚੁੱਕਾ ਸੀ। ਪੰਜਾਬੀ ਬੋਲੀ ਨਾਲ ਵੀ ਘੱਟ ਨਹੀਂ ਸੀ ਕੀਤੀ। ਪੰਜਾਬੀ ਨੂੰ ਸਿੱਖਾਂ ਦੀ ਜ਼ੁਬਾਨ ਹੋਣ ਦਾ ਪ੍ਰਚਾਰ ਕੀਤਾ ਗਿਆ। ਗਿਆਨੀ ਦਿੱਤ ਸਿੰਘ ਨੇ ਇਸ ਫਿਰਕੂ ਹਨੇਰੀ ਦਾ ਮੁਕਾਬਲਾ ਕੀਤਾ। ਵੱਖ-ਵੱਖ ਵਿਧਾਵਾਂ ਵਿਚ ਵਾਰਤਕ ਰਚਨਾਵਾਂ ਲਿਖ ਕੇ ਪ੍ਰਚਾਰ ਕੀਤਾ। ਭਾਈ ਵੀਰ ਸਿੰਘ ਨੇ ਵੀ ਵਾਰਤਕ ਲਿਖ ਕੇ ਭਰਪੂਰ ਯੋਗਦਾਨ ਪਾਇਆ।

ਅਸਲ ਵਿਚ ਗਿਆਨੀ ਦਿੱਤ ਸਿੰਘ ਨੇ 20ਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਪੱਤਰਕਾਰੀ ਦਾ ਮੁੱਢ ਸਿੰਘ ਸਭਾ ਲਹਿਰ ਰਾਹੀਂ ਹੀ ਬੰਨ੍ਹਿਆ। ਇਸ ਕਿਸਮ ਦੀ ਪੱਤਰਕਾਰੀ ਸਮੇਂ ਦੀ ਲੋੜ ਸੀ, ਕਿਉਂਕਿ ਅੰਗਰੇਜ਼ਾਂ ਸਮੇਤ ਸਿੱਖੀ ਦੇ ਦੁਸ਼ਮਣ ਚਾਰ ਚੁਫੇਰੇ ਸਨ। ਉਸ ਸਮੇਂ ਦੀ ਪਾਈ ਫਿਰਕੂ ਵੰਡ ਦਾ ਅਸਰ ਪੰਜਾਬ ਵਿਚ ਬਹੁਤ ਸਮੇਂ ਲਈ ਪਿਆ। ਭਾਸ਼ਾ ਦੇ ਅਧਾਰ 'ਤੇ ਸੂਬੇ ਬਣਾਉਣ ਵੇਲੇ ਪੰਜਾਬੀ ਨੂੰ ਸਿਆਸਤ ਵਿਚ ਘਸੀਟ ਲਿਆ। ਪੰਜਾਬ ਦੇ ਇਕ ਵਰਗ ਨੇ ਪੰਜਾਬੀ ਨੂੰ ਮਾਂ ਬੋਲੀ ਮੰਨਣ ਤੋਂ ਹੀ ਇਨਕਾਰ ਕੀਤਾ। ਖੈਰ ਇਹ ਦਾਸਤਾਨ ਵੱਖਰੀ ਹੈ, ਪਰ ਇਸ ਦੀ ਜੜ੍ਹ ਉਸ ਵੇਲੇ ਦੇ ਮਾਹੌਲ ਵਿਚ ਹੈ। ਗਿਆਨੀ ਦਿੱਤ ਸਿੰਘ ਦੇ ਹਾਸਰਸੀ ਨਾਟਕ ਸਟੇਜਾਂ 'ਤੇ ਖੇਡੇ ਗਏ। ਉਸ ਸਮੇਂ ਰਚੇ ਸਾਹਿਤ ਦੀ ਵਡਮੁੱਲੀ ਜਾਣਕਾਰੀ ਕਿਤਾਬ ਵਿਚ ਅਧਿਆਇ 4, 5, 6 ਵਿਚ ਹੈ। ਇਹ ਹਨ ਗਿਆਨੀ ਦਿੱਤ ਸਿੰਘ ਦੀ ਧਾਰਮਿਕ ਵਾਰਤਕ, ਗਿਆਨੀ ਦਿੱਤ ਸਿੰਘ ਦੀ ਸਾਮਿਅਕ ਅਤੇ ਵਿਦਿਅਕ ਵਾਰਤਕ, ਗਿਆਨੀ ਦਿੱਤ ਸਿੰਘ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ। ਸਾਰੇ ਕਾਂਡ 15—50 ਪੰਨਿਆਂ ਵਿਚ ਹਨ।

ਹਰੇਕ ਕਾਂਡ ਦੇ ਅਖੀਰ ਵਿਚ ਸਹਾਇਕ ਪੁਸਤਕਾਂ ਦੀ ਵੱਡੀ ਸੂਚੀ ਦਰਜ ਹੈ। ਇਕ ਕਾਂਡ ਵਿਚ ਗਿਆਨੀ ਦਿੱਤ ਸਿੰਘ ਦੀ ਵਾਰਤਕ ਦੀ ਭਾਸ਼ਾ ਤੇ ਸ਼ੈਲੀ ਦਾ ਬਿਰਤਾਂਤ ਹੈ। ਇਸ ਵਿਚ ਵਾਰਤਕ ਸ਼ੈਲੀਆਂ ਦੇ ਨਾਲ ਗਿਆਨੀ ਜੀ ਦੀਆਂ ਕਿਤਾਬਾਂ ਦੇ ਹਵਾਲੇ ਹਨ। ਇਨ੍ਹਾਂ ਸ਼ੈਲੀਆਂ ਵਿਚ ਵਿਅੰਗਮਈ ਸ਼ੈਲੀ, ਸੰਵਾਦ ਸ਼ੈਲੀ, ਭਾਵਨਾਤਮਕ ਸ਼ੈਲੀ, ਵਿਆਖਿਆਤਮਕ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਵਾਰਤਕ ਦੇ ਹਾਸਰਸੀ ਪਾਤਰ ਦਲੇਰ ਸਿੰਘ ਡਰਪੋਕ ਸਿੰਘ ਆਦਿ ਦ ਜ਼ਿਕਰ ਹੈ। ਸਹਾਇਕ ਪੁਸਤਕਾਂ ਦੇ ਜੋ ਹਵਾਲੇ ਖੋਜਾਰਥਣ ਨੇ ਦਿੱਤੇ ਹਨ, ਉਨ੍ਹਾਂ ਵਿਚ ਡਾ. ਪਰਮਿੰਦਰ ਸਿੰਘ, ਭਾਈ ਗੁਰਮੁਖ ਸਿੰਘ ਭਾਈ ਕਾਨ੍ਹ ਸਿੰਘ ਨਾਭਾ, ਕਰਤਾਰ ਸਿੰਘ ਦਾਖਾ, ਪ੍ਰੀਤਮ ਸਿੰਘ ਐੱਮ ਏ, ਡਾ. ਕਰਨੈਲ ਸਿੰਘ ਸੋਮਲ, ਗਿਆਨੀ ਅਮਰ ਸਿੰਘ, ਗਿਆਨੀ ਗਿਆਨ ਸਿੰਘ ਡਾ. ਨਰਿੰਦਰ ਸਿੰਘ ਕਪੂਰ, ਜਨਮ ਸਾਖੀਆ ਗੁਰੂ ਨਾਨਕ ਦੇਵ ਜੀ, ਰਤਨ ਸਿੰਘ ਜੱਗੀ, ਸੂਬਾ ਸਿੰਘ (ਪੰਜਾਬੀ ਪੱਤਰਕਾਰੀ ਦਾ ਇਤਿਹਾਸ), ਜੀਤ ਸਿੰਘ ਸੀਤਲ, ਡਾ. ਸਤਿੰਦਰ ਸਿੰਘ (ਵਿਹਾਰਕ ਸਮੀਖਿਆ) ਪੰਜਾਬੀ ਭਾਸ਼ਾ ਖੋਜੀ ਵਿਦਵਾਨ ਪਿਆਰਾ ਸਿੰਘ ਪਦਮ, ਪੱਤਰਕਾਰ ਖੁਸ਼ਵੰਤ ਸਿੰਘ, ਕਿਰਪਾਲ ਸਿੰਘ ਕਸੇਲ, ਡਾ. ਜਗਬੀਰ ਸਿੰਘ ਰਚਿਤ ਕਿਤਾਬਾਂ ਸਮੇਤ ਵੱਡੀ ਗਿਣਤੀ ਵਿਚ ਪੱਤਰਕਾਵਾਂ, ਖੋਜ ਪੱਤਰ ਤੇ ਮੈਗਜ਼ੀਨ ਸ਼ਾਮਲ ਹਨ। ਖੋਜਮਈ ਪੁਸਤਕ ਜ਼ਹੀਨ ਪਾਠਕਾਂ, ਸਿਖਿਆਰਥੀਆਂ, ਖੋਜੀ ਵਿਦਵਾਨਾਂ ਲਈ ਬਹੁਤ ਲਾਹੇਵੰਦ ਹੈ। ਖੋਜੀ ਲੇਖਿਕਾ ਡਾ. ਵਰਿੰਦਰ ਕੌਰ ਭਾਟੀਆ ਦੀ ਮਿਹਨਤ ਨੂੰ ਭਰਵੀਂ ਦਾਦ ਦੇਣੀ ਬਣਦੀ ਹੈ। ਪੁਸਤਕ ਦਾ ਪੰਜਾਬ ਦੇ ਇਤਿਹਾਸ ਅਤੇ ਪੰਜਾਬੀ ਸਾਹਿਤ ਜਗਤ ਵਿਚ ਸਵਾਗਤ ਹੈ।

**- ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ,**
**9814856160**

## ਸੱਜਰਾ ਸਾਹਿਤ

### ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ

(ਜੀਵਨੀ)
**ਬਲਬੀਰ ਲੌਂਗੋਵਾਲ**
**ਪੰਨੇ : 48, ਕੀਮਤ : 120 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ**




ਭਾਰਤ ਦੇ ਇਤਿਹਾਸ ਵਿੱਚ ਪਰਜਾ ਮੰਡਲ ਲਹਿਰ ਇੱਕ ਮਿਸਾਲੀ ਅੰਦੋਲਨ ਸੀ, ਜਿਸ ਅਧੀਨ ਵੱਖੋ-ਵੱਖਰੀਆਂ ਰਿਆਸਤਾਂ ਦੇ ਲੋਕਾਂ ਨੇ ਵੱਖ-ਵੱਖ ਫਰੰਟਾਂ ਤੋਂ ਇੱਕ ਸੰਗਠਨਾਤਮਕ ਸ਼ਕਤੀ ਦੇ ਰੂਪ ਵਿੱਚ ਰਿਆਸਤਾਂ ਦੇ ਜ਼ੁਲਮਾਂ ਅਤੇ ਬਰਤਾਨਵੀ ਗੁਲਾਮੀ ਦੇ ਖ਼ਿਲਾਫ਼ ਲੜਾਈ ਲੜੀ। ਇਹ ਪਹਿਲਾ ਮੌਕਾ ਸੀ ਜਦੋਂ ਮਨੁੱਖੀ ਹੱਕਾਂ ਦੀ ਗੱਲ ਅਮਲੀ ਪੱਧਰ 'ਤੇ ਸਿਆਸੀ ਏਜੰਡੇ ਉੱਤੇ ਆਈ। ਪੰਜਾਬ ਅੰਦਰਲੀ ਰਿਆਸਤੀ ਪਰਜਾ ਮੰਡਲ ਲਹਿਰ ਨੇ ਬਹੁਤ ਘੱਟ ਸਮੇਂ ਵਿੱਚ ਅਮਿੱਟ ਹਸਤਾਖਰ, ਠੋਸ ਪ੍ਰਾਪਤੀਆਂ, ਜਾਂਬਾਜ਼ ਯੋਧੇ, ਲੋਕ ਨਾਇਕ ਅਤੇ ਰੌਸ਼ਨ ਦਿਮਾਗ ਇਤਿਹਾਸ ਨੂੰ ਭੇਟ ਕੀਤੇ। ਇੱਕ ਗੱਲ ਜੋ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਇਸ ਲੜਾਈ ਨੂੰ ਲੜਨ ਵਾਲੇ ਭਾਵੇਂ ਕਿਸੇ ਧਰਮ, ਜਾਤ, ਵਰਗ ਨਾਲ ਸੰਬੰਧਤ ਸਨ, ਉਨ੍ਹਾਂ ਨੇ ਆਪਣੀ ਇਸ ਸੰਘਰਸ਼ਮਈ ਲੜਾਈ ਵਿੱਚ ਆਪਣੇ ਧਰਮ, ਜਾਤ, ਬਰਾਦਰੀ ਅਤੇ ਫਿਰਕੇ ਨੂੰ ਨਹੀਂ ਵਰਤਿਆ, ਬਲਕਿ ਸਮੁੱਚੀ ਲੋਕਤਾ ਲਈ ਜੂਝਦੇ ਹੋਏ ਕੁਰਬਾਨ ਹੋਏ। ਧਰਮ ਨਿਰਪੱਖਤਾ ਦੇ ਇਸ ਸਿਧਾਂਤ ਕਾਰਨ ਇਹ ਲਹਿਰ ਲੋਕ ਲਹਿਰ ਬਣ ਕੇ ਆਜ਼ਾਦੀ ਦੇ ਇਤਿਹਾਸ ਵਿੱਚ ਗੌਰਵਮਈ ਸਥਾਨ ਪ੍ਰਾਪਤ ਕਰ ਗਈ।

**—ਭੂਮਿਕਾ ਵਿਚੋਂ**

### ਹਾਇਕ ਲੋਕ ਰੰਗ

(ਹਾਇਕ ਸੰਗ੍ਰਹਿ)
**ਕਸ਼ਮੀਰੀ ਲਾਲ ਚਾਵਲਾ**
**ਪੰਨੇ : 143, ਕੀਮਤ : 250 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**




ਅਸੀਂ ਇਸ ਪੁਸਤਕ ਵਿੱਚ "ਹਾਇਕੂ ਲੋਕ ਰੰਗ" ਵਿੱਚ ਲੋਕ ਜੀਵਨ, ਬੋਲਚਾਲ, ਸੰਸਕ੍ਰਿਤੀ, ਪਹਿਰਾਵਾ, ਰੁੱਤਾਂ ਦੀ ਮਸਤੀ, ਭਾਸ਼ਾ, ਸੱਭਿਆਚਾਰ, ਪ੍ਰਕਿਰਤੀ, ਧਰਤੀ, ਪਹਿਰਾਵਾ, ਸਮਾਜ, ਪ੍ਰੇਮ, ਜੱਗ ਦੀ ਨਾਸ਼ਵਾਨਤਾ, ਨਦੀ, ਨਾਲੇ, ਜੀਵਨ, ਪਹਾੜ, ਪੰਛੀ, ਜਾਨਵਰ ਅਤੇ ਖੇਤੀਬਾੜੀ ਦੇ ਰੰਗਾਂ ਨੂੰ ਸਮੇਟਣ ਦੀ ਕੋਸ਼ਿਸ਼ ਕੀਤੀ ਹੈ। ਇਹ ਪੁਸਤਕ ਲੋਕ ਰੰਗਾਂ ਨਾਲ ਭਰਪੂਰਤਾ ਕਾਰਨ ਵਿਸ਼ੇਸ਼ ਸਥਾਨ ਰੱਖੇਗੀ, ਕਿਉਂਕਿ ਇਸ ਵਿੱਚ ਅਸੀਂ ਚੋਕਾ, ਹਾਇਕੂ, ਹਾਇਕੂ ਦੋਹੇ, ਹਾਇਕੂ ਰੁਬਾਈ, ਹਾਇਕੂ ਸੋਰਠਾ ਆਦਿ ਰਚਨਾਵਾਂ ਸ਼ਾਮਲ ਕੀਤੀਆਂ ਹਨ। ਇਸ ਭੂਮੀ 'ਤੇ ਸਾਰੀਆਂ ਰੁੱਤਾਂ ਮੌਜੂਦ ਹਨ, ਜਿਨ੍ਹਾਂ ਦਾ ਅਸਰ ਲੋਕ ਜੀਵਨ ਵਿੱਚੋਂ ਲੋਕ ਰੰਗ ਦੇ ਤੌਰ 'ਤੇ ਫੜਨ ਅਤੇ ਰੰਗਾਂ ਦੀ ਬਹਾਰ ਵੱਖ-ਵੱਖ ਲੋਕਾਂ ਦੀ ਮਾਨਸਿਕਤਾ ਨੂੰ ਇੱਕ ਧਾਗੇ ਵਿੱਚ ਪ੍ਰੋਣ ਦੀ ਕੋਸ਼ਿਸ਼ ਕੀਤੀ ਹੈ।

**—ਬੈਕ ਪੰਨੇ ਤੋਂ**

### ਸੂਲੀ 'ਤੇ ਮੁਸਕਾਏ ਸੂਰਮੇ

**ਪ੍ਰੇਮ ਸਰੂਪ ਛਾਜਲੀ**
**ਪੰਨੇ : 79, ਕੀਮਤ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਨ ਵਾਲੇ ਬਹਾਦਰਾਂ ਦੀ ਕਤਾਰ ਬੜੀ ਲੰਮੀ ਹੈ। ਆਪਣੀ ਸਰਜ਼ਮੀਂ ਨੂੰ ਬਰਤਾਨਵੀ ਸਾਮਰਾਜ ਤੋਂ ਮੁਕਤ ਕਰਾਉਣ ਲਈ ਸਿਰਲੱਥ ਯੋਧਿਆਂ ਦਾ ਇਤਿਹਾਸ ਫਰੋਲਦਿਆਂ ਸੱਚਮੁੱਚ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਜਦੋਂ ਅਸੀਂ ਉਨ੍ਹਾਂ ਬਾਰੇ ਜਾਣਦੇ ਹਾਂ ਕਿ ਉਨ੍ਹਾਂ ਨੇ ਅਸਹਿ ਤਸੀਹੇ ਜਰਦਿਆਂ, ਜੇਲ੍ਹਾਂ ਦੀਆਂ ਕਾਲ ਕੋਠੜੀਆਂ ਨੂੰ ਹੀ ਘਰ ਬਣਾ ਲਿਆ, ਪਰ ਸੀਅ ਨਹੀਂ ਵੱਟੀ, ਹੱਸ ਕੇ ਫ਼ਾਂਸੀ ਦੇ ਰੱਸੇ ਚੁੰਮਦਿਆਂ ਆਪਣਾ ਜੀਵਨ ਹੀ ਪਿਆਰੇ ਲੋਕਾਂ ਦੀ ਮੁਕਤੀ ਲਈ ਲਾ ਦਿੱਤਾ। ਸਾਨੂੰ ਉਨ੍ਹਾਂ 'ਤੇ ਫ਼ਖ਼ਰ ਮਹਿਸੂਸ ਹੁੰਦਾ ਹੈ। ਉਹ ਚਾਹੇ 1857 ਦੀ ਕ੍ਰਾਂਤੀ ਦੇ ਬਾਗ਼ੀ ਹੋਣ, ਗ਼ਦਰ ਲਹਿਰ ਦੇ ਗ਼ਦਰੀ ਬਾਬੇ ਹੋਣ, ਬੱਬਰ ਲਹਿਰ ਦੇ ਮਰਜੀਵੜੇ ਹੋਣ, ਨੌਜਵਾਨ ਭਾਰਤ ਸਭਾ ਦੇ ਕਾਰਕੁੰਨ ਹੋਣ, ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਦੇ ਕ੍ਰਾਂਤੀਕਾਰੀ ਹੋਣ, ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀ ਹੋਣ ਜਾਂ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਅੰਗਰੇਜ਼ ਸਰਕਾਰ ਨਾਲ ਮੱਥਾ ਲਾਉਣ ਵਾਲੇ ਹਜ਼ਾਰਾਂ ਬੇਨਾਮ ਸ਼ਹੀਦ ਹੋਣ, ਸਭ ਦਾ ਇੱਕੋ ਹੀ ਉਦੇਸ਼ ਸੀ,-ਹਿੰਦੋਸਤਾਨ ਨੂੰ ਬ੍ਰਿਟਿਸ਼ ਸਾਮਰਾਜ ਦੇ ਚੁੰਗਲ ਤੋਂ ਆਜ਼ਾਦ ਕਰਾਉਣਾ। ਉਨ੍ਹਾਂ ਦੇ ਇਸ ਨਿਸ਼ਕਾਮ ਮੰਤਵ ਅੱਗੇ ਸਿਰ ਝੁਕਦਾ ਹੈ। ਸਾਰੇ ਕ੍ਰਾਂਤੀਕਾਰੀਆਂ ਨੂੰ ਸਲਾਮ!

**—ਭੂਮਿਕਾ ਵਿਚੋਂ**

# ਪੁਸਤਕ ਰੀਵਿਊ

### ਸ਼ਾਮ ਚੌਰਾਸੀ ਚੌਗਿਰਦੇ ਦੇ ਬੱਬਰ ਅਕਾਲੀ

**ਡਾ. ਗੁਰਦੇਵ ਸਿੰਘ ਸਿੱਧੂ ਤੇ ਰਾਮ ਕ੍ਰਿਸ਼ਨ ਚੌਧਰੀ**
**ਪੰਨੇ : 200, ਕੀਮਤ : 270 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਸ਼ਾਮ ਚੌਰਾਸੀ ਚੌਗਿਰਦੇ ਦੇ ਬੱਬਰ ਅਕਾਲੀ' ਪੁਸਤਕ ਡਾ. ਗੁਰਦੇਵ ਸਿੰਘ ਸਿੱਧੂ ਤੇ ਰਾਮ ਕ੍ਰਿਸ਼ਨ ਚੌਧਰੀ ਦੁਆਰਾ ਲਿਖੀ ਹੋਈ ਹੈ।ਸ਼ਹੀਦਾਂ ਦੀ ਤਸਵੀਰਾਂ ਦੇ ਸਰਵਰਕ ਵਾਲੀ ਪੁਸਤਕ ਨੂੰ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।ਪੁਸਤਕ ਦੇ ਆਰੰਭ ਵਿੱਚ ਰਾਮ ਕ੍ਰਿਸ਼ਨ ਚੌਧਰੀ ਨੇ ਬੱਬਰ ਅਕਾਲੀ ਦੇਸ਼ ਭਗਤਾਂ ਪ੍ਰਤੀ ਸ਼ਰਧਾ ਸੁਮਨ ਅੰਕਿਤ ਕੀਤੇ ਹਨ। ਉਪਰੰਤ ਪੰਜਾਬ ਵਿਧਾਨ ਸਭਾ ਹਲਕਾ, ਸ਼ਾਮ ਚੌਰਾਸੀ ਦੇ ਐੱਮ ਐੱਲ ਏ ਡਾ. ਰਵਜੋਤ ਸਿੰਘ ਦੇ ਵਿਚਾਰ ਹਨ। ਭੂਮਿਕਾ ਵਿੱਚ ਡਾ. ਗੁਰਦੇਵ ਸਿੰਘ ਸਿੱਧੂ ਨੇ ਪੁਸਤਕ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ। ਬੱਬਰ ਅਕਾਲੀ ਲਹਿਰ 'ਤੇ ਇੱਕ ਪੰਛੀ ਝਾਤ ਮਰਵਾ ਕੇ ਸ਼ਾਮ ਚੌਰਾਸੀ ਦੇ ਬੱਬਰ ਅਕਾਲੀਆਂ ਬਾਰੇ ਦੱਸਦਿਆਂ ਉਹਨਾਂ ਦੀਆਂ ਸਜ਼ਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਲਾਹੌਰ, ਮੁਲਤਾਨ, ਸੈਲੂਲਰ ਜੇਲ੍ਹਾਂ ਵਿਚਲੇ ਉਹਨਾਂ ਦੇ ਸੰਘਰਸ਼ ਬਾਰੇ ਦੱਸਦਿਆਂ ਉਮਰ ਕੈਦ ਕੱਟ ਰਹੇ ਬੱਬਰ ਅਕਾਲੀਆਂ ਦੀ ਰਿਹਾਈ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪੁਸਤਕ ਵਿੱਚ ਬੱਬਰ ਅਕਾਲੀ ਲਹਿਰ ਦਾ 'ਸਰਾਬਾ' ਕਹਿਲਾਉਣ ਵਾਲਾ ਬੱਬਰ ਦਲੀਪ ਸਿੰਘ, ਬੱਬਰ ਸੰਤ ਠਾਕੁਰ ਸਿੰਘ ਮੰਡਿਆਲ, ਬੱਬਰ ਪਿਆਰਾ ਸਿੰਘ ਧਾਮੀਆਂ ਕਲਾਂ, ਬੱਬਰ ਸੁਰੈਣ ਸਿੰਘ ਕੰਗ ਮਾਈ, ਬੱਬਰ ਰਤਨ ਸਿੰਘ ਸਿੰਗੜੀਵਾਲ, ਬੱਬਰ ਦੁੱਮਣ ਸਿੰਘ ਪੰਡੋਰੀ ਮਹਾਤਮ, ਬੱਬਰ ਅਮਰ ਸਿੰਘ ਰਾਜੋਵਾਲ, ਬੱਬਰ ਸ਼ਾਮ ਸਿੰਘ ਰਾਇਸੀਵਾਲ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਸੈਸ਼ਨ ਕੋਰਟ ਦੀ ਕਾਰਵਾਈ ਦੌਰਾਨ ਦੋਸ਼ੀਆਂ ਦੀ ਪੁੱਛ ਪੜਤਾਲ ਦੇ ਬਿਆਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੱਬਰ ਮਾਸਟਰ ਉਜਾਗਰ ਸਿੰਘ ਧਾਮੀਆਂ ਕਲਾਂ, ਬੱਬਰ ਧਰਮ ਸਿੰਘ ਧਾਮੀਆਂ ਕਲਾਂ, ਬੱਬਰ ਜੀਵਨ ਸਿੰਘ ਧਾਮੀਆਂ ਕਲਾਂ ਵਰਗੇ ਬੱਬਰ ਅਕਾਲੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਅਖੀਰ ਵਿੱਚ ਪੁਸਤਕ ਦੀ ਸਮਗਰੀ ਇਕੱਤਰ ਕਰਨ ਵਿੱਚ ਮਦਦ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਪੁਸਤਕ ਸੂਚੀ ਅੰਕਿਤ ਕੀਤੀ ਗਈ ਹੈ। ਪੁਸਤਕ ਦੇ ਅਖੀਰ ਵਿੱਚ ਛੋਟੇ ਬੱਬਰ ਅਕਾਲੀ ਦੇਸ਼ ਭਗਤ ਯੋਧਿਆਂ ਦੀ ਬੰਬੇਲੀ ਕਪੂਰਥਲਾ ਵਿਖੇ ਖਿੱਚੀ ਗਈ ਇੱਕ ਯਾਦਗਾਰੀ ਤਸਵੀਰ ਸਾਂਝੀ ਕੀਤੀ ਗਈ ਹੈ। ਪੁਸਤਕ ਦਾ ਵਿਸਤਾਰ ਤੇ ਸਮਗਰੀ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਡਾ. ਗੁਰਦੇਵ ਸਿੰਘ ਸਿੱਧੂ ਤੇ ਰਾਮ ਕ੍ਰਿਸ਼ਨ ਚੌਧਰੀ ਨੇ ਬਹੁਤ ਹੀ ਮਿਹਨਤ ਦੇ ਨਾਲ ਇਸ ਪ੍ਰੋਜੈਕਟ ਨੂੰ ਪੂਰਾ ਕੀਤਾ ਹੈ। ਪੁਸਤਕ ਦਾ ਅਧਿਐਨ ਕਰਕੇ ਪੁਰਾਤਨ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਬਾਰੇ ਭਰਪੂਰ ਜਾਣਕਾਰੀ ਦੇ ਨਾਲ-ਨਾਲ ਸ਼ਾਮ ਚੌਰਾਸੀ ਵਰਗੀ ਧਰਤੀ ਪ੍ਰਤੀ ਸਾਡਾ ਸਿਰ ਨਤਮਸਤਕ ਹੋ ਜਾਂਦਾ ਹੈ। ਜਿਸ ਧਰਤੀ ਨੂੰ ਇਹਨਾਂ ਸ਼ਹੀਦਾਂ ਨੇ ਆਪਣੇ ਲਹੂ ਦੇ ਨਾਲ ਸਿੰਜਿਆ ਹੈ।ਪੜ੍ਹਨਯੋਗ ਪੁਸਤਕ ਹੈ। ਗਿਆਨ ਵਿੱਚ ਵਾਧਾ ਕਰਨ ਵਾਲੀ ਪੁਸਤਕ ਹੈ ਤੇ ਸ਼ਹੀਦਾਂ ਪ੍ਰਤੀ ਉਹਨਾਂ ਦੀ ਕੁਰਬਾਨੀ ਪ੍ਰਤੀ ਸਤਿਕਾਰ ਪੈਦਾ ਕਰਨ ਵਾਲੀ ਪੁਸਤਕ ਹੈ। ਸੋ ਇਸ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

**—ਡਾ. ਭੁਪਿੰਦਰ ਕੌਰ**

### ਜਗਤ ਤਮਾਸ਼ਾ

(ਕਾਵਿ-ਸੰਗ੍ਰਹਿ)
**ਜਸਪਾਲ ਸਿੰਘ ਦੇਸੂਵੀ**
**ਪੰਨੇ: 108, ਮੁੱਲ: 250 ਰੁਪਏ**
**ਜੇ ਪੀ ਪਬਲੀਕੇਸ਼ਨ, ਪਟਿਆਲ਼ਾ**

ਜਸਪਾਲ ਸਿੰਘ ਦੇਸੂਵੀ ਮੂਲ ਰੂਪ ਵਿੱਚ ਕਵੀ ਹੈ। ਸੂਫੀਆਨਾ ਰੰਗ ਉਹਦੀ ਕਵਿਤਾ ਦਾ ਮੀਰੀ ਗੁਣ ਹੈ। ਉਹਦੀ ਕਵਿਤਾ ਸਵਾਤੀ ਬੂੰਦ ਦੀ ਡਾਢੀ ਲੋਚਾ ਰੱਖਦੀ ਹੈ। ਤਾਜ਼ਾ ਕਾਵਿ ਸੰਗ੍ਰਹਿ 'ਜਗਤ ਤਮਾਸ਼ਾ' ਤੋਂ ਪਹਿਲਾਂ ਉਨ੍ਹਾ ਸਵਾਤੀ ਬੂੰਦ (ਸੂਫੀ ਕਾਵਿ), ਇਸ਼ਕ, ਕੀ ਹਕੀਕੀ ਕੀ ਮਿਜ਼ਾਜੀ (ਕਾਵਿ ਸੰਗ੍ਰਹਿ) ਅਤੇ ਜਾਮ ਫ਼ਿਰੋਜ਼ੀ (ਸੂਫੀ ਕਾਵਿ) ਪੁਸਤਕਾਂ ਸਾਹਿਤ ਜਗਤ ਨੂੰ ਦਿੱਤੀਆਂ ਹਨ।

ਹੱਥਲੀ ਪੁਸਤਕ ਦੇ ਸ਼ੁਰੂਆਤ ਵਿੱਚ ਹੀ ਜਦੋਂ ਉਹ ਲਿਖਦੇ ਹਨ, 'ਪੰਦਰਾਂ ਲੱਖ ਉਜਾੜੇ, ਲੱਖਾਂ ਕਤਲ ਹੋਏ/ ਰੋ-ਰੋ ਕਹਿੰਦੀ ਦਾਦੀ, ਪੁੱਛ ਲਓ ਬਾਬੇ ਨੂੰ/ ਸਾਨੂੰ ਕਿਹੜੀ ਮਿਲ਼ੀ ਆਜ਼ਾਦੀ, ਪੁੱਛ ਲਓ ਬਾਬੇ ਨੂੰ' ਅਤੇ 'ਮੈਂ ਵੰਡੀ ਮੇਰੀ ਬੋਲੀ ਵੰਡੀ, ਕਾਹਦੀਆਂ ਮਿਲਣ ਸਜ਼ਾਵਾਂ/ ਧਰਤ ਮੇਰੇ ਪੰਜਾਬ ਦੀ ਰੋਵੇ, ਕਿਸ ਨੂੰ ਦਰਦ ਸੁਣਾਵਾਂ' ਤਾਂ ਉਹਦੇ ਦੇ ਦਿਲ ਦੀ ਪੀੜ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ। ਉਜਾੜੇ ਦੀ ਮਾਰ ਝੱਲਦਿਆਂ ਹਰ ਪੰਜਾਬੀ ਦਿਲ ਲੀਰੋ-ਲੀਰ ਹੋਇਆ ਉਹਦੀ ਕਵਿਤਾ ਵਿੱਚੋਂ ਝਲਕਦਾ ਹੈ। ਜ਼ਾਲਮ ਹਾਕਮਾਂ ਵੱਲੋਂ ਕੀਤੇ ਏਸ ਤਮਾਸ਼ੇ ਨੂੰ ਉਹ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ।

ਦੇਸੂਵੀ ਦੀ ਕਵਿਤਾ ਨਿਰਾ ਦਿਲ ਦਾ ਦਰਦ ਹੀ ਨਹੀਂ ਪ੍ਰਗਟਾਉਂਦੀ, ਉਹਦੀ ਕਵਿਤਾ ਜ਼ੁਲਮ ਵਿਰੁੱਧ ਅੜ ਖਲੋਣ ਦਾ ਜ਼ੇਰਾ ਵੀ ਰੱਖਦੀ ਹੈ। ਉਹ ਲਿਖਦੈ, 'ਤੂੰ ਚੱਲ ਪੁੱਤਰਾ ਅਸੀਂ ਤੇਰਾ ਹੱਕ ਬਚਾ ਕੇ ਆਵਾਂਗੇ/ ਹਾਕਮ ਦੀ ਹਿੱਕ ਉੱਤੇ ਭੰਗੜਾ ਪਾ ਕੇ ਆਵਾਂਗੇ।'

ਦੇਸ਼ ਦੀ ਗੰਧਲ਼ੀ ਰਾਜਨੀਤੀ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਿਆਂ ਉਹ ਭਲੀਭਾਂਤ ਸਮਝਦੈ ਕਿ ਇਹ ਸਿਆਸੀ ਲੋਕ ਆਪਣੇ ਫਾਇਦੇ ਲਈ ਐਵੇਂ ਹੀ ਪਾਣੀ ਵਿੱਚ ਮਧਾਣੀ ਪਾਈ ਬੈਠੇ ਹਨ। ਪਾਣੀ ਵਿੱਚ ਮਧਾਣੀ ਪਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਂਦੇ ਹਨ। ਕਿਤਾਬੀ ਮੰਤਰਾਂ ਨਾਲ਼ ਲੋਕ ਕੀਲੇ ਗਏ ਜਾਪਦੇ ਹਨ, ਟਿਕਟਿਕੀ ਲਗਾ ਕੇ ਇਹ ਜਗਤ ਤਮਾਸ਼ਾ ਦੇਖ ਰਹੇ ਹਨ। ਉਹ ਲਿਖਦੈ, 'ਮੇਰੇ ਦੇਸ਼ ਵਿੱਚ ਲੋਕਤੰਤਰ ਵੀ ਇੱਕ ਕਿਤਾਬੀ ਮੰਤਰ ਬਣਿਆ/ ਸੰਸਦ ਦੇ ਵਿੱਚ ਬਹਿਸ ਵੀ ਹੁੰਦੀ, ਪਾਣੀ ਪਈ ਮਧਾਣੀ ਵਰਗੀ।'

ਅਜਿਹੇ ਵਰਤਾਰੇ ਨੂੰ ਸਮਝਦਿਆਂ, ਵਾਚਦਿਆਂ ਉਹਦਾ ਕਵੀ ਮਨ ਕਹਿ ਉੱਠਦਾ ਹੈ, 'ਚੱਲ ਬੁਲੰਦ ਜੈਕਾਰਾ ਕਰ/ ਨਵਯੁੱਗ ਲਈ ਕੋਈ ਚਾਰਾ ਕਰ/ ਜੋ ਕਰ ਸਕਦੈਂ ਓਨਾ ਕਰ ਲੈ/ ਕੌਣ ਕਹੇ ਕਿ ਸਾਰਾ ਕਰ?' ਦੇਸੂਵੀ ਦੀ ਕਵਿਤਾ ਲਾਚਾਰ ਨਹੀਂ, ਅਪੰਗ ਨਹੀਂ, ਦਬੰਗ ਹੈ। ਉਹਦੀ ਕਵਿਤਾ ਆਮ ਮਨੁੱਖ ਨੂੰ ਸਹਿਯੋਗ ਕਰਦਿਆਂ ਸੰਘਰਸ਼ ਲਈ ਪ੍ਰੇਰਿਤ ਕਰਦੀ ਹੈ। ਕਵਿਤਾ ਦੀਆਂ ਉਕਤ ਸਤਰਾਂ ਏਸੇ ਨੁਕਤੇ ਦੀ ਗਵਾਹੀ ਭਰਦੀਆਂ ਹਨ।ਉਸ ਦੀ ਕਵਿਤਾ ਉਸ ਚਿੜੀ ਦੀ ਦਲੇਰੀ ਦੀ ਬਾਤ ਪਾਉਂਦੀ ਜਾਪਦੀ ਹੈ, ਜਿਹੜੀ ਸਮੁੰਦਰ ਨੂੰ ਪੀ ਜਾਣ ਦਾ ਹੀਆ ਕਰਦੀ ਹੈ।

ਰੋਜ਼ੀ-ਰੋਟੀ ਲਈ ਸੰਘਰਸ਼ ਕਰਦਿਆਂ ਜਸਪਾਲ ਸਿੰਘ ਦੇਸੂਵੀ ਨੂੰ ਥਾਂ-ਥਾਂ ਦੀ ਖਾਕ ਛਾਣਦਿਆਂ ਪਰਵਾਸ ਹੰਢਾਉਣਾ ਪਿਆ। ਆਪਣਾ ਮੁਲਕ ਛੱਡ ਕੈਨੇਡਾ ਦੀ ਧਰਤੀ ਗਾਹੀ, ਪਰ ਜਨਮ ਭੂਮੀ ਦਾ ਹੇਰਵਾ ਓਹਦੇ ਨਾਲ਼-ਨਾਲ਼ ਨਿਭਿਆ। ਮਾਂ ਧਰਤੀ ਤੇ ਮਾਂ ਬੋਲੀ ਪ੍ਰਤੀ ਉਹਦਾ ਹੇਜ ਡੂੰਘਾ ਹੁੰਦਾ ਰਿਹਾ। ਉਹ ਲਿਖਦੈ, 'ਜਦੋਂ ਪ੍ਰੀਤ ਦੇ ਤਰਾਨਿਆਂ ਦਾ ਛਿੜ ਜਾਣਾ ਰਾਗ/ ਸਾਂਝੀ ਬੋਲੀ, ਸਾਂਝੇ ਗੀਤ, ਅਲਫਾਜ਼ ਹੋਣਗੇ।'

ਕਵਿਤਾ ਦੇਸੂਵੀ ਨੂੰ ਸਵਾਂਤੀ ਬੂੰਦ ਬਣ ਮਿਲਦੀ ਹੈ। ਕਵਿਤਾ ਰਾਹੀਂ ਉਹ ਇਸ਼ਕ ਹਕੀਕੀ, ਇਸ਼ਕ ਮਿਜ਼ਾਜੀ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਹੈ। ਕਵਿਤਾ ਰਾਹੀਂ ਦੇਸੂਵੀ ਜਾਮ ਫ਼ਿਰੋਜ਼ੀ ਗ੍ਰਹਿਣ ਕਰਦਾ ਹੈ। ਉਹਦੀ ਕਵਿਤਾ ਮਹਿਫਲਾਂ ਵਿੱਚ ਸੱਚ ਦੇ ਆਗਾਜ਼ ਦੀ ਤਵੱਕੋ ਰੱਖਦੀ ਹੈ, ਕਿਉਂਕਿ ਸਤਯੁੱਗੀ ਵੇਲ਼ਿਆਂ ਵਿੱਚ ਹੀ ਨਵੇਂ ਸਾਜ਼ਿੰਦੇ ਤੇ ਨਵੇਂ ਸਾਜ਼ ਹੋ ਸਕਦੇ ਹਨ, ਜੋ ਅਜਿਹੇ ਸਮਿਆਂ ਨੂੰ ਲਿਆਉਣ ਦੇ ਹਾਮੀ ਹੋਣਗੇ। ਉਹਦੀ ਕਵਿਤਾ ਮਨੁੱਖ ਨੂੰ ਬਰਾਬਰਤਾ ਦੇ ਹੱਕ ਦੇਣ ਦੀ ਹਾਮੀ ਭਰਦੀ ਹੈ। ਉਹਦੀ ਕਵਿਤਾ ਸਮਾਜ ਵਿਚਲੇ ਹਰ ਤਰ੍ਹਾਂ ਦੇ ਵੱਟਾਂ, ਬੰਨਿਆਂ, ਟੋਇਆਂ-ਟਿੱਬਿਆਂ, ਜਾਤਾਂ-ਪਾਤਾਂ, ਰੰਗ, ਨਸਲ ਦੇ ਵਿਤਕਰਿਆਂ ਨੂੰ ਮਿਟਾ ਦੇਣਾ ਲੋਚਦੀ ਹੈ। ਇਸ ਵਰਤਾਰੇ ਵਿੱਚ ਉਹ ਆਪਣੇ ਆਪ ਨੂੰ ਵੀ ਨਹੀਂ ਬਖ਼ਸ਼ਦਾ। ਉਹ ਲਿਖਦੈ, 'ਖੜ੍ਹਾ ਕਰਾਂਗੇ ਕਤਾਰ ਵਿੱਚ, ਤੈਨੂੰ ਵੀ ਦੇਸੂਵੀ/ ਫਿਰ ਵੇਖਾਂਗੇ ਕਿ ਤੇਰੇ ਕੀ ਮਿਜ਼ਾਜ ਹੋਣਗੇ।' ਉਹਦੀ ਕਵਿਤਾ ਦੀਆਂ ਇਹ ਸਤਰਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਦਮਗਜ਼ੇ ਤਾਂ ਹਰ ਕੋਈ ਮਾਰਦਾ ਹੈ, ਗੱਲੀਂ-ਬਾਤੀਂ ਹਰ ਕਵੀ, ਲੇਖਕ, ਸਾਹਿਤਕਾਰ, ਰਾਜਨੀਤੀਵਾਨ, ਅਧਿਕਾਰੀ, ਲੋਕ ਸੇਵਕ, ਕੀ ਲੀਡਰ ਤੇ ਕੀ ਸਮਾਜ ਸੇਵੀ? ਅਫਸੋਸ, ਅਮਲੀ ਰੂਪ ਵਿੱਚ ਕਿਧਰੇ ਕੁਝ ਵੀ ਦਿਖਾਈ ਨਹੀਂ ਦਿੰਦਾ। ਅਜਿਹੇ ਵੇਲ਼ੇ ਉਹ ਆਪਣੇ ਆਪ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰਨ ਦਾ ਹਾਮੀ ਹੈ। ਦੇਸੂਵੀ ਦੀ ਚੇਤਨਾ ਤੇ ਚਿੰਤਨ ਵਿੱਚ ਜਿੱਥੇ ਪੰਜਾਬ ਦੇ ਪੱਕੇ ਅੰਬਾਂ ਦੀ ਖ਼ੁਸ਼ਬੂ ਸਮਾਈ ਹੋਈ ਹੈ, ਉੱਥੇ ਕੈਨੇਡਾ ਦੇ ਮੈਪਲ ਵੀ ਓਨੇ ਹੀ ਧੂਮ ਪਾਉਂਦੇ ਹਨ।

ਉਹ ਗੀਤ ਲਿਖਦੈ, ਗ਼ਜ਼ਲ ਲਿਖਦੈ, ਛੰਦਬੱਧ ਕਵਿਤਾ ਲਿਖਦੈ ਤੇ ਛੰਦ ਮੁਕਤ ਕਵਿਤਾ ਵੀ। ਉਹਦੀ ਕਵਿਤਾ ਵਿੱਚ ਨਿੱਜੀ ਪੀੜ ਦੇ ਨਾਲ਼-ਨਾਲ਼ ਲੋਕ ਪੀੜ ਵੀ ਸ਼ਾਮਲ ਹੈ। ਉਹਦੀ ਕਵਿਤਾ ਆਸਤਿਕਤਾ ਦਾ ਲੜ ਫੜੀ ਰੱਖਦੀ ਹੈ। ਉਹਦੀ ਕਵਿਤਾ ਬਹੁਤੇ ਬਖੇੜਿਆਂ ਵਿੱਚ ਨਹੀਂ ਪੈਂਦੀ। 'ਮੇਰੇ ਮੁਰਸ਼ਦ/ ਤੂੰ ਬੁੱਧ ਦੀ ਚੁੱਪ ਵਿੱਚ ਨੱਚਦਾ ਬੁੱਲ੍ਹਾ ਏਂ/ ਬੁੱਲ੍ਹਾ ਦੇ ਗੀਤਾਂ ਵਿੱਚ ਖਿੜਿਆ ਬੈਠਾ ਬੁੱਧ।'

**—ਸੁਰਜੀਤ ਸੁਮਨ**

### ਮੰਡੀ ਰਹੀਮ ਖਾਂ

**ਸੁਖਵਿੰਦਰ ਸਿੰਘ ਬਾਲੀਆਂ**
**ਮੁੱਲ-250 ਰੁਪਏ**
**ਪੀਪਲਜ਼ ਫਾਰਮ ਬਰਗਾੜੀ, ਪੰਜਾਬ**

ਸੁਖਵਿੰਦਰ ਸਿੰਘ ਬਾਲੀਆਂ ਪੰਜਾਬੀ ਸਾਹਿਤ ਦੇ ਪਿੜ ਵਿੱਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ, ਪਿਛਲੇ ਨਾਵਲ 'ਨਹਿਰੋਂ ਪਾਰ' ਰਾਹੀਂ ਪੰਜਾਬੀ ਪਾਠਕਾਂ ਦਾ ਮਨ ਜਿੱਤ ਲਿਆ। ਪੰਜਾਬੀ ਸਾਹਿਤ ਦੀ ਸੇਵਾ ਦਾ ਕਾਰਜ ਨਿਰੰਤਰ ਜਾਰੀ ਹੈ, ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਦੂਸਰਾ ਨਾਵਲ 'ਮੰਡੀ ਰਹੀਮ ਖਾਂ' ਪਾ ਰਹੇ ਹਨ। ਸੁਖਵਿੰਦਰ ਸਿੰਘ ਬਾਲੀਆਂ ਪਿੰਡ ਬਾਲੀਆਂ ਜ਼ਿਲ੍ਹਾ ਸੰਗਰੂਰ ਦੇ ਜੰਮਪਲ ਹਨ। ਮਿਲਾਪੜੇ ਸੁਭਾਅ ਦੀ ਇਹ ਸ਼ਖ਼ਸੀਅਤ ਆਪਣੇ ਪੇਸ਼ੇ ਵਜੋਂ ਸਿੱਖਿਆ ਵਿਭਾਗ ਵਿੱਚ ਬਤੌਰ ਮਾਸਟਰ ਕਾਰਜ ਕਰ ਰਹੀ ਹੈ, ਜੇਕਰ ਇਹਨਾਂ ਦੇ ਨਾਵਲ 'ਮੰਡੀ ਰਹੀਮ ਖਾਂ' ਦੀ ਗੱਲ ਕੀਤੀ ਜਾਵੇ ਤਾਂ 1930 ਦੇ ਦਹਾਕੇ ਦੇ ਆਸ-ਪਾਸ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਦੇ ਜਨਜੀਵਨ ਦਾ ਬਿਰਤਾਂਤ ਵੇਖਣ ਨੂੰ ਮਿਲਦਾ ਹੈ, ਕਿਸ ਤਰ੍ਹਾਂ ਅੰਗਰੇਜ਼ਾਂ ਨੇ ਚੜ੍ਹਦੇ ਪੰਜਾਬ ਦੀਆਂ ਜ਼ਮੀਨਾਂ ਨੂੰ ਉਪਜਾਊ ਕਰਨ ਲਈ ਮੁਰੱਬੇ ਵੰਡ ਕੇ ਲੋਕਾਂ ਨੂੰ ਭੇਜਿਆ। ਸੈਨਾ ਵਿੱਚੋਂ ਸੇਵਾ-ਮੁਕਤ, ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ, ਕਰਨ ਵਾਲਾ ਉਹਨਾਂ ਦੀ ਖ਼ੁਸ਼ਾਮਦ ਅਧੀਨ ਵਿਅਕਤੀ ਆਦਿ ਨੂੰ ਮੁਰੱਬੇ ਦੇ ਕੇ ਨਿਵਾਜਿਆ ਜਾਂਦਾ ਸੀ। ਇਹ ਮੁਰੱਬੇ ਕੋਈ ਉਪਜਾਊ ਜਾਂ ਜ਼ਰਖੇਜ਼ ਨਹੀਂ ਸਨ, ਬਲਕਿ ਉਜਾੜ ਅਤੇ ਜੰਗਲੀ ਇਲਾਕੇ ਵਿੱਚ ਹੁੰਦੇ ਸਨ, ਇਸ ਨਾਵਲ ਵਿੱਚ ਦੇਸ਼ ਦੀ ਵੰਡ ਸਮੇਂ ਪੰਜਾਬ ਦੀ ਵੰਡ ਦਾ ਦੁਖਾਂਤ, ਭਰੇ ਹੋਏ ਘਰ ਛੱਡਣੇ, ਆਪਣੀ ਭਾਈਚਾਰਕ ਸਾਂਝ ਨੂੰ ਫਿਰਕੂ ਰੰਗ ਵਿੱਚ ਵੇਖਣਾ, ਦੂਜੀ ਸੰਸਾਰ ਜੰਗ, ਉੱਜੜ ਕੇ ਵਸਣਾ ਅਨੇਕਾਂ ਇਸ ਸਮਾਜਿਕ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੂਹਾਂ ਦਾ ਮਹੱਤਵ, ਮੇਲੇ, ਛਿੰਝਾਂ, ਵਿਆਹ, ਗੱਡੇ, ਪਾਣੀ ਦੀ ਵਾਰੀ, ਭਾਰਤ- ਪਾਕਿ ਵੰਡ ਦੀਆਂ ਗੱਲਾਂ, ਸਮਝਦਾਰੀ ਨਾਲ ਪਹਿਲਾਂ ਜਾਇਦਾਦ ਵੇਚ ਕੇ ਨਿਕਲਣਾ ਅਨੇਕਾਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਸ਼ਬਦਾਵਲੀ ਬਹੁਤ ਹੀ ਸਰਲ ਅਤੇ ਸਪੱਸ਼ਟ ਹੈ, ਨਾਵਲ ਨੂੰ ਲੜੀਵਾਰ ਪੜ੍ਹਨ 'ਤੇ ਜਗਿਆਸਾ ਲਗਾਤਾਰ ਵਧਦੀ ਜਾਂਦੀ ਹੈ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਇਹ ਨਾਵਲ ਵੰਡ ਤੋਂ ਪਹਿਲਾਂ ਦੇ ਘਟਨਾਕ੍ਰਮ ਨੂੰ ਚੰਗੀ ਤਰ੍ਹਾਂ ਬਿਰਤਾਂਤ ਕਰਦਾ ਹੈ।

**— ਅਵਨੀਸ਼ ਲੌਂਗੋਵਾਲ**

# ਸਮਿਆਂ ਦਾ ਹਾਣੀ ਹੋ ਨਿੱਬੜਿਆ ਪਾਸ਼ ਯਾਦਗਾਰੀ ਸਾਹਿਤਕ ਸਮਾਗਮ

**ਬੰਗਾ**-ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਪੰਜਾਬੀ ਵਿਭਾਗ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਭਰਵੇਂ ਸਹਿਯੋਗ ਨਾਲ਼ ਹੋਇਆ ਸਮਾਗਮ ਲੋਕ ਮਨਾਂ ਦੀ ਡਾਇਰੀ 'ਤੇ ਅਮਿੱਟ ਛਾਪ ਛੱਡ ਗਿਆ। ਪਾਸ਼ ਦੀ ਕਵਿਤਾ ਵਾਂਗ ਹੀ ਉਸ ਦੀ ਵਾਰਤਕ ਵੀ ਸਾਡੇ ਦੇਸ਼ ਨੂੰ ਦਰਪੇਸ਼ ਮਸਲਿਆਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਤਲਾਸ਼ਣ ਲਈ ਅੱਜ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇਹ ਲਿਖੇ ਜਾਣ ਸਮੇਂ ਸੀ। ਪਾਸ਼ ਨੇ 1980ਵਿਆਂ ਵਿਚ ਪੰਜਾਬ ਵਿਚ ਉੱਭਰੇ ਫਿਰਕਾਪ੍ਰਸਤੀ ਦੇ ਵਰਤਾਰੇ ਨੂੰ ਬਾਬਾ ਨਾਨਕ ਦੀ ਸੋਚ ਅਤੇ ਪੰਜਾਬ ਦੇ ਮੂਲ ਸੱਭਿਆਚਾਰ ਨੂੰ ਆਤਮਸਾਤ ਕਰਕੇ ਸਮਝਿਆ ਅਤੇ ਫਿਰਕਾਪ੍ਰਸਤ ਤਾਕਤਾਂ ਤੇ ਇਨ੍ਹਾਂ ਨੂੰ ਆਪਣੇ ਲੋਕ ਵਿਰੋਧੀ ਰਾਜਨੀਤਕ ਮੁਫ਼ਾਦਾਂ ਵਾਸਤੇ ਵਰਤ ਰਹੀਆਂ ਲੋਕ ਦੁਸ਼ਮਣ ਤਾਕਤਾਂ ਵਿਰੁੱਧ ਅਵਾਮ ਨੂੰ ਜਾਗਰੂਕ ਕਰਨ ਲਈ ਕਲਮ ਨੂੰ ਹਥਿਆਰ ਬਣਾਇਆ। ਇਹ ਵਿਚਾਰ ਇੱਥੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪੈਂਜੀ ਇਕਮਿੰਦਰ ਸਿੰਘ ਸੰਧੂ ਸੈਮੀਨਾਰ ਹਾਲ ਵਿਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਵਸ 'ਤੇ 'ਪਾਸ਼ ਦੀ ਵਾਰਤਕ ਅਤੇ ਇਸ ਦੀ ਪ੍ਰਸੰਗਿਕਤਾ' ਵਿਸ਼ੇ ਉੱਪਰ ਬੋਲਦਿਆਂ ਨਾਮਵਰ ਚਿੰਤਕ ਡਾ. ਪਰਮਿੰਦਰ ਨੇ ਪ੍ਰਗਟ ਕੀਤੇ। ਵਿਚਾਰ ਚਰਚਾ ਸੈਸ਼ਨ ਦੀ ਪ੍ਰਧਾਨਗੀ ਪ੍ਰੋਫ਼ੈਸਰ ਜਗਮੋਹਣ ਸਿੰਘ, ਕਾਲਜ ਦੇ ਪ੍ਰਿੰਸੀਪਲ ਤਰਸੇਮ ਸਿੰਘ, ਜਸਵੰਤ ਜ਼ਫ਼ਰ, ਹਰਸ਼ਰਨ ਗਿੱਲ ਧੀਦੋ ਅਤੇ ਡਾ. ਅਰੀਤ ਨੇ ਕੀਤੀ।ਉਨ੍ਹਾਂ ਕਿਹਾ ਕਿ ਬਾਬਾ ਨਾਨਕ, ਉਨ੍ਹਾਂ ਤੋਂ ਪਹਿਲੇ ਤੇ ਉਨ੍ਹਾਂ ਦੇ ਸਮਕਾਲੀ ਚਿੰਤਕਾਂ ਦਾ ਮੁਹਾਵਰਾ ਬੇਸ਼ੱਕ ਧਾਰਮਿਕ ਸੀ, ਪਰ ਉਨ੍ਹਾਂ ਦਾ ਸਰੋਕਾਰ ਸਮਾਜਿਕ ਸੀ। ਉਨ੍ਹਾਂ ਨੇ ਆਲੇ-ਦੁਆਲੇ ਦੇ ਉਸਾਰ ਵਿਚ ਸੰਵਾਦ ਰਚਾਇਆ ਅਤੇ ਇਸ ਖਿੱਤੇ ਅੰਦਰਲੇ ਸੱਭਿਆਚਾਰਕ ਸੰਗਮ ਨੂੰ ਬੁਲੰਦ ਕਰਦਿਆਂ ਲੋਕ ਦੁਸ਼ਮਣ ਤਾਕਤਾਂ ਦੀ ਪਛਾਣ ਕੀਤੀ, ਦੱਬੇ-ਕੁਚਲੇ ਲੋਕਾਂ ਨੂੰ ਏਕਤਾ 'ਚ ਪਰੋਣ ਲਈ ਬਾਣੀ ਦੀ ਰਚਨਾ ਕੀਤੀ ਅਤੇ ਸੱਤਾ ਦੇ ਜ਼ੁਲਮਾਂ ਵਿਰੁੱਧ ਉੱਠਣ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ ਕਿ 18ਵੀਂ ਸਦੀ ਦੇ ਅੱਧ ਤੋਂ




ਬਾਅਦ ਹੀ ਰਹਿਤਨਾਮਿਆਂ ਆਦਿ ਰਾਹੀਂ ਸੰਸਥਾਗਤ ਮਜ਼੍ਹਬ ਉੱਭਰਿਆ, ਜਿਸ ਨੇ ਪੰਜਾਬ ਦੇ ਸਾਂਝੇ ਸੱਭਿਆਚਾਰ ਪ੍ਰਤੀ ਸਤਿਕਾਰ ਅਤੇ ਮੁਹੱਬਤ ਦੀਆਂ ਮੂਲ ਕਦਰਾਂ-ਕੀਮਤਾਂ ਦਾ ਨਿਖੇਧ ਕਰਦਿਆਂ ਧਾਰਮਿਕ ਨਫ਼ਰਤ ਅਤੇ ਫਿਰਕਾਪ੍ਰਸਤੀ ਦੀ ਬੁਨਿਆਦ ਤਿਆਰ ਕੀਤੀ, ਜਿਸ ਨੇ ਅੰਗਰੇਜ਼ ਬਸਤੀਵਾਦੀ ਰਾਜ ਵਿਚ ਤਿੱਖੇ ਵਖਰੇਵਿਆਂ ਤੇ ਫਿਰਕੂ ਝਗੜਿਆਂ ਦਾ ਰੂਪ ਅਖ਼ਤਿਆਰ ਕੀਤਾ। ਉਨ੍ਹਾਂ ਕਿਹਾ ਕਿ 1980ਵਿਆਂ ਵਿਚ ਪੰਜਾਬ ਨੇ ਦੁਵੱਲੀ ਦਹਿਸ਼ਤਗਰਦੀ ਦਾ ਸੰਤਾਪ ਹੰਢਾਇਆ ਹੈ। ਪਾਸ਼ ਨੇ ਪੰਜਾਬ ਮਸਲੇ ਦੀਆਂ ਵਿਚਾਰਧਾਰਕ ਅਤੇ ਰਾਜਸੀ ਤਹਿਆਂ ਨੂੰ ਪੰਜਾਬ ਦੇ ਸਾਂਝੇ ਸੱਭਿਆਚਾਰਕ ਪਰਿਪੇਖ ਵਿਚ ਸਮਝਿਆ ਅਤੇ ਵੱਖ-ਵੱਖ ਫਿਰਕਾਪ੍ਰਸਤ ਤਾਕਤਾਂ ਦੀ ਨਿਸ਼ਾਨਦੇਹੀ ਕਰਦਿਆਂ ਸਟੇਟ ਅਤੇ ਲੋਕ ਦੁਸ਼ਮਣ ਰਾਜਨੀਤਕ ਤਾਕਤਾਂ ਦੀ ਫਿਰਕਾਪ੍ਰਸਤੀ ਨੂੰ ਵਰਤਣ ਦੀ ਰਾਜਨੀਤਕ ਜ਼ਰੂਰਤ ਦੀ ਸਹੀ ਪਛਾਣ ਕੀਤੀ। ਪ੍ਰਿੰਸੀਪਲ ਤਰਸੇਮ ਸਿੰਘ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਚਾਰ-ਵਟਾਂਦਰਾ ਅਤੇ ਸੰਵਾਦ ਹੀ ਮਸਲਿਆਂ ਨੂੰ ਸਮਝਣ ਦਾ ਸਹੀ ਤਰੀਕਾ ਹੈ ਅਤੇ ਇਹ ਜਾਰੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਸ਼ ਦੀ ਵਾਰਤਕ ਉੱਪਰ ਪਹਿਲੀ ਚਰਚਾ ਸਾਹਿਤਕ ਤੇ ਸੰਘਰਸ਼ਾਂ ਦੀ ਇਤਿਹਾਸਕ ਵਿਰਾਸਤ ਵਾਲੇ ਸਾਡੇ ਕਾਲਜ ਵਿਚ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਸਮਾਗਮ ਨੂੰ ਪ੍ਰੋਫ਼ੈਸਰ ਜਗਮੋਹਣ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਸ਼ ਦਾ ਜਮਹੂਰੀ ਹੱਕਾਂ ਅਤੇ ਖ਼ਾਸ ਕਰਕੇ ਸਿੱਖਿਆ ਦੇ ਖੇਤਰ ਵਿਚ ਵੀ ਕਮਾਲ ਦਾ ਯੋਗਦਾਨ ਹੈ। ਪਾਸ਼ ਨੇ ਆਪਣੀ ਕਵਿਤਾ ਨੂੰ ਜ਼ਮੀਨੀ ਪੱਧਰ 'ਤੇ ਬੀਜਿਆ।

ਦੂਜੇ ਸੈਸ਼ਨ ਵਿਚ ਮਰਹੂਮ ਕਵੀ ਡਾ. ਸੁਰਜੀਤ ਪਾਤਰ, ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ ਅਤੇ ਬਾਵਾ ਬਲਵੰਤ ਨੂੰ ਯਾਦ ਕਰਦਿਆਂ ਖੜ੍ਹੇ ਹੋ ਕੇ ਡਾ. ਸੁਰਜੀਤ ਪਾਤਰ ਦੀ ਆਵਾਜ਼ ਵਿਚ ਗਾਏ ਬੋਲਾਂ, 'ਉੱਠ ਜਗਾ ਦੇ ਮੋਮਬੱਤੀਆਂ' ਸੰਗ ਆਤਮਸਾਤ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਜਸਵੰਤ ਜ਼ਫ਼ਰ, ਪ੍ਰੋਫ਼ੈਸਰ ਸੁਰਜੀਤ ਜੱਜ, ਦਰਸ਼ਨ ਖਟਕੜ, ਉਪਕਾਰ ਸਿੰਘ (ਭਰਾਤਾ ਲੋਕ ਕਵੀ ਸੁਰਜੀਤ ਪਾਤਰ), ਗੁਰਦਿਆਲ ਰੌਸ਼ਨ, ਹਰਮੀਤ ਵਿਦਿਆਰਥੀ, ਇਕਬਾਲ ਕੌਰ ਉਦਾਸੀ ਨੇ ਕੀਤੀ। ਕਵੀ ਦਰਬਾਰ ਵਿਚ ਹਰਵਿੰਦਰ ਭੰਡਾਲ, ਇਕਬਾਲ ਕੌਰ ਉਦਾਸੀ, ਦੀਪ ਕਲੇਰ, ਸ਼ਬਦੀਸ਼, ਮਨਪ੍ਰੀਤ ਜਸ, ਗੁਰਦਿਆਲ ਰੌਸ਼ਨ, ਦਰਸ਼ਨ ਖਟਕੜ, ਕੁਲਵੰਤ ਕੌਰ ਨਗਰ, ਉਪਕਾਰ ਸਿੰਘ, ਜਸਵੰਤ ਖਟਕੜ, ਹਰਸ਼ਰਨ ਗਿੱਲ ਧੀਦੋ, ਹਰਮੀਤ ਵਿਦਿਆਰਥੀ, ਸੁਨੀਲ ਚੰਦਿਆਣਵੀ, ਪ੍ਰੋਫ਼ੈਸਰ ਸੁਰਜੀਤ ਜੱਜ, ਪਰਮਜੀਤ ਦੇਹਲ, ਕੁਲਵਿੰਦਰ ਕੁੱਲਾ, ਜੀਵਨ ਚੰਦੇਲੀ, ਤਲਵਿੰਦਰ ਸ਼ੇਰਗਿੱਲ, ਜਸਵੰਤ ਜ਼ਫ਼ਰ, ਸ਼ਮਸ਼ੇਰ ਮੋਹੀ, ਮਨਜਿੰਦਰ ਕਮਲ, ਸਤਪਾਲ ਚਹਿਲ, ਜੀਵਨ, ਸ਼ਿੰਗਾਰਾ ਲੰਗੇਰੀ, ਅਨੀ ਕਾਠਗੜ੍ਹ, ਨੱਕਾਸ਼ ਚਿੱਤੇਵਨੀ ਅਤੇ ਸੁਖਮਨਵੀਰ ਸਿੰਘ ਨੇ ਆਪੋ-ਆਪਣੇ ਕਲਾਮ ਤੇ ਗੀਤ ਪੇਸ਼ ਕੀਤੇ।ਸਮਾਗਮ 'ਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ ਦਾ ਸੁਨੇਹਾ ਸਾਂਝਾ ਕੀਤਾ ਗਿਆ। ਇਸ ਸਮਾਗਮ ਦੀ ਤਿਆਰੀ ਅਤੇ ਪ੍ਰਚਾਰ ਮੁਹਿੰਮ 'ਚ ਕਵੀ ਅਮਰਜੀਤ ਚੰਦਨ ਦਾ ਜ਼ਿਕਰਯੋਗ ਸਹਿਯੋਗ ਰਿਹਾ।ਸਮਾਗਮ ਦੇ ਸਿਖ਼ਰ 'ਤੇ ਸਿੱਖ ਨੈਸ਼ਨਲ ਕਾਲਜ ਦੇ ਪੰਜਾਬੀ ਵਿਭਾਗ ਦੇ ਡਾ. ਨਿਰਮਲਜੀਤ ਨੇ ਪਾਸ਼ ਦੀ ਵਾਰਤਕ, ਕਵਿਤਾ ਅਤੇ ਇਸ ਦੀ ਪ੍ਰਸੰਗਿਕਤਾ ਬਾਰੇ ਮੁੱਲਵਾਨ ਵਿਚਾਰ ਸਾਂਝੇ ਕੀਤੇ। ਜ਼ਿਕਰਯੋਗ ਹੈ ਕਿ ਇਸ ਸਮਾਗਮ ਨੂੰ ਸਫ਼ਲਤਾ-ਪੂਰਵਕ ਨੇਪਰੇ ਚਾੜ੍ਹਨ ਲਈ ਪੰਜਾਬੀ ਵਿਭਾਗ ਸਿੱਖ ਨੈਸ਼ਨਲ ਕਾਲਜ ਬੰਗਾ, ਪਲਸ ਮੰਚ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਨਵਾਂ ਸ਼ਹਿਰ, ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਬੰਗਾ, ਦੋਆਬਾ ਰੰਗ ਮੰਚ ਮੰਗੂਵਾਲ, ਇਲਾਕੇ ਦੀਆਂ ਸਾਹਿਤਕ, ਸੱਭਿਆਚਾਰਕ, ਤਰਕਸ਼ੀਲ, ਜਮਹੂਰੀ ਅਤੇ ਲੋਕ ਪੱਖੀ ਜਨਤਕ ਜਮਹੂਰੀ ਸੰਸਥਾਵਾਂ ਨੇ ਭਰਵਾਂ ਸਹਿਯੋਗ ਦਿੱਤਾ।

ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਪ੍ਰਤੀਨਿਧ ਜਗੀਰ ਜੋਸਣ ਦੇ ਉੱਦਮ ਨਾਲ਼ ਪਾਸ਼ ਅਤੇ ਡਾ. ਸੁਰਜੀਤ ਪਾਤਰ ਨੂੰ ਸਮਰਪਿਤ ਪ੍ਰਭਾਵਸ਼ਾਲੀ ਸਮਾਗਮ ਇਸ ਲੜੀ ਵਿਚ ਹੋਇਆ। ਇਸ ਵਿਚ ਦਰਜਨਾਂ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਗੀਤਾਂ ਦਾ ਰੰਗ ਭਰਿਆ। ਕਵੀ ਹਰਮੀਤ ਵਿਦਿਆਰਥੀ ਉਚੇਚੇ ਤੌਰ 'ਤੇ ਖਿੜਦੀ ਫੁਲਵਾੜੀ ਦੇ ਇਸ ਬਾਗ਼ ਵਿਚ ਆਪਣੀਆਂ ਕਵਿਤਾਵਾਂ ਦੇ ਫੁੱਲ ਲੈ ਕੇ ਸ਼ਾਮਲ ਹੋਏ।ਇਉਂ ਕੁੱਲ ਮਿਲਾ ਕੇ ਜੇ ਕਹਿਣਾ ਹੋਵੇ ਤਾਂ ਇਸ ਸਮਾਗਮ ਨੇ ਪਾਸ਼ ਦੇ ਬੋਲ ਲੋਕਾਂ ਵੱਲੋਂ ਸੀਨੇ ਲਾਏ ਦਰਸਾ ਦਿੱਤੇ,

'ਮੇਰੇ ਤੁਰ ਜਾਣ ਤੋਂ ਬਾਅਦ
ਮੇਰੇ ਫ਼ਿਕਰਾਂ ਦੀ ਬਾਂਹ ਫੜੀ ਰੱਖਣਾ'

ਸਮਾਗਮ ਦਾ ਮੰਚ ਸੰਚਾਲਨ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੀ ਤਰਫ਼ੋਂ ਅਮੋਲਕ ਸਿੰਘ ਅਤੇ ਜਗੀਰ ਜੋਸਣ ਨੇ ਕੀਤਾ।

-ਅਮੋਲਕ ਸਿੰਘ

## ਡਾ. ਦਰਸ਼ਨ ਸਿੰਘ 'ਆਸ਼ਟ' ਨੂੰ ਮਿਲਿਆ 'ਡਾ. ਭਾਲਚੰਦਰ ਸੇਠੀਆ ਕੌਮੀ ਬਾਲ ਸਾਹਿਤ ਪੁਰਸਕਾਰ'

**ਪਟਿਆਲਾ**-ਡਾ. ਦਰਸ਼ਨ ਸਿੰਘ 'ਆਸ਼ਟ' ਨੂੰ ਬੀਤੇ ਦਿਨੀਂ ਭਾਰਤੀ ਬਾਲ ਕਲਿਆਣ ਸੰਸਥਾਨ ਕਾਨ੍ਹਪੁਰ (ਉ.ਪ੍ਰ.) ਵੱਲੋਂ ਡਾ. ਰਾਸ਼ਟਰ ਬੰਧੂ ਨੂੰ ਸਮਰਪਿਤ ਸਮਾਗਮ ਦੌਰਾਨ 'ਡਾ. ਭਾਲਚੰਦਰ ਸੇਠੀਆ ਕੌਮੀ ਬਾਲ ਸਾਹਿਤ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਮਾਗਮ ਕਾਨ੍ਹਪੁਰ ਵਿਖੇ ਪ੍ਰਦਾਨ ਕੀਤਾ ਗਿਆ, ਜਿਸ ਵਿਚ ਉਹਨਾਂ ਨੂੰ ਨਗਦ ਰਾਸ਼ੀ, ਸ਼ਾਲ ਅਤੇ ਸਨਮਾਨ ਪੱਤਰ ਭੇਟ ਕੀਤੇ ਗਏ। ਡਾ. ਆਸ਼ਟ ਨੂੰ ਇਹ ਸਨਮਾਨ ਪ੍ਰਦਾਨ ਕਰਦਿਆਂ ਉੱਤਰ ਪ੍ਰਦੇਸ਼ ਦੇ ਸਾਬਕਾ ਵਿਧਾਇਕ ਅਤੇ ਉੱਘੇ ਵਿਦਵਾਨ ਪੰਡਿਤ ਭੂਦਰ ਨਾਰਾਇਣ ਮਿਸ਼ਰ ਨੇ ਕਿਹਾ ਕਿ ਡਾ. ਆਸ਼ਟ ਵੱਲੋਂ ਬਾਲ ਸਾਹਿਤ ਲਈ ਨਿਰੰਤਰ ਸਾਹਿਤ ਸਾਧਨਾ ਕਰਨੀ ਭਾਰਤ ਦੇਸ਼ ਦਾ ਗੌਰਵ ਵਧਾਉਣ ਵਾਲੀ ਗੱਲ ਹੈ। ਸੰਸਥਾ ਦੇ ਜਨਰਲ ਸਕੱਤਰ ਅਤੇ ਉੱਘੇ ਵਿਦਵਾਨ ਸ੍ਰੀ ਐੱਸ.ਬੀ. ਸ਼ਰਮਾ ਨੇ ਦੱਸਿਆ ਕਿ ਇਹ ਪੁਰਸਕਾਰ ਕਾਨ੍ਹਪੁਰ ਦੇ ਉੱਘੇ ਵਿਦਵਾਨ ਮਰਹੂਮ ਡਾ. ਭਾਲਚੰਦਰ ਸੇਠੀਆ ਦੇ ਪਰਵਾਰ ਵੱਲੋਂ ਉਹਨਾਂ ਦੀ ਸਪੁੱਤਰੀ ਡਾ. ਅਨੀਤਾ ਸੇਠੀਆ ਵੱਲੋਂ ਸਥਾਪਤ ਕੀਤਾ ਗਿਆ ਹੈ, ਜੋ ਭਾਰਤ ਦੀਆਂ ਵੱਖ-ਵੱਖ ਜ਼ੁਬਾਨਾਂ ਵਿਚ ਕੇਵਲ ਬਾਲ ਸਾਹਿਤ ਦੇ ਖੇਤਰ ਦੀ ਕਿਸੇ ਉੱਘੀ ਸ਼ਖ਼ਸੀਅਤ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਇਸ ਦੌਰਾਨ ਡਾ. 'ਆਸ਼ਟ' ਨੇ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਕੌਮੀ ਪੁਰਸਕਾਰ ਨਾਲ ਉਹਨਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਪੰਜਾਬੀ ਮਾਂ ਬੋਲੀ ਵਿਚ ਲਿਖੇ ਜਾ ਰਹੇ ਬਾਲ ਸਾਹਿਤ ਦੇ ਗੌਰਵ ਬਾਰੇ ਵੀ ਵਿਸ਼ੇਸ਼ ਜ਼ਿਕਰ ਕੀਤਾ। ਇਸ ਦੌਰਾਨ ਮਯੂਰ ਗਰੁੱਪ ਕਾਨ੍ਹਪੁਰ ਦੇ ਚੇਅਰਮੈਨ ਗਣੇਸ਼ ਗੁਪਤ ਅਤੇ ਦਿ ਅੰਡਰਲਾਈਨ ਦੇ ਮੁੱਖ ਸੰਪਾਦਕ ਤੇ ਕਵੀ ਚਕਰਧਰ ਸ਼ੁਕਲ, ਦੂਰਦਰਸ਼ਨ ਕੇਂਦਰ ਦੇ ਸਾਬਕਾ ਡਾਇਰੈਕਟਰ ਰਮਾਂਕਾਂਤ ਸ਼ਰਮਾ ਉਦਭ੍ਰਾਂਤ, ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ, ਰਿਸਾਲੇ ਬਾਲਪ੍ਰਹਰੀ (ਅਲਮੋੜਾ) ਦੇ ਸੰਪਾਦਕ ਉਦੈ ਕਿਰੋਲਾ, ਡਾ. ਨਾਗੇਸ਼ ਪਾਂਡੇ, ਸੰਤ ਬਾਜਪਾਈ ਅਤੇ ਭਾਰਤਭੂਸ਼ਣ ਆਦਿ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## 'ਪੰਜਾਬੀ ਪ੍ਰਵਾਸੀ ਕਹਾਣੀਆਂ' ਦਾ ਡਾ. ਬਿੰਦਰਾ ਵੱਲੋਂ ਅਨੁਵਾਦ ਲੋਕ ਅਰਪਣ

**ਨਵੀਂ ਦਿੱਲੀ**-ਅੰਤਰਰਾਸ਼ਟਰੀ ਸਹਿਯੋਗ ਪਰਿਸ਼ਦ, ਡਾਇਸਪੋਰਾ ਰਿਸਰਚ ਐਂਡ ਰਿਸੋਰਜ਼ ਸੈਂਟਰ ਤੇ ਵਿਸ਼ਵ ਹਿੰਦੀ ਪਰਵਾਰ ਵੱਲੋਂ 'ਪੰਜਾਬੀ ਪ੍ਰਵਾਸੀ ਕਹਾਣੀਆਂ' ਦੇ ਹਿੰਦੀ ਅਨੁਵਾਦ ਨੂੰ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ, ਨਵੀਂ ਦਿੱਲੀ ਵਿਖੇ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਅ.ਸ.ਪ. ਦੇ ਮੁਖੀ ਅੰਬੈਸਡਰ ਵੀਰੇਂਦਰ ਗੁਪਤਾ, ਨਿਰਦੇਸ਼ਕ ਨਾਰਾਇਣ ਕੁਮਾਰ, ਸੈਕਟਰੀ ਗੋਪਾਲ ਅਰੋੜਾ, ਵਿਸ਼ਵ ਹਿੰਦੀ ਪਰਵਾਰ ਦੇ ਮੁਖੀ ਅਨਿਲ ਜੋਸ਼ੀ ਦੇ ਨਾਲ ਮੁੱਖ ਮਹਿਮਾਨ ਵਜੋਂ ਡਾ. ਮਨਮੋਹਨ, ਪੰਜਾਬੀ ਭਵਨ ਦੀ ਮੁਖੀ ਪ੍ਰੋ. ਰੇਣੁਕਾ ਸਿੰਘ, ਡਾਇਰੈਕਟਰ ਬਲਬੀਰ ਮਾਧੋਪੁਰੀ, ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋ. ਰਵੀ ਰਵਿੰਦਰ ਤੇ ਪ੍ਰਭਾਤ ਪ੍ਰਕਾਸ਼ਨ ਦੇ ਪ੍ਰਭਾਤ ਕੁਮਾਰ ਹਾਜ਼ਰ ਹੋਏ। ਪ੍ਰਭਾਤ ਪ੍ਰਕਾਸ਼ਨ ਤੋਂ ਪ੍ਰਕਾਸ਼ਤ ਇਸ ਪੁਸਤਕ ਦਾ ਹਿੰਦੀ ਵਿੱਚ ਅਨੁਵਾਦ ਪੰਜਾਬੀ ਦੀ ਜਾਣੀ-ਪਛਾਣੀ ਆਲੋਚਕ ਤੇ ਅਨੁਵਾਦਕ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕੀਤਾ ਤੇ ਸੰਪਾਦਨ ਗੋਪਾਲ ਅਰੋੜਾ ਨੇ ਕੀਤਾ ਹੈ। ਪੁਸਤਕ ਵਿੱਚ 25 ਕਹਾਣੀਆਂ ਸ਼ਾਮਲ ਹਨ, ਜੋ ਪ੍ਰਵਾਸੀ ਜੀਵਨ ਦੇ ਵਿਵਿਧ ਪਹਿਲੂਆਂ ਨੂੰ ਪਰਿਭਾਸ਼ਤ ਕਰਦੀਆਂ ਹਨ। ਇਸ ਮੌਕੇ ਡਾ. ਮਨਮੋਹਨ ਨੇ ਕਿਹਾ, 'ਮੈਡਮ ਬਿੰਦਰਾ, ਦੋਵਾਂ ਹੱਥਾਂ ਨਾਲ ਲਿਖਣ ਵਾਲੀ ਲੇਖਿਕਾ ਹੈ, ਜੋ ਇਕੋ ਵਾਰ ਵਿੱਚ ਹਿੰਦੀ ਤੇ ਪੰਜਾਬੀ ਲਿਖ ਸਕਦੀ ਹੈ।' ਪ੍ਰੋ. ਰਵੀ ਰਵਿੰਦਰ ਨੇ ਕਿਹਾ, 'ਮੈਡਮ ਬਿੰਦਰਾ ਨੇ ਅ.ਸ.ਪ. ਤੇ ਵਿ.ਹਿ.ਪ. ਨਾਲ ਨਾਤਾ ਜੋੜ ਕੇ ਪੰਜਾਬੀਆਂ ਦਾ ਘੇਰਾ ਹੋਰ ਵੱਡਾ ਕਰ ਦਿੱਤਾ ਹੈ।' ਸ੍ਰੀ ਗੁਰੂ ਨਾਨਕ ਦੇਵ ਕਾਲਜ ਤੋਂ ਡਾ. ਸ਼ੈਲਜਾ ਨੇ ਹਿੰਦੀ ਤੇ ਮਾਤਾ ਸੁੰਦਰੀ ਕਾਲਜ ਤੋਂ ਡਾ. ਮਨੀਸ਼ਾ ਬੱਤਰਾ ਨੇ ਪੰਜਾਬੀ ਵਿੱਚ ਪੇਪਰ ਪੜ੍ਹੇ।





ਉੱਘੇ ਸ਼ਾਇਰ ਤੇ ਦਲਿਤ ਚਿੰਤਕ ਨਵਤੇਜ ਗੜ੍ਹਦੀਵਾਲਾ ਆਪਣੀਆਂ ਕਿਤਾਬਾਂ 'ਸਤਿਗੁਰੂ ਰਵਿਦਾਸ ਬਾਣੀ : ਕ੍ਰਾਂਤੀਕਾਰੀ ਸੰਦੇਸ਼'- ਭਾਗ ਇਕ ਅਤੇ ਦੋ ਅਤੇ ਆਪਣਾ ਕਾਵਿ ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' 'ਨਵਾਂ ਜ਼ਮਾਨਾ' ਦੇ ਸਾਹਿਤ ਸੰਪਾਦਕ ਕਾਮਰੇਡ ਗੁਰਮੀਤ ਨੂੰ ਭੇਟ ਕਰਦੇ ਹੋਏ, ਉਨ੍ਹਾ ਦੇ ਨਾਲ ਪ੍ਰੋ. ਬਲਦੇਵ ਸਿੰਘ ਬੱਲੀ ਤੇ ਕਹਾਣੀਕਾਰ ਭਗਵੰਤ ਰਸੂਲਪੁਰੀ।

## ਡਾ. ਫ਼ਕੀਰ ਚੰਦ ਸ਼ੁਕਲਾ ਨੂੰ ਮਿਲਿਆ 'ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ'

**ਲੁਧਿਆਣਾ**-ਪੰਜਾਬੀ ਲੇਖਕ ਕਲਾਕਾਰ ਸੁਸਾਇਟੀ, ਲੁਧਿਆਣਾ ਵੱਲੋਂ ਸਥਾਨਕ ਪੰਜਾਬੀ ਭਵਨ ਦੇ ਰਾਣਾ ਦਲਜੀਤ ਸਿੰਘ ਸੈਮੀਨਾਰ ਹਾਲ ਵਿਖੇ ਕਰਵਾਏ ਗਏ ਸਮਾਗਮ ਅਤੇ ਕਵੀ ਦਰਬਾਰ ਦੌਰਾਨ ਅੰਤਰਰਾਸ਼ਟਰੀ ਵਿਗਿਆਨੀ ਤੇ ਸ਼੍ਰੋਮਣੀ ਸਾਹਿਤਕਾਰ ਡਾ. ਫ਼ਕੀਰ ਚੰਦ ਸ਼ੁਕਲਾ ਨੂੰ ਪਹਿਲੇ 'ਇੰਜੀਨੀਅਰ ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ, ਜਿਸ ਵਿਚ ਉਨ੍ਹਾਂ ਨੂੰ ਇਕ ਦੋਸ਼ਾਲਾ, ਸਨਮਾਨ ਚਿੰਨ੍ਹ ਅਤੇ 5100 ਰੁਪਏ ਦੀ ਸਨਮਾਨ ਰਾਸ਼ੀ ਵੀ ਭੇਟ ਕੀਤੀ ਗਈ। ਇਹ ਐਵਾਰਡ ਨੈਸ਼ਨਲ ਤੇ ਸਟੇਟ ਐਵਾਰਡੀ ਅਧਿਆਪਕਾਂ ਅਤੇ ਪ੍ਰਸਿੱਧ ਗ਼ਜ਼ਲਗੋ ਡਾ. ਗੁਰਚਰਨ ਕੌਰ ਕੋਚਰ ਦੇ ਪਤੀ, ਸਾਹਿਤ ਤੇ ਕਲਾ ਪ੍ਰੇਮੀ ਅਤੇ ਉੱਘੇ ਸਮਾਜ ਸੇਵੀ ਇੰਜੀਨੀਅਰ ਜੇ. ਬੀ. ਸਿੰਘ ਕੋਚਰ ਜੋ ਪਿਛਲੇ ਸਾਲ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ ਕੋਚਰ ਪਰਵਾਰ ਵੱਲੋਂ ਇਹ ਪੁਰਸਕਾਰ ਸਥਾਪਤ ਕੀਤਾ ਗਿਆ ਹੈ। ਕੈਨੇਡਾ ਤੋਂ ਪਹੁੰਚੀ ਗਾਇਕਾ ਮੀਤਾ ਖੰਨਾ ਨੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਗਾਇਕ ਹੀਰਾ ਸਵਾਮੀ ਤੇ ਅਕਸ਼ੈ ਭਾਟੀਆ ਵੱਲੋਂ ਬੜੇ ਖ਼ੂਬਸੂਰਤ ਅੰਦਾਜ਼ ਵਿਚ ਆਪਣੀ ਸੁਰੀਲੀ ਆਵਾਜ਼ ਰਾਹੀਂ ਡਾ. ਗੁਰਚਰਨ ਕੌਰ ਕੋਚਰ ਦੀਆਂ ਲਿਖੀਆਂ ਗ਼ਜ਼ਲਾਂ ਗਾ ਕੇ ਸਾਹਿਤਕ ਮਾਹੌਲ ਸਿਰਜਿਆ। ਸ਼ਾਨਦਾਰ ਕਵੀ ਦਰਬਾਰ ਨੇ ਆਪਣੀ ਵਿਲੱਖਣ ਛਾਪ ਬਣਾਈ। ਨਾਮਵਰ ਸਾਹਿਤਕਾਰ ਕੇ. ਸਾਧੂ ਸਿੰਘ ਨੇ ਡਾ. ਫ਼ਕੀਰ ਚੰਦ ਸ਼ੁਕਲਾ ਦੀਆਂ ਵਿਗਿਆਨਕ ਸਿੱਖਿਆ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸ਼ੋਭਾ ਪੱਤਰ ਪੜ੍ਹਿਆ।ਸਮਾਗਮ ਨੂੰ ਸੰਬੋਧਨ ਕਰਦਿਆਂ ਗੀਤਕਾਰ ਅਮਰੀਕ ਸਿੰਘ ਤਲਵੰਡੀ, ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਅਤੇ ਡਾ. ਹਰੀ ਸਿੰਘ ਜਾਚਕ ਅਤੇ ਪਾਲੀ ਦੇਤਵਾਲੀਆ ਨੇ ਕੋਚਰ ਪਰਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜੇ ਬੀ ਸਿੰਘ ਕੋਚਰ ਵੱਲੋਂ ਸਮਾਜ ਸੇਵਾ ਵਿਚ ਪਾਏ ਨਿਸ਼ਕਾਮ ਯੋਗਦਾਨ ਨੂੰ ਯਾਦ ਕੀਤਾ। ਉਹ ਪੇਸ਼ੇ ਵਜੋਂ ਇਲੈਕਟ੍ਰਾਨਿਕ ਇੰਜੀਨੀਅਰ ਸਨ, ਪਰ ਬਾਵਜੂਦ ਇਸ ਦੇ ਉਨ੍ਹਾਂ ਦੀ ਸਾਹਿਤ ਅਤੇ ਕਲਾ ਵਿਚ ਵਿਸ਼ੇਸ਼ ਰੁਚੀ ਸੀ ।ਉਹ ਸੁਸਾਇਟੀ ਫਾਰ ਦਾ ਪ੍ਰੀਵੈਂਸ਼ਨ ਆਫ ਕਰੂਐਲਿਟੀ ਟੂ ਐਨੀਮਲਜ਼, ਭਾਈ ਕਨ੍ਹਈਆ ਜੀ ਸੇਵਾ ਸੁਸਾਇਟੀ ਅਤੇ ਮੁਹੱਲਾ ਸੁਧਾਰ ਸਭਾ ਨਾਲ ਜੁੜੇ ਹੋਏ ਸਨ।ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ਕ ਜਸਵੰਤ ਸਿੰਘ ਜ਼ਫ਼ਰ, ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਪ੍ਰਧਾਨ ਗੁਰਭਜਨ ਸਿੰਘ ਗਿੱਲ, ਸ਼੍ਰੋਮਣੀ ਪੰਜਾਬੀ ਲਿਖਾਰੀ ਬੋਰਡ ਪੰਜਾਬ ਦੇ ਪ੍ਰਧਾਨ ਪ੍ਰਭਕਿਰਨ ਸਿੰਘ, ਪ੍ਰੋ. ਰਵਿੰਦਰ ਭੱਠਲ, ਸਰਦਾਰ ਪੰਛੀ, ਮਨਜੀਤ ਇੰਦਿਰਾ, ਡਾ. ਗੁਰਇਕਬਾਲ ਸਿੰਘ, ਮਨਦੀਪ ਕੌਰ ਭੰਮਰਾ, ਪਾਲੀ ਦੇਤਵਾਲੀਆ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਹਰੀ ਸਿੰਘ ਜਾਚਕ, ਪ੍ਰੋ. ਸੰਧੂ ਵਰਿਆਣਵੀ, ਪੰਮੀ ਸਿੱਧੂ ਸੰਧੂ, ਰਾਮ ਲਾਲ ਭਗਤ, ਮੀਤਾ ਖੰਨਾ (ਕੈਨੇਡਾ), ਡਾ. ਹਰਜੀਤ ਸਿੰਘ ਸੱਧਰ, ਹਰਜਿੰਦਰ ਕੌਰ ਸੱਧਰ, ਮਹੰਤ ਹਰਪਾਲ ਦਾਸ ਜੀ, ਭਗਤ ਰਾਮ ਰੰਗਾੜਾ, ਜਸਪਾਲ ਦੇਸੂਈ (ਕੈਨੇਡਾ), ਗੁਰਵੇਲ ਗੁਰੂ ਕੁਹਾਲਵੀ, ਸੋਮਨਾਥ, ਮਿੱਤਰ ਸੈਨ ਮੀਤ, ਇੰਜ. ਡੀ.ਐੱਮ. ਸਿੰਘ, ਪ੍ਰੋ. ਡਾਕਟਰ ਬਲਵਿੰਦਰ ਪਾਲ ਸਿੰਘ, ਡਾ. ਮੁਹੰਮਦ ਰਫ਼ੀ ਆਦਿ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ। ਤ੍ਰੈਲੋਚਨ ਲੋਚੀ, ਸੁਸ਼ੀਲ ਦੁਸਾਂਝ, ਡਾ. ਦਵਿੰਦਰ ਦਿਲਰੂਪ, ਮਨਜਿੰਦਰ ਧਨੋਆ, ਜਸਮੀਤ ਕੌਰ, ਗੁਰਵਿੰਦਰ ਸਿੰਘ ਸ਼ੇਰਗਿੱਲ, ਮਨਿੰਦਰ ਕੌਰ ਮਨ, ਪਰਮਿੰਦਰ ਸਿੰਘ ਅਲਬੇਲਾ, ਪ੍ਰਭਜੋਤ ਸੋਹੀ, ਅੰਜੂ ਬਾਲਾ, ਰਾਜਬੀਰ ਗਰੇਵਾਲ, ਸ਼ਾਇਰ ਭੱਟੀ, ਜਗਜੀਤ ਕਾਫਿਰ, ਦੀਪ ਜਗਦੀਪ ਸਿੰਘ, ਜਸਪ੍ਰੀਤ ਕੌਰ ਗਿੱਲ, ਅਮਰਜੀਤ ਕੌਰ ਅਮਰ, ਵਰਿੰਦਰ ਜਟਵਾਨੀ, ਪਰਜਿੰਦਰ ਕੌਰ ਕਲੇਰ, ਅੰਜੂ ਅਮਨਦੀਪ ਗਰੋਵਰ, ਰਾਕੇਸ਼ ਤੇਜਪਾਲ ਜਾਨੀ, ਕੁਲਵਿੰਦਰ ਕੰਵਲ, ਅਮਰਜੀਤ ਸ਼ੇਰਪੁਰੀ, ਰਵਿੰਦਰ ਰਵੀ, ਕਮਲਦੀਪ, ਕਰਮਜੀਤ ਸਿੰਘ ਗਰੇਵਾਲ, ਪਰਮਜੀਤ ਕੌਰ ਮਹਿਕ, ਧਰਮਿੰਦਰ ਸ਼ਾਹਿਦ, ਜ਼ੋਰਾਵਰ ਸਿੰਘ ਪੰਛੀ, ਸਿਮਰਨ ਧੁੱਗਾ, ਨੀਲੂ ਬੰਗਾ, ਰਾਜੇਸ਼ ਕੁਮਾਰ, ਦੀਪ ਲੁਧਿਆਣਵੀ, ਇੰਦਰਜੀਤ ਲੋਟੇ, ਜਸਵਿੰਦਰ ਕੌਰ, ਬਲਵੰਤ ਗਿਆਸਪੁਰਾ, ਮਨਦੀਪ ਕੌਰ ਭਦੌੜ, ਦਿਲਰਾਜ ਸਿੰਘ ਦਰਦੀ ਆਦਿ ਕਵੀਆਂ/ਕਵਿੱਤਰੀਆਂ ਨੇ ਕੋਚਰ ਸਾਹਿਬ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ। ਮੰਚ ਦਾ ਸੰਚਾਲਨ ਸੁਖਵਿੰਦਰ ਅਨਹਦ ਵੱਲੋਂ ਤਰਤੀਬਬੱਧ ਤੇ ਸਲੀਕੇ ਨਾਲ ਕੀਤਾ ਗਿਆ। ਸਮਾਰੋਹ ਦੇ ਅੰਤ ਵਿਚ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਦੀ ਪ੍ਰਧਾਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸੁਸਾਇਟੀ ਵੱਲੋਂ ਆਏ ਮਹਿਮਾਨਾਂ ਅਤੇ ਕਵੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

-ਐੱਮ.ਐੱਸ. ਭਾਟੀਆ

# ਪਾਠਕਾਂ ਦੇ ਝਰੋਖੇ 'ਚੋਂ

### ਅੱਜ ਦਾ ਵਿਚਾਰ

**ਅਲਵਿਦਾ ! ਪੁਰਾਣੇ ਜ਼ਮਾਨਿਓਂ**

ਅਖੀਰ ਅੱਜ 1996 ਤੋਂ ਸਾਂਭੇ 'ਨਵੇਂ ਜ਼ਮਾਨੇ' ਘਰੋਂ ਬਾਹਰ ਸੁੱਟਣ ਲਈ ਕਾਗਜ਼ਾਂ ਨੂੰ ਰਿਸਾਇਕਲ ਕਰਨ ਵਾਲੇ ਡਸਟਬਿੰਨ ਵਿੱਚ ਪਾ ਹੀ ਦਿੱਤੇ। ਘਰੇ ਪੰਜ ਵੱਡੇ ਡੱਬੇ 'ਨਵਾਂ ਜ਼ਮਾਨਾ' ਦੇ 'ਐਤਵਾਰਤਾ' ਅੰਕਾਂ ਨਾਲ ਭਰੇ ਪਏ ਸਨ। ਮੇਰੀ ਘਰਵਾਲੀ ਨੇ ਬਹੁਤ ਵਾਰ ਮੈਨੂੰ ਕਿਹਾ ਸੀ ਕਿ ਹੁਣ ਸੁੱਟ ਦੇ ਥੋੜ੍ਹੀ ਥਾਂ ਖਾਲੀ ਹੋਵੇ, ਪਰੰਤੂ ਮੇਰਾ ਕਦੀ ਹੀਆ ਹੀ ਨਹੀਂ ਪਿਆ ਸੀ ਪੁਰਾਣੇ ਅਖਬਾਰਾਂ ਨੂੰ ਸੁੱਟਣ ਦਾ। ਇਹ ਕੰਮ ਵੀ ਪਰਮਜੀਤ ਨੇ ਕਰਤਾ। ਅੱਜ ਮੈਂ ਫਿਰ ਦੋ-ਤਿੰਨ ਪੁਰਾਣੇ ਨਵੇਂ ਜ਼ਮਾਨੇ ਡਸਟਬਿੰਨ ਵਿੱਚੋਂ ਕੱਢ ਹੀ ਲਿਆਇਆ ਤੇ ਸਾਲਾਂ ਪਹਿਲਾਂ ਪੜ੍ਹੇ ਅਖ਼ਬਾਰ ਸਾਰੀ ਦੁਪਹਿਰ ਛੁੱਟੀ ਵਾਲੇ ਦਿਨ ਫਿਰ ਪੜ੍ਹੇ ।

'ਨਵਾਂ ਜ਼ਮਾਨਾ' ਅਖ਼ਬਾਰ ਨਾਲ ਜਾਣ-ਪਹਿਚਾਣ ਤਾਂ ਕਾਲਜ ਬਨਾਮ ਜਵਾਨੀ ਵੇਲੇ ਦੀ ਹੈ,ਪਰ ਅਸਲ ਰਾਬਤਾ ਨੱਬੇ ਤੋਂ ਬਾਅਦ ਪਿਆ। ਇੰਗਲੈਂਡ ਤੋਂ ਇੱਕ ਪਰਚਾ 'ਪੰਜਾਬੀ ਦਰਪਣ' ਛਪਦਾ ਹੁੰਦਾ ਸੀ, ਜਿਸ ਨਾਲ ਅਸੀਂ ਜੁੜੇ ਸਾਂ. ਉਹ 1993 ਵਿੱਚ ਬੰਦ ਹੋ ਗਿਆ। ਕਾਮਰੇਡ ਜਗਜੀਤ ਆਨੰਦ ਨੱਬੇ ਦੇ ਦਹਾਕੇ ਵਿੱਚ ਜਰਮਨੀ ਆਏ, ਸਾਡੇ ਵਰਗਿਆਂ ਨਾਲ ਰਾਬਤਾ ਕੀਤਾ। ਅਸੀਂ 'ਨਵਾਂ ਜ਼ਮਾਨਾ' ਦਾ 'ਐਤਵਾਰਤਾ' ਮੰਗਵਾਉਣ ਲੱਗੇ ਤੇ ਫਿਰ ਸਿਰਸੇ ਆਲੇ ਸਾਧ ਦੇ ਚੇਲਿਆਂ ਵਾਂਗ ਪੱਕੇ 'ਨਵਾਂ ਜ਼ਮਾਨਾ' ਦੇ ਪ੍ਰੇਮੀ ਹੋ ਗਏ। ਨੌਜਵਾਨ ਬਲਬੀਰ ਪਰਵਾਨਾ ਨੇ 'ਐਤਵਾਰਤਾ' ਨੂੰ ਆਪਣੀ ਮਿਹਨਤ ਨਾਲ ਪੂਰਾ ਸਾਹਿਤਕ ਰੰਗ ਵਿੱਚ ਰੰਗ ਦਿੱਤਾ ਤੇ ਬਾਹਰ ਜਾਣ ਵਾਲਾ 'ਐਤਵਾਰਤਾ' ਵੱਖਰਾ ਤੇ ਵੱਡਾ ਬਣਾ ਦਿੱਤਾ। ਹਰ ਵੱਡਾ ਲੇਖਕ 'ਐਤਵਾਰਤਾ' ਵਿੱਚ ਛਪ ਕੇ ਮਾਂ ਮਹਿਸੂਸ ਕਰਨ ਲੱਗਾ। ਇੱਕ ਵਕਤ ਇਹ ਆ ਗਿਆ ਸੀ ਕਿ ਪੰਜਾਬੀ ਦੇ ਸਭ ਅਖ਼ਬਾਰਾਂ ਨਾਲੋਂ 'ਐਤਵਾਰਤਾ' ਸਾਰੀ ਦੁਨੀਆ ਵਿੱਚ ਵੱਸਦੇ ਸੂਝਵਾਨ ਪੰਜਾਬੀਆਂ ਦੇ ਘਰ ਦਾ ਸ਼ਿੰਗਾਰ ਬਣਨ ਲੱਗਾ ਸੀ। ਬ੍ਰਿਟਿਸ਼ ਪ੍ਰੀਮੀਅਰ ਉੱਜਲ ਦੁਸਾਂਝ ਦੇ ਘਰ ਵੀ 'ਐਤਵਾਰਤਾ' ਜਾਂਦਾ ਸੀ।

ਦੂਜਾ ਮੈਨੂੰ 'ਨਵਾਂ ਜ਼ਮਾਨਾ' ਦੇ 'ਐਤਵਾਰਤਾ' ਨੇ ਬਹੁਤ ਮਾਣ ਦਿੱਤਾ, ਮੇਰੇ ਬਹੁਤ ਸਾਰੇ ਲੇਖ ਪਹਿਲੇ ਸਫੇ 'ਤੇ ਲਾਏ। ਮੈਂ 'ਐਤਵਾਰਤਾ' ਵਿੱਚ ਲਿਖਦਾ, ਪੜ੍ਹਦਾ ਪਤਾ ਹੀ ਨਹੀਂ ਲੱਗਿਆ, ਕਦ 'ਨਵਾਂ ਜ਼ਮਾਨਾ' ਪਰਵਾਰ ਦਾ ਪੱਕਾ ਹਿੱਸਾ ਬਣ ਗਿਆ। ਹਰ ਸਾਲ ਜਦ ਪੰਜਾਬ ਜਾਣਾ, ਨਵਾਂ ਜ਼ਮਾਨਾ ਦੇ ਦਫਤਰ ਵਿੱਚ ਜ਼ਰੂਰ ਚੱਕਰ ਮਾਰਨਾ।

ਮੈਂ ਆਪਣੇ-ਆਪ ਨੂੰ 'ਨਵਾਂ ਜ਼ਮਾਨਾ' ਪਰਵਾਰ ਨਾਲ ਜੁੜ ਕੇ ਧੰਨਭਾਗਾ ਸਮਝਦਾ ਹਾਂ। ਮੈਂ ਜੋ ਵੀ ਲਿਖਣ, ਪੁੰਝਣ ਦੇ ਮਾਮਲੇ ਵਿੱਚ ਹਾਂ, ਅੱਜ ਸਭ 'ਨਵਾਂ ਜ਼ਮਾਨਾ' ਦੀ ਦੇਣ ਹੈ। ਮੈਂ 'ਨਵਾਂ ਜ਼ਮਾਨਾ' ਦੀਆਂ ਲਿਖਤਾਂ ਨੂੰ ਨਿੱਠ ਕੇ ਪੜ੍ਹਿਆ, ਆਪਣੇ ਆਪ ਨੂੰ ਤਰਾਸ਼ਿਆ ਤੇ 'ਨਵਾਂ ਜ਼ਮਾਨਾ' ਦੇ ਸਾਹਿਤਕ, ਸਿਆਸੀ ਲਿਖਤਾਂ ਦੇ ਮਿਆਰ ਦਾ ਲਿਖਣਾ ਸਿੱਖਿਆ। ਇਹ ਸਿਰਫ ਕੋਰਾ ਤੇ ਖੁਸ਼ਕ ਸਿਆਸੀ ਅਖ਼ਬਾਰ ਹੀ ਨਹੀਂ ਸੀ, ਇਸ ਦੀਆਂ ਸੰਪਾਦਕੀਆਂ ਤੇ ਹੋਰ ਗੰਭੀਰ ਸਿਆਸੀ ਲਿਖਤਾਂ ਸਾਹਿਤਕ ਰਸ ਨਾਲ ਲਬਰੇਜ਼ ਹੁੰਦੀਆਂ ਸਨ। ਸੋ ਪੁਰਾਣੇ ਜ਼ਮਾਨਿਓਂ ਮੈਨੂੰ ਮਾਫ ਕਰਨਾ, ਮੈਨੂੰ ਅੱਜ ਤੁਹਾਨੂੰ ਅਲਵਿਦਾ ਕਹਿੰਦਿਆਂ ਬਹੁਤ ਦੁੱਖ ਤੇ ਅਫ਼ਸੋਸ ਹੋ ਰਿਹਾ ਹੈ ਤੇ ਮੈਂ ਭਾਵੁਕ ਵੀ ਹਾਂ।ਅੱਜ ਮੈਂ ਗਿਆਨ ਦਾ ਸਮੁੰਦਰ ਡਸਟਬਿਨ ਵਿੱਚ ਸੁੱਟ ਕੇ ਕੀ ਮਹਿਸੂਸ ਕਰ ਰਿਹਾ ਹਾਂ, ਬਿਆਨ ਨਹੀ ਹੋ ਰਿਹਾ।

ਸ਼ਾਇਦ ਹੁਣ ਹੋਰ ਮੇਰੇ ਘਰ ਵਿੱਚ 'ਨਵਾਂ ਜ਼ਮਾਨਾ' ਆ ਗਿਆ ਹੈ ਤੇ ਪੁਰਾਣੇ ਜ਼ਮਾਨੇ ਨੇ ਇਸ ਨਵੇਂ ਜ਼ਮਾਨੇ ਵਾਂਗ ਡਸਟਬਿਨ ਵਿੱਚ ਜਾਣ ਹੀ ਹੈ।ਮੈਂ ਵੀ ਹੌਲੀ-ਹੌਲੀ ਇਸ ਨਵੇਂ ਜ਼ਮਾਨੇ ਵਾਂਗ ਪੁਰਾਣਾ ਜ਼ਮਾਨਾ ਹੁੰਦਾ ਜਾਂਦਾ ਹਾਂ।

ਅੱਜ ਮੈਂ ਆਪਣੇ ਖੁਦ ਲਈ ਵੀ ਡਸਟਬਿਨ ਵਿੱਚ ਝਾਤੀ ਮਾਰ ਆਇਆ ਹਾਂ। ਇੱਕ-ਦੋ ਗੇੜੇ ਕਬਰਾਂ ਦੇ ਵੀ ਕੱਢ ਆਇਆਂ ਹਾਂ ਤੇ ਮੁਰਦੇ ਫੂਕੂ ਭੱਠੀ ਦੇ ਵੀ ਦਰਸ਼ਨ ਕਰ ਆਇਆ ਹਾਂ। ਸੋ ਮਿੱਤਰੋ, ਕੋਈ ਝੋਰਾ ਨਹੀਂ, ਮਰਾਸੀ ਗਾਉਂਦੇ ਹੁੰਦੇ ਸਨ-

'ਪਿੱਪਲ ਦਿਆ ਪੱਤਿਆ, ਕਿਉਂ ਖੜ-ਖੜ ਲਾਈ ਆ,
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ।'

- ਜੋਗਿੰਦਰ ਬਾਠ

### 'ਦ੍ਰਿਸ਼ਟੀਕੋਣ'

ਪਹਿਲੀ ਸਤੰਬਰ ਦੇ ਨਵਾਂ ਜ਼ਮਾਨਾ ਵਿਚ 'ਦ੍ਰਿਸ਼ਟੀਕੋਣ' ਨੇ ਸੁਖਬੀਰ ਬਾਦਲ ਵਾਲੇ ਸੰਕਟ ਵਿੱਚੋਂ ਉੱਠਣ ਵਾਲੇ ਕਈ ਸਵਾਲਾਂ ਦਾ ਜ਼ਿਕਰ ਕੀਤਾ ਗਿਆ ਹੈ ।ਇਸ ਲਿਖਤ ਵਿਚ ਵੱਡੇ ਸਵਾਲ ਇਹੋ ਹਨ ਕਿ ਸਿਰਸੇ ਵਾਲੇ ਸੌਦਾ ਸਾਧ ਨੂੰ ਮਾਫੀ ਦੇਣ ਦੀ ਵਿਧੀ ਬਿਲਕੁਲ ਗਲਤ ਸੀ ।ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਕੋਠੀ ਵਿਚ ਬੁਲਾ ਕੇ ਰੁੱਕਾ ਜਿਹਾ ਲਿਖਵਾਉਣਾ ਆਪਣੇ-ਆਪ ਵਿਚ ਬਹੁਤ ਵੱਡਾ ਸਵਾਲ ਖੜ੍ਹੇ ਕਰਦਾ ਹੈ। ਉਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਛਿੱਕੇ ਟੰਗਣ ਵਾਲਿਆਂ ਵਿਚ ਵੀ ਬਾਦਲ ਸਰਕਾਰ ਦਾ ਅਹਿਮ ਰੋਲ ਹੈ ।ਚੰਦ ਵੋਟਾਂ ਪਿੱਛੇ ਇਹ ਕੰਮ ਹੋਇਆ ਹੋਣ ਕਰਕੇ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਬੁਰੇ ਦਿਨ ਵੇਖਣੇ ਪੈ ਰਹੇ ਹਨ ।ਦੂਸਰੀ ਗੱਲ ਜੇ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀਆਂ ਸੀਟਾਂ ਘਟਣ ਦੇ ਕਾਰਨ ਹੋਰ ਵੀ ਬਹੁਤ ਹਨ ।ਵੋਟਰ ਅਤੀਤ ਨੂੰ ਭੁੱਲ ਜਾਂਦੇ ਹਨ । ਸੌਦਾ ਸਾਧ ਦੀ ਇਹ ਮੁਆਫੀ ਤਾਂ ਸ਼ਾਇਦ ਵਿਧਾਨ ਸਭਾ ਚੋਣ ਹਾਰਨ ਦਾ ਕਾਰਨ ਨਾ ਬਣੀ ਹੋਵੇ, ਪਰ ਸਿਆਸੀ ਪਾਰਟੀਆਂ ਦਾ ਘੜਮੱਸ ਅਕਾਲੀ ਦਲ ਨੂੰ ਲੈ ਬੈਠਾ ਹੈ । ਚਾਰ ਚੁਫੇਰੇ ਜਦੋਂ ਇਹ ਗੂੰਜ ਪੈ ਰਹੀ ਸੀ ਕਿ ਇਕ ਮੌਕਾ ਸਾਨੂੰ ਦਿਓ। ਫਿਰ ਅਕਾਲੀ ਦਲ ਕੋਲ ਮੁੱਦਾ ਕੋਈ ਨ੍ਹੀ ਸੀ ਰਹਿ ਗਿਆ, ਜਿਸ ਕਰਕੇ ਹਾਰ ਮਿਲੀ ।ਦੂਸਰਾ ਰੌਲੇ-ਗੌਲੇ ਵਿਚ ਕੋਈ ਗੱਲ ਨਹੀਂ ਸੁਣਦਾ । ਸਭ ਦਾਅ ਲੱਗਣ ਦੀ ਗੱਲ ਹੈ। ਇਹ ਠੀਕ ਹੈ ਕਿ ਅਕਾਲੀ ਦਲ ਕੋਲ ਆਪਣਾ ਸੰਘਰਸ਼ਮਈ ਇਤਿਹਾਸ ਹੈ, ਕੁਰਬਾਨੀਆਂ ਹਨ ।ਕੁਰਬਾਨੀਆਂ ਵੀ ਹਜ਼ਾਰਾਂ ਹਨ ।ਆਜ਼ਾਦੀ ਵੇਲੇ ਤੋਂ ਲੈ ਕੇ ਸੰਨ ਚੁਰਾਸੀ ਤੱਕ ਦਾ ਸ਼ਾਨਾਮੱਤਾ ਇਤਿਹਾਸ ਹੈ ਪਰ ਬਦਕਿਸਮਤੀ ਨੂੰ ਇਹ ਸਾਕੇ ਅਕਾਲੀ ਦਲ ਦੀ ਸਰਕਾਰ ਵੇਲੇ ਹੁੰਦੇ ਰਹੇ ਹਨ । ਸੰਨ 1978-1992 ਤੱਕ ਪੰਜਾਬ ਜਿਸ ਕਦਰ ਝੁਲਸਿਆ ਉਸ ਦੀ ਜ਼ਿੰਮੇਵਾਰੀ ਕਿਸ ਦੀ ਹੈ । ਜੇ ਇਸ ਜ਼ਿੰਮੇਵਾਰੀ ਨੂੰ ਲੈਣ ਲਈ ਕੋਈ ਤਿਆਰ ਨਾ ਹੋਵੇ ਤਾਂ ਸਾਰਾ ਠੀਕਰਾ ਕੇਂਦਰ ਸਿਰ ਕਿੰਨਾ ਕੁ ਚਿਰ ਭੰਨਿਆ ਜਾ ਸਕਦਾ ਹੈ ? ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੋਲੋਂ ਜੋ ਵੀ ਗਲਤੀਆਂ ਹੋਈਆਂ, ਲੋਕ ਉਹ ਗਲਤੀਆਂ ਭੁੱਲੇ ਨ੍ਹੀਂ ।ਯਾਦ ਰੱਖੋ ਕਿ ਪੰਜਾਬ ਵਿਚ ਸਿੱਖਾਂ ਦੇ ਨਾਲ ਹੋਰ ਕੌਮਾਂ ਵੀ ਹਨ ।ਹਰੇਕ ਦਾ ਨਜ਼ਰੀਆ ਆਪੋ-ਆਪਣਾ ਹੈ, ਸਾਕਾ ਨੀਲਾ ਤਾਰਾ ਬਾਰੇ ਵੀ ਪੂਰਾ ਪੰਜਾਬ ਇਕ ਮਤ ਨਾ ਉਦੋਂ ਸੀ, ਨਾ ਅੱਜ ਹੈ । ਫਿਰ ਵੋਟਾਂ ਵੇਲੇ ਇਕ ਮਤ ਕਿਵੇਂ ਹੋਇਆ ਜਾ ਸਕਦੈ ? ਖੈਰ ਅਕਾਲੀ ਦਲ ਨੂੰ ਨਵੇਂ ਸਿਰੇ ਤੋਂ ਨਵੀਆਂ ਨੀਤੀਆਂ ਨਾਲ ਸਿਆਸਤ ਵਿਚ ਆਉਣਾ ਪਵੇਗਾ। ਪਿਛਲੇ ਸਮੇਂ ਦੀਆਂ ਕੁਰਬਾਨੀਆਂ ਦਾ ਸਿੱਟਾ ਕੁਝ ਨਹੀਂ ਨਿਕਲਿਆ। ਪੰਜਾਬ ਦੇ ਸਾਰੇ ਲੋਕ ਤਾਂ ਪੰਜਾਬੀ ਸੂਬੇ ਬਾਰੇ ਵੀ ਇਕ ਮਤ ਨਹੀਂ ਸਨ/ਹਨ । ਇਸ ਅੰਕ ਵਿਚ ਹਰਨੰਦ ਸਿੰਘ ਵੱਲੋਂ ਸੁਕਰਾਤ ਮਹਾਨ ਦੇ ਵਿਚਾਰਾਂ ਪੜ੍ਹ ਕੇ ਜਾਣਕਾਰੀ ਮਿਲੀ । ਮਲਵਿੰਦਰ ਦੀਆਂ ਕਵਿਤਾਵਾਂ ਤੇ ਮਿੰਨੀ ਕਹਾਣੀਆਂ ਪੜ੍ਹ ਕੇ ਖੁਸ਼ੀ ਹੋਈ। ਰਜਿੰਦਰ ਪਾਲ ਕੌਰ ਨੇ ਘਰ ਬੈਠੇ ਕਸ਼ਮੀਰ ਦੀ ਸੈਰ ਕਰਵਾ ਦਿੱਤੀ। ਕਸ਼ਮੀਰੀ ਲੋਕਾਂ ਵੱਲੋਂ ਦਿੱਤੇ ਗਏ ਸਹਿਯੋਗ ਦਾ ਪੜ੍ਹ ਕੇ ਬਹੁਤ ਚੰਗਾ ਲੱਗਾ ।ਕਸ਼ਮੀਰ ਦੇ ਲੋਕ ਚੰਗੇ ਸੁਭਾਅ ਦੇ ਹਨ ।ਇਹ ਤਾਂ ਸਿਆਸਤਦਾਨਾਂ ਨੇ ਕਸ਼ਮੀਰ ਦਾ ਮਸਲਾ ਬਣਾਇਆ ਹੋਇਆ ਹੈ ।ਇਹੀ ਗੱਲ ਲਹਿੰਦੇ ਪੰਜਾਬ ਤੇ ਸਾਡੇ ਪੰਜਾਬ ਦੇ ਲੋਕਾਂ 'ਤੇ ਵੀ ਢੁਕਦੀ ਹੈ ।ਦੋਨਾਂ ਪੰਜਾਬਾਂ ਦੇ ਲੋਕ ਅੱਜ ਵੀ ਪੰਜਾਬੀ ਜ਼ੁਬਾਨ ਦੇ ਮਤਵਾਲੇ ਹਨ । ਲਹਿੰਦੇ ਪੰਜਾਬ ਦੀ ਮਿੱਠੀ ਪੰਜਾਬੀ ਸੁਣ ਕੇ ਮਨ ਖਿੜ ਜਾਂਦਾ ਹੈ।ਮੈਂ ਵੀ ਕਸ਼ਮੀਰੀ ਲੋਕਾਂ ਦੀ ਨੇੜਤਾ ਵੇਖੀ ਹੈ, ਜਦੋਂ ਮੇਰੀ ਬੇਟੀ ਜੰਮੂ ਵਿਚ ਬੀ ਐੱਡ ਕਰਦੀ ਸੀ । ਬਹੁਤ ਪਿਆਰੇ ਲੋਕ ਹਨ । ਗਿਆਨ ਸੈਦਪੁਰੀ ਨੇ ਪੰਛੀਆਂ ਦੇ ਖਾਸ ਪਾਰਕ ਦੀ ਸੈਰ ਕਰਕੇ ਧੰਨ ਧੰਨ ਕਰਾ ਦਿੱਤੀ ਹੈ। ਡਾ. ਗੁਰਜੀਤ ਭੱਠਲ ਨੇ ਤਕਨੀਕੀ ਜਾਣਕਾਰੀ ਬਹੁਤ ਸਰਲ ਸ਼ਬਦਾਂ ਵਿਚ ਦਿੱਤੀ ਹੈ। ਵੱਡਆਕਾਰੀ ਕਿਤਾਬ ਪੰਜਾਬ ਬਾਰੇ ਲੇਖ ਕਿਤਾਬ ਦੀ ਬਹੁਤ ਜਾਣਕਾਰੀ ਦੇ ਗਿਆ । ਕਿਤਾਬ ਨਾਨਕ ਦਰਸ਼ਨ ਤੇ ਸਹਿਜ ਸੁਭਾਅ ਦਾ ਮੇਰਾ ਰੀਵਿਊ ਛਾਪਣ ਲਈ ਧੰਨਵਾਦ। ਡਾ. ਦਰਸ਼ਨ ਸਿੰਘ ਆਸ਼ਟ ਦਾ ਰਾਜਸਥਾਨ ਵਿਚ ਸਨਮਾਨ, ਕਿਤਾਬਾਂ ਅਧੂਰੀ ਖਾਹਿਸ਼, ਬਾਲ ਪਿਆਰੇ, ਮੋਹ ਵਿਹੂਣੇ ਲੋਕ, ਮਿੱਟੀ ਦੀ ਕਸਕ, ਨਾਵਲ ਮਹਿਨੂਰ ਬਾਰੇ ਸਾਹਿਤ ਰਿਪੋਰਟਾਂ ਪੜ੍ਹ ਕੇ ਆਨੰਦ ਲਿਆ । ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਤੇ ਸਮਾਗਮ ਕਰਾਉਣ ਦੀ ਖੁਸ਼ੀ ਹੋਈ ।ਕਲੇਰ ਸਾਹਿਬ ਨੇ ਮਾਲਵੇ ਦਾ ਜੀਵਨ ਕਹਾਣੀ ਵਿਚ ਲਿਆ ਹੈ। ਭੂਰਾ ਸਿੰਘ ਕਲੇਰ ਸਾਹਿਤਕ ਲੋਕਾਂ ਦੇ ਮਨਾਂ ਵਿਚ ਵਸਦਾ ਹੈ ।

*—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ*
*3/1751 ਕੈਲਾਸ਼ ਨਗਰ, ਫਾਜ਼ਿਲਕਾ*

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਤਾਲਸਤਾਏ ਕਿਵੇਂ ਰਹਿੰਦਾ ਸੀ : ਵਿਕਤਰ ਲੈਬਰੂਮ**

**'ਕਿਰਤੀ' ਦੀਆਂ ਕਥਾਵਾਂ : ਹਰਵਿੰਦਰ ਭੰਡਾਲ**

**'ਮੋਰ ਪੈਲ ਕਿਉਂ ਨਹੀਂ ਪਾਉਂਦੇ' : ਗੁਰਮੀਤ ਕੜਿਆਲਵੀ, (ਫੋਕਸ) : ਸਤਿੰਦਰ ਸਿੰਘ ਰੈਬੀ**

**ਜੋਗਿੰਦਰ ਨੂਰਮੀਰ ਦੀਆਂ ਗਜ਼ਲਾਂ ਤੇ ਹੋਰ ਬਹੁਤ ਕੁਝ**

# ਸਮਕਾਲ

### ਅੱਖਰ : ਸਤੰਬਰ-ਦਸੰਬਰ, 2024




ਅੱਖਰ ਦਾ ਨਵਾਂ ਅੰਕ ਖੂਬਸੂਰਤ ਦਿੱਖ ਤੇ ਲੇਆਊਟ ਨਾਲ ਛਪ ਗਿਆ ਹੈ। ਆਪਣੀ ਸੰਪਾਦਕੀ ਵਿੱਚ ਸੰਪਾਦਕ ਨੇ ਚਾਰ ਮੁੱਦਿਆ ਤੇ ਪ੍ਰਤੀਕਰਮ ਦਿੱਤਾ ਏ। ਇਨ੍ਹਾਂ 'ਚ ਦੋ ਸਾਹਿਤਕ ਮੁੱਦੇ ਹਨ। ਸੰਪਾਦਕ ਨੇ ਘੱਟ ਰਹੇ ਸਾਹਿਤਕ ਪਰਚਿਆਂ ਦੇ ਫੈਲਾਅ ਦੀ ਗੱਲ ਕੀਤੀ ਗਈ। ਇਹ ਸਮਕਾਲ ਦਾ ਗੰਭੀਰ ਮੁੱਦਾ ਹੈ। ਸੰਪਾਦਕ ਨੇ ਅੱਗੇ ਸਵੀ ਤੇ ਜਫ਼ਰ ਨੂੰ ਵਧਾਈ ਦੇ ਨਾਲ ਨਾਲ ਸੁਚੇਤ ਵੀ ਕੀਤਾ ਹੈ।

ਸਹਿਰ ਲੁਧਿਆਣਵੀ ਬਾਰੇ ਏ ਹਮੀਦ ਨੇ 'ਮੇਰੇ ਯਾਰ ਨੂੰ ਮੰਦਾ ਨਾ ਬੋਲੀਂ' ਕਮਾਲ ਦਾ ਲੇਖ ਲਿਖਿਆ ਹੈ। ਜਿਸ ਨੂੰ ਅਜੈ ਤਨਵੀਰ ਨੇ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਹੈ। ਸਹਿਰ ਦੇ ਕਈ ਪਸਾਰ ਸ਼ਬਦ ਚਿੱਤਰ ਵਿੱਚ ਖੁੱਲ੍ਹਦੇ ਹਨ। ਡਾ. ਸੁਰਜੀਤ ਨੇ ਅਲੀਗੜ੍ਹ' ਫਿਲਮ ਦੇ ਨਾਇਕ ਐੱਸ ਐੱਸ ਸਿਰਾਸ ਦੇ ਕਈ ਪੱਖਾਂ ਦਾ ਵਿਸ਼ਲੇਸ਼ਣ ਆਪਣੇ ਲੇਖ 'ਚ ਕੀਤਾ ਹੈ। ਅੱਗੇ ਬਲਦੇਵ ਸਿੰਘ ਸੜਕਨਾਮਾ ਦੇ ਲੇਖ 'ਪਰਵਾਸ ਸਮਾਜਿਕ ਤੇ ਸੱਭਿਆਚਾਰਕ ਪ੍ਰਭਾਵ' ਤੇ ਰਾਜਿੰਦਰ ਪਾਲ ਸਿੰਘ ਬਰਾੜ ਦਾ ਯਾਤਰਾ ਪ੍ਰਸੰਗ 'ਯੂਰੋ ਜ਼ੋਨ ਦੀਆਂ ਕੁੱਝ ਚੰਗੀਆਂ ਕੁਝ ਮੰਦੀਆਂ' ਪੜ੍ਹਨਯੋਗ ਲਿਖਤਾਂ ਹਨ। ਕੁਲਦੀਪ ਸਿੰਘ ਬੇਦੀ ਦਾ ਸਵੈ-ਕਥਨ 'ਸੱਧਰਾਂ ਦੀ ਸੰਦੂਕੜੀ' ਤੇ 'ਨਿੱਕੀ ਮੋਟੀ ਚੋਰੀ' ਲਿਖਤਾਂ ਵੀ ਮਿਆਰੀ ਹਨ। ਸਿਮਰਨ ਧਾਲੀਵਾਲ ਦਾ ਲੇਖ 'ਹੱਟੀ, ਭੱਠੀ ਤੇ ਹੱਡੀ ਬੋਛਾਂ ਪਿੰਡ' 'ਚ ਪਿੰਡ ਦਾ ਬਿਰਤਾਂਤ ਪੇਸ਼ ਕੀਤਾ ਹੈ।

ਇਸ ਅੰਕ ਵਿੱਚ ਜਗਜੀਤ ਬਰਾੜ (ਇਕ ਕਿਲ੍ਹੇ ਦਾ ਇਤਿਹਾਸ), ਖ਼ਾਲਿਦ ਫ਼ਰਹਾਦ ਧਾਰੀਵਾਲ (ਘਰ), ਸੁਰਜੀਤ ਕੈਨੇਡਾ (ਆਇਲਨ ਤੇ ਐਵਨ), (ਦੋਵੇਂ ਕਹਾਣੀਆਂ ਪਹਿਲਾਂ ਛਪੀਆਂ ਹੋਈਆਂ), ਰਾਜਪ੍ਰੀਤ ਕੌਰ ਬੈਨੀਪਾਲ (ਪੰਜਾਬ ਬੰਦ) ਤੇ ਪਰਮਜੀਤ (ਉਹੀ ਇਕ ਛਿਣ) ਕਹਾਣੀਆਂ ਛਾਪੀਆ ਹਨ। ਉਸ ਦੇ ਨਾਲ ਹੇਨਰਿਕ ਸੇਂਕੇਵਿਚ (ਨਿੱਕਾ ਜਿਹਾ ਸੰਗੀਤਕਾਰ ਜੇਨਕੋ), ਰੂਪਾ ਸਿੰਘ (ਸੰਨਾਟੇ ਦੀ ਗੰਧ), ਰਸਕਿਨ ਬੌਂਡ (ਚਾਚੀ ਦਾ ਅੰਤਮ ਸਸਕਾਰ) ਤੇ ਸਰ ਅਰਥਰ ਕੋਨਨ ਡੋਇਲ (ਭੂਰਾ ਹੱਥ) ਅਨੁਵਾਦ ਕਹਾਣੀਆਂ ਵੀ ਛਾਪੀਆਂ ਹਨ। ਡੇਢ ਦਰਜਨ ਸ਼ਾਇਰਾਂ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਦੇ ਨਾਲ ਨਾਲ ਕੁਝ ਅਨੁਵਾਦ ਕਵਿਤਾਵਾਂ ਵੀ ਛਾਪੀਆਂ ਗਈਆਂ ਹਨ। ਕੁਝ ਕਿਤਾਬਾਂ ਦੀ ਸਮੀਖਿਆ ਦੇ ਨਾਲ-ਨਾਲ ਇਹ ਅੰਕ ਨਿੱਗਰ ਮੈਟਰ ਨਾਲ ਆਪਣੀ ਹਾਜ਼ਰੀ ਲਗਵਾਉਂਦਾ ਹੈ।

ਅੱਖਰ ਦਾ ਮੁੱਖ ਸੰਪਾਦਕ ਵਿਸ਼ਾਲ (99884-23237) ਹਨ। ਮੁੱਲ : 150 ਰੁਪਏ ਤੇ ਪੰਨੇ : 136

### ਸਮਾਂਤਰ ਨਜ਼ਰੀਆ : ਜੁਲਾਈ-ਸਤੰਬਰ, 2024




'ਸਮਾਂਤਰ ਨਜ਼ਰੀਆ' ਦੇ ਨਵੇਂ ਅੰਕ ਵਿੱਚ ਸੰਪਾਦਕ ਨੇ ਸਮਕਾਲ ਦੇ ਰਾਜਨੀਤਿਕ ਮਸਲਿਆਂ ਤੇ ਆਪਣੀ ਸੰਪਾਦਕੀ ਟਿੱਪਣੀ ਕੀਤੀ ਹੈ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ 'ਮੇਰੇ ਹਿੱਸੇ ਦਾ ਪਾਤਰ' 'ਚ ਸੁਰਜੀਤ ਪਾਤਰ ਦੇ ਪ੍ਰਸੰਗ ਸਾਂਝੇ ਕੀਤੇ ਹਨ। ਕਰਮ ਸਿੰਘ ਮਾਨ (ਮਣੀਆ), ਮਨਦੀਪ ਰਿੰਪੀ ( ..ਤੇ ਅੱਜ ਕੰਧ ਬੋਲ ਪਈ) ਕਹਾਣੀ ਛਾਪੀਆਂ ਹਨ। ਵੰਦਨਾ ਗੁਪਤਾ ਦੀ ਹਿੰਦੀ ਕਹਾਣੀ 'ਉਹ ਹੁੰਦੀ ਤਾਂ ..' ਵੀ ਛਪੀ ਹੈ। ਇਸ ਅੰਕ ਦੇ ਸ਼ਾਇਰ ਵਜੋਂ ਯੁਵਾ ਸ਼ਾਇਰ ਰਣਧੀਰ ਨੂੰ ਪੇਸ਼ ਕੀਤਾ ਹੈ। ਲੰਮੀ ਨਜ਼ਮ 'ਪੂਰਣੀਆਂ ਦਾ ਪ੍ਰੇਮ' (ਤਰਸੇਮ) ਦੀ ਚੰਗੀ ਕਿਰਤ ਹੈ। ਕਰਤਾਰ ਠੁੱਲ੍ਹੀਵਾਲ, ਬਲਦੇਵ ਬੱਲੀ ਤੇ ਰਾਜਿੰਦਰ ਸ਼ੌਂਕੀ ਦੀਆਂ ਕਵਿਤਾਵਾਂ ਹਨ। ਦਰਸ਼ਨ ਸਿੰਘ ਟਿੱਬਾ ਦੀ ਮੁਲਾਕਾਤ ਕਈ ਮਸਲੇ ਉਭਾਰਨ ਵਾਲੀ ਹੈ। ਗ਼ਦਰੀ ਗੁਲਾਬ ਕੌਰ ਬਾਰੇ ਦਲਜੀਤ ਕਾਲੀਆ ਦਾ ਲੇਖ ਹੈ। ਅੰਤ ਵਿੱਚ ਜਸਵਿੰਦਰ ਕੌਰ ਬਿੰਦਰਾ, ਪਰਮਜੀਤ ਸੋਹਲ, ਸੁਵਰਨ ਸਿੰਘ ਵਿਰਕ, ਰਾਮਪਾਲ ਸਾਹਪੁਰੀ ਨੇ ਕਿਤਾਬਾਂ ਦੀ ਸਮੀਖਿਆ ਕੀਤੀ ਹੈ।

'ਸਮਾਂਤਰ ਨਜ਼ਰੀਆ' ਦੇ ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ ਹਨ। ਪਰਚੇ ਦਾ ਮੁੱਲ : 70 ਰੁਪਏ ਤੇ ਪੰਨੇ : 96 ਹਨ।

### ਰਣਜੀਤ : ਜੁਲਾਈ, 2024




'ਰਣਜੀਤ' ਨਵੀਂ ਦਿਖ ਨਾਲ ਛਪ ਕੇ ਆਇਆ ਹੈ। ਰਣਜੀਤ ਸਿੰਘ ਖੜਗ ਬਾਰੇ ਸੰਪਾਦਕੀ ਹੈ। ਪਰਚਾ ਧਰਮ, ਕਲਚਰ, ਸਾਹਿਤ ਦੇ ਮਸਲਿਆਂ ਤੇ ਲੇਖ ਛਾਪਦ ਹੈ। ਹੱਥਲੇ ਅੰਕ ਵਿੱਚ ਰਣਜੀਤ ਸਿੰਘ ਖੜਗ (ਨਾਨਕ ਨਾਮ ਗਰੀਬੀ ਪਾਈ), ਸਵਰਨਦੀਪ ਸਿੰਘ ਨੂਰ (ਗਿਆਨੀ ਬਲਵੰਤ ਸਿੰਘ ਕੋਠਾਗੁਰੂ), ਡਾ. ਪਰਮਵੀਰ ਸਿੰਘ (ਪੰਜਾਬੀ ਯੂਨੀਵਰਸਿਟੀ ਕਿਵੇਂ ਬਣੀ), ਡਾ. ਪਰਮਜੀਤ ਸਿੰਘ ਢੀਂਗਰਾ (ਮੁੱਢਲੇ 'ਖੜਗ ਕਾਵਿ' ਦੀ ਚਿੰਨ੍ਹਕਾਰੀ), ਡਾ. ਅਰਵਿੰਦਰ ਸਿੰਘ (ਨਖਲਿਸਤਾਨ ਦੀ ਤਲਾਸ਼ ਵਿੱਚ), ਰਘਬੀਰ ਸਿੰਘ ਭਰਤ (ਵੀਹਵੀਂ ਸਦੀ ਦੀਆਂ ਕੁਝ ਸਾਹਿਤਕ ਵੰਨਗੀਆਂ), ਡਾ. ਹਰਮਿੰਦਰ ਸਿੰਘ ਬੇਦੀ (ਸਵੈ ਕਥਨ), ਇੰਜੀ. ਕਰਮਜੀਤ ਸਿੰਘ (ਟਰੰਪ ਦਾ ਅਨੁਵਾਦ ਤੇ ਗਿ. ਬਦਨ ਸਿੰਘ ਦਾ ਟੀਕਾ, ਸਿੱਖ ਧਰਮ ਦੇ ਵਾਧੇ ਦਾ ਉਪਰਾਲਾ), ਦੇਵਿੰਦਰ ਸਿੰਘ ਗਿੱਲ (ਵਿੱਥਿਆ ਚੋਲਾ ਸਾਹਿਬ ਦੀ) ਆਦਿ ਦੇ ਲੇਖ ਛਾਪੇ ਹਨ। ਕੁਲਵੰਤ ਸਿੰਘ ਔਜਲਾ, ਬੇਅੰਤ ਕੌਰ ਗਿੱਲ, ਪ੍ਰਕਾਸ਼ ਕੌਰ ਦੀਆਂ ਕਵਿਤਾਵਾਂ ਵੀ ਹਨ।

'ਰਣਜੀਤ' ਦੇ ਮੁੱਖ ਸੰਪਾਦਕ ਇੰਜ. ਕਰਮਜੀਤ ਸਿੰਘ (98728-13128) ਹਨ। ਪਰਚੇ ਦਾ ਮੁੱਲ : 50 ਰੁਪਏ ਤੇ ਪੰਨੇ : 72 ਹਨ।

### ਛਿਣ : ਜੁਲਾਈ-ਸਤੰਬਰ, 2024




'ਛਿਣ' ਦੀ ਸੰਪਾਦਕੀ 'ਚ ਲਗਾਤਾਰ ਘਟ ਰਹੀ ਰਸਾਲਿਆਂ ਦੀ ਗਿਣਤੀ ਤੇ ਚਿੰਤਾ ਜ਼ਾਹਰ ਕੀਤੀ ਗਈ ਹੈ। ਪੰਜਾਬੀ ਮਿੰਨੀ ਕਹਾਣੀ ਲੇਖਿਕਾ ਤਹਿਤ ਅਨਵੰਤ ਕੌਰ ਦੀਆਂ ਕੁਝ ਮਿੰਨੀ ਕਹਾਣੀਆਂ ਛਪੀਆਂ ਹਨ। ਨਕਸ਼ ਤਹਿਤ ਕੁਲਵਿੰਦਰ ਕੁਮਾਰ ਦੀਆਂ ਕੁਝ ਮਿੰਨੀ ਕਹਾਣੀਆਂ ਛਪੀਆਂ ਹਨ। ਸੁਖਬੀਰ, ਹਰਚਰਨ ਸਿੰਘ ਕੈਂਬਲਪੁਰੀ, ਦਵਿੰਦਰ ਪਟਿਆਲਵੀ ਦੀਆਂ ਕਹਾਣੀਆਂ ਵਿਰਾਸਤ ਕਾਲਮ ਵਿੱਚ ਛਾਪੀਆਂ ਗਈਆਂ ਹਨ। 'ਸੱਜਰੀ ਪੈੜ' ਤਹਿਤ ਤ੍ਰਿਪਤ ਭੱਟੀ, ਨਾਇਬ ਸਿੰਘ ਮੰਡੇਰ, ਹਰਪ੍ਰੀਤ ਸਿੰਘ ਰਾਣਾ, ਗੁਰਮੀਤ ਸਿੰਘ ਫਾਜ਼ਿਲਕਾ,ਵਿਵੇਕ, ਜਗਜੀਤ ਸਿੰਘ ਲੋਹਟਬੱਦੀ, ਤ੍ਰਿਲੋਕ ਢਿੱਲੋਂ, ਮਹਿੰਦਰ ਸਿੰਘ ਮਾਨ, ਕੇਵਲ ਰਾਮ, ਸੀਮਾ ਵਰਮਾ, ਹਰਦੀਪ ਸਭਰਵਾਲ, ਸੁੰਦਰਪਾਲ ਪ੍ਰੇਮੀ, ਸੁਖਵਿੰਦਰ ਦਾਨਗੜ੍ਹ ਦੀਆਂ ਪੰਜਾਬੀ ਮਿੰਨੀ ਕਹਾਣੀਆਂ ਛਪੀਆਂ ਹਨ। ਭਾਰਤੀ ਭਾਸ਼ਾਵਾਂ ਤੋਂ ਮਿੰਨੀ ਕਹਾਣੀਆਂ ਦੀ ਪੇਸ਼ਕਾਰੀ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ ਹੈ। ਜਿਨ੍ਹਾਂ ਵਿੱਚ ਪ੍ਰਿਥਵੀ ਰਾਜ ਅਰੋੜਾ, ਸਿਮਰ ਸਦੋਸ਼, ਯੁਗਲ ਦੀਆਂ ਰਚਨਾਵਾਂ ਹਨ। ਨਿਰੰਜਣ ਬੋਹਾ ਨੇ 'ਕੁੱਜੇ ਵਿੱਚ ਬੰਦ ਸਮੁੰਦਰ' ਸੰਗ੍ਰਹਿ ਦਾ ਵਿਸ਼ਲੇਸ਼ਣ ਕੀਤਾ ਹੈ। ਸੁਰਿੰਦਰ ਕੈਲੇ ਬਾਰੇ ਦਵਿੰਦਰ ਪਟਿਆਲਵੀ ਨੇ ਲਿਖਿਆ ਹੈ। ਇਹ ਮਿੰਨੀ ਕਹਾਣੀ ਦੀ ਪ੍ਰਤੀਨਿਧਤਾ ਕਰਨ ਵਾਲਾ ਰਸਾਲਾ ਹੈ।

'ਛਿਣ' ਦੇ ਮੁੱਖ ਸੰਪਾਦਕ ਤ੍ਰਿਪਤ ਭੱਟੀ (+1-209-485-4549) ਹਨ। ਪਰਚੇ ਦਾ ਮੁੱਲ : 20 ਰੁਪਏ ਤੇ ਪੰਨੇ : 38 ਹਨ।

### ਵਰਿਆਮ : ਸਤੰਬਰ, 2024




ਰਿਸਾਲੇ ਮੁੱਢ ਵਿੱਚ ਸਤਿਗੁਰੂ ਉਦੈ ਸਿੰਘ ਦਾ ਸੁਰਜੀਤ ਪਾਤਰ ਬਾਰੇ ਪ੍ਰਵਚਨ ਛਪਿਆ ਹੈ। ਪੈਰਿਸ ਉਲੰਪਿਕ ਬਾਰੇ ਸੰਪਾਦਕੀ ਹੈ। ਜਗਦੀਸ਼ ਸਿੰਘ ਵਰਿਆਮ, ਸੁਵਰਨ ਸਿੰਘ ਵਿਰਕ, ਤਾਰਾ ਸਿੰਘ ਅਨਜਾਣ, ਗੁਰਬਚਨ ਸਿੰਘ ਭੁੱਲਰ, ਗੁਰਭਜਨ ਗਿੱਲ, ਨਰੈਣ ਸਿੰਘ ਜਲੰਧਰ, ਰਮੇਸ਼ ਬੱਗਾ ਚੋਹਲਾ, ਬਲਜਿੰਦਰ ਕੌਰ ਬੱਲ, ਨਿੰਦਰ ਘੁਗਿਆਣਵੀ ਤੇ ਤਰਸੇਮ ਸਿੰਘ ਭੰਗੂ ਦੇ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਾਹਿਤਕ ਪੱਖ ਉਭਾਰਨ ਵਾਲੇ ਲੇਖ ਪਰਚੇ ਵਿੱਚ ਛਪੇ ਹਨ। ਉਜਾਗਰ ਸਿੰਘ ਨੇ 'ਮਹਾਰਾਜਾ ਰਣਜੀਤ ਸਿੰਘ' ਕਿਤਾਬ ਦਾ ਰੀਵਿਊ ਕੀਤਾ ਹੈ। ਅੰਤ ਵਿੱਚ ਸਰਗਰਮੀਆਂ ਤਹਿਤ ਰਿਪੋਟਿੰਗ ਛਪੀ ਹੈ।

'ਵਰਿਆਮ' ਦੇ ਸੰਪਾਦਕ ਡਾ. ਰਜਵੰਤ ਕੌਰ (98786-16996) ਹਨ। ਪਰਚੇ ਦਾ ਮੁੱਲ : 40 ਰੁਪਏ ਤੇ ਪੰਨੇ : 50 ਹਨ।

### ਲੋਕ ਲਹਿਰ

'ਲੋਕ ਲਹਿਰ' ਅਗਸਤ, 2024 ਦੀ ਸੰਪਾਦਕੀ 'ਚ ਕੇਂਦਰੀ ਬਜਟ 'ਤੇ ਟਿੱਪਣੀ ਕੀਤੀ ਹੈ। ਸੀਤਾ ਰਾਮ ਯੇਚੁਰੀ ਦਾ ਕਾਮਰੇਡ ਸੁਰਜੀਤ ਬਾਰੇ ਲੇਖ ਕਈ ਪੱਖ ਉਭਾਰਨ ਵਾਲਾ ਹੈ। ਬਲਜੀਤ ਸਿੰਘ ਗਰੇਵਾਲ ਤੇ ਡਾ. ਗੁਰਵਿੰਦਰ ਸਿੰਘ ਨੇ ਕੇਂਦਰੀ ਬਜਟ ਦਾ ਅਧਿਐਨ ਕਰਦਿਆਂ ਐਲਾਨੀਆਂ ਰੁਜ਼ਗਾਰ ਸਕੀਮਾਂ ਦਾ ਅਧਿਐਨ ਕੀਤਾ ਹੈ। ਸਤਿਨਾਮ ਸਿੰਘ ਨੇ ਨਕਲੀ ਖਾਦ, ਕੀਟਨਾਸ਼ਕ ਦਵਾਈਆਂ, ਖਾਦਾਂ ਅਤੇ ਹੋਰ ਉਪਕਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ। ਲਹਿੰਬਰ ਸਿੰਘ ਤੱਗੜ ਨੇ ਸੀ ਪੀ ਆਈ (ਐੱਮ) ਦਾ ਸੰਖੇਪ ਇਤਿਹਾਸ ਲਿਖਿਆ ਹੈ। ਹਰਭਜਨ ਸਿੰਘ ਦਾ ਲੇਖ ਲਿੰਗ ਸਮਾਨਤਾ ਅਤੇ ਔਰਤ ਦੇ ਅਧਿਕਾਰਾਂ ਦੀ ਗੱਲ ਕਰਦਾ ਹੈ। ਰਸਾਲੇ ਵਿੱਚ ਵੱਖ-ਵੱਖ ਥਾਵਾਂ ਉੱਤੇ ਹੋਏ ਮੁਜ਼ਾਹਰੇ, ਰੈਲੀਆਂ ਤੇ ਕਾਨਫਰੰਸਾਂ ਦੀ ਰਿਪੋਰਟ ਦਿੱਤੀ ਗਈ ਹੈ।

'ਲੋਕ ਲਹਿਰ' ਦੇ ਸੰਪਾਦਕ ਲਹਿੰਬਰ ਸਿੰਘ ਤੱਗੜ ਹਨ। ਪਰਚੇ ਦਾ ਮੁੱਲ : 20 ਰੁਪਏ, ਪੰਨੇ : 34 ਹਨ।

-ਭਗਵੰਤ ਰਸੂਲਪੁਰੀ

15-Sep-Sunday.qxd 9/14/2024 10:39 PM Page 3



# ਪ੍ਰੋ. ਬਲਦੇਵ ਸਿੰਘ ਬੱਲੀ ਦੇ ਗੀਤ ਤੇ ਕਵਿਤਾਵਾਂ

## ਗੀਤ

ਸਾਥੀ ਤੁਰਿਆ ਚੱਲ
ਮੂੰਹ ਕਰਕੇ ਮੰਜ਼ਲ ਵੱਲ,
ਸਾਥੀ ਤੁਰਿਆ ਚੱਲ।
ਤੁਰਦਾ ਰਹੇ ਤਾਂ ਮਿਲ ਜਾਏਗਾ,
ਸੋਨ ਸਵੇਰਾ ਕੱਲ੍ਹ।
ਸਾਥੀ ਤੁਰਿਆ ਚੱਲ।
ਮੰਨਿਆ ਪੈਂਡਾ ਬਹੁਤ ਲੰਮੇਰਾ,
ਕਠਿਨਾਈਆਂ ਨਾਲ ਭਰਿਆ।
ਬੰਦਾ ਉਹ ਜੋ ਕਦੇ ਨਈਂ,
ਤੂਫਾਨਾਂ ਤੋਂ ਡਰਿਆ।
ਰੁਕ ਨਾ ਡੋਲ ਨਾ ਤੁਰਦੇ ਨਾਲ
ਲੱਖਾਂ ਹੋਣਗੇ ਛੱਲ।
ਸਾਥੀ ਤੁਰਿਆ ਚੱਲ।
ਰੁਕਣਾ ਤਾਂ ਮਿਟ ਜਾਣਾ ਹੈ,
ਇਹ ਨਈਂ ਹਿੱਸੇ ਤੇਰੇ।
ਹਿੰਮਤਾਂ ਵਾਲੇ ਪੈਰਾਂ ਅੱਗੋਂ,
ਹਟ ਜਾਂਦੇ ਨੇ ਨੇਰ੍ਹੇ।
ਸਰਘੀ ਵਾਲਾ ਤਾਰਾ ਤੈਨੂੰ
ਲੋਅ ਰਿਹਾ ਹੈ ਘੱਲ
ਸਾਥੀ ਤੁਰਿਆ ਚੱਲ।
ਮਾਰੂਥਲ ਜੇ ਲੰਘ ਜਾਏਂਗਾ,
ਠੰਢੀਆਂ ਪੌਣਾਂ ਆਉਣੀਆਂ।
ਤੇਰੇ ਖੂਨ-ਪਸੀਨੇ ਦੀਆਂ,
ਲੰਮੀਆਂ ਬਾਤਾਂ ਪਾਉਣਗੀਆਂ।
ਫਿਰ ਵੇਖੀ ਜੀਵਨ ਦਾ ਝਰਨਾ,
ਵਹਿੰਦਾ ਏ ਕਲਕਲ।
ਸਾਥੀ ਤੁਰਿਆ ਚੱਲ।
ਨਿਰਬਲ ਹੋਏ ਮਨਾਂ ਅੰਦਰ
ਤੂੰਹੀਓਂ ਹੌਸਲੇ ਭਰਨੇ
ਉੱਚੇ, ਨੀਵੇਂ, ਟਿੱਬੇ ਸਾਰੇ,
ਰਲ ਕੇ ਸਮਤਲ ਕਰਨੇ।
ਸਵੇਰ ਦੇ ਮੁਖੜੇ ਛਾਈ ਲਾਲੀ
ਵੇਖ ਤੂੰ ਪੂਰਬ ਵੱਲ
ਸਾਥੀ ਤੁਰਿਆ ਚੱਲ।
ਮੂੰਹ ਕਰਕੇ ਮੰਜ਼ਲ ਵੱਲ,
ਸਾਥੀ ਤੁਰਿਆ ਚੱਲ।

## ਇਸ ਵਾਰ ਵੀ ਗੁਲਾਬ ਨਹੀਂ ਖਿੜੇਗਾ

ਕਮਰੇ 'ਚ ਬੈਠਾ
ਟੀ ਵੀ 'ਤੇ ਖਬਰਾਂ ਵੇਖ ਰਿਹਾ ਹਾਂ
ਅਚਾਨਕ ਖਬਰਾਂ ਦੇ ਇਕ ਦ੍ਰਿਸ਼ ਨੇ
ਮੈਨੂੰ ਚੌਂਕਾ ਦਿੱਤਾ ਹੈ
ਦੁਖੀ ਕਰ ਦਿੱਤਾ ਹੈ।
ਭੈਣ ਤੇ ਭਰਾ ਦੀ ਕਬਰ 'ਤੇ
ਖਾਲੀ ਹੱਥ ਖੜ੍ਹਾ ਇਕ ਬੱਚਾ
ਸਿਸਕੀਆਂ ਲੈਂਦਾ ਕਹਿ ਰਿਹਾ ਹੋਵੇ
ਚੱਲ ਰਹੇ ਬੰਬਾਂ ਤੇ ਮਿਜ਼ਾਇਲਾਂ ਨੇ
ਫੁੱਲ ਖਿੜਨ ਨਹੀਂ ਦਿੱਤੇ
ਮਹਿਕ ਮਰ ਗਈ ਹੈ
ਕਾਲੇ ਧੂੰਏਂ ਦੇ ਗੁਬਾਰ
ਤੇ ਉਜਾੜ ਹੀ ਜਨਮੇ ਨੇ
ਇਸ ਕਰਕੇ ਖਾਲੀ ਹੱਥ ਆਇਆ ਹਾਂ।
ਠਠੰਬਰੀ ਹਿਯਾਤੀ
ਨੀਵੀਂ ਪਾ ਸੋਚਦੀ ਹੈ
ਨਾ ਜਾਣੇ
ਇੱਕੀਵੀਂ ਸਦੀ 'ਚ ਵੀ
ਕਿਸ ਕਬੀਲੇ ਦੇ ਦੇਵਤੇ ਨੂੰ
ਲਹੂ ਤੇ ਉਜਾੜਾਂ ਦੀ
ਲੋੜ ਪੈ ਗਈ ਹੈ
ਕਮਰੇ 'ਚ ਹੁੰਮਸ ਦਾ ਮਹੌਲ ਹੈ
ਮੈਂ ਅਚਾਨਕ ਉਠਦਾ ਹਾਂ
ਤੇ ਘਰ ਦੇ ਪਿਛਵਾੜੇ
ਬਗੀਚੀ 'ਚ ਚਲਾ ਜਾਂਦਾ ਹਾਂ
ਹੈਰਾਨ ਤੇ ਪ੍ਰੇਸ਼ਾਨ ਹੋ
ਮੈਂ ਵੇਖਦਾ ਹਾਂ
ਕੁਝ ਬੱਚੇ ਗੁਲਾਬ ਦੇ ਬੂਟੇ ਦੀਆਂ
ਸੁੱਕੀਆਂ ਡੋਡੀਆਂ ਨੂੰ ਵੇਖ
ਰੋ ਰਹੇ ਹਨ
ਨੇੜੇ ਤਿਤਲੀ ਮਰੀ ਪਈ ਹੈ।
ਮੈਂ ਬੱਚਿਆਂ ਨੂੰ
ਬਾਹਾਂ 'ਚ ਲੈਂਦਾ ਸਿਰ ਪਲੋਸਦਾ
ਧੁੰਦ ਤੇ ਧੂੰਆਂ
ਹੋਰ ਗੂੜ੍ਹਾ ਹੋ ਰਿਹਾ ਹੈ।
ਹੈਰਾਨ-ਪ੍ਰੇਸ਼ਾਨ ਮੈਂ
ਕਦੇ ਗੁਲਾਬ ਦੀਆਂ ਡੋਡੀਆਂ ਵੱਲ
ਕਦੇ ਮਰੀ ਤਿਤਲੀ ਵੱਲ
ਤੇ ਕਦੇ ਰੋਂਦੇ ਬੱਚਿਆਂ ਵੱਲ ਵੇਖਦਾ
ਅਸਮਾਨ ਵੱਲ ਨਜ਼ਰ ਮਾਰਦਾ ਹਾਂ
ਤੇ ਅਚਾਨਕ ਬੁੜ-ਬੁੜਾਉਂਦਾ ਹਾਂ
ਹੈਂ! ਇਸ ਵਾਰ ਵੀ ਗੁਲਾਬ ਨਹੀਂ ਖਿੜੇਗਾ!

## ਬ੍ਰਿਖ ਕਦੇ ਮੌਨ ਨਈਂ ਹੁੰਦਾ

ਘਾਹ ਦੀਆਂ ਪੱਤੀਆਂ ਨੂੰ
ਪਤਾ ਹੁੰਦਾ ਹੈ ਕਿ
ਬ੍ਰਿਖ ਕਦੇ ਮੌਨ ਨਈਂ ਹੁੰਦਾ।
ਉਹ ਪੰਛੀਆਂ ਦੇ ਥਾਂ ਲਈ
ਰਾਹੀਆਂ ਦੀ ਛਾਂ ਲਈ
ਜੀਵਨ ਸਰਾਂ ਲਈ
ਟਾਹਣੀਆਂ,ਪੱਤਿਆਂ 'ਤੇ
ਜੜ੍ਹ ਦੀ ਖੈਰ ਮੰਗਦਾ ਹੈ।
ਬ੍ਰਿਖ ਅਰਦਾਸ ਕਰਦਾ ਹੈ
ਕਿ ਹੜ੍ਹ, ਝੱਖੜ ਨਾ ਆਵਣ
ਪੰਛੀ ਸੁੱਖ ਦੇ ਗੀਤ ਗਾਵਣ
ਮਿੱਠੀ ਰੁਮਕਦੀ ਪੌਣ ਵਗੇ
ਰਿਮਝਿਮ ਬਾਰਿਸ਼ ਹੋਵੇ।
ਡਿੱਗੇ ਸੁੱਕੇ ਪੱਤਿਆਂ ਦੀ
ਜ਼ਮੀਨ 'ਤੇ ਹੁੰਦੀ ਸਰਸਰਾਸਟ
ਉਸ ਦੇ ਅੰਤਰ ਨੂੰ ਭਾਰੀ
ਪੀੜ ਨਾਲ ਭਰਦੀ ਹੈ
ਤੇ ਜੜ੍ਹ ਜੀਵਨ ਸਲਾਮਤੀ
ਦੀ ਆਸ ਕਰਦੀ ਹੈ।
ਤਪਸ਼ਾਂ 'ਚ ਸੜ ਕੇ ਬਰਫ਼ਾਂ 'ਚ ਠਰ ਕੇ
ਜਾਣਿਆ ਹੈ ਬ੍ਰਿਖ ਨੇ ਹੁਣ
ਸੋਕੇ ਤਾਂ ਪੈਣੇ ਹਨ
ਝੱਖੜ ਵੀ ਆਉਣੇ ਹਨ
ਡਿੱਗਣੀ ਹੈ ਬਰਫ਼ ਵੀ ਭਾਰੀ
ਮੌਸਮ ਸੁੰਨਸਾਨ ਵੀ ਹੋਣਾ
ਫਿਰ ਵੀ ਆਸਵੰਦ ਬ੍ਰਿਖ
ਮਿੱਠੜੀ ਰੁਮਕਦੀ ਪੌਣ
ਤੇ ਰਿਮਝਿਮ ਬਾਰਿਸ਼ ਦੀ
ਉਡੀਕ ਕਰਦਾ ਹੈ।
ਪੰਛੀਆਂ, ਰਾਹੀਆਂ
ਤਿਤਲੀਆਂ, ਘਾਹ ਪੱਤੀਆਂ
ਵਾਸਤੇ ਦਿਲੋਂ ਦੁਆ ਕਰਦਾ ਹੈ
ਸਭ ਲਈ ਪੀੜ ਜਰਦਾ ਹੈ
ਬ੍ਰਿਖ ਕਦੇ ਮੌਨ ਨਈਂ ਹੁੰਦਾ।

## ਕਣ-ਕਣ ਸਾਵਣ ਹੋਏ

ਕਣ-ਕਣ ਅੰਦਰ
ਤਪਸ਼ ਬੜੀ ਹੈ
ਪਿਆਸ ਬੜੀ ਹੈ
ਧਰਤੀ ਤੇ ਦੁੱਖਾਂ ਦੀ
ਕਾਂਗ ਚੜ੍ਹੀ ਹੈ।
ਅੰਬਰ ਸਾਹਵੇਂ ਹੋ
ਧਰਤੀ ਹੌਕੇ ਭਰਦੀ
ਅਰਜ਼ੋਈ ਕਰਦੀ।
ਮੇਘਾ ਆਏ
ਮੀਂਹ ਵਰਸਾਏ
ਹਿਰਦਾ ਹਰਿਆਏ
ਸਾਵਣ ਆਏ।
ਹੇ ਸਖੀ,
ਸਾਵਣ ਤਾਂ ਹੀ
ਜੇ ਪ੍ਰੀਤਮ
ਸਨਮੁੱਖ ਹੋਏ
ਸਾਵਣ ਤਾਂ ਹੋਏ
ਜੇ ਅੱਖ ਨਾ ਰੋਏ
ਧਰਤੀ 'ਤੇ ਕੋਈ
ਨ੍ਹੇਰ ਨਾ ਢੋਏ
ਜੇ ਪਾਣੀ
ਜ਼ਹਿਰ ਨਾ ਹੋਏ
ਸਿਖਰ ਦੁਪਹਿਰ
ਜੀਵਨ ਦੀ
ਨਾ ਨਸ਼ਿਆਂ 'ਚ
ਰੁਲ ਜਾਏ
ਕਿਰਤੀ ਕਾਮਾ
ਗਲ ਆਪਣੇ 'ਚ
ਫਾਹਾ ਨਾ ਪਾਏ
ਜੇ ਜਵਾਨੀ
ਮਾਂ ਧਰਤੀ ਤੋਂ
ਦੂਰ ਨਾ ਜਾਏ
ਗੀਤ ਸਾਵਣ ਦਾ
ਤਾਂ ਮਨ ਭਾਏ!
ਹੇ ਸਖੀ,
ਬੋਲ ਪਿਆਰੇ
ਗੀਤ ਅਲਬੇਲੇ
ਬਾਰੂਦ ਜੇ
ਚੁੱਪ ਕਰਾਏ
ਬੱਚੇ ਦੀ ਕਿਲਕਾਰੀ
ਘੁਟ ਮਰ ਜਾਏ
ਮਸਤ ਨਦੀ
ਸੁਰਤ ਗੁਆਏ
ਲਾਲਚ ਜੇ
ਸਾਗਰ ਪੀ ਜਾਏ,
ਜੰਗਲ ਖਾਏ
ਪੌਣਾਂ ਦੇ ਰਸਤੇ
ਭਟਕਾਏ
ਜੀਵਨ ਤਰਸਾਏ
ਤਾਂ ਸਖੀ, ਸਾਵਣ ਕਿੰਝ ਭਾਏ!
ਸੁਣ ਸਖੀ
ਸਾਵਣ ਤਾਂ ਭਾਏ,
ਜੇ ਪ੍ਰੀਤਮ ਪਿਆਰਾ ਆਏ
ਹੱਕ-ਸੱਚ ਦੀ ਅਲਖ ਜਗਾਏ
ਪਿਆਰ ਕੁੰਡ 'ਚੋਂ
ਸ਼ਬਦ ਨੂਰਾਨੀ
ਹਿਰਦੇ ਅੰਦਰ ਪਾਏ
ਕੂੜ ਦਾ ਪਰਚਮ
ਆਪ ਹਟਾਏ
ਪਾਪ ਦੀ ਜੰਞ ਭਜਾਏ।
ਅੰਬਰ ਅੰਮ੍ਰਿਤ ਚੋਏ
ਕਣ-ਕਣ ਸਾਵਣ ਹੋਏ
ਤਨ, ਮਨ ਝੂਮ
ਖੁਸ਼ੀ ਵਿੱਚ ਗਾਏ
ਹਾਂ ਸਖੀ ਪ੍ਰੀਤਮ ਆਏ
ਨਾਨਕ ਆਏ!

## ਸੈਦਪੁਰ ਬੋਲਦਾ ਹੈ

ਸੈਦਪੁਰ ਚੁੱਪ ਨਹੀਂ ਹੈ
ਸੈਦਪੁਰ ਬੋਲਦਾ ਹੈ
ਜਦੋਂ ਘਾਹ ਦੀਆਂ ਪੱਤੀਆਂ ਨੂੰ
ਰੁਮਕਦੀ ਪੌਣ ਛੋਂਹਦੀ ਹੈ
ਉਡਾਣ ਲਈ ਜਦ ਪੰਖੇਰੂ
ਪਰ ਹਿਲਾਉਂਦੇ ਹਨ
ਖੇਤਾਂ ਤੇ ਫੈਕਟਰੀਆਂ 'ਚ
ਡਿਗਦੇ ਪਸੀਨੇ ਨਾਲ
ਜਦ ਜਬਰ ਹੁੰਦਾ ਹੈ
ਤਾਂ ਸੈਦਪੁਰ ਬੋਲਦਾ ਹੈ।
ਇਕ ਸ਼ਬਦ ਤੁਰਦਾ ਹੈ ਕਿਰਨਾਂ ਬਣਦਾ
ਬਿਰਖਾਂ ਦੇ ਪੱਤਿਆਂ 'ਚੋਂ ਲੰਘਦਾ
ਪੰਖੇਰੂ ਨੂੰ ਉਕਾਬ ਦਾ ਖ੍ਵਾਬ ਵਿਖਾਉਂਦਾ
ਘਾਹ ਦੀਆਂ ਪੱਤੀਆਂ ਨਿਹਾਰਦਾ
ਜੰਗਲ ਦਾ ਸੰਗੀਤ ਬਣਦਾ ਹੈ
ਜਾਬਰ ਮੌਸਮ ਡਰਨ ਲਗਦਾ ਹੈ।
ਤਰਕੀਬਾਂ ਬਣਾਉਂਦਾ ਸਾਜ਼ਿਸ਼ੀ ਮੌਸਮ
ਪਤਝੜ ਬੁਲਾਉਂਦਾ ਹੈ
ਘਾਹ ਦੀਆਂ ਪੱਤੀਆਂ ਸੁਕਾਉਂਦਾ ਹੈ
ਬਿਰਖ ਰੁੰਡ-ਮਰੁੰਡ ਕਰਦਾ
ਝੱਖੜ ਲਿਆਉਂਦਾ ਹੈ
ਆਲ੍ਹਣੇ ਢਾਹੁੰਦਾ ਹੈ।

## ਸਕਤੇ ਦਾ ਖੇਲ ਜਾਰੀ ਹੈ

ਸੂਰਜ ਸੋਚੇ ਪਿਆ
ਇਹ ਕੇਹਾ ਸਮਾਂ ਹੈ
ਪੌਣਾਂ ਭਟਕ ਰਹੀਆਂ ਨੇ
ਅੱਧਵਾਟੇ ਲਟਕ ਰਹੀਆਂ ਨੇ।
ਧਰਤੀ ਦੇ ਜੀਵ-ਜੰਤੂ
ਪੇੜ, ਪੌਦੇ
ਹਰਕਤ ਖੋਹ ਰਹੇ ਨੇ
ਬਰਫਾਂ ਦੇ ਤੋਦੇ
ਰੋ ਰਹੇ ਨੇ।
ਜੀਵਨ ਕੁੱਖ 'ਚੋਂ
ਅੰਕੁਰ ਅਲੋਪ ਹੋ ਰਿਹਾ ਹੈ
ਸ਼ਬਦ ਖਾਮੋਸ਼ ਹੋ ਰਿਹਾ ਹੈ
ਤੇ ਅੰਬਰ ਹੰਝੂ 'ਚੋਂ ਰਿਹਾ ਹੈ।
ਜੇ ਠਠੰਬਰ ਜਾਵੇ ਕਿਲਕਾਰੀ
ਸੁਣ ਵਿਸਫੋਟਾਂ ਦੀ ਆਵਾਜ਼
ਬੇਸੁਰਾ ਹੋਏ ਪੌਣਾਂ ਦਾ ਸਾਜ਼
ਤਾਂ ਸੋਚੋ ਦੋਸ਼ ਕਿਸਦਾ ਹੈ।
ਬੇਸੁਰਤ ਹੋਈਆਂ ਤਿਤਲੀਆਂ
ਰੁਲਦੀਆਂ ਫੁੱਲ-ਪੱਤੀਆਂ
ਰੇਤ, ਰੱਕੜ ਬਣਦੇ ਖੇਤ

ਸੰਪਰਕ 98721-51086

ਸਫ਼ਾ 3 ਦੀ ਬਾਕੀ

## ਦਲਿਤ ਸਮਾਜ ਦੀਆਂ...

ਦੂਰ ਡੰਗਰ ਚਾਰਨ ਚਲੇ ਜਾਂਦਾ ਹੈ, ਜਿੱਥੇ ਉਹ ਪਿਆਸ ਨਾਲ ਬੇਹਾਲ ਹੋ ਜਾਂਦਾ ਹੈ ਤੇ ਮਜ਼ਬੀਆਂ ਦਾ ਧੀਰਾ ਪਾਣੀ ਪੀਣ ਲਈ ਉਹਦੀ ਸਹਾਇਤਾ ਕਰਦਾ ਹੈ। ਉਹ ਜੱਗੂ ਦੇ ਭਾਂਡੇ ਵਿੱਚ ਪਾਣੀ ਪੀਣ ਨਾਲ ਮਸਾਂ ਬਚਦਾ ਹੈ। ਪਾਣੀ ਪੀਣ ਨਾਲ ਉਹ ਬਚ ਤਾਂ ਜਾਂਦਾ ਹੈ, ਪਰ ਸੰਸਕਾਰ ਵਿੱਚ ਮਿਲਿਆ ਭਿੱਟ ਦਾ ਡਰ ਉਹਦੇ ਮਨ ਅੰਦਰ ਡਰ ਪੈਦਾ ਕਰ ਦਿੰਦਾ ਹੈ। ਉਹ ਆਪਣੇ ਆਪ ਨੂੰ ਪਾਪੀ ਸਮਝਣ ਲੱਗ ਪੈਂਦਾ ਹੈ, ਪਰ ਕਹਾਣੀ ਉਦੋਂ ਮੋੜ ਕੱਟਦੀ ਹੈ, ਜਦੋਂ ਉਸ ਦੀ ਮਾਂ ਭਿੱਟ ਦਾ ਡਰ ਕੱਢਣ ਲਈ ਭੀਲਣੀ ਦੀ ਕਥਾ ਸੁਣਾਉਂਦੀ ਹੈ। ਇਨ੍ਹਾਂ ਸਾਰੇ ਕਹਾਣੀਕਾਰਾਂ ਕੋਲ ਸਮਾਜ ਨੂੰ ਵੇਖਣ ਦਾ ਆਦਰਸ਼ਵਾਦੀ ਫ਼ਲਸਫ਼ਾ ਸੀ, ਜਿਸ ਨਾਲ ਉਹ ਸਮਾਜ ਵਿੱਚ ਪਈਆਂ ਹੋਈਆਂ ਵੰਡੀਆਂ ਨੂੰ ਖਤਮ ਕਰਨਾ ਚਾਹੁੰਦੇ ਹਨ।

ਸੁਖਬੀਰ ਦੀ ਕਹਾਣੀ 'ਆਖ਼ਿਰ' ਉਸ ਜੁੱਤੀਆਂ ਗੰਢਣ ਵਾਲੇ ਪਾਤਰ ਦੀ ਕਹਾਣੀ ਹੈ, ਜਿਹੜਾ ਜਿਉਣ ਵਾਲੇ ਸਾਧਨਾਂ ਤੋਂ ਸੱਖਣਾ ਰਹਿ ਜਾਂਦਾ ਹੈ। ਨੀਵੀਂ ਜਾਤ ਦਾ ਹੋਣ ਕਰਕੇ ਉਹ ਸਮਾਜ ਵਿੱਚ ਦਰੜ ਹੁੰਦਾ ਰਹਿੰਦਾ ਹੈ। 'ਚੰਮ ਦੀ ਬੋ' ਉਹਨੂੰ ਸਮਾਜ ਤੋਂ ਵੱਖਰਾ ਕਰੀ ਰੱਖਦੀ ਹੈ। ਸੱਠ ਸਾਲ ਬੀਤ ਜਾਣ ਤੋਂ ਵੀ ਉਹਦਾ ਘਰ ਕੱਚਾ ਰਹਿੰਦਾ ਹੈ। ਜਦੋਂ ਦੇਸ਼ ਆਜ਼ਾਦ ਹੁੰਦਾ ਹੈ, ਘਰ ਕੱਚੇ ਤੋਂ ਪੱਕਾ ਹੋ ਜਾਂਦਾ ਹੈ, ਥੋੜ੍ਹੀ ਜਿਹੀ ਜ਼ਮੀਨ ਵੀ ਮਿਲ ਜਾਂਦੀ ਹੈ। ਇਕ ਮੁੰਡਾ ਪੜ੍ਹ ਜਾਣ 'ਤੇ ਨੌਕਰੀ ਵੀ ਲੱਗ ਜਾਂਦਾ ਹੈ। ਕਹਾਣੀਕਾਰ ਕਹਿੰਦਾ ਹੈ, ਸਹੂਲਤਾਂ ਮਿਲੀਆਂ, ਪਰ ਸਥਿਤੀ ਉਸੇ ਤਰ੍ਹਾਂ ਦੀ ਰਹਿੰਦੀ ਹੈ। ਦਲਿਤ ਸਮਾਜ ਦੇ ਲੋਕਾਂ ਵਿੱਚ ਡਰ, ਸਹਿਮ ਅਤੇ ਭਿੱਟ ਐਨਾ ਘਰ ਕਰ ਜਾਂਦੀ ਹੈ ਕਿ ਉਹ ਡਰ ਨਾਲ ਰਤਾ ਪਰ੍ਹੇ ਹੱਟ ਕੇ ਬੈਠਦਾ ਹੈ। ਦੂਜੇ ਪਾਸੇ ਕਹਾਣੀ ਦੇ 'ਮੈਂ' ਪਾਤਰ ਦੀ ਮਾਨਸਿਕਤਾ ਦੱਸੀ ਗਈ ਹੈ, ਜਿਹੜਾ ਉਹਦੀ ਗੜਵੀ ਫੜ ਕੇ ਦੂਜੇ ਨੂੰ ਫੜਾਉਂਦਾ ਹੈ। ਇਸ ਤਰ੍ਹਾਂ ਉਹ ਬਰਾਬਰੀ ਤੇ ਸਮਾਨਤਾ ਦਾ ਸੰਦੇਸ਼ ਦਿੰਦਾ ਹੈ।

ਸੰਪਾਦਕ ਨੇ ਅੱਗੇ ਕੁਝ ਅਜਿਹੀਆਂ ਕਹਾਣੀਆਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਵਿੱਚ ਦਲਿਤ ਲੋਕਾਂ ਵਿੱਚ ਹੋਏ ਸਮਾਜਿਕ ਵਿਕਾਸ ਦੀ ਗੱਲ ਕੀਤੀ ਗਈ ਹੈ। ਵਿਕਾਸ ਦੀ ਸਮਾਜਿਕ ਇਤਿਹਾਸਕਾਰੀ ਨੂੰ ਵੇਖਣ ਤੇ ਸਮਝਣ ਲਈ ਭਗਵੰਤ ਰਸੂਲਪੁਰੀ ਦੀ ਕਹਾਣੀ 'ਸੁੱਕੀਆਂ ਕੁੰਨਾਂ', ਜਿੰਦਰ ਦੀ ਕਹਾਣੀ 'ਸਿਆਸਤ ਖੇਡ ਬਾਬਾ ਸਿਆਸਤ' ਅਤੇ ਸਰੂਪ ਸਿਆਲਵੀ ਦੀ ਕਹਾਣੀ 'ਰੱਜਤਨਾਮੀਏ' ਪ੍ਰਮੁੱਖ ਹਨ। ਇਨ੍ਹਾਂ ਕਹਾਣੀਆਂ ਵਿੱਚ ਦਲਿਤ ਦਰਸ਼ਨ ਦੇ ਮੁੱਦੇ ਕਹਾਣੀਆਂ ਦੇ ਬਿਰਤਾਂਤ ਦਾ ਹਿੱਸਾ ਬਣਦੇ ਹਨ। ਦਲਿਤ ਲੋਕਾਂ ਦੇ ਵਿਕਾਸ ਦੀ ਗਤੀ ਕਹਾਣੀਆਂ ਵਿੱਚ ਪੇਸ਼ ਹੋਏ ਬਿਰਤਾਂਤ ਵਿੱਚ ਲੱਭਦੀ ਹੈ ਅਤੇ ਦਲਿਤ ਚਿੰਤਨ ਭਰਵੇਂ ਰੂਪ ਵਿੱਚ ਪੇਸ਼ ਹੁੰਦਾ ਹੈ।

ਭਗਵੰਤ ਰਸੂਲਪੁਰੀ ਦੀ ਕਹਾਣੀ 'ਸੁੱਕੀਆਂ ਕੁੰਨਾਂ' ਚਮੜੇ ਦਾ ਕੰਮ ਕਰਨ ਵਾਲੇ ਕਿਰਤੀਆਂ ਦੇ ਹੱਥੋਂ ਫਿਸਲ ਗਏ ਪਿਤਾ-ਪੁਰਖੀ ਕਿੱਤੇ ਦੀ ਇਤਿਹਾਸਕਾਰੀ ਕਰਦੀ ਹੈ। ਮਸ਼ੀਨੀਕਰਨ ਕਿਵੇਂ ਹੱਥੀਂ ਕੰਮ ਕਰਨ ਵਾਲੇ ਬੰਦਿਆਂ ਨੂੰ ਹਾਸ਼ੀਏ ਧੱਕ ਉੱਤੇ ਦਿੰਦਾ ਹੈ। ਕਹਾਣੀ ਇਹ ਵੀ ਦੱਸਦੀ ਹੈ ਕਿ ਜਦੋਂ ਪਰੰਪਰਾਗਤ ਕਿੱਤੇ ਦਾ ਸਨਅਤੀਕਰਨ ਹੁੰਦਾ ਹੈ, ਉਦੋਂ ਕਿਵੇਂ ਹੋਰ ਵਰਗਾਂ ਦੇ ਲੋਕ ਐਂਟਰ ਕਰਨ ਲੱਗ ਪੈਂਦੇ ਹਨ। ਕਿਵੇਂ ਮਸ਼ੀਨੀਕਰਨ ਦੇ ਆਉਣ ਨਾਲ ਦਲਿਤਾਂ ਕੋਲੋਂ ਹੱਥੀਂ ਚਮੜਾ ਰੰਗਣ ਦਾ ਕਿੱਤਾ ਖੋਹ ਹੁੰਦਾ ਹੈ। ਭਾਰਤੀ ਸਮਾਜਿਕ ਬਣਤਰ ਦੇ ਸਿਖਰਲੇ ਪੌਡੇ 'ਤੇ ਬੈਠੇ ਲੋਕ ਪੂੰਜੀਵਾਦੀ ਪ੍ਰਭਾਵ ਅਧੀਨ ਘਟੀਆ ਸਮਝੇ ਜਾਂਦੇ ਕਿੱਤੇ ਚਮੜਾ ਰੰਗਣ ਉਤੇ ਕਾਬਜ਼ ਹੋ ਜਾਂਦੇ ਹਨ। ਵਿਸ਼ਵ ਦੀ ਮੰਡੀ ਦਾ ਇਹ ਵਰਤਾਰਾ ਮਨੁੱਖੀ ਕਿਰਤ ਦੇ ਬਜ਼ਾਰੀਕਰਨ ਕਾਰਨ ਮਨੁੱਖ ਹੱਥੋਂ ਉਸ ਦੀ ਕਿਰਤ ਖੋਹ ਕੇ ਉਸ ਨੂੰ ਨਿਹੱਥਾ ਕਰ ਦਿੰਦਾ ਹੈ। ਸਾਰੀ ਕਹਾਣੀ ਵਿੱਚ ਇਹ ਗੰਭੀਰ ਮਸਲੇ ਉਭਾਰੇ ਗਏ ਹਨ।

ਜਿੰਦਰ ਨੇ ਆਪਣੀ ਕਹਾਣੀ 'ਸਿਆਸਤ ਖੇਡ ਬਾਬਾ, ਸਿਆਸਤ' ਵਿੱਚ ਦਲਿਤਾਂ ਵਿੱਚ ਪਛਾਣ ਦੀ ਰਾਜਨੀਤੀ ਦੇ ਮਸਲੇ ਨੂੰ ਉਭਾਰਨ ਦਾ ਭਰਪੂਰ ਯਤਨ ਕੀਤਾ ਹੈ। ਕਹਾਣੀਕਾਰ ਤਿੰਨ ਪੀੜ੍ਹੀਆਂ ਵਿੱਚੋਂ ਆਪਣੀ ਗੱਲ ਕਹਿੰਦਾ ਹੈ। ਕਹਾਣੀ ਦੇ ਬਿਰਤਾਂਤ ਵਿੱਚ ਸਮਾਜਿਕ ਅਤੇ ਰਾਜਨੀਤਕ ਵਿਕਾਸ ਦੀ ਕਹਾਣੀ ਪਈ ਹੋਈ ਹੈ। ਇਸ ਕਹਾਣੀ ਵਿੱਚ ਜਿੰਦਰ ਕੁਝ ਸਵਾਲ ਵੀ ਖੜ੍ਹੇ ਕਰਦਾ ਹੈ। ਉਹ ਦਲਿਤ ਰਾਜਨੀਤੀ ਨੂੰ ਸਵਾਲਾਂ ਦੇ ਘੇਰੇ ਵਿੱਚ ਵੀ ਲੈ ਕੇ ਆਉਂਦਾ ਹੈ।

ਸਰੂਪ ਸਿਆਲਵੀ ਆਪਣੀ ਕਹਾਣੀ 'ਰੱਜਤਨਾਮੀਏ' ਵਿੱਚ ਦਲਿਤ ਸਮਾਜ ਦੀ ਇਤਿਹਾਸਕਾਰੀ ਵੱਖਰੀ ਦ੍ਰਿਸ਼ਟੀ ਤੋਂ ਕਰਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਜਿਹੜੀ ਤਬਦੀਲੀ ਸਮਾਜਿਕ, ਆਰਥਿਕ ਪੱਧਰ ਉੱਤੇ ਆਈ, ਉਸ ਤਬਦੀਲੀ ਨਾਲ ਦਲਿਤ ਲੋਕ ਕਿਵੇਂ ਸੰਕਟ ਵਿੱਚ ਘਿਰ ਰਹੇ ਹਨ, ਸਰਮਾਏਦਾਰੀ ਕਿਵੇਂ ਦਲਿਤਾਂ ਨੂੰ ਮਿਲੇ ਸੰਵਿਧਾਨਕ ਜ਼ਮੀਨ ਪ੍ਰਾਪਤੀ ਦੇ ਹੱਕਾਂ ਨੂੰ ਖਤਮ ਕਰਨ ਲੱਗੀ ਹੋਈ ਹੈ, ਕਹਾਣੀਕਾਰ ਇਸ ਮੁੱਦੇ ਨੂੰ ਇਤਿਹਾਸਕ ਘਟਨਾਵਾਂ ਨਾਲ ਪੇਸ਼ ਕਰਦਾ ਹੈ। ਕਿਵੇਂ ਦਲਿਤਾਂ ਵਿੱਚ ਟਕਰਾ ਪੈਦਾ ਹੋ ਰਹੇ ਹਨ, ਕਿਵੇਂ ਨਵੀਂ ਦਰਜਾਬੰਦੀ ਬਣ ਰਹੀ ਹੈ, ਜੋ ਦਲਿਤ ਲੋਕਾਂ ਦੀ ਲੁੱਟ ਦਾ ਬਿਰਤਾਂਤ ਸਿਰਜਦੀ ਹੈ। ਕਹਾਣੀਕਾਰ ਦੱਸਦਾ ਹੈ ਕਿ ਕਿਵੇਂ ਦਲਿਤਾਂ ਦੇ ਨਾਂਅ ਜ਼ਮੀਨ ਦਾ ਇਕ ਟੁਕੜਾ ਵੀ ਨਹੀਂ ਸੀ। ਜਥੇਦਾਰ ਫੌਜਾ ਸਿੰਘ ਤੇ ਉਸ ਦਾ ਪੋਤਾ ਸਰਵਣ ਸਿੰਘ ਦਲਿਤਾਂ ਦਾ ਪਿਛੋਕੜ ਬਿਆਨ ਕਰਦੇ ਹਨ। 'ਇੰਤਕਾਲ ਅਰਾਜ਼ੀ ਐਕਟ' ਦੇ ਆਲੇ-ਦੁਆਲੇ ਕਹਾਣੀ ਉਸਰਦੀ ਹੈ। ਜ਼ਮੀਨ ਦੀ ਮਾਲਕੀ ਨੂੰ ਲੈ ਕੇ ਭਖਵੇਂ ਮੁੱਦੇ ਉਭਾਰਨ ਵਾਲੀ ਕਹਾਣੀ ਹੈ।

ਮੋਹਨ ਲਾਲ ਫਿਲੌਰੀਆ ਆਪਣੀ ਕਹਾਣੀ 'ਬਦਬੂ' ਵਿੱਚ ਬਦਬੂ ਦੇ ਚਿਹਨ ਨਾਲ ਮਨੁੱਖੀ ਮਾਨਸਿਕਤਾ ਨੂੰ ਬੜੀ ਖੂਬਸੂਰਤੀ ਨਾਲ ਉਭਾਰਦਾ ਹੈ। ਮਨੁੱਖ ਦੇ ਮਨ ਅੰਦਰ ਪਈਆਂ ਜਾਤ ਅਤੇ ਜਾਤ ਨਾਲ ਜੁੜ ਚੁੱਕੇ ਸੰਸਕਾਰਾਂ ਨਾਲ ਜੋ ਗੰਢਾਂ ਬੱਝ ਜਾਂਦੀਆਂ ਹਨ, ਕਹਾਣੀਕਾਰ 'ਬਦਬੂ' ਦੇ ਚਿਹਨ ਰਾਹੀਂ ਪੇਸ਼ ਕਰਦਾ ਹੈ। ਦਲਿਤ ਲੋਕਾਂ ਨੂੰ ਜਿਹੜਾ ਸਿੱਖਿਆ ਦਾ ਅਧਿਕਾਰ ਮਿਲਦਾ ਹੈ, ਉਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਕੇ ਉਹ ਪੜ੍ਹ-ਲਿਖ ਜਾਂਦੇ ਹਨ। ਡਿਗਰੀਆਂ ਪ੍ਰਾਪਤੀ ਉਪਰੰਤ ਨੌਕਰੀਆਂ ਉੱਤੇ ਲੱਗ ਜਾਂਦੇ ਹਨ। ਕਹਾਣੀ ਦੇ ਬਿਰਤਾਂਤ ਵਿੱਚ ਲੇਖਕ ਦੱਸਦਾ ਹੈ—ਇਹ ਡਿਗਰੀਆਂ ਦੂਜੀਆਂ ਜਾਤਾਂ ਦੇ ਲੋਕਾਂ ਲਈ ਬਦਬੂ ਦਾ ਚਿਹਨ ਬਣ ਜਾਂਦੀਆਂ ਹਨ। ਉਨ੍ਹਾਂ ਦੇ ਮਨਾਂ ਵਿੱਚ ਤ੍ਰਟਾ ਪੈਂਦੀਆਂ ਹਨ ਕਿ ਇਹ ਲੋਕ ਪੜ੍ਹ ਕੇ ਨੌਕਰੀਆਂ ਕਿਵੇਂ ਪ੍ਰਾਪਤ ਕਰ ਗਏ, ਇਨ੍ਹਾਂ ਦਾ ਕੰਮ ਤਾਂ ਮਰੇ ਡੰਗਰਾਂ ਨੂੰ ਚੁੱਕਣਾ ਤੇ ਉਨ੍ਹਾਂ ਦਾ ਚੰਮ ਲਹੁਣਾ ਸੀ। ਕਹਾਣੀ ਗਰੀਬ ਦਾਸ ਪਾਤਰ ਨਾਲ ਅੱਗੇ ਤੁਰਦੀ ਹੈ, ਜਿਹੜਾ ਹੱਡਾਰੋੜੀ ਦੇ ਚੁੱਕੇ ਜਾਣ ਨੂੰ ਲੈ ਕੇ ਕਾਨੂੰਨੀ ਲੜਾਈ ਲੜਦਾ ਹੈ। ਉਹ ਬੰਦਾ ਪੰਜਾਹ ਸਾਲ ਤੋਂ ਹੱਡਾਰੋੜੀ ਵਿੱਚ ਮਰੇ ਡੰਗਰਾਂ ਦਾ ਚੰਮ ਲਾਹੁੰਦਾ ਆ ਰਿਹਾ ਹੈ। ਲੋਕਾਂ ਦੀ ਸ਼ਿਕਾਇਤ 'ਤੇ ਅਦਾਲਤ ਹੱਡਾਰੋੜੀ ਚੁੱਕਣ ਦਾ ਨੋਟਿਸ ਦਿੰਦੀ ਹੈ। ਸੰਪਾਦਕ ਕਹਿੰਦਾ ਹੈ ਕਿ ਕਹਾਣੀ ਵੱਖਰੀ ਤਰ੍ਹਾਂ ਦਲਿਤ ਸਮਾਜ ਦੀ ਇਤਿਹਾਸਕਾਰੀ ਕਰਦੀ ਹੈ।

ਪ੍ਰੇਮ ਪ੍ਰਕਾਸ਼ ਆਪਣੀ ਕਹਾਣੀ 'ਅਨੁਸ਼ਠਾਨ' ਵਿੱਚ ਉੱਚ ਜਾਤੀਆਂ ਦੇ ਮਨਾਂ ਵਿੱਚ ਪਈਆਂ ਗੰਢਾਂ ਨੂੰ ਸਮਰੱਥਾ ਨਾਲ ਪੇਸ਼ ਕਰਦਾ ਹੈ। ਕਹਾਣੀ ਦਾ ਪਾਤਰ ਗੈਰ-ਦਲਿਤ ਹੈ, ਉਹ ਨਿਮਨ ਜਾਤ ਦੇ ਲੋਕਾਂ ਬਾਰੇ ਕਿਵੇਂ ਸੋਚਦਾ ਹੈ। ਕਹਾਣੀ ਦਾ ਬਿਰਤਾਂਤ ਕਹਿੰਦਾ ਹੈ। ਪ੍ਰੇਮ ਪ੍ਰਕਾਸ ਆਪਣੇ ਪਾਤਰ ਰਾਹੀਂ ਜਾਤੀ ਸੰਸਕਾਰਾਂ ਦੇ ਮਾਨਸਿਕ ਦਬਾਅ ਦੀ ਗੱਲ ਕਰਦਾ ਹੈ। ਕਹਾਣੀ ਦੀ ਔਰਤ ਬ੍ਰਾਹਮਣਿਕ ਸੰਸਕਾਰਾਂ ਵਿੱਚ ਪਲੀ ਤੇ ਵੱਡੀ ਹੋਈ ਨਾਰੀ ਹੈ। ਉਹਦਾ ਸੁਭਾਅ ਜਾਤੀ ਸੰਸਕਾਰਾਂ ਨਾਲ ਕੁੰਠਤ ਹੋ ਚੁੱਕਾ ਹੈ। ਇਸ ਕੁੰਠਾ ਕਾਰਨ ਹੀ ਉਹ ਜੇਬੂ ਦਾ ਬੀਜ ਆਪਣੇ ਪੇਟ ਵਿੱਚੋਂ ਕਢਵਾ ਕੇ ਮਰਤਬਾਨ ਵਿੱਚ ਪਾ ਕੇ ਸਾਂਭ ਲੈਂਦੀ ਹੈ। ਜੋ ਜੇਬੂ ਹੈ, ਉਹ ਨੀਵੀਂ ਜਾਤ ਦਾ ਮਜ਼ਬੀ ਹੈ। ਪ੍ਰੇਮ ਪ੍ਰਕਾਸ਼ ਧਰਮ ਅਤੇ ਕਾਮ ਦੇ ਮਸਲਿਆਂ ਨੂੰ ਅਚਲਾ ਪਾਤਰ ਦੇ ਜਾਤੀ ਅਵਚੇਤਨ ਰਾਹੀਂ ਉਭਾਰਦਾ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਛੱਪੜ' ਪਰਵਾਸੀ ਹੋ ਗਏ ਜੱਟ ਸਿੱਖ ਪਾਤਰ ਅੰਦਰ ਬੈਠੀ ਜਾਤ-ਪਾਤ ਅਤੇ ਉਚ-ਨੀਚ ਨੂੰ ਲੈ ਕੇ ਬੰਦੇ ਦੇ ਮਨ ਵਿੱਚ ਪਈਆਂ ਮਾਨਸਿਕ ਗੰਢਾਂ ਨੂੰ ਖੋਲ੍ਹਦੀ ਹੈ। ਕਹਾਣੀਕਾਰ ਦੱਸਣਾ ਚਾਹੁੰਦਾ ਹੈ ਕਿ ਬੰਦੇ ਦੇ ਮਨ ਅੰਦਰ ਜਾਤੀ ਨੂੰ ਲੈ ਕੇ ਜਿਹੜੀਆਂ ਜੜ੍ਹਾਂ ਫੈਲਦੀਆਂ ਹਨ, ਉਹ ਉਹਦੀ ਸੰਸਕ੍ਰਿਤੀ ਦੀ ਦੇਣ ਹੁੰਦੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਕਹਾਣੀ 'ਰੇਸ਼ਮ ਦੀ ਛੋਹ' ਅਤੇ 'ਬੋਰੇ ਦਾ ਘਾਸਾ' ਵਿੱਚ ਜੱਟ-ਸੀਰੀ ਦੇ ਸੰਬੰਧਾਂ ਨੂੰ ਪੇਸ਼ ਕੀਤਾ ਹੈ। ਕਹਾਣੀ ਦੇ ਬਿਰਤਾਂਤ ਵਿੱਚ ਸੀਰੀ ਦੀ ਲੁੱਟ ਹੈ, ਜਿਹਨੂੰ ਪੇਟ ਭਰਨ ਲਈ ਬਾਜਰੇ ਦੀ ਰੋਟੀ ਮਿਲਦੀ ਹੈ। ਕਹਾਣੀ ਵਿੱਚ ਸੰਗੂ ਮੋਹਨ ਸਿੰਘ ਨਾਲ ਸੀਰੀ ਰਲ਼ਦਾ ਹੈ। ਢਿੱਡ ਭਰਨ ਲਈ ਉਹਨੂੰ ਬਾਜਰੇ ਦੀ ਸੁੱਕੀ ਰੱਟੀ ਮਿਲਦੀ ਹੈ। ਨਿਮਨ ਸ਼੍ਰੇਣੀ ਦਾ ਗੁੱਸਾ ਤੇ ਵਿਦਰੋਹ ਵੀ ਕਹਾਣੀ ਦਾ ਹਿੱਸਾ ਬਣਦਾ ਹੈ। ਸੁਖਵੰਤ ਕੌਰ ਮਾਨ ਦੀ ਕਹਾਣੀ 'ਕੱਛੂਕੁੰਮਾ' ਵੀ ਬੜੀ ਕਲਾਤਮਿਕ ਕਹਾਣੀ ਹੈ। ਇਸ ਕਹਾਣੀ ਵਿੱਚ ਸੀਰੀ ਆਉਂਦਾ ਹੈ। ਸੀਰੀ ਨਾਲ ਹਮਦਰਦੀ ਰੱਖਣ ਵਾਲੀ ਉਸ ਔਰਤ ਦੀ ਕਹਾਣੀ, ਹੈ ਜੋ ਜ਼ਿਮੀਦਾਰ ਦੀ ਧੀ ਹੈ। ਕਹਾਣੀ ਵਿੱਚ ਸੀਰੀ ਧੰਮੇ ਦੀਆਂ ਦੋਵੇਂ ਬਾਹਾਂ ਕਣਕ ਕੁਤਰਨ ਵਾਲੀ ਮਸ਼ੀਨ ਵਿੱਚ ਵੱਢੀਆਂ ਜਾਂਦੀਆਂ ਹਨ। ਉਹ ਲਚਾਰ ਹੋ ਜਾਂਦਾ ਹੈ, ਪਰ ਜ਼ਿਮੀਦਾਰਾਂ ਦੀ ਧੀ ਧੰਮੇ ਵੱਲ ਖੜਦੀ ਹੈ। ਧੰਮੇ ਦੀ ਅਗਲੀ ਪੀੜ੍ਹੀ ਪੜ੍ਹ ਕੇ ਹੋਰ ਕੰਮ-ਧੰਦੇ ਕਰਨ ਲੱਗ ਜਾਂਦੀ ਹੈ। ਉਹ ਸੀਰੀ ਪੁਣੇ ਤੋਂ ਬਾਗੀ ਹੋ ਕੇ ਹੋਰ ਕੰਮ-ਧੰਦੇ ਕਰਨ ਲੱਗ ਪੈਂਦੇ ਹਨ। ਲੇਖਕ ਇਹ ਵੀ ਦੱਸਦਾ ਹੈ ਕਿ ਵਿੱਦਿਆ ਤੇ ਧਨ ਨਾਲ ਦਲਿਤ ਸਮਾਜ ਵਿੱਚ ਹੌਸਲੇ ਨਾਲ ਗੱਲ ਕਰਨੀ ਆ ਜਾਂਦੀ ਹੈ।

ਗੁਰਚਰਨ ਚਾਹਲ ਭੀਖੀ ਦੀ ਕਹਾਣੀ 'ਫ਼ਾਸਲੇ' ਵਿੱਚ ਵੀ ਜੱਟ-ਸੀਰੀ ਦੀ ਭਾਈਚਾਰਕ ਸਾਂਝ ਦੇ ਨਾਲ-ਨਾਲ ਜਾਤ ਲੁਕੋਣ ਦਾ ਮਸਲਾ ਵੀ ਪੇਸ਼ ਹੋਇਆ ਹੈ। ਜਦੋਂ ਦਲਿਤ ਸਮਾਜ ਵਿੱਚੋਂ ਉੱਠ ਕੇ ਬੰਦਾ ਪੜ੍ਹ-ਲਿਖ ਕੇ ਨੌਕਰੀ ਉੱਤੇ ਲੱਗ ਜਾਂਦਾ ਹੈ ਤਾਂ ਆਪਣੀ ਜਾਤੀ ਪਛਾਣ ਲੁਕੋ ਕੇ ਸਮਾਜ ਵਿੱਚ ਵਿਚਰਨ ਲੱਗ ਪੈਂਦਾ ਹੈ। ਸਰਘੀ ਦੀ ਕਹਾਣੀ 'ਲਾਂਬੂ' ਨਵੇਂ ਦਲਿਤ ਸਮਾਜ ਦੀ ਦਰਜਾਬੰਦੀ ਪੇਸ਼ ਕਰਦੀ ਹੈ। ਲਹਿੰਦੀ ਪੱਤੀ ਅਤੇ ਚੜ੍ਹਦੀ ਪੱਤੀ ਰਾਹੀਂ ਅਸੀਂ ਪਿੰਡ ਦੀ ਜਾਤੀ ਬਣਤਰ ਨੂੰ ਸਮਝ ਸਕਦੇ ਹਾਂ। ਇਨ੍ਹਾਂ ਪੱਤੀਆਂ ਵਿੱਚ ਉਦੋਂ ਟਕਰਾਅ ਉਭਰਦਾ ਹੈ, ਜਦੋਂ ਕਿਰਤ ਦੀ ਲੁੱਟ ਹੋਣ ਲੱਗ ਪੈਂਦੀ ਹੈ। ਕਹਾਣੀ ਦਲਿਤਾਂ ਦੇ ਨਵੇਂ ਮੁੰਡਿਆਂ ਵਿੱਚ ਆ ਰਹੇ ਵਿਦਰੋਹ ਨੂੰ ਵੀ ਬਿਆਨ ਕਰਦੀ ਹੈ। ਨਛੱਤਰ ਦੀ ਕਹਾਣੀ 'ਹੱਥ' ਵੀ ਘੋਗੇ ਦੀ ਤ੍ਰਾਸਦੀ ਬਿਆਨ ਕਰਦੀ ਹੈ। ਉਹ ਜ਼ਿਮੀਦਾਰਾਂ ਦੇ ਸੀਰੀ ਦਾ ਕੰਮ ਕਰਦਾ ਹੈ। 'ਹੱਥ' ਕਹਾਣੀ ਵਿੱਚ ਗਹਿਰੇ ਅਰਥ ਭਰਦਾ ਹੈ। ਇਹ ਹੱਥ ਜ਼ਿਮੀਦਾਰ ਕਿਵੇਂ ਵੱਢ ਦਿੰਦੇ ਨੇ, ਜਿਨ੍ਹਾਂ ਨਾਲ ਉਹਨੇ ਰੋਟੀ ਖਾਣੀ ਹੁੰਦੀ ਹੈ ਅਤੇ ਉਨ੍ਹਾਂ ਹੱਥਾਂ ਨਾਲ ਉਹਨੇ ਭੈਣ ਦੀ ਇੱਜ਼ਤ ਲੁੱਟਣ ਵਾਲਿਆਂ ਕੋਲੋਂ ਬਦਲਾ ਲੈਣਾ ਹੁੰਦਾ ਹੈ। ਭੂਰਾ ਸਿੰਘ ਕਲੇਰ ਦੀ ਕਹਾਣੀ 'ਕੌੜੇ ਪਾਣੀ' ਜੱਟ-ਮਜ਼ਬੀ ਸੀਰੀ ਦੀ ਭਾਈਚਾਰਕ ਸਾਂਝ ਦੀ ਗੱਲ ਕਰਦੀ ਹੈ। ਕਹਾਣੀਕਾਰ ਨੇ ਮਜ਼ਬੀਆਂ ਦੇ ਗੇਲੂ ਅਤੇ ਹਰਿੰਦਰ ਦੀ ਸਾਂਝ ਦੀ ਗੱਲ ਕੀਤੀ ਹੈ, ਪਰ ਇਹ ਸਾਂਝ ਉਦੋਂ ਟੁੱਟ ਜਾਂਦੀ ਹੈ, ਜਦੋਂ ਖੇਤਾਂ ਵਿੱਚ ਕੰਮ ਕਰਦੇ ਕਾਮਿਆਂ ਵੱਲੋਂ ਦਿਹਾੜੀ ਵਧਾਉਣ ਨੂੰ ਲੈ ਕੇ ਚੇਤਨਾ ਪੈਦਾ ਹੁੰਦੀ ਹੈ। ਇਸ ਨਾਲ ਦੋ ਭਾਈਚਾਰਿਆਂ ਵਿੱਚ ਸਾਂਝ ਦੇ ਪਾਣੀ ਵਿੱਚ ਜ਼ਹਿਰ ਘੁਲ਼ ਜਾਂਦੀ ਹੈ। ਕੁਲਬੀਰ ਬਡੇਸਰੋਂ ਦੀ ਕਹਾਣੀ 'ਬਾਹਰਲੀ ਬੈਠਕ' ਜੱਟਾਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੀਆਂ ਦਲਿਤ ਕੁੜੀਆਂ ਦੇ ਸ਼ੋਸ਼ਣ ਦੀ ਕਹਾਣੀ ਬਿਆਨ ਕਰਦੀ ਹੈ।

ਜਸਵੰਤ ਸਿੰਘ ਵਿਰਦੀ ਨੇ ਆਪਣੀ ਕਹਾਣੀ 'ਵਿਚਕਾਰ ਵੈਤਰਣੀ' ਵਿੱਚ ਮਿੱਥਕ ਅਤੇ ਫੈਂਟਸੀ ਜੁਗਤ ਨਾਲ ਦਲਿਤ ਸਮਾਜ ਦੀ ਗੱਲ ਕੀਤੀ ਹੈ। ਉਸ ਨੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ 'ਗੋਦਾਨ' ਦੇ ਪਾਤਰ ਹੋਰੀ ਦੀ ਜ਼ਿੰਦਗੀ ਦੀ ਕਹਾਣੀ ਨੂੰ ਆਪਣੀ ਦ੍ਰਿਸ਼ਟੀ ਨਾਲ ਅੱਗੇ ਤੋਰਿਆ ਹੈ।

ਦਲਿਤਾਂ ਨੂੰ ਸੰਵਿਧਾਨ ਰਾਹੀ ਮਿਲੇ ਰਾਖਵੇਂਕਰਨ ਨਾਲ ਜੋ ਚੇਤਨਾ ਆਉਂਦੀ ਹੈ, ਉਸ ਚੇਤਨਾ ਨੂੰ ਵੀ ਕੁਝ ਕਹਾਣੀਆਂ ਵਿੱਚ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਹ ਦਲਿਤ ਸਮਾਜ ਦੇ ਪਾਤਰ ਸੀਰਪੁਣੇ ਤੋਂ ਉਪਰ ਉੱਠ ਕੇ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਨ ਲੱਗ ਪੈਂਦੇ ਹਨ ਅਤੇ ਆਪਣਾ ਕਿੱਤੇ ਚੁਣ ਲੈਂਦੇ ਹਨ। ਇਸ ਸਮੇਂ ਨੂੰ ਅਤਰਜੀਤ ਨੇ ਆਪਣੀ ਕਹਾਣੀ 'ਅਦਨਾ ਇਨਸਾਨ', ਲਾਲ ਸਿੰਘ ਨੇ 'ਤੀਸਰਾ ਸ਼ਬਦ' ਅਤੇ ਕਿਰਪਾਲ ਕਜ਼ਾਕ ਨੇ ਆਪਣੀ ਕਹਾਣੀ 'ਮਿੱਟੀ ਦਾ ਮਾਧੋ' ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਦੇ ਪਾਤਰ ਆਪਣੀ ਪਛਾਣ ਲਈ ਸੰਘਰਸ਼ ਕਰ ਰਹੇ ਹਨ। ਜਦੋਂ ਪੜ੍ਹੇ-ਲਿਖੇ ਦਲਿਤ ਸਮਾਜ ਦੀਆਂ ਅਗਲੀਆਂ ਪੀੜ੍ਹੀਆਂ ਸਰਕਾਰੀ ਸੈਕਟਰ ਵਿੱਚ ਰਾਖਵੇਂਕਰਨ ਨਾਲ ਹਿੱਸੇਦਾਰੀ ਪ੍ਰਾਪਤ ਕਰਦੀਆਂ ਹਨ ਤਾਂ ਨਵੀਂਆਂ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋਣ ਲੱਗ ਪੈਂਦੀਆਂ ਹਨ। ਦਲਿਤ ਸਮਾਜ ਸ਼ਹਿਰੀਕਰਨ ਦਾ ਹਿੱਸਾ ਬਣ ਜਾਂਦਾ ਹੈ। ਇੰਝ ਪੀੜ੍ਹੀ ਦਰ ਪੀੜ੍ਹੀ ਵਿਕਾਸ ਹੋਣ ਲੱਗ ਪੈਂਦਾ ਹੈ। ਉੱਚ ਜਾਤੀ ਦੇ ਸੰਸਕਾਰ ਨਜ਼ਰ ਅੰਦਾਜ਼ ਹੋਣ ਲੱਗ ਪੈਂਦੇ ਹਨ ਅਤੇ ਸਾਂਝਾ ਕਲਚਰ ਹੋਂਦ ਵਿੱਚ ਆਉਣ ਲੱਗ ਪੈਂਦਾ ਹੈ। ਇਹ ਕਹਾਣੀਆਂ ਇਨ੍ਹਾਂ ਮਸਲਿਆਂ ਨੂੰ ਉਭਾਰਦੀਆਂ ਹਨ। ਇਹ ਪੁਸਤਕ ਦਲਿਤ ਸਮਾਜ ਦੇ ਅਗਲੇ ਪੜਾਅ ਦੀ ਇਤਿਹਾਸਕਾਰੀ ਵੀ ਕਰਦੀ ਹੈ, ਜਦੋਂ ਦਲਿਤ ਸਮਾਜ ਵਿੱਚ ਜਾਤੀ ਗੌਰਵ ਦਾ ਤੱਤ ਪੈਦਾ ਹੁੰਦਾ ਹੈ ਅਤੇ ਉਹ ਆਪਣੀ ਪਛਾਣ ਦੀ ਰਾਜਨੀਤੀ ਕਰਨ ਲੱਗ ਪੈਂਦੇ ਹਨ। ਦਲਿਤ ਜਥੇਬੰਦੀਆਂ ਹੋਂਦ ਵਿੱਚ ਆਉਂਦੀਆਂ ਹਨ। ਇਨ੍ਹਾਂ ਜੱਥੇਬੰਦੀਆਂ ਵਿੱਚ ਪੜ੍ਹੇ-ਲਿਖੇ ਦਲਿਤ ਲੋਕ ਦਾਖਲ ਹੁੰਦੇ ਹਨ, ਜਿਹੜੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦ ਹੁੰਦੇ ਹਨ। ਇਸ ਉਹ ਸਮਾਂ ਸੀ, ਜਦੋਂ ਦਲਿਤ ਆਪਣੀ ਜਾਤ ਦੱਸਣ ਤੋਂ ਡਰਦਾ ਸੀ, ਫਿਰ ਇਹ ਆਪਣੀ ਜਾਤ 'ਤੇ ਗੌਰਵ ਕਰਨ ਲੱਗ ਪੈਂਦਾ ਹੈ। ਇਹ ਮਸਲੇ ਗੋਵਰਧਨ ਗੱਬੀ ਆਪਣੀ ਕਹਾਣੀ 'ਬਿਰਾਦਰੀ' ਅਤੇ ਦਵਿੰਦਰ ਮੰਡ ਆਪਣੀ ਕਹਾਣੀ 'ਨਸਲ' ਰਾਹੀਂ ਉਭਾਰਦੇ ਹਨ।

ਮੱਧ ਵਰਗ ਵਿੱਚ ਪੁੱਜ ਗਏ ਪੜ੍ਹੇ-ਲਿਖੇ ਦਲਿਤਾਂ ਦੀ ਇਕ ਵੱਖਰੀ ਪਰਤ ਵੀ ਪੰਜਾਬੀ ਦਲਿਤ ਕਹਾਣੀ ਦਾ ਹਿੱਸਾ ਬਣਦੀ ਹੈ, ਜਦੋਂ ਪੜ੍ਹ-ਲਿਖ ਕੇ ਸਰਵਿਸ ਸੈਕਟਰ ਵਿੱਚ ਦਲਿਤ ਪੁੱਜਦਾ ਹੈ ਤਾਂ ਕਿਸ ਕਿਸਮ ਦਾ ਦੁਖਾਂਤ ਭੋਗਣ ਲੱਗ ਪੈਂਦਾ ਹੈ। ਇਹੋ ਜਿਹੀ ਮਾਨਸਿਕਤਾ ਵਾਲੇ ਪਾਤਰ ਵੀ ਪੰਜਾਬੀ ਕਹਾਣੀ ਵਿੱਚ ਆਉਣ ਲੱਗ ਪੈਂਦੇ ਹਨ। ਇੱਕ ਕਿਨਾਰੇ ਉੱਤੇ ਪੁਰਖਿਆਂ ਦਾ ਪਿਛੋਕੜ ਹੈ, ਦੂਜੇ ਕਿਨਾਰੇ ਉੱਤੇ ਮੱਧ ਵਰਗ ਦਾ ਕਲਚਰ ਹੈ। ਇਸ ਦੁਖਾਂਤ ਨੂੰ ਗੁਰਮੀਤ ਕੜਿਆਲਵੀ ਆਪਣੀ ਕਹਾਣੀ 'ਹੱਡਾਰੋੜੀ ਅਤੇ ਰੇਹੜੀ' ਅਤੇ ਗੁਰਮੀਤ ਆਰਿਫ਼ 'ਚੀਸ' ਵਿੱਚ ਬੜੀ ਕਲਾਤਮਿਕਤਾ ਨਾਲ ਅਤੇ ਖੂਬਸੂਰਤੀ ਨਾਲ ਪੇਸ਼ ਕਰਦੇ ਹਨ। ਅੰਤਰਜਾਤੀ ਵਿਆਹ ਤੋਂ ਉਤਪੰਨ ਹੋ ਰਹੀਆਂ ਸਮੱਸਿਆਵਾਂ ਨੂੰ ਵੀ ਦਲਿਤ ਕਹਾਣੀ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਅੰਤਰਜਾਤੀ ਵਿਆਹਾਂ ਤੋਂ ਜਿਸ ਤਰ੍ਹਾਂ ਦੇ ਸੰਕਟ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਪ੍ਰੇਮ ਗੋਰਖੀ ਨੇ ਆਪਣੀ ਕਹਾਣੀ 'ਵਿੱਥ' ਅਤੇ ਦਰਸ਼ਨ ਸਿੰਘ ਗੁਰੂ ਨੇ ਆਪਣੀ ਕਹਾਣੀ 'ਬੱਦਲਾਂ 'ਚ ਘਿਰਿਆ ਸੂਰਜ' ਵਿੱਚ ਪੇਸ਼ ਕੀਤਾ ਹੈ।

ਇਸ ਕਿਤਾਬ ਦੀ ਚੋਣ ਸੰਬੰਧੀ ਸੰਪਾਦਕ ਕਹਿੰਦਾ ਹੈ, 'ਮੈਂ ਇਨ੍ਹਾਂ ਕਹਾਣੀਆਂ ਦੀ ਚੋਣ ਇਸ ਦ੍ਰਿਸ਼ਟੀ ਤੋਂ ਕੀਤੀ ਹੈ ਕਿ ਪਾਠਕ ਪਿਛਲੇ ਸੌ ਸਾਲਾਂ ਦੇ ਦਲਿਤ ਸਮਾਜ ਦੀ ਸਮਾਜਿਕ, ਆਰਥਿਕ, ਬੌਧਿਕ ਅਤੇ ਸੱਭਿਆਚਾਰਕ ਗਤੀ ਨੂੰ ਸਮਝ ਸਕਣ। ਉਹ ਕਹਾਣੀਆਂ ਵੀ ਇਸ ਸੰਗ੍ਰਹਿ ਵਿਚ ਨਹੀਂ ਲਈਆਂ, ਜਿਹੜੀਆਂ ਪਹਿਲੇ ਸੰਪਾਦਿਤ ਦਲਿਤ ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਹੋ ਚੁੱਕੀਆਂ ਹਨ।'

ਇਹ ਸੰਪਾਦਤ ਸੰਗ੍ਰਹਿ ਦਲਿਤ ਲੋਕਾਂ ਦੇ ਬਹੁਤ ਸਾਰੇ ਮਸਲੇ ਲੈ ਕੇ ਆਇਆ ਹੈ। ਕਲਾਤਮਿਕ ਪੱਖ ਤੋਂ ਵੀ ਇਹ ਸਾਰੀਆਂ ਕਹਾਣੀਆਂ ਪਹਿਲਾਂ ਹੀ ਪੰਜਾਬੀ ਕਹਾਣੀ ਵਿੱਚ ਆਪਣਾ ਥਾਂ ਬਣਾ ਚੁੱਕੀਆਂ ਹਨ। ਮੈਂ ਇਹ ਕਿਤਾਬ ਹਰ ਉਸ ਪੰਜਾਬੀ ਪਾਠਕ ਨੂੰ ਪੜ੍ਹਨ ਦੀ ਅਪੀਲ ਕਰਦੀ ਹਾਂ, ਜਿਹੜੇ ਪਾਠਕ ਪੰਜਾਬ ਦੇ ਇਤਿਹਾਸ ਪ੍ਰਤੀ ਰੁਚੀ ਰੱਖਦੇ ਹਨ। ਇਨ੍ਹਾਂ ਕਹਾਣੀਆਂ ਰਾਹੀਂ ਉਨ੍ਹਾਂ ਨੂੰ ਗਲਪ ਵਿਧੀ ਨਾਲ ਇਤਿਹਾਸ ਪੜ੍ਹਨ ਨੂੰ ਮਿਲੇਗਾ। ਉਨ੍ਹਾਂ ਨੂੰ ਗਲਪਨਿਕ ਵਿਧੀ ਰਾਹੀਂ ਪੰਜਾਬ ਦੇ ਨਿਮਨ ਸਮਾਜ ਦਾ ਇਤਿਹਾਸ ਸਮਝ ਆ ਸਕੇਗਾ।

ਸਫ਼ਾ 1 ਦੀ ਬਾਕੀ

## ਪਿੰਗਲਵਾੜਾ ਤੇ ਸਵਰਾਜਬੀਰ....

ਫ਼ਿਲਮ ਐਸੋਸੀਏਸ਼ਨ ਨੇ ਲਿਆ ਤੇ ਨਾ ਹੀ ਕਿਸੇ ਸਕ੍ਰਿਪਟ ਰਾਈਟਰ ਨੇ, ਜੋ ਅਕਸਰ ਬਣਦਾ ਹੱਕ ਨਾ ਮਿਲਣ ਦੀ ਸ਼ਿਕਾਇਤ ਕਰਦੇ ਹਨ, ਪਰ ਉਨ੍ਹਾਂ ਤੋਂ ਚੋਰੀ-ਚੋਰੀ, ਜੋ ਧੱਕੇਸ਼ਾਹੀ ਦੇ ਉਸਤਾਦ ਬਣਦੇ ਜਾ ਰਹੇ ਹਨ।

ਸਾਡੇ ਕਈ ਵਿਦਵਾਨ ਲੇਖਕਾਂ-ਕਵੀਆਂ ਨੂੰ ਮਸਨੂਈ ਬੁੱਧੀ ਦੀਆਂ ਬਰਕਤਾਂ ਦਾ ਪਾਠ ਪੜ੍ਹਾ ਰਹੇ ਹਨ। ਅਖੇ-ਜਿਸ ਦੇ ਪੰਜਾਬੀ ਭਾਸ਼ਾ ਵਿੱਚ ਵੀ ਮਜ਼ਬੂਤ ਹੋਣ ਬਾਅਦ ਕਵਿਤਾ-ਕਹਾਣੀ ਲਿਖਣ ਵਿੱਚ ਅੰਤਾਂ ਦੀ ਸੌਖ ਹੋ ਜਾਏਗੀ। ਸਵਰਾਜਬੀਰ ਕਲਾ ਦੀ ਮੰਡੀ ਵਿੱਚ ਦਾਅ 'ਤੇ ਲੱਗੀ ਸਿਰਜਣਾ ਖ਼ਿਲਾਫ਼ ਲੜ ਰਹੇ ਪ੍ਰਤਿਭਾਸ਼ਾਲੀ ਲੇਖਕਾਂ ਦਾ ਨੋਟਿਸ ਲੈ ਰਹੇ ਸਨ।

ਇਨ੍ਹਾਂ ਤਿੰਨ ਕਿਤਾਬਾਂ ਦੀ ਪੜਤਾਲ 'ਤੇ ਇੱਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਮੈਂ ਇੱਕ ਹੋਰ ਲੇਖ ਦੇ ਜ਼ਿਕਰ ਬਾਅਦ ਚਰਚਾ ਦਾ ਭੋਗ ਪਾਉਂਦਾ ਹਾਂ। ਇਸ ਲੇਖ ਦਾ ਸਿਰਲੇਖ 'ਭੈਅ ਦਾ ਸਾਮਰਾਜ' ਹੈ। ਇਸ ਦੀ ਪ੍ਰੇਰਕ ਅਮਰੀਕੀ ਚਿੰਤਕ ਮਾਰਥਾ ਨਸਬੁਉਮ ਦੀ ਕਿਤਾਬ The Monarchy of Fear ਹੈ, ਜਿਹੜੀ ਡੋਨਾਲਡ ਟਰੰਪ ਦੇ ਰਾਸ਼ਟਰਪਤੀ (2018) ਬਣਨ ਬਾਅਦ ਆਈ ਸੀ। ਉਸ ਦੀ ਮਾਨਤਾ ਹੈ, ਡਰ ਸਾਡੀ ਜਮਹੂਰੀਅਤ ਨੂੰ ਧੌਂਸ ਦੇ ਰਿਹਾ ਹੈ। ਡਰ ਸਾਡੇ ਦੇਸ਼ ਵਿੱਚ ਬੇਮੁਹਾਰਾ ਹੋ ਕੇ ਸਰਪਟ ਦੌੜ ਰਿਹਾ ਹੈ; ਜਿਊਣ ਦੇ ਮਿਆਰ ਡਿੱਗਣ ਦਾ ਡਰ, ਬੇਰੁਜ਼ਗਾਰੀ ਅਤੇ ਸਿਹਤ ਸੇਵਾਵਾਂ ਨਾ ਹੋਣ ਦਾ ਡਰ, ਅਮਰੀਕਨ ਸੁਪਨੇ ਦੇ ਖ਼ਤਮ ਹੋਣ ਦਾ ਡਰ। ਇਹ ਅਮਰੀਕਾ ਲਈ ਲਿਖੇ ਸ਼ਬਦ ਅਤੇ ਭਾਰਤ ਦੇ ਹੋਰ ਵੀ ਜ਼ਿਆਦਾ ਡਰਾ ਦੇਣ ਵਾਲੇ ਸੱਚ ਜ਼ਾਹਰ ਕਰ ਰਹੇ ਹਨ। ਕਾਰਪੋਰੇਟੀ ਸਰਦਾਰੀ ਨੇ ਡਰ ਦਾ ਦਾਇਰਾ ਕੁੱਲ ਆਲਮ ਤੱਕ ਫੈਲਾਅ ਦਿੱਤਾ ਹੈ। ਲੋਕਤੰਤਰ ਦੇ ਮਿਸਾਲੀ ਦੇਸ਼ਾਂ ਅੰਦਰ ਵੀ ਤਾਨਾਸ਼ਾਹੀ ਕਾਬਜ਼ ਹੋ ਰਹੀ ਹੈ; ਉਨ੍ਹਾਂ ਦੀ ਸਿਆਸਤ ਵਿੱਚ ਸੱਜ-ਪਿਛਾਕੜ ਸ਼ਕਤੀਆਂ ਦਾ ਦਖ਼ਲ ਵਧ ਰਿਹਾ ਹੈ।

ਅੰਗਰੇਜ਼ੀ ਕਵੀ ਔਡਨ ਆਖਦਾ ਹੈ—'ਭੁੱਖ ਕਿਸੇ ਨੂੰ ਕੁਝ ਵੀ ਚੁਣਨ ਨਹੀਂ ਦਿੰਦੀ/ਨਾ ਬੰਦੇ ਨੂੰ ਨਾ ਪੁਲਸੀਏ ਨੂੰ..।' ਸਵਰਾਜਬੀਰ ਕਵੀ ਦੇ ਹਵਾਲੇ ਨਾਲ ਦੱਸਦਾ ਹੈ, ਇਹ ਭੁੱਖ ਤੇ ਸਰਕਾਰੀ ਤਸ਼ੱਦਦ ਦੇ ਰਿਸ਼ਤੇ ਵੱਲ ਇਸ਼ਾਰਾ ਹੈ। ਕਵੀ ਔਡਨ ਆਖਦਾ ਹੈ, ਕਈ ਪਰਤਾਂ ਵਾਲੇ ਇਸ ਝੂਠ ਦਾ ਪਰਦਾਫਾਸ਼ ਕਰਨ ਲਈ ਮੇਰੇ ਕੋਲ ਸਿਰਫ਼ ਆਵਾਜ਼ ਹੈ।

ਹਰਸ਼ ਮੰਦਰ ਕੋਲ ਵੀ ਆਵਾਜ਼ ਹੀ ਸੀ, ਜਦੋਂ ਉਸ ਦੀ ਚੁੱਪ ਗੋਧਰਾ ਰੇਲ ਹਾਦਸੇ ਬਾਅਦ ਗੁਜਰਾਤ 'ਚ ਹੋਏ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਵੇਖ ਕੇ ਖ਼ੁਦਕੁਸ਼ੀ ਕਰ ਗਈ। ਪੰਜਾਬੀ ਕਵੀ ਹਰਵਿੰਦਰ ਭੰਡਾਲ ਦੀ ਪਹਿਲੀ ਕਾਵਿ-ਪੁਸਤਕ ਦਾ ਸਿਰਲੇਖ 'ਖ਼ੁਦਕੁਸ਼ੀ ਇੱਕ ਇੱਕ ਚੁੱਪ ਦੀ' ਸੀ। ਉਸ ਨੂੰ ਛੋਟੀ ਉਮਰ ਵਿੱਚ ਹੀ ਵੱਡੇ ਕਵੀ ਹਰਭਜਨ ਸਿੰਘ ਹੁੰਦਲ ਦਾ ਥਾਪੜਾ ਮਿਲਿਆ ਸੀ। ਉਹ ਬਾਬਾ ਜਾਣਦਾ ਸੀ; ਚੁੱਪ ਦੀ ਖ਼ੁਦਕੁਸ਼ੀ ਹੀ ਬੋਲਾਂ ਨੂੰ ਜਨਮ ਦਿੰਦੀ ਹੈ। ਹਰਸ਼ ਮੰਦਰ ਦੇ ਬੋਲਣ ਸਾਰ ਡਰ ਉਸ ਦੀ ਖਲੜੀ ਨੂੰ ਅਲਵਿਦਾ ਕਹਿ ਗਿਆ। ਸਟੈਨ ਸਵਾਮੀ ਮੂਕ ਦਰਸ਼ਕ ਨਹੀਂ ਸੀ। ਸੱਤਾ ਦੇ ਜ਼ੁਲਮੋ-ਸਿਤਮ ਨੂੰ ਨਾ ਉਸ ਦੀ ਉਮਰ ਰੋਕ ਸਕੀ, ਨਾ ਉਸ ਦੇ ਲਾਇਲਾਜ ਤਨ ਨੇ ਹਕੂਮਤ ਨੂੰ ਸ਼ਰਮਸਾਰ ਕੀਤਾ। ਉਸ ਦਾ ਹਕੂਮਤੀ ਕਤਲ (ਜੇਲ੍ਹ ਵਿੱਚ ਇਲਾਜ ਤੇ ਖ਼ੁਰਾਕ ਨਾ ਦੇਣ ਦੇ ਰੂਪ ਵਿੱਚ) ਇਤਿਹਾਸ ਵਿੱਚ ਦਰਜ ਹੋ ਗਿਆ ਹੈ। ਨਰਿੰਦਰ ਮੋਦੀ ਸਰਕਾਰ ਦੇ ਲੋਕ-ਪੱਖੀ ਇਤਿਹਾਸ ਵਿੱਚ ਸਟੈਨ ਸਵਾਮੀ ਬੋਲਦਾ ਰਹੇਗਾ—'ਮੈਂ ਮੂਕ ਦਰਸ਼ਕ ਨਹੀਂ ਹਾਂ'। ਇਹ ਉਸ ਦੇ ਦਿਹਾਂਤ ਬਾਅਦ ਛਪੀ ਕਿਤਾਬ ਦਾ ਸਿਰਲੇਖ ਹੈ।

ਸਵਰਾਜਬੀਰ ਨੇ ਭੈਅ ਦੇ ਸਾਮਰਾਜ ਨੂੰ ਵੰਗਾਰਦੀਆਂ ਆਵਾਜ਼ਾਂ ਨੂੰ ਬੁਲੰਦ ਕੀਤਾ ਹੈ। ਇਸ ਡਰ ਦਾ ਅੰਤ ਤੇਰੀ-ਮੇਰੀ ਤੇ ਉਸ ਦੀ ਆਵਾਜ਼ ਦਾ ਸਮੂਹਗਾਨ ਹੈ। ਇਹ ਪੱਤਰਕਾਰੀ ਦੱਸਦੀ ਹੈ; ਇਕੱਲਾ ਬੰਦਾ ਇਕੱਲਾ ਬੰਦਾ ਡਰ ਜਾਂਦਾ ਹੈ; ਸੰਗਠਨ ਬੰਦੇ ਨੂੰ ਤਾਕਤ ਤੇ ਹਿੰਮਤ ਦਿੰਦਾ ਹੈ; ਜਥੇਬੰਦ ਹੋਣ ਤੋਂ ਹੀ ਅਸੀਂ ਦੇ ਸਫ਼ਰ ਦਾ ਆਗਾਜ਼ ਹੁੰਦਾ ਹੈ ਅਤੇ ਅਸਲ 'ਅਸੀਂ' ਉਹੀ ਹੈ ਦੋਸਤੋ; ਜਿਸ ਵਿੱਚ 'ਮੈਂ' ਦੀ ਆਵਾਜ਼ ਦੀ ਕਦਰ ਹੋਵੇ। 'ਮੈਂ' ਨੂੰ ਸੁਣਦਾ 'ਅਸੀਂ' ਸੋਵੀਅਤ ਯੂਨੀਅਨ ਉਸਾਰਦਾ ਹੈ; ਤੇ 'ਅਸੀਂ' ਨੂੰ ਦਰੜਦੀ 'ਮੈਂ' ਬਣੇ ਹੋਏ ਮੁਲਕ ਨੂੰ ਖਖੜੀਆਂ ਕਰੇਲੇ ਕਰ ਦਿੰਦੀ ਹੈ।

ਅਸੀਂ 'ਮੈਂ' ਦੀ ਗੱਲ ਕੰਨ ਧਰ ਕੇ ਸੁਣਦੇ 'ਅਸੀਂ' ਨੂੰ ਬਲਵਾਨ ਬਣਾਉਣ ਲਈ ਸੰਘਰਸ਼ ਕਰਨਾ ਹੈ। ਸਾਡੀ ਬੌਧਿਕ ਸੁਤੰਤਰਤਾ 'ਤੇ ਛਾਏ ਅਸੀਂ ਵਰਗੀ 'ਮੈਂ' ਦੇ ਸਮੂਹ ਗਾਨ ਨੂੰ 'ਮੈਂ' ਵਿੱਚ ਗੂੰਜਦੀਆਂ 'ਅਸੀਂ' ਦੀਆਂ ਸੁਰਾਂ ਸੁਣਨੀਆਂ ਚਾਹੀਦੀਆਂ ਹਨ।

ਸਫ਼ਾ 1 ਦੀ ਬਾਕੀ

## ਬਸਤਰ ਵਿਚ ਰਾਜਕੀ ਦਹਿਸ਼ਤਵਾਦ...

ਜਾਨ-ਮਾਲ ਦੀ ਰਾਖੀ 'ਚ ਲੱਗੀਆਂ ਹੋਈਆਂ ਹਨ। ਮਾਓਵਾਦੀਆਂ ਦਾ ਆਧਾਰ ਖੁਸ ਰਿਹਾ ਹੋਣ ਕਰਕੇ ਉਹ ਮਾਯੂਸੀ 'ਚੋਂ ਸਾਡਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਆਗੂ, ਜੋ ਸਾਰੇ ਬਾਹਰਲੇ ਹਨ, ਆਦਿਵਾਸੀ ਲੋਕਾਂ ਦੀ ਦੁਰਵਰਤੋਂ ਕਰ ਰਹੇ ਹਨ। ਹੁਣ ਸਮਾਂ ਹੈ ਕਿ ਲੋਕ ਉਨ੍ਹਾਂ ਦੇ ਅਸਲੀ, ਹਿੰਸਕ ਚਿਹਰਿਆਂ ਨੂੰ ਦੇਖਣ।"

ਕੀ ਭਾਰਤੀ ਹੁਕਮਰਾਨ, ਪੁਲਸ/ਸੁਰੱਖਿਆ ਦਸਤੇ ਅਤੇ ਕਾਰਪੋਰੇਟ ਬਾਹਰਲੇ ਨਹੀਂ ਹਨ? ਸਟੇਟ ਦੇ ਕਰੂਰ ਹਿੰਸਕ ਸੁਭਾਅ ਨੂੰ ਕੌਣ ਭੁੱਲਿਆ ਹੈ!

ਇਨ੍ਹਾਂ ਸਰਕਾਰੀ ਦਾਅਵਿਆਂ ਦਾ ਮੂੰਹ ਚਿੜਾਉਣ ਵਾਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਰਿਪੋਰਟ ਦੱਸਦੀ ਹੈ ਕਿ ਵਧ ਰਹੀ ਫ਼ੌਜੀ ਤਾਇਨਾਤੀ, ਬੇਲਗਾਮ ਜਾਸੂਸੀਤੰਤਰ ਅਤੇ ਅਣਟਰੇਂਡ ਡੀ ਆਰ ਜੀ ਤਾਕਤਾਂ ਸਮੇਤ ਸੁਰੱਖਿਆ ਬਲਾਂ ਦੇ ਹਮਲਿਆਂ ਦਾ ਆਮ ਨਾਗਰਿਕਾਂ, ਖ਼ਾਸ ਕਰਕੇ ਬੱਚਿਆਂ ਨੂੰ ਵੱਡਾ ਮੁੱਲ ਚੁਕਾਉਣਾ ਪੈ ਰਿਹਾ ਹੈ। 13 ਮਈ ਨੂੰ ਬੀਜਾਪੁਰ ਜ਼ਿਲ੍ਹੇ ਦੇ ਪਿੰਡ ਬੋਦਗਾ ਵਿਚ ਅਣਚੱਲੇ ਗਰਨੇਡ ਨੂੰ ਉਤਸੁਕਤਾ ਨਾਲ ਛੂਹਣ ਦੀ ਕੋਸ਼ਿਸ਼ ਕਰਦਿਆਂ ਦੋ ਬੱਚੇ ਮਾਰੇ ਗਏ। ਇਹ ਗਰਨੇਡ ਸੁਰੱਖਿਆ ਦਸਤੇ ਉੱਥੇ ਬੇਪ੍ਰਵਾਹੀ ਨਾਲ ਸੁੱਟ ਕੇ ਚਲੇ ਗਏ ਸਨ। ਪੁਲਸ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਇਸ ਘਿਣਾਉਣੇ ਕਾਰੇ ਨੂੰ ਮਾਓਵਾਦੀਆਂ ਦਾ ਆਈ ਈ ਡੀ ਹਮਲਾ ਸਾਬਤ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ, ਪਰ ਗੋਦੀ ਮੀਡੀਆ ਸਮੇਤ ਸਾਰਿਆਂ ਨੂੰ ਪਤਾ ਹੈ ਕਿ ਇਹ ਸੁਰੱਖਿਆ ਦਸਤਿਆਂ ਦੇ ਕਾਰਨ ਵਾਪਰਿਆ।

ਰਿਪੋਰਟ ਇਸ ਸਰਕਾਰੀ ਬਿਰਤਾਂਤ ਨੂੰ ਝੂਠ ਸਾਬਤ ਕਰਦੀ ਹੈ ਕਿ ਕੈਂਪ ਲੋਕਾਂ ਨੂੰ ਸੁਰੱਖਿਆ ਦੇਣ ਲਈ ਹਨ। ਸਥਾਨਕ ਭਾਈਚਾਰਿਆਂ ਅਨੁਸਾਰ ਇਹ ਕਥਿਤ ਸੁਰੱਖਿਆਤੰਤਰ ਅਤੇ ਸੁਰੱਖਿਆ ਦਸਤਿਆਂ ਦੇ ਕੈਂਪ ਉਨ੍ਹਾਂ ਦੀ ਹੋਂਦ ਲਈ ਹੀ ਖ਼ਤਰਾ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਨਫ਼ਰੀ ਵਧਣ ਨਾਲ ਉਨ੍ਹਾਂ ਦੀ ਜ਼ਿੰਦਗੀ ਦਿਨੋ-ਦਿਨ ਹੋਰ ਜ਼ਿਆਦਾ ਅਸੁਰੱਖਿਅਤ ਹੁੰਦੀ ਜਾ ਰਹੀ ਹੈ। ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਦਾਅਵਾ ਕਰਦੀ ਹੈ ਕਿ 'ਇਲਾਕੇ ਉੱਪਰ ਗਲਬਾ ਅਤੇ ਮਾਓਵਾਦੀ ਲਹਿਰ ਦੇ ਫੈਲਾਅ ਨੂੰ ਰੋਕਣਾ' ਯਕੀਨੀ ਬਣਾਉਣ ਲਈ ਕੈਂਪ ਜ਼ਰੂਰੀ ਹਨ। ਸਰਕਾਰ ਕਹਿੰਦੀ ਹੈ ਕਿ "ਇਹ ਕੈਂਪ ਬਣਾਏ ਜਾਣ ਨਾਲ ਪਿੰਡਾਂ ਦੇ ਲੋਕਾਂ ਨੂੰ ਪੰਜ ਤੱਤਾਂ, ਵਿਸ਼ਵਾਸ (ਟਰੱਸਟ), ਵਿਕਾਸ (ਡਿਵੈਲਪਮੈਂਟ), ਸੁਰੱਕਸ਼ਾ (ਸੁਰੱਖਿਆ), ਨਿਆਏ (ਨਿਆਂ) ਅਤੇ ਸੇਵਾ (ਸਰਕਾਰੀ ਸੇਵਾਵਾਂ) ਦੁਆਰਾ ਨਕਸਲੀ ਦਹਿਸ਼ਤ ਤੋਂ ਮੁਕਤ ਕਰਵਾ ਦਿੱਤਾ ਜਾਵੇਗਾ।" ਕਿ "ਸਰਕਾਰੀ ਸੇਵਾਵਾਂ ਦੇਣ ਲਈ ਲੋੜੀਂਦੀਆਂ ਸੜਕਾਂ ਵਿਛਾਉਣ, ਸਕੂਲ, ਸਿਹਤ ਕੇਂਦਰ ਅਤੇ ਵੋਟਿੰਗ ਬੂਥ ਬਣਾਉਣ ਲਈ" ਕੈਂਪ ਜ਼ਰੂਰੀ ਹਨ। ਕੈਂਪਾਂ ਵਿਰੁੱਧ ਆਦਿਵਾਸੀ ਰੋਹ ਬਾਰੇ ਸਰਕਾਰ ਤੇ ਅਧਿਕਾਰੀ ਝੂਠੇ ਦਾਅਵੇ ਕਰਦੇ ਹਨ ਕਿ ਕੈਂਪਾਂ ਦਾ ਵਿਰੋਧ ਆਦਿਵਾਸੀ 'ਮਾਓਵਾਦੀਆਂ ਵੱਲੋਂ ਉਕਸਾਉਣ' ਕਰਦੇ ਹਨ, ਕਿਉਂਕਿ ਉਹ ਸੁਰੱਖਿਆ ਦਸਤਿਆਂ ਦੀ ਆਮਦ ਤੋਂ ਬੌਖਲਾਏ ਹੋਏ ਹਨ, ਜਦਕਿ ਹਕੀਕਤ ਇਹ ਹੈ ਕਿ ਆਦਿਵਾਸੀ ਆਪਣੀ ਜ਼ਿੰਦਗੀ ਵਿਚ ਸਟੇਟ/ਕੈਂਪਾਂ ਦਾ ਦਖ਼ਲ ਬਿਲਕੁਲ ਨਹੀਂ ਚਾਹੁੰਦੇ। ਮਾਓਵਾਦੀ ਇਨਕਲਾਬੀਆਂ ਦਾ ਆਦਿਵਾਸੀਆਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਹੈ ਅਤੇ ਉਹ ਉਨ੍ਹਾਂ ਦੀ ਅਗਵਾਈ ਹੇਠ ਆਪਣੇ ਜਲ-ਜੰਗਲ-ਜ਼ਮੀਨ ਨੂੰ ਬਚਾਉਣ ਅਤੇ ਲਹਿਰ ਦੀਆਂ ਪ੍ਰਾਪਤੀਆਂ ਦੀ ਰਾਖੀ ਦੀ ਲੜਾਈ ਦੇ ਹਿੱਸੇ ਵਜੋਂ ਹੀ ਕੈਂਪਾਂ ਦਾ ਵਿਰੋਧ ਕਰ ਰਹੇ ਹਨ।

✲ ਕੱਚੇ ਲੋਹੇ ਸਮੇਤ ਵਡਮੁੱਲੇ ਖਣਿਜਾਂ ਦੇ ਭੰਡਾਰ (ਰਾਜ ਨੂੰ ਖਣਿਜਾਂ ਤੋਂ ਆਉਂਦੇ ਮਾਲੀਏ ਵਿਚ 50% ਯੋਗਦਾਨ ਇਕੱਲੇ ਦੰਤੇਵਾੜਾ ਜ਼ਿਲ੍ਹੇ ਦਾ ਹੈ) ਉੱਪਰ ਕਾਰਪੋਰੇਟਾਂ ਦਾ ਮੁਕੰਮਲ ਕਬਜ਼ਾ ਕਰਾਉਣ ਅਤੇ ਆਦਿਵਾਸੀਆਂ ਨੂੰ ਉਜਾੜ ਕੇ ਖਾਣਾਂ ਸ਼ੁਰੂ ਕਰਾਉਣ ਲਈ ਹਕੂਮਤ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। 2022 ਤੱਕ 51 ਖਾਣਾਂ ਲੀਜ਼ 'ਤੇ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ 14 ਪਬਲਿਕ ਸੈਕਟਰ ਨੂੰ ਦਿੱਤੀਆਂ ਗਈਆਂ ਹਨ। ਦਰਅਸਲ, ਵਿਦੇਸ਼ੀ-ਦੇਸੀ ਕਾਰਪੋਰੇਟਾਂ ਨਾਲ ਅਜਿਹੇ ਸੈਂਕੜੇ ਇਕਰਾਰਨਾਮੇ ਕੀਤੇ ਹੋਏ ਹਨ, ਜਿਨ੍ਹਾਂ ਨੂੰ ਸਰਕਾਰ ਕੈਂਪ ਬਣਾ ਕੇ ਲਾਗੂ ਕਰਾਉਣਾ ਚਾਹੁੰਦੀ ਹੈ।

✲ ਕੈਂਪਾਂ ਦੇ ਵਧਾਰੇ-ਪਸਾਰੇ ਨਾਲ ਬਹੁਤ ਸਾਰੇ 'ਚੁਣੇ ਹੋਏ' ਨੁਮਾਇੰਦਿਆਂ ਸਮੇਤ ਜਨਤਕ ਪੈਮਾਨੇ 'ਤੇ ਗ੍ਰਿਫ਼ਤਾਰੀਆਂ 'ਚ ਵਾਧਾ ਹੋਇਆ ਹੈ, ਜਿਸ ਦੇ ਗਵਾਹ ਸਰਕਾਰੀ ਅੰਕੜੇ ਹਨ। 'ਮਾਓਵਾਦੀ' ਠੱਪਾ ਰਾਜ ਮਸ਼ੀਨਰੀ ਦੇ ਹੱਥ 'ਚ ਆਦਿਵਾਸੀਆਂ ਦੀਆਂ ਬਿਲਕੁਲ ਵਾਜਬ ਸੰਵਿਧਾਨਕ ਮੰਗਾਂ ਨੂੰ ਵੀ ਖ਼ਾਮੋਸ਼ ਕਰ ਦੇਣ ਦਾ ਸੌਖਾ ਤਰੀਕਾ ਹੈ।

✲ ਕੈਂਪਾਂ ਅਤੇ ਡੀ ਆਰ ਜੀ ਵਰਗੀਆਂ ਤਾਕਤਾਂ ਦੀ ਮੌਜੂਦਗੀ ਨਾਲ ਝੂਠੇ ਮੁਕਾਬਲਿਆਂ 'ਚ ਵਾਧਾ ਹੋਇਆ ਹੈ। 2023-24 'ਚ ਇਹ ਗ਼ੈਰਅਦਾਲਤੀ ਹੱਤਿਆਵਾਂ ਬਹੁਤ ਤੇਜ਼ੀ ਨਾਲ ਵਧੀਆਂ ਹਨ। 2024 ਦੇ ਪਹਿਲੇ ਸਾਢੇ ਛੇ ਮਹੀਨਿਆਂ 'ਚ ਹੀ ਅਜਿਹੀਆਂ 141 ਹੱਤਿਆਵਾਂ ਕੀਤੀਆਂ ਜਾ ਚੁੱਕੀਆਂ ਹਨ। ਪਿੰਡਾਂ ਦੇ ਲੋਕਾਂ ਅਨੁਸਾਰ ਝੂਠੇ ਮੁਕਾਬਲਿਆਂ 'ਚ ਮਾਰੇ ਗਏ ਜ਼ਿਆਦਾਤਰ ਸਧਾਰਨ ਲੋਕ ਹਨ। ਬੇਸ਼ੱਕ ਇਨ੍ਹਾਂ 'ਚ ਕੁਝ ਮਾਓਵਾਦੀ ਕਾਰਕੁਨ ਵੀ ਸਨ।

✲ ਜ਼ਿਆਦਾਤਰ ਕੈਂਪ ਉਚਿਤ ਪ੍ਰਕਿਰਿਆ ਤੋਂ ਬਿਨਾਂ ਹੀ ਸਥਾਨਕ ਲੋਕਾਂ ਨੂੰ ਦੱਸੇ ਬਗ਼ੈਰ, ਅੱਧੀ ਰਾਤ ਨੂੰ ਇਕਦਮ ਥੋਪ ਦਿੱਤੇ ਗਏ। ਕੈਂਪਾਂ ਨੇ ਨਾ ਸਿਰਫ਼ ਵਾਹੀ ਹੇਠਲੀ ਜ਼ਮੀਨ ਬਿਨਾਂ ਮੁਆਵਜ਼ਾ ਹੜੱਪ ਲਈ ਹੈ, ਸਗੋਂ ਇਨ੍ਹਾਂ ਨੇ ਪਿੰਡ ਦੀਆਂ ਸਾਂਝੀਆਂ ਥਾਵਾਂ, ਆਦਿਵਾਸੀ ਸਮਾਜ ਦੇ ਪਵਿੱਤਰ ਕਬਰਸਤਾਨ ਅਤੇ ਜੰਗਲੀ ਝਿੜੀਆਂ ਵੀ ਮਿਟਾ ਦਿੱਤੀਆਂ ਗਈਆਂ। ਵਿਰੋਧ ਕਰਨ 'ਤੇ ਆਦਿਵਾਸੀਆਂ ਨੂੰ ਬੇਕਿਰਕ ਜਬਰ ਝੱਲਣਾ ਪਿਆ ਹੈ।

✲ ਸਿਹਤ ਸੇਵਾਵਾਂ ਮੁਹੱਈਆ ਕਰਨ ਦੀ ਬਜਾਏ ਸਰਕਾਰ ਨਾਮਨਿਹਾਦ ਸਿਹਤ ਸੇਵਾਵਾਂ ਨੂੰ ਵੀ ਕੈਂਪਾਂ ਦੇ ਅੰਦਰ ਲਿਜਾ ਕੇ ਅਵਾਮ ਨੂੰ ਸੁਰੱਖਿਆ ਬਲਾਂ ਨਾਲ ਆਦਾਨ-ਪ੍ਰਦਾਨ ਲਈ ਮਜਬੂਰ ਕਰ ਰਹੀ ਹੈ, ਜੋ ਕਿ ਆਦਿਵਾਸੀ ਬਿਲਕੁਲ ਨਹੀਂ ਚਾਹੁੰਦੇ। ਆਦਿਵਾਸੀ ਜ਼ਿੰਦਗੀ ਦੀ ਜੀਵਨ-ਰੇਖਾ ਹਫ਼ਤਾਵਾਰ ਮੰਡੀਆਂ ਉੱਪਰ ਪੁਲਸ ਦਾ ਕੰਟਰੋਲ ਸਥਾਪਤ ਕਰਕੇ ਖ਼ਰੀਦੋ-ਫ਼ਰੋਖ਼ਤ ਨੂੰ ਇਸ ਮਨਸ਼ਾ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ ਕਿ ਰੋਜ਼ਮਰ੍ਹਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਦੀ ਸਪਲਾਈ ਮਾਓਵਾਦੀਆਂ ਤੱਕ ਨਾ ਪਹੁੰਚੇ। ਕੈਂਪਾਂ ਦੇ ਚੈੱਕ-ਪੁਆਇੰਟਾਂ ਉੱਪਰ ਪੁੱਛਗਿੱਛ ਤੇ ਨਿਗਰਾਨੀ ਵਧਣ ਨਾਲ ਆਦਿਵਾਸੀਆਂ ਦੀ ਰੋਜ਼ਮਰ੍ਹਾ ਜ਼ਿੰਦਗੀ ਬਹੁਤ ਦੁੱਭਰ ਹੋ ਗਈ ਹੈ ਅਤੇ ਨਾਗਰਿਕ ਜੀਵਨ ਵਿਚ ਪੁਲਸ-ਸੁਰੱਖਿਆ ਦਸਤਿਆਂ ਦਾ ਦਖ਼ਲ ਬੇਤਹਾਸ਼ਾ ਵਧ ਗਿਆ ਹੈ।

✲ ਆਦਿਵਾਸੀ ਜ਼ਮੀਨਾਂ ਉੱਪਰ ਕੈਂਪ ਤੇ ਸੜਕਾਂ ਬਣਾਉਣ ਅਤੇ ਖਣਨ ਪ੍ਰੋਜੈਕਟ ਲਗਾਉਣ ਸਮੇਂ ਪੇਸਾ (ਪੰਚਾਇਤਾਂ ਦਾ ਸੂਚੀਦਰਜ ਇਲਾਕਿਆਂ ਤੱਕ ਵਿਸਤਾਰ) ਅਤੇ ਆਦਿਵਾਸੀਆਂ ਤੇ ਜੰਗਲਾਂ ਦੀ ਸੁਰੱਖਿਆ ਲਈ ਹੋਰ ਵਿਸ਼ੇਸ਼ ਕਾਨੂੰਨਾਂ ਦੀ ਪਾਲਣਾ ਕਰਨ ਦੀ ਆਦਿਵਾਸੀਆਂ ਦੀ ਜਾਇਜ਼ ਮੰਗ ਬਾਰੇ ਸਰਕਾਰ ਚੁੱਪ ਹੈ ਅਤੇ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੀ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵਾਲੀ ਸਰਕਾਰ ਹੱਕੀ ਸੰਘਰਸ਼ਾਂ ਨੂੰ ਗ਼ੈਰਕਾਨੂੰਨੀ ਦੱਸਦੀ ਹੈ।

✲ ਵਿਆਪਕ ਪੈਮਾਨੇ 'ਤੇ ਜੰਗਲ ਕੱਟਣ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਜੰਗਲਾਂ ਉੱਪਰ ਆਦਿਵਾਸੀਆਂ ਦੇ ਮੁੱਢ-ਕਦੀਮੀਂ ਹੱਕਾਂ ਨੂੰ ਮਾਨਤਾ ਦੇਣ ਤੋਂ ਨਾ ਸਿਰਫ਼ ਹਕੂਮਤ ਇਨਕਾਰੀ ਹੈ, ਸਗੋਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਨੂੰ ਪੁਲਸ-ਫ਼ੌਜ ਦੀ ਬੇਤਹਾਸ਼ਾ ਤਾਕਤ ਨਾਲ ਕੁਚਲ ਰਹੀ ਹੈ।

✲ ਰਿਪੋਰਟ ਸੜਕਾਂ, ਕੈਂਪਾਂ ਅਤੇ ਖਣਨ ਦੇ ਆਪਸੀ ਗੂੜ੍ਹੇ ਰਿਸ਼ਤੇ 'ਤੇ ਉਂਗਲ ਰੱਖਦੀ ਹੈ। ਸੜਕਾਂ ਦਾ ਖ਼ਾਕਾ ਅਤੇ ਚੌੜਾਈ ਦੱਸਦੀ ਹੈ ਕਿ ਇਨ੍ਹਾਂ ਦਾ ਮਨੋਰਥ ਖਣਨ ਦੇ ਕੰਮਕਾਰ ਨੂੰ ਸਹੂਲਤਾਂ ਦੇਣਾ ਹੈ। ਸਿਰਫ਼ ਸੜਕਾਂ ਬਣਾਈਆਂ ਜਾ ਰਹੀਆਂ ਹਨ। ਜੰਗੀ ਪੱਧਰ 'ਤੇ ਵਿਛਾਇਆ ਜਾ ਰਿਹਾ ਸੜਕਾਂ ਦਾ ਇਹ ਜਾਲ ਸਰਕਾਰ ਦੀਆਂ ਜਾਬਰ ਤਰਜੀਹਾਂ ਅਤੇ ਨੀਅਤ ਦਾ ਸਾਫ਼ ਸੰਕੇਤ ਹੈ। ਜੰਗਲਾਂ ਦੇ ਲੋਕਾਂ ਦੀ ਆਵਾਜਾਈ ਲਈ ਸਹੂਲਤ ਮੁਹੱਈਆ ਕਰਾਉਣ ਲਈ ਟਰਾਂਸਪੋਰਟ ਸੇਵਾਵਾਂ ਦੀ ਕੋਈ ਯੋਜਨਾ ਨਹੀਂ ਹੈ। ਇਸ ਤੋਂ ਹੀ ਸਰਕਾਰੀ ਬਦਨੀਅਤ ਸਪੱਸ਼ਟ ਹੋ ਜਾਂਦੀ ਹੈ ਕਿ ਸੜਕਾਂ ਵਿਛਾਉਣ ਦਾ ਮਨੋਰਥ ਸਥਾਨਕ ਭਾਈਚਾਰਿਆਂ ਦੀ ਤਰੱਕੀ ਤੇ ਭਲਾਈ ਨਹੀਂ ਸਗੋਂ ਆਦਿਵਾਸੀ ਜ਼ਮੀਨਾਂ ਤੱਕ ਸਟੇਟ ਅਤੇ ਕਾਰਪੋਰੇਟਾਂ ਦੀ ਪਹੁੰਚ ਅਤੇ ਜੰਗਲੀ ਵਸੀਲਿਆਂ ਦੀ ਲੁੱਟਮਾਰ ਨੂੰ ਸੌਖਾ ਬਣਾਉਣਾ ਹੈ।

ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਜਿੱਥੇ-ਜਿੱਥੇ ਵੀ ਆਦਿਵਾਸੀ ਜ਼ਮੀਨਾਂ ਉੱਪਰ ਧੋਖੇਬਾਜ਼ੀ ਅਤੇ ਧੱਕੇਸ਼ਾਹੀ ਨਾਲ ਕੈਂਪ ਬਣਾਏ ਜਾਂਦੇ ਹਨ, ਆਦਿਵਾਸੀ ਉਨ੍ਹਾਂ ਕੈਂਪਾਂ ਵਿਰੁੱਧ ਪੱਕੇ ਮੋਰਚੇ ਲਾ ਕੇ ਵਿਰੋਧ ਕਰ ਰਹੇ ਹਨ। ਪੰਖਾਜੂਰ (ਕੰਕੇਰ ਜ਼ਿਲ੍ਹੇ) ਵਿਖੇ ਬੀ ਐੱਸ ਐੱਫ ਦੇ ਦੋ ਕੈਂਪ ਬਣਾਏ ਜਾਣ ਵਿਰੁੱਧ ਵਿਆਪਕ ਜਨਤਕ ਵਿਰੋਧ ਪ੍ਰਦਰਸ਼ਨ ਦੇ ਨਾਲ ਪੰਜਾਹ ਪੰਚਾਂ-ਸਰਪੰਚਾਂ ਨੇ ਅਸਤੀਫ਼ੇ ਵੀ ਦਿੱਤੇ। ਹੋਰ ਵੀ ਬਹੁਤ ਸਾਰੇ ਥਾਵਾਂ ਉੱਪਰ ਕੈਂਪਾਂ ਵਿਰੁੱਧ ਲਗਾਤਾਰ ਜਨਤਕ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪਿੰਡਾਂ ਦੇ ਲੋਕ ਵਾਰੀਆਂ ਬੰਨ੍ਹ ਕੇ ਇਨ੍ਹਾਂ ਕੈਂਪਾਂ 'ਚ ਲਗਾਤਾਰ ਹਾਜ਼ਰੀ ਭਰਦੇ ਹਨ। ਮਈ 2021 'ਚ ਸਿਲਗੇਰ ਵਿਚ ਲਗਾਇਆ ਪੱਕਾ ਆਦਿਵਾਸੀ ਮੋਰਚਾ ਹੁਣ ਵੀ ਜਾਰੀ ਹੈ। ਇਸ ਵਿਚ ਦਹਿ-ਹਜ਼ਾਰਾਂ ਆਦਿਵਾਸੀ ਸ਼ਾਮਲ ਹੁੰਦੇ ਹਨ, ਜੋ ਵਿਆਪਕ ਲਾਮਬੰਦੀ ਦਾ ਕੇਂਦਰ ਬਣਨ ਦੇ ਨਾਲ-ਨਾਲ ਪੂਰੇ ਬਸਤਰ ਦੇ ਆਦਿਵਾਸੀਆਂ ਦੇ ਵਿਰੋਧ ਦਾ ਚਿੰਨ੍ਹ ਵੀ ਬਣ ਗਿਆ ਹੈ।

ਇਨਕਲਾਬੀ ਜਨਤਕ ਜਥੇਬੰਦੀਆਂ ਉੱਪਰ ਪਾਬੰਦੀ ਲਾ ਕੇ ਬੁਰੀ ਤਰ੍ਹਾਂ ਕੁਚਲ ਦਿੱਤੇ ਜਾਣ ਕਾਰਨ ਹਕੂਮਤੀ ਦਹਿਸ਼ਤਵਾਦ ਦਾ ਵਿਰੋਧ ਕਰਨ ਲਈ ਅਤੇ ਲੋਕ ਹਿੱਤਾਂ ਦੀ ਰਾਖੀ ਲਈ ਨਵੀਂਆਂ ਜਥੇਬੰਦੀਆਂ ਬਣਾਏ ਜਾਣ ਦੀ ਜ਼ਰੂਰਤ ਸੀ। ਦੱਖਣੀ ਬਸਤਰ ਵਿਚ ਜਬਰੀ ਕੈਂਪਾਂ ਵਿਰੁੱਧ ਸਥਾਨਕ ਸੰਘਰਸ਼ਾਂ ਵਿੱਚੋਂ ਐੱਮ ਬੀ ਐੱਮ (ਮੂਲਵਾਸੀ ਬਚਾਓ ਮੰਚ) ਨਾਂਅ ਦਾ ਸਾਂਝਾ ਕੇਂਦਰ ਉੱਭਰ ਆਇਆ ਹੈ, ਜਿਸ ਨੇ ਦਹਾਕਿਆਂ ਤੋਂ ਜਾਰੀ ਹਕੂਮਤੀ ਸਾਜ਼ਸ਼ੀ ਅਤੇ ਰਾਜਕੀ ਦਹਿਸ਼ਤਵਾਦ ਦੇ ਪੀੜਤ ਆਦਿਵਾਸੀਆਂ ਨੂੰ ਇਕ ਵਾਰ ਫਿਰ ਇਕਜੁੱਟ ਕਰ ਦਿੱਤਾ ਹੈ। ਆਦਿਵਾਸੀਆਂ ਨੇ ਹੁਣ ਬੇਕਿਰਕ ਹਮਲਿਆਂ ਤੋਂ ਖ਼ੌਫ਼ਜ਼ਦਾ ਹੋ ਕੇ ਪਲਾਇਨ ਕਰਨ ਦੀ ਬਜਾਏ ਇਕ ਵਾਰ ਫਿਰ ਲੜਨ ਦੀ ਠਾਣ ਲਈ ਹੈ। ਇਸੇ ਤਰ੍ਹਾਂ ਉੱਤਰੀ ਬਸਤਰ ਵਿਚ 'ਆਦਿਵਾਸੀ ਅਧਿਕਾਰ ਬਚਾਓ ਮੰਚ' ਜਾਂ 'ਸਰਵ ਆਦਿਵਾਸੀ ਸਮਾਜ' ਅਤੇ ਅਬੂਝਮਾੜ ਵਿਚ 'ਮਾੜ ਬਚਾਓ ਮੰਚ' ਦੇ ਝੰਡੇ ਹੇਠ ਬਹੁਤ ਸਾਰੇ ਸੰਘਰਸ਼ ਲੜੇ ਜਾ ਰਹੇ ਹਨ। ਇਨ੍ਹਾਂ ਮੰਚਾਂ ਵੱਲੋਂ ਕਤਲੇਆਮ/ਝੂਠੇ ਮੁਕਾਬਲਿਆਂ 'ਚ ਮਾਰੇ ਲੋਕਾਂ ਲਈ ਨਿਆਂ ਦੇ ਮੁੱਦੇ ਵੀ ਉਠਾਏ ਜਾ ਰਹੇ ਹਨ। ਪੱਕੇ ਮੋਰਚਿਆਂ ਨੂੰ ਕੁਚਲਣ ਲਈ ਵਾਰ-ਵਾਰ ਹਕੂਮਤੀ ਹਮਲਿਆਂ ਦੇ ਬਾਵਜੂਦ ਦੋ ਦਰਜਨ ਤੋਂ ਵਧੇਰੇ ਥਾਵਾਂ ਉੱਪਰ ਅੰਦੋਲਨ ਜਾਰੀ ਹੈ। ਜੇ ਸੁਰੱਖਿਆ ਲਸ਼ਕਰ ਬੰਦੂਕਾਂ ਦੀ ਤਾਕਤ ਨਾਲ ਕਿਸੇ ਮੋਰਚੇ ਨੂੰ ਖਦੇੜ ਦਿੰਦੇ ਹਨ ਤਾਂ ਉਹ ਕਿਸੇ ਨੇੜਲੇ ਮੋਰਚੇ 'ਚ ਸ਼ਾਮਲ ਹੋ ਜਾਂਦੇ ਹਨ। ਇਹ ਸਵੀਕਾਰ ਕਰਨ ਦੇ ਬਾਵਜੂਦ ਕਿ ਇਹ ਸਾਰੇ ਅੰਦੋਲਨ ਅਤੇ ਵਿਰੋਧ ਸ਼ਾਂਤਮਈ ਹਨ, ਹਕੂਮਤ ਆਗੂ ਪਰਤਾਂ ਦੇ ਹੌਸਲੇ ਤੋੜਨ ਲਈ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰੀਆਂ ਅਤੇ ਦਹਿਸ਼ਤਵਾਦੀ ਧਮਕੀਆਂ ਸਮੇਤ ਹਰ ਹਰਬਾ ਵਰਤ ਰਹੀ ਹੈ। ਜੂਨ 2024 'ਚ ਐੱਮ ਬੀ ਐੱਮ ਦੀ ਬਾਨੀ ਅਤੇ ਮਨੁੱਖੀ ਹੱਕਾਂ ਦੀ ਸਿਰਕੱਢ ਕਾਰਕੁਨ ਸੁਨੀਤਾ ਪੋਟਮ ਦੀ ਗ੍ਰਿਫ਼ਤਾਰੀ ਇਸ ਦੀ ਮਿਸਾਲ ਹੈ। ਬਸਤਰ ਜ਼ਿਲ੍ਹੇ ਦੇ ਇਕ ਹੋਰ ਮੁੱਖ ਆਗੂ ਰਘੂ ਮਿਡਿਆਨੀ ਨੂੰ ਪੁਲਸ ਵੱਲੋਂ ਸਰੇਆਮ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇ ਉਸ ਨੇ ਕੈਂਪਾਂ ਦਾ ਵਿਰੋਧ ਬੰਦ ਨਾ ਕੀਤਾ ਤਾਂ ਉਸ ਨੂੰ 12-13 ਲੱਖ ਦਾ ਇਨਾਮੀ ਭਗੌੜਾ ਕਹਿ ਕੇ ਗੋਲੀ ਮਾਰ ਦਿੱਤੀ ਜਾਵੇਗੀ।

ਇਹ ਸਾਰੇ ਤੱਥ ਇਸ ਜ਼ਰੂਰਤ ਉੱਪਰ ਜ਼ੋਰ ਦਿੰਦੇ ਹਨ ਕਿ ਹਰ ਇਨਸਾਫ਼ਪਸੰਦ ਨਾਗਰਿਕ ਨੂੰ ਇਸ ਹਕੂਮਤੀ ਦਹਿਸ਼ਤਵਾਦ ਦਾ ਬਹੁਤ ਹੀ ਗੰਭੀਰਤਾ ਨਾਲ ਨੋਟਿਸ ਲੈਂਦੇ ਹੋਏ ਇਸ ਨੂੰ ਰੋਕਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ। ਕਥਿਤ ਮੁੱਖਧਾਰਾ ਦੀਆਂ ਜੋ ਤਾਕਤਾਂ ਸੰਵਿਧਾਨ ਨੂੰ ਖ਼ਤਰੇ ਦੀ ਦੁਹਾਈ ਦਿੰਦੀਆਂ ਨਹੀਂ ਥੱਕਦੀਆਂ, ਉਨ੍ਹਾਂ ਨੂੰ ਵੀ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਕਿ ਆਰ ਐੱਸ ਐੱਸ-ਭਾਜਪਾ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਲੜਾਈ ਸੰਵਿਧਾਨ ਦੀ ਰਾਖੀ ਦੇ ਹੋਕਰੇ ਮਾਰ ਕੇ ਨਹੀਂ ਲੜੀ ਜਾ ਸਕਦੀ। ਭਾਰਤੀ ਹਾਕਮ ਜਮਾਤਾਂ ਵੱਲੋਂ ਥੋਪੇ ਆਰਥਿਕ ਮਾਡਲ ਨੂੰ ਦੋਟੁੱਕ ਰੱਦ ਕਰਨਾ ਪਵੇਗਾ। ਇਸ ਲੜਾਈ 'ਚ ਲੋਕਾਂ ਦੇ ਬੁਨਿਆਦੀ ਮੁੱਦਿਆਂ ਉੱਪਰ ਜੁਝਾਰੂ ਟਾਕਰਾ ਲਹਿਰਾਂ ਦੇ ਮਹੱਤਵ ਨੂੰ ਪਛਾਨਣਾ ਅਤੇ ਸਵੀਕਾਰ ਕਰਨਾ ਪਵੇਗਾ। ਚਾਹੇ ਬਸਤਰ ਹੈ, ਚਾਹੇ ਹੋਰ ਆਦਿਵਾਸੀ ਖੇਤਰ ਹਨ, ਚਾਹੇ ਕਸ਼ਮੀਰ ਹੈ ਅਤੇ ਚਾਹੇ ਉੱਤਰ-ਪੂਰਬੀ ਰਿਆਸਤਾਂ, ਦਹਾਕਿਆਂ ਤੋਂ ਜਾਰੀ ਰਾਜਕੀ ਦਹਿਸ਼ਤਵਾਦ ਵਿਰੁੱਧ ਡਟਵਾਂ ਸਟੈਂਡ ਲੈ ਕੇ ਲੋਕਾਂ ਦੀ ਧਿਰ ਬਣਨਾ ਪਵੇਗਾ।

15-Sep-Sunday.qxd 9/14/2024 10:38 PM Page 2



# ਰੁਪਿਨ ਪਾਸ ਟਰੈਕ

ਮੈਨੂੰ ਹਿਮਾਲਿਆ ਨਾਲ ਸਭ ਤੋਂ ਵੱਧ ਮੁਹੱਬਤ ਹੈ।ਛੋਟੇ ਹੁੰਦਿਆਂ ਤੋਂ ਹੀ ਜਦੋਂ ਭੂਗੋਲ ਦਾ ਵਿਸ਼ਾ ਪੜ੍ਹਾਇਆ ਜਾਂਦਾ ਸੀ ਤਾਂ ਹਿਮਾਲਿਆ ਪਰਬਤ ਲੜੀ ਨਾਲ ਸੰਬੰਧਤ ਸਵਾਲ ਜਵਾਬ ਮੇਰਾ ਸਭ ਤੋਂ ਵੱਧ ਧਿਆਨ ਖਿੱਚਦੇ ਸਨ।

ਪਹਾੜਾਂ ਦੀ ਵਿਲੱਖਣਤਾ ਨੂੰ ਦੇਖਣਾ ਹੋਵੇ ਤਾਂ ਹਿਮਾਲਿਆ ਪਰਬਤ ਲੜੀ ਵਿੱਚ ਪੈਦਲ ਸਫ਼ਰ ਕਰਨਾ ਜ਼ਰੂਰੀ ਹੈ।ਸਥਾਨਕ ਲੋਕਾਂ ਦੁਆਰਾ ਵਰਤੇ ਜਾਂਦੇ ਰਾਹ ਜਿਨ੍ਹਾਂ ਨੂੰ ਸੈਲਾਨੀਆਂ ਦੀ ਭਾਸ਼ਾ ਵਿੱਚ 'ਟਰੈਕ' ਕਿਹਾ ਜਾਂਦਾ ਹੈ, ਇਸ ਦਾ ਇਕੋ ਮਾਤਰ ਜ਼ਰੀਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਮੈਂ ਅਤੇ ਮੇਰੇ ਦੋਸਤ ਅੰਮ੍ਰਿਤਪਾਲ ਸਿੰਘ ਘੁੱਦਾ ਨੇ ਹਿਮਾਲਿਆ ਵਿੱਚ ਕਾਫੀ ਟਰੈਕ ਕੀਤੇ ਹਨ।ਇਸ ਵਾਰ ਅਸੀਂ 'ਰੁਪਿਨ ਪਾਸ ਟਰੈਕ' ਕਰਨ ਦਾ ਇਰਾਦਾ ਬਣਾਇਆ, ਇਹ ਟਰੈਕ ਪਹਿਲਾਂ ਉੱਤਰਾਖੰਡ ਦੇ ਧੌਲਾ ਪਿੰਡ ਤੋਂ ਸ਼ੁਰੂ ਹੁੰਦਾ ਸੀ, ਪਰ ਹੁਣ ਸੜਕ ਬਣਨ ਕਾਰਨ ਇਹ ਟਰੈਕ ਹਿਮਾਚਲ ਪ੍ਰਦੇਸ ਦੇ ਜਿਸਕੁਨ ਪਿੰਡ ਤੋਂ ਸ਼ੁਰੂ ਹੁੰਦਾ ਹੈ।

ਇਸ ਵਾਰ ਸਾਡੇ ਨਾਲ ਇੱਕ ਹੋਰ ਦੋਸਤ ਗੁਰਸੇਵਕ ਸਿੰਘ ਵੀ ਹੈ।ਅਸੀਂ ਤਿੰਨਾਂ ਜਣਿਆ ਨੇ ਟਰੈਕ ਕਰਵਾਉਣ ਵਾਲੀ ਕੰਪਨੀ ਨਾਲ ਰਾਬਤਾ ਕੀਤਾ ਅਤੇ ਜੂਨ ਦੇ ਪਹਿਲੇ ਹਫ਼ਤੇ ਦੀ ਬੁਕਿੰਗ ਕਰਵਾ ਲਈ।

ਅਸੀਂ ਬੱਸ ਰਾਹੀਂ ਸ਼ਿਮਲਾ ਪਹੁੰਚੇ ਅਤੇ ਸ਼ਿਮਲੇ ਤੋਂ ਅੱਗੇ ਲੈ ਕੇ ਜਾਣ ਦੀ ਜ਼ਿੰਮੇਵਾਰੀ ਸਾਡੀ ਟਰੈਕ ਕਰਵਾਉਣ ਵਾਲੀ ਕੰਪਨੀ ਦੀ ਸੀ। ਸਾਡੇ ਇਸ ਗਰੁੱਪ ਵਿੱਚ ਸਾਰੇ ਤੇਰਾਂ ਜਣੇ ਸਨ, ਜੋ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਹੋਏ ਸਨ।

ਕੰਪਨੀ ਦੀ ਟੈਂਪੂ ਟਰੈਵਲਰ ਨੇ ਸਾਨੂੰ ਸਵੇਰੇ ਸ਼ਿਮਲੇ ਦੇ ਬੱਸ ਅੱਡੇ ਤੋਂ ਲਿਆ ਅਤੇ ਠਿਉਗ, ਰੋੜੂ ਹੁੰਦੇ ਹੋਏ ਸ਼ਾਮ ਤੱਕ ਸ਼ਿਮਲੇ ਤੋਂ ਦੋ ਸੌ ਕਿਲੋਮੀਟਰ ਦੂਰ ਪੈਂਦੇ ਜਿਸਕੁਨ ਪਿੰਡ ਤੱਕ ਪਹੁੰਚਾਅ ਦਿੱਤਾ। ਸ਼ਿਮਲੇ ਤੋਂ ਜਿਸਕੁਨ ਵੱਲ ਆਉਂਦਿਆਂ ਰਸਤੇ ਵਿੱਚ ਚਾਂਸ਼ਲ ਪਾਸ ਪੈਂਦਾ ਹੈ।ਸਾਡੀ ਗੱਡੀ ਜਦ ਚਾਂਸ਼ਲ ਪਾਸ 'ਤੇ ਪਹੁੰਚੀ ਤਾਂ ਠੰਢੀ ਤੇਜ਼ ਹਵਾ ਨੇ ਸਾਡਾ ਸਵਾਗਤ ਕੀਤਾ। ਪਹਾੜਾਂ 'ਚ ਵਗਦੀ ਠੰਢੀ ਹਵਾ ਜਦ ਸਾਡੇ ਪਿੰਡਿਆਂ ਨੂੰ ਛੂਹ ਕੇ ਲੰਘੀ ਤਾਂ ਸਾਡੇ ਅੰਦਰੋਂ ਇੱਕ ਅਨੰਦਿਤ ਧੁਰਤੜੀ ਨੇ ਜਨਮ ਲਿਆ, ਜਿਸ ਨਾਲ ਇਹ ਹਵਾ ਸਾਡੇ ਰੋਮ-ਰੋਮ 'ਚ ਵਸ ਗਈ।ਚਾਂਸ਼ਲ ਪਾਸ ਤੇ ਕੁਝ ਸਮਾਂ ਰੁਕਣ ਤੋਂ ਬਾਅਦ ਅਸੀਂ ਫਿਰ ਜਿਸਕੁਨ ਪਿੰਡ ਵੱਲ ਸਫ਼ਰ ਸ਼ੁਰੂ ਕਰ ਦਿੱਤਾ। ਛਿਪਦੇ ਦਿਨ ਦੀ ਕਿਰਮਚੀ ਭਾਅ ਨੇ ਪਹਾੜਾਂ ਦੇ ਸੁਰਮਈ ਰੰਗ ਨੂੰ ਆਪਣੇ ਰੰਗ 'ਚ ਬਦਲਣਾ ਸ਼ੁਰੂ ਕਰ ਦਿੱਤਾ ਸੀ।

ਜਿਸਕੁਨ ਚਾਂਸ਼ਲ ਪਾਸ ਤੋਂ ਚਾਲੀ-ਪੰਤਾਲੀ ਮਿੰਟ ਦੇ ਰਸਤੇ 'ਤੇ ਮੌਜੂਦ ਹੈ।ਜਿਸਕੁਨ ਪਹੁੰਚਣ ਤੱਕ ਰਾਤ ਨੇ ਹਨੇਰੇ ਨੇ ਸਾਰੇ ਪਹਾੜਾਂ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਸੀ।ਰਾਤ ਦੇ ਦਸ ਵਜੇ ਤੱਕ ਅਸੀਂ ਜਿਸਕੁਨ ਪਹੁੰਚਦੇ ਹਾਂ। ਹੋਮ ਸਟੇਅ 'ਤੇ ਪਹੁੰਚਣ ਉਪਰੰਤ ਸਾਡੇ ਟਰੈਕ ਲੀਡਰ ਅਤੇ ਦੋ ਗਾਇਡ ਸਾਡਾ ਸਵਾਗਤ ਕਰਦੇ ਹਨ।ਕੁਝ ਸਮਾਂ ਆਰਾਮ ਕਰਨ ਤੋਂ ਬਾਅਦ ਸਾਨੂੰ ਸ਼ਾਮ ਦੇ ਖਾਣੇ ਲਈ ਆਵਾਜ਼ ਦਿੱਤੀ ਜਾਂਦੀ ਹੈ ਅਤੇ ਆਉਣ ਵਾਲੇ ਕੱਲ੍ਹ ਦੇ ਦਿਨ ਬਾਰੇ ਥੋੜ੍ਹਾ ਬਹੁਤ ਦੱਸਿਆ ਜਾਂਦਾ ਹੈ।

ਖਾਣਾ ਖਾਣ ਉਪਰੰਤ ਸਾਰੇ ਟਰੈਕਰ ਸੌਣ ਲਈ ਹੋਮ ਸਟੇਅ 'ਚ ਬਣੇ ਹਾਲ 'ਚ ਪਹੁੰਚ ਕੇ ਸੌਂ ਜਾਂਦੇ ਹਨ।

ਅਗਲੇ ਦਿਨ ਸਵੇਰੇ ਪੰਛੀਆਂ ਦੀਆਂ ਆਵਾਜ਼ਾਂ ਸਾਨੂੰ ਸ਼ੁੱਭ ਪ੍ਰਭਾਤ ਕਹਿੰਦੀਆਂ ਹਨ।ਸਾਡੇ ਹੋਮ ਸਟੇਅ ਤੋਂ ਖੜ੍ਹ ਕੇ ਦੇਖੀਏ ਤਾਂ ਦੂਰ ਤੱਕ ਹਰੇ ਪਹਾੜ ਨਜ਼ਰ ਆਉਂਦੇ ਹਨ। ਪਹਾੜਾਂ ਦੇ ਪੈਰਾਂ 'ਚ ਵਗ ਰਹੇ ਰੁਪਿਨ ਨਾਲੇ ਦੀ ਆਵਾਜ਼ ਸਰਘੀ ਵੇਲੇ ਨੂੰ ਲੋਰੀਆਂ ਸੁਣਾ ਰਹੀ ਹੈ।

ਸਵੇਰੇ ਉੱਠ ਕੇ ਸਭ ਨੇ ਬ੍ਰੇਕ ਫਾਸਟ ਅਤੇ ਅਗਲੇਰੇ ਸਫ਼ਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸਾਡੇ ਟਰੈਕ ਲੀਡਰ ਨੇ ਸਾਨੂੰ ਕੁਝ ਹਦਾਇਤਾਂ ਦਿੱਤੀਆਂ ਅਤੇ ਉਹਨਾਂ 'ਤੇ ਅਮਲ ਕਰਨ ਦੀ ਬੇਨਤੀ ਕੀਤੀ। ਸਵੇਰੇ ਨੌਂ ਵਜੇ ਤੱਕ ਅਸੀਂ ਆਪਣਾ ਪਹਾੜੀ ਰਾਹਾਂ ਦਾ ਸਫ਼ਰ ਸ਼ੁਰੂ ਕਰ ਲਿਆ।ਅੱਜ ਅਸੀਂ ਜਿਸਕੁਨ ਤੋਂ 'ਜਾਖਾ' ਪਿੰਡ ਪਹੁੰਚਣਾ ਸੀ। ਇਹ ਪਿੰਡ ਜਿਸਕੁਨ ਤੋਂ ਛੇ ਸੱਤ ਕਿਲੋਮੀਟਰ ਦੀ ਦੂਰੀ 'ਤੇ ਸਾਹਮਣੀ ਪਹਾੜੀ ਦੀ ਨੁੱਕਰ 'ਤੇ ਵੱਸਿਆ ਹੋਇਆ ਸੀ, ਜੋ ਜਿਸਕੁਨ ਤੋਂ ਕਾਫੀ ਉੱਚਾ ਸੀ।

ਹੋਮ ਸਟੇਅ ਤੋਂ ਨਿਕਲ ਕੇ ਅਸੀਂ ਇੱਕ ਪਗਡੰਡੀ 'ਤੇ ਤੁਰਨਾ ਸ਼ੁਰੂ ਕਰ ਦਿੱਤਾ, ਇਸ ਦੇ ਇਕ ਪਾਸੇ ਉੱਚਾ ਪਹਾੜ ਅਤੇ ਦੂਜੇ ਪਾਸੇ ਡੂੰਘੀ ਘਾਟੀ ਸੀ। ਸਾਰਾ ਆਲਾ-ਦੁਆਲਾ ਚੀਲ੍ਹ ਦੇ ਦਿਉ-ਕੱਦ ਰੁੱਖਾਂ ਨਾਲ ਭਰਿਆ ਹੋਇਆ ਸੀ। ਰੁਪਿਨ ਨਾਲੇ ਦੀ ਕਲਲ-ਕਲਲ ਦੀ ਆਵਾਜ਼ ਸਾਡੇ ਨਾਲ-ਨਾਲ ਚੱਲ ਰਹੀ ਸੀ।

ਜਿੰਨੀ ਦੂਰ ਤੱਕ ਨਿਗ੍ਹਾ ਜਾਂਦੀ ਸੀ, ਪਹਾੜਾਂ 'ਤੇ ਹਰਾ ਰੰਗ ਖਿਲਰਿਆ ਦਿਸ ਰਿਹਾ ਸੀ।ਲਗਾਤਾਰ ਪਗਡੰਡੀ 'ਤੇ ਤੁਰਨ ਤੋਂ ਬਾਅਦ ਸਾਨੂੰ ਇੱਕ ਚੌੜਾ ਰਾਹ ਮਿਲ ਗਿਆ । ਇੱਕ ਮਸ਼ੀਨ ਪਹਾੜਾਂ ਨੂੰ ਤੋੜ-ਤੋੜ ਕੇ ਥੱਲੇ ਵਗਦੇ ਨਾਲੇ 'ਚ ਸੁੱਟ ਰਹੀ ਸੀ।ਗਾਇਡ ਨੇ ਸਾਨੂੰ ਦੱਸਿਆ ਕਿ ਇਹ ਅਗਲੇ ਪਿੰਡ ਜਾਖਾ ਤੱਕ ਪੱਕੀ ਸੜਕ ਬਣ ਰਹੀ ਹੈ।

ਇਹ ਟਰੈਕ ਪਹਿਲਾਂ ਉੱਤਰਾਖੰਡ ਦੇ ਧੌਲਾ ਪਿੰਡ ਤੋਂ ਸ਼ੁਰੂ ਹੁੰਦਾ ਸੀ, ਹੁਣ ਇਹ ਜਿਸਕੁਨ ਤੋਂ ਸ਼ੁਰੂ ਹੋ ਰਿਹਾ ਸੀ, ਪਰ ਅਗਲੇ ਕੁਝ ਸਾਲਾਂ ਤੱਕ ਜਾਖਾਂ ਤੱਕ ਪੱਕੀ ਸੜਕ ਬਣਨ ਕਾਰਨ ਇਹ ਟਰੈਕ ਜਾਖਾ ਤੋਂ ਸ਼ੁਰੂ ਹੋਇਆ ਕਰੇਗਾ।ਮਨੁੱਖ ਇੱਕ ਸ਼ਾਤਰ ਕਿਸਮ ਦਾ ਜੀਵ ਹੈ, ਜਿਸ ਨੂੰ ਜਦੋਂ ਤੋਂ ਸੋਝੀ ਆਈ ਹੈ, ਇਸ ਨੇ ਆਪਣੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੁਦਰਤ ਅਤੇ ਆਪਣੀਆਂ ਪ੍ਰਜਾਤੀਆਂ ਦਾ ਰੱਜ ਕੇ ਨੁਕਸਾਨ ਕੀਤਾ ਹੈ। ਕੁਦਰਤ ਅਤੇ ਮਨੁੱਖ ਦੀ ਇਹ ਜੱਦੋਜਹਿਦ ਪਤਾ ਨਹੀਂ ਕਿਹੋ ਜਿਹੇ ਨਤੀਜੇ ਲੈ ਕੇ ਆਵੇਗੀ।

ਪਹਾੜਾਂ ਵਿੱਚ ਦੀ ਲੰਘਣ ਵਾਲੇ ਵੱਡੇ-ਵੱਡੇ ਰਾਹ ਸ਼ੁਰੂ ਵਿੱਚ ਸਥਾਨਕ ਲੋਕਾਂ ਦੁਆਰਾ ਆਉਣ-ਜਾਣ ਲਈ ਵਰਤੀਆਂ ਜਾਂਦੀਆਂ ਪਗਡੰਡੀਆਂ ਹੀ ਸਨ, ਪਰ ਮਨੁੱਖ ਜਿਵੇਂ-ਜਿਵੇ ਤਰੱਕੀ ਕਰ ਰਿਹਾ ਹੈ, ਇਹ ਆਪਣੀਆਂ ਸਹੂਲਤਾਂ ਲਈ ਪਹਾੜਾਂ ਦੀਆਂ ਵੱਖੀਆਂ ਪਾੜ-ਪਾੜ ਆਵਦੇ ਲਈ ਰਾਹ ਬਣਾ ਰਿਹਾ ਹੈ।

ਇਸ ਚੌੜੇ ਅਤੇ ਪੱਧਰੇ ਰਾਹ 'ਤੇ ਤੁਰਦਿਆਂ ਇੱਕ ਵਾਰ ਤਾਂ ਸਫ਼ਰ ਦਾ ਆਨੰਦ ਬਿਲਕੁਲ ਹੀ ਖ਼ਤਮ ਹੋ ਗਿਆ। ਪਹਾੜਾਂ 'ਚ ਵਿਚਰਦਿਆਂ ਜੋਖ਼ਮ ਭਰੇ ਰਾਹ ਹੀ ਸਫ਼ਰ ਨੂੰ ਥੋੜ੍ਹਾ ਰੋਮਾਂਚਿਕ ਬਣਾਉਂਦੇ ਹਨ ਅਤੇ ਆਤਮ ਵਿਸ਼ਵਾਸ ਵਧਾਉਂਦੇ ਹਨ।

ਇੱਕ ਕਿਲੋਮੀਟਰ ਤੱਕ ਇਸ ਰਾਹ 'ਤੇ ਤੁਰਨ ਤੋਂ ਬਾਅਦ ਸਾਡੇ ਗਾਇਡ ਨੇ ਸਾਨੂੰ ਅਚਾਨਕ ਹੀ ਇੱਕ ਸੰਘਣੇ ਜੰਗਲ ਵੱਲ ਮੋੜ ਲਿਆ ਅਤੇ ਬਣ ਰਿਹਾ ਚੌੜਾ ਰਾਹ ਸਿੱਧਾ ਲੰਘ ਗਿਆ। ਦੇਖਦੇ-ਦੇਖਦੇ ਹੀ ਨਜ਼ਾਰੇ ਬਦਲਣ ਲੱਗੇ।ਅਸੀਂ ਚੀਲ੍ਹ ਦੇ ਸੰਘਣੇ ਜੰਗਲ ਵਿੱਚ ਦਾਖ਼ਲ ਹੋ ਚੁੱਕੇ ਸੀ। ਸਾਡੇ ਨਾਲ-ਨਾਲ ਰੁਪਿਨ ਨਾਲਾ ਵਗ ਰਿਹਾ ਸੀ।ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਸਾਨੂੰ ਕੁਦਰਤ ਨਾਲ ਇੱਕ-ਮਿੱਕ ਕਰ ਰਹੀਆਂ ਸਨ।ਪਾਣੀ ਦੁਆਰਾ ਪੱਥਰਾਂ 'ਤੇ ਪਈ ਹੋਈ ਖੋਰ ਅਦੁੱਤੀ ਮੀਨਾਕਾਰੀ ਦਾ ਬਿੰਬ ਸਿਰਜ ਰਹੀ ਸੀ।

ਅਸੀਂ ਜਿਵੇਂ ਹੀ ਅੱਗੇ ਵਧ ਰਹੇ ਸੀ, ਠੰਢ ਵਧ ਰਹੀ ਸੀ। ਸੰਘਣੇ ਜੰਗਲ ਵਿੱਚ ਦੀ ਗੁਜ਼ਰਦਿਆਂ ਅਸੀਂ ਇਕ ਬਹੁਤ ਵੱਡੀ ਪਹਾੜੀ ਚੋਟੀ ਦੇ ਕੋਲ ਪਹੁੰਚ ਗਏ। ਇਸ ਦੇ ਥੱਲੜੇ ਹਿੱਸੇ ਨੂੰ ਦੇਖਦਿਆਂ ਹੀ ਪਤਾ ਲੱਗਦਾ ਸੀ ਕਿ ਇੱਥੇ ਕਿਸੇ ਸਮੇਂ ਲਗਾਤਾਰ ਪਾਣੀ ਵਗਿਆ ਹੈ।ਪਾਣੀ ਦਾ ਵਹਾਅ ਪਹਾੜਾਂ ਦੇ ਖੁਰਦਰੇਪਣ ਨੂੰ ਤਰਾਸ਼ ਕੇ ਕਲਾਤਮਿਕ ਰੂਪ ਦੇ ਦਿੰਦਾ ਹੈ। ਪਹਾੜੀ ਚੋਟੀ ਦੀ ਜੜ੍ਹ 'ਚੋਂ ਗੁਜ਼ਰਦਿਆਂ ਅਸੀਂ ਅੱਗੇ ਵੱਲ ਵਧ ਰਹੇ ਸੀ।

ਅਸੀਂ ਏਨੇ ਉੱਚੇ ਪਹੁੰਚ ਗਏ ਸੀ ਕਿ ਸਾਡੇ ਬਰਾਬਰ ਵਗਦਾ ਰੁਪਿਨ ਨਾਲਾ ਹੁਣ ਸਾਡੇ ਤੋਂ ਬਹੁਤ ਨੀਵਾਂ ਰਹਿ ਗਿਆ ਸੀ।

ਦੁਪਹਿਰ ਦਾ ਸਮਾਂ ਹੋ ਗਿਆ ਸੀ, ਸਭ ਨੇ ਇੱਕ ਜਗ੍ਹਾ ਰੁਕ ਕੇ ਪਾਣੀ ਪੀਤਾ ਅਤੇ ਜ਼ਰੂਰਤ ਮੁਤਾਬਿਕ ਕੁਝ ਨਾ ਕੁਝ ਖਾ ਵੀ ਲਿਆ। ਥੋੜ੍ਹਾ ਸਮਾਂ ਅਰਾਮ ਕਰਨ ਤੋਂ ਬਾਅਦ ਫਿਰ ਤੁਰਨਾ ਸ਼ੁਰੂ ਕਰ ਦਿੱਤਾ। ਪਹਾੜਾਂ ਦੀਆਂ ਖੁੰਦਰਾਂ 'ਚ ਉੱਗੇ ਹੋਏ ਜਾਮਣੀ ਫੁੱਲ ਕੁਦਰਤ ਦੀ ਵੱਖਰੀ ਹੀ ਨਿਆਮਤ ਲੱਗ ਰਹੇ ਸਨ।

ਜਾਖਾ ਪਿੰਡ ਸਾਨੂੰ ਦੂਰ ਤੋਂ ਦਿਖਾਈ ਦਿੱਤਾ ਤਾਂ ਥੋੜ੍ਹਾ ਹੌਸਲਾ ਵਧਿਆ ਕਿ ਛੇਤੀ ਹੀ ਆਪਣੇ ਟਿਕਾਣੇ 'ਤੇ ਪਹੁੰਚ ਜਾਵਾਂਗੇ। ਪਹਾੜਾਂ ਵਿੱਚ ਦੁਪਹਿਰ ਬਾਰਾਂ ਵਜੇ ਤੋਂ ਬਾਅਦ ਬੱਦਲਵਾਈ ਛਾ ਜਾਂਦੀ ਹੈ ਅਤੇ ਮੀਂਹ ਦੀ ਸੰਭਾਵਨਾ ਵਧ ਜਾਂਦੀ ਹੈ।

ਸਾਨੂੰ ਸਾਡੇ ਗਾਇਡ ਨੇ ਦੱਸਿਆ ਕਿ ਜਾਖਾ ਪਿੰਡ ਨੂੰ hanging village ਵੀ ਕਿਹਾ ਜਾਂਦਾ ਹੈ, ਕਿਉਂਕਿ ਸਾਰਾ ਪਿੰਡ ਪਹਾੜ ਦੀ ਵੱਖੀ 'ਤੇ ਵੱਸਿਆ ਹੋਇਆ ਹੈ।ਢਲਦੀ ਦੁਪਹਿਰ ਤੱਕ ਅਸੀਂ ਜਾਖਾ ਪਿੰਡ ਦੀਆਂ ਬਰੂਹਾਂ 'ਤੇ ਪਹੁੰਚ ਗਏ ਸੀ। ਸਾਰਾ ਪਿੰਡ ਲੱਕੜ ਦਾ ਬਣਿਆ ਹੋਇਆ ਸੀ।ਕਈ ਮਕਾਨਾਂ ਨੂੰ ਦੇਖ ਕੇ ਲੱਗਦਾ ਸੀ ਕਿ ਉਹ ਕਈ ਸਾਲਾਂ ਦੇ ਪੁਰਾਣੇ ਬਣੇ ਹੋਏ ਹਨ। ਕੁਝ ਮਕਾਨ ਨਿਰੋਲ ਲੱਕੜੀ ਦੇ ਬਣੇ ਸਨ ਅਤੇ ਕੁਝ ਮਕਾਨਾਂ ਦੀਆਂ ਛੱਤਾਂ ਲਈ ਪੱਥਰ ਦੀਆਂ ਸਲੇਟਾਂ ਵਰਤੀਆਂ ਗਈਆਂ ਸਨ ਅਤੇ ਕਮਰਿਆਂ ਦੀ ਚਾਰਦੁਆਰੀ ਵਿੱਚ ਲੱਕੜ ਦੀਆਂ ਸ਼ਤੀਰਾਂ ਦੇ ਵਿਚਾਲੇ ਸੀਮੈਂਟ ਦੇ ਬਲਾਕ ਵਰਤੇ ਗਏ ਸਨ।ਪਿੰਡ ਵਿੱਚ ਚੀਲ੍ਹ ਦੇ ਕਈ ਸਾਲ ਪੁਰਾਣੇ ਰੁੱਖ ਪਿੰਡ ਦੀ ਦਿੱਖ ਨੂੰ ਜੰਗਲੀ ਰੂਪ ਦੇ ਰਹੇ ਸਨ।

ਹਰੇਕ ਪਹਾੜੀ ਪਿੰਡ ਵਾਂਗ ਜਾਖਾ ਪਿੰਡ ਦੀਆਂ ਗਲੀਆਂ ਵੀ ਭੀੜੀਆਂ ਅਤੇ ਪੌੜੀਦਾਰ ਸਨ।ਡੋਗਰੀਆਂ 'ਚ ਮਧਰੇ ਕੱਦ ਦੀਆਂ ਪਹਾੜੀ ਗਾਵਾਂ ਅੜਿੰਗ ਰਹੀਆਂ ਸਨ। ਇਸ ਪਿੰਡ ਤੱਕ ਅਜੇ ਤੱਕ ਕੋਈ ਚੌੜਾ ਰਾਹ ਨਹੀਂ ਪਹੁੰਚਿਆ ਸੀ, ਇਸ ਲਈ ਪਿੰਡ ਵਿੱਚ ਕੋਈ ਵਹੀਕਲ ਨਹੀਂ ਸੀ। ਇੱਕ ਪਗਡੰਡੀ ਹੀ ਇਸ ਪਿੰਡ ਨੂੰ ਜਿਸਕੁਨ ਨਾਲ ਜੋੜਦੀ ਸੀ ਅਤੇ ਜਿਸਕੁਨ ਤੋਂ ਹੀ ਇਹ ਪਿੰਡ ਸ਼ਿਮਲੇ ਨਾਲ ਜੁੜਦਾ ਸੀ। ਪੰਜ ਕੁ ਸੌ ਦੀ ਆਬਾਦੀ ਵਾਲਾ ਇਹ ਸਾਰਾ ਪਿੰਡ ਰਾਧਾ ਸੁਆਮੀ ਸਤਿਸੰਗ ਬਿਆਸ ਵਾਲਿਆਂ ਦਾ ਭਗਤ ਸੀ ਅਤੇ ਪਿੰਡ ਵਿੱਚ ਇੱਕ ਛੋਟਾ ਜਿਹਾ ਡੇਰਾ ਵੀ ਬਣਿਆ ਹੋਇਆ ਸੀ।

ਆਪਣੇ ਹੋਮ ਸਟੇਅ ਤੱਕ ਪਹੁੰਚਣ ਤੋਂ ਬਾਅਦ ਅਸੀਂ ਕੁਝ ਸਮੇਂ ਲਈ ਆਰਾਮ ਕੀਤਾ ਅਤੇ ਫਿਰ ਪਿੰਡ ਦੇਖਣ ਲਈ ਤੁਰ ਪਏ।ਅਸੀਂ ਥੋੜ੍ਹੀ ਦੂਰ ਤੱਕ ਹੀ ਗਏ ਸੀ ਕਿ ਮੀਂਹ ਸ਼ੁਰੂ ਹੋ ਗਿਆ। ਸਾਰੇ ਟਰੈਕਰ ਜਲਦੀ-ਜਲਦੀ ਆਪੋ-ਆਪਣੇ ਕਮਰਿਆਂ 'ਚ ਵਾਪਸ ਆ ਗਏ । ਟਰੈਕ ਲੀਡਰ ਨੇ ਸਾਨੂੰ ਅਗਲੇ ਦਿਨ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ।ਅਗਲੇਰੇ ਦਿਨ ਦਾ ਸਫ਼ਰ ਕਾਫੀ ਲੰਬਾ ਸੀ।ਸਾਰੇ ਟਰੈਕਰ ਖਾਣਾ ਖਾਣ ਤੋਂ ਬਾਅਦ ਜਲਦੀ ਸੌਂ ਗਏ।

ਸਵੇਰੇ ਬੂਹੇ ਦੀਆਂ ਝੀਖਾਂ ਵਿੱਚ ਦੀ ਧੁੱਪ ਨੇ ਦਸਤਕ ਦਿੱਤੀ।ਸਭ ਨੇ ਬੰਦ ਕਮਰਿਆਂ 'ਚੋਂ ਨਿਕਲ ਸੂਰਜ ਨੂੰ ਨਮਸਕਾਰ ਕੀਤੀ ਅਤੇ ਪਿੰਡਿਆਂ ਨੂੰ ਠੰਢੀ ਪਹਾੜੀ ਹਵਾ ਦੀ ਛੂਹ ਦੁਆਈ।ਜਾਖਾ ਪਿੰਡ ਜਿਸਕੁਨ ਤੋਂ ਉਚਾਈ 'ਤੇ ਸੀ, ਇਸੇ ਲਈ ਇੱਥੇ ਠੰਢ ਵੀ ਜ਼ਿਆਦਾ ਸੀ। ਸਭ ਨੇ ਬ੍ਰੇਕਫਾਸਟ ਕੀਤਾ। ਆਪਣੇ ਪਿੱਠੂ ਬੈਗ ਮੋਢਿਆਂ 'ਤੇ ਟੰਗ ਕੇ ਅੱਜ ਦਾ ਸਫ਼ਰ ਸ਼ੁਰੂ ਕਰ ਲਿਆ। ਰੁਪਿਨ ਪਾਸ ਟਰੈਕ ਸਾਨੂੰ ਹਰ ਰੋਜ਼ ਆਪਣੀ ਅਲੱਗ ਸੁੰਦਰਤਾ ਨਾਲ ਉਡੀਕ ਰਿਹਾ ਹੁੰਦਾ ਸੀ। ਪਿਛਲੇ ਦੋ ਦਿਨ ਸਾਨੂੰ ਹੋਮ ਸਟੇਅ ਮਿਲ ਰਹੇ ਸਨ, ਪਰ ਅੱਜ ਤੋਂ ਬਾਅਦ ਨਾ ਤਾਂ ਹੋਮ ਸਟੇਅ ਮਿਲਣਾ ਸੀ, ਨਾ ਕੋਈ ਨੈੱਟਵਰਕ ਅਤੇ ਨਾ ਬਿਜਲੀ। ਅਸੀਂ ਪੂਰਨ ਤੌਰ 'ਤੇ ਕੁਦਰਤ ਦੇ ਹਵਾਲੇ ਹੋਣ ਜਾ ਰਹੇ ਸੀ। ਜਾਖਾ ਪਿੰਡ ਨਿਕਲਦਿਆਂ ਹੀ ਅਸੀਂ ਦੋ ਕੁ ਫੁੱਟ ਚੌੜੀ ਪਗਡੰਡੀ 'ਤੇ ਤੁਰਨਾ ਸ਼ੁਰੂ ਕਰ ਦਿੱਤਾ। ਰੁਪਿਨ ਨਾਲਾ ਹੌਲੀ-ਹੌਲੀ ਸਾਡੇ ਤੋਂ ਦੂਰ ਹੋ ਰਿਹਾ ਸੀ। ਸਾਡਾ ਅੱਜ ਦਾ ਸਫ਼ਰ ਲੱਗਭੱਗ ਬਾਰਾਂ-ਤੇਰਾਂ ਕਿਲੋਮੀਟਰ ਲੰਬਾ ਸੀ। ਅਸੀਂ ਬੇਸ਼ੱਕ ਰੁਪਿਨ ਨਾਲੇ ਤੋਂ ਦੂਰ ਜਾ ਰਹੇ ਸੀ, ਪਰ ਬਾਅਦ ਦੁਪਹਿਰ ਤੱਕ ਸਾਡਾ ਰਾਹ ਏਸੇ ਨਾਲੇ ਤੋਂ ਹੋ ਕੇ ਗੁਜ਼ਰਨਾ ਸੀ।ਅਸੀਂ ਹਿਮਾਲਿਆ ਦੇ ਹਰਿਔਲ ਭਰੇ ਰਾਹਾਂ ਉੱਤੋਂ ਦੀ ਗੁਜ਼ਰ ਰਹੇ ਸੀ।ਰਾਹ 'ਚ ਕਈ ਛੋਟੇ-ਛੋਟੇ ਨਾਲੇ ਵਗ ਰਹੇ ਸਨ। ਕਦੇ ਕਿਸੇ ਪੰਛੀ ਦੇ ਕੂਕ ਸੁਣਾਈ ਦਿੰਦੀ ਅਤੇ ਕਦੇ ਪੱਤਿਆਂ ਦੀ ਹਲਚਲ ਜੰਗਲ ਨੂੰ ਸਾਖਸ਼ਾਤ ਬਣਾ ਦਿੰਦੀ।ਇਹਨਾਂ ਕੁਦਰਤੀ ਨਜ਼ਾਰਿਆਂ ਨੂੰ ਮਾਣਦੇ ਅਸੀਂ ਲਗਾਤਾਰ ਤੁਰ ਰਹੇ ਸੀ। ਤਿੱਥ, ਵਾਰ, ਮਹੀਨਾ ਸਭ ਕੁਝ ਭੁੱਲ ਜਾਣ ਤੋਂ ਬਾਅਦ ਹੀ ਅਸਲ ਸਫ਼ਰ ਸ਼ੁਰੂ ਹੁੰਦਾ ਹੈ। ਅਸੀਂ ਹੁਣ ਸਫ਼ਰ ਵਿੱਚ ਸੀ। ਸਾਡੇ ਸਾਹਮਣੇ ਚੀਲ੍ਹ ਦੇ ਰੁੱਖ, ਖੱਬੇ ਹੱਥ ਹਿਮਾਲਿਆ ਦੇ ਪਰਬਤ ਅਤੇ ਸੱਜੇ ਹੱਥ ਇਸੇ ਹਿਮਾਲਿਆ ਦੀ ਗੋਦ 'ਚੋਂ ਨਿਕਲਦਾ ਰੁਪਿਨ ਨਾਲਾ ਵਗ ਰਿਹਾ ਸੀ।

ਹੁਣ ਸਿਰਫ਼ ਜੰਗਲ ਬੋਲ ਰਿਹਾ ਸੀ। ਅਸੀਂ ਤੁਰਦੇ ਰਹੇ ਤੇ ਜੰਗਲ ਦਾ ਸੰਘਣਾਪਣ ਵਧਦਾ ਗਿਆ। ਚੀਲ੍ਹ ਦੇ ਪੱਤਿਆਂ ਨੇ ਸੂਰਜ ਦੀਆਂ ਕਿਰਨਾਂ ਦੀ ਜੰਗਲ ਅੰਦਰ ਆਉਣ ਦੀ ਆਗਿਆ ਨੂੰ ਫ਼ਿਲਹਾਲ ਰੋਕਿਆ ਹੋਇਆ ਸੀ। ਸਾਡੀ ਪੈੜਚਾਲ ਸਾਡਾ ਪਿੱਛਾ ਕਰ ਰਹੀ ਸੀ। ਪੈਰਾਂ ਨਾਲ ਪਹਾੜ ਨਾਪਦੇ ਅਸੀਂ ਇੱਕ ਪਰਬਤ ਦੀ ਸਿਖ਼ਰ 'ਤੇ ਪਹੁੰਚ ਗਏ।ਇਸ ਜਗ੍ਹਾ ਤੋਂ ਤਿੰਨ ਕੋਣੀ ਕਾਤਰ ਨੇ ਰੁਪਿਨ ਘਾਟੀ ਨੂੰ ਪਾੜ ਲਾਇਆ ਹੋਇਆ ਸੀ।ਧੁੱਪ ਦੀ ਤਿਕੋਣੀ ਚਾਦਰ ਘਾਟੀ ਦੀ ਵੱਖੀ 'ਚ ਚਾਨਣ ਦੇ ਬੀਜ ਬੋ ਰਹੀ ਸੀ। ਅਸੀਂ ਦੂਰ ਨਿਗ੍ਹਾ ਮਾਰੀ ਤਾਂ ਜਾਖਾ ਪਿੰਡ ਦੀਆਂ ਵਿਰਲੀਆਂ ਛੱਤਾਂ ਦਿਸ ਰਹੀਆਂ ਸਨ। ਚੀਲ੍ਹ ਦਾ ਜੰਗਲ ਪਾਰ ਕੀਤਾ ਤਾਂ ਰੁਪਿਨ ਨਾਲਾ ਸਾਡੇ ਪੈਰਾਂ ਹੇਠ ਵਿਛ ਗਿਆ। ਰੁਪਿਨ ਨਾਲੇ ਦਾ ਪਾਣੀ ਜਦ ਵੱਡੇ-ਵੱਡੇ ਪੱਥਰਾਂ 'ਚ ਵੱਜਦਾ ਤਾਂ ਮਲਾਰ ਰਾਗ ਛਿੜਦਾ ਪ੍ਰਤੀਤ ਹੁੰਦਾ।ਆਸਮਾਨ 'ਚ ਉੱਡ ਰਹੇ ਬੱਦਲ ਨੀਵੇਂ ਹੋ-ਹੋ ਕੇ ਲੰਘ ਰਹੇ ਸਨ। ਲੱਕੜ ਦੇ ਬਣੇ ਪੁਲ ਤੋਂ ਅਸੀਂ ਰੁਪਿਨ ਨਾਲਾ ਪਾਰ ਕੀਤਾ ਅਤੇ ਪਰਬਤਾਂ ਦੀ ਅਗਲੀ ਲੜੀ 'ਤੇ ਪੈਰ ਜਾ ਧਰਿਆ।

ਅਸੀਂ ਅਣਜਾਣੇ ਰਾਹਾਂ ਦੇ ਜਾਣਕਾਰ ਹੁੰਦੇ ਜਾ ਰਹੇ ਸੀ।

ਤੁਰਦਿਆਂ-ਤੁਰਦਿਆਂ ਕੋਈ ਪਹਾੜੀ ਟੋਟਾ ਅਜਿਹਾ ਆਉਂਦਾ ਕਿ ਉਹ ਪਲਾਂ 'ਚ ਸਾਨੂੰ ਆਪਣੇ ਪਹਾੜ ਹੋਣ ਦਾ ਅਹਿਸਾਸ ਕਰਵਾ ਜਾਂਦਾ। ਉਸ ਪਹਾੜੀ ਟੋਟੇ ਨੂੰ ਪਾਰ ਕਰਦਿਆਂ ਸਾਡੇ ਸਾਹ ਫੁੱਲ ਜਾਂਦੇ, ਪਰ ਅਸੀਂ ਸਬਰ ਸਹਿਜਤਾ ਦੀ ਉਂਗਲ ਫੜ ਕੇ ਹੌਲੀ-ਹੌਲੀ ਤੁਰਦੇ ਪਾਰ ਲੱਗ ਜਾਂਦੇ।

ਰਸਤੇ 'ਚ ਕਈ ਥਾਈਂ ਛੋਟੇ ਢਾਬੇ ਬਣੇ ਹੋਏ ਸਨ, ਅਸੀਂ ਇੱਕ ਢਾਬੇ 'ਤੇ ਮਿੱਠੇ ਸਿੱਡੂ ਖਾਣ ਲਈ ਰੁਕ ਗਏ ਅਤੇ ਕੁਝ ਸਮਾਂ ਆਰਾਮ ਕੀਤਾ।

ਅਸੀਂ ਜਿਵੇਂ-ਜਿਵੇਂ ਅੱਗੇ ਵਧ ਰਹੇ ਸੀ, ਨਜ਼ਾਰੇ ਬਦਲ ਰਹੇ ਸਨ। ਹੁਣ ਰੁਪਿਨ ਨਾਲੇ ਦੇ ਨਾਲ ਅਤੇ ਚੋਟੀਆਂ ਦੀ ਉਚਾਈ 'ਤੇ ਬਰਫ਼ ਦਿਖਣੀ ਸ਼ੁਰੂ ਹੋ ਗਈ ਸੀ। ਠੰਢ ਲਗਾਤਾਰ ਵਧ ਰਹੀ ਸੀ।

ਸਿੱਡੂ ਖਾ ਕੇ ਅਤੇ ਚਾਹ ਪੀ ਕੇ ਅਸੀਂ ਫਿਰ ਤੁਰਨਾ ਸ਼ੁਰੂ ਕਰ ਦਿੱਤਾ। ਰੁਪਿਨ ਨਾਲੇ ਦਾ ਵਹਿਣ ਅੱਗੇ ਜਾ ਕੇ ਕਾਫੀ ਵਿਸ਼ਾਲ ਹੋ ਗਿਆ ਸੀ।ਵਹਿਣ 'ਚ ਪਏ ਪੱਥਰ ਇਸ ਗੱਲ ਦਾ ਸੰਕੇਤ ਸੀ ਕਿ ਕਿਸੇ ਵੇਲੇ ਇਹ ਛੋਟਾ ਜਿਹਾ ਰੁਪਿਨ ਨਾਲਾ ਬਹੁਤ ਵਸੀਹ ਰੂਪ 'ਚ ਵਗਦਾ ਰਿਹਾ ਹੈ। ਅਸੀਂ ਹੁਣ ਬਿਲਕੁਲ ਪੱਧਰੇ ਮੈਦਾਨ 'ਚ ਤੁਰ ਰਹੇ ਸੀ। ਸਾਡੇ ਆਲੇ-ਦੁਆਲੇ ਛੋਟੇ-ਵੱਡੇ ਪੱਥਰ ਖਿੱਲਰੇ ਹੋਏ ਸਨ। ਘਾਟੀ ਦਾ ਇੱਕ ਮੋੜ ਮੁੜਨ 'ਤੇ ਸਾਨੂੰ ਧਰਤੀ 'ਤੇ ਬਰਫ਼ ਦੀ ਚਿੱਟੀ ਚਾਦਰ ਵਿਛੀ ਹੋਈ ਦਿਸੀ।ਬਰਫ਼ ਦੇ ਇੱਕ ਵਿਸ਼ਾਲ ਐਵਲਾਂਚ ਨੇ ਸਾਰਾ ਰੁਪਿਨ ਨਾਲਾ ਘੇਰਿਆ ਹੋਇਆ ਸੀ। ਬਰਫ਼ ਦੇ ਢੇਰ ਥੱਲੋਂ ਦੀ ਪਾਣੀ ਨੇ ਆਪਣਾ ਰਾਹ ਬਣਾਇਆ ਹੋਇਆ ਸੀ।



ਕੁਦਰਤ ਦੇ ਇਹੀ ਖੇਲ ਤਮਾਸ਼ੇ ਦੇਖਣ ਲਈਂ ਅਸੀਂ ਇਹੋ ਜਿਹਾ ਪਹਾੜੀ ਸਫ਼ਰ ਕਰ ਰਹੇ ਸੀ। ਬਰਫ਼ ਦੀ ਇਹ ਪਰਤ ਏਨੀ ਮਜ਼ਬੂਤ ਸੀ ਅਸੀਂ ਬਾਰਾਂ-ਤੇਰਾਂ ਜਣੇ ਬਹੁਤ ਆਰਾਮ ਨਾਲ ਇਸ 'ਤੇ ਤੁਰ ਰਹੇ ਸੀ।

ਚੀਲ੍ਹ ਦੇ ਦਰੱਖਤਾਂ ਦੀ ਗਿਣਤੀ ਘਟ ਰਹੀ ਸੀ। ਚੀਲ੍ਹ ਦੀ ਜਗ੍ਹਾ ਹੁਣ ਹੋਰ ਛੋਟੇ ਪਹਾੜੀ ਰੁੱਖਾਂ ਨੇ ਲੈ ਲਈ ਸੀ।

ਚੁਫੇਰੇ ਉੱਚੇ ਪਹਾੜਾਂ ਦੇ ਵਿਚਾਲੇ ਕਈ ਥਾਵਾਂ 'ਤੇ ਹਰੇ ਘਾਹ ਦੀਆਂ ਚਰਾਂਦਾਂ ਆਉਂਦੀਆਂ, ਜਿੱਥੇ ਇੱਕਾ-ਦੁੱਕਾ ਬੱਕਰਵਾਲ ਮਿਲ ਜਾਂਦੇ। ਸਾਡੇ ਇਹ ਟਰੈਕ ਰੁਪਿਨ ਵੈਲੀ ਤੋਂ ਨਿਕਲ ਸਾਂਗਲਾ ਤੱਕ ਜਾਂਦਾ ਸੀ। ਸਾਡੇ ਵਰਗੇ ਯਾਤਰੀਆਂ ਦੇ ਨਾਲ-ਨਾਲ ਇਹ ਟਰੈਕ ਸਥਾਨਕ ਲੋਕਾਂ ਦਾ ਆਉਣ-ਜਾਣ ਵੀ ਲੱਗਾ ਰਹਿੰਦਾ ਸੀ।ਸਾਨੂੰ ਹਰ ਰੋਜ਼ ਏਧਰ ਓਧਰ ਜਾਂਦੇ ਸਥਾਨਕ ਲੋਕ ਮਿਲਦੇ ਰਹਿੰਦੇ ਸਨ। ਦਿਨ ਬੀਤਣ ਦੇ ਨਾਲ ਮੌਸਮ ਅਤੇ ਆਲੇ-ਦੁਆਲੇ ਵਿੱਚ ਕਾਫੀ ਬਦਲਾਵ ਆ ਰਹੇ ਸਨ।ਹਰਿਆਲੀ ਘਟ ਰਹੀ ਸੀ, ਬਰਫ਼ ਵਧ ਰਹੀ ਸੀ।

ਕਦੇ ਰੁਪਿਨ ਨਾਲੇ ਦੇ ਨਾਲ ਤੁਰਦੇ ਅਸੀਂ ਵਗਦੇ ਪਾਣੀ ਦੀ ਆਵਾਜ਼ ਨਾਲ ਇੱਕ-ਮਿੱਕ ਹੁੰਦੇ ਅਤੇ ਕਦੇ ਟਰੈਕ ਲੀਡਰ ਦੀ ਖਰਵੀ ਆਵਾਜ਼ ਸਾਡਾ ਧਿਆਨ ਭੰਗ ਕਰਕੇ ਸਾਨੂੰ ਕਾਹਲੀ ਪੈਰ ਪੁੱਟਣ ਲਾ ਦਿੰਦੀ।

ਅਸੀਂ ਕਦੇ ਮਿੱਟੀ 'ਤੇ ਤੁਰ ਰਹੇ ਹੁੰਦੇ ਸੀ, ਕਦੇ ਪੱਥਰਾਂ 'ਤੇ ਅਤੇ ਕਦੇ ਬਰਫ਼ ਦੇ ਵੱਡੇ ਤੋਦਿਆਂ ਉੱਤੇ। ਇਸ ਸਾਰੇ ਟਰੈਕ 'ਤੇ ਕੁਦਰਤ ਦੀ ਵਿਲੱਖਣਤਾ ਬਹੁਤ ਖੁੱਲ੍ਹੇ ਰੂਪ 'ਚ ਪੱਸਰੀ ਹੋਈ ਹੈ।

ਦੁਪਹਿਰ ਢਲ ਕੇ ਸ਼ਾਮ ਦਾ ਰੂਪ ਲੈ ਰਹੀ ਸੀ। ਘਾਟੀ ਦਾ ਜੋਬਨ ਯਾਤਰੂਆਂ ਵੱਲ ਵੇਖ ਨੈਣ ਮਟਕਾ ਰਿਹਾ ਸੀ।ਘਾਟੀ ਦੀ ਵੱਖੀ 'ਚੋਂ ਖ਼ੂਬਸੂਰਤ ਝਰਨੇ ਫੁੱਟ ਰਹੇ ਸਨ ਅਤੇ ਬਰਫ਼ ਦੇ ਤੋਦੇ ਸਰਪੇਚ ਬਣ ਇਹਦੀ ਸ਼ਾਨ ਵਧਾ ਰਹੇ ਸਨ।

ਅਸੀਂ ਸ਼ਾਮ ਤੱਕ ਆਪਣੀ ਕੈਂਪ ਸਾਇਟ ਤੱਕ ਪਹੁੰਚ ਚੁੱਕੇ ਸੀ। ਸਾਡੇ ਸਾਹਮਣੇ ਵਿਸ਼ਾਲ ਰੂਪ ਝਰਨਾ ਪਹਾੜੀ ਦੀ ਸਿਖ਼ਰ ਤੋਂ ਥੱਲੇ ਡਿੱਗ ਰਿਹਾ ਸੀ।ਸੁਰਮਈ ਪਹਾੜਾਂ 'ਤੇ ਵਗਦਾ ਇਹ ਝਰਨਾ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਕੋਈ ਲੰਮ-ਸਲੰਮੀ ਮੁਟਿਆਰ ਚਿੱਟਾ ਸੂਟ ਪਾ ਕੇ ਚੰਨ ਨੂੰ ਅਰਗ ਦੇ ਰਹੀ ਹੋਵੇ।

ਰੁਪਿਨ ਨਾਲੇ ਦਾ ਮੂਲ ਇਹੀ ਝਰਨਾ ਸੀ। ਅੱਜ ਦੀ ਰਾਤ ਅਸੀਂ ਇਸ ਝਰਨੇ ਦੇ ਪੈਰਾਂ ਵਿੱਚ ਬਿਰਾਜਮਾਨ ਸੀ। ਜਦ ਹੀ ਅਸੀਂ ਆਪਣੀ ਕੈਂਪ ਸਾਇਟ 'ਤੇ ਪਹੁੰਚੇ ਤਾਂ ਨਾਲ ਹੀ ਵਰਖਾ ਸ਼ੁਰੂ ਹੋ ਗਈ। ਠੰਢ ਹੋਰ ਵਧ ਗਈ, ਸਭ ਨੇ ਆਪਣੇ ਗਰਮ ਕੋਟ ਕੱਢ ਕੇ ਪਾ ਲਏ। ਥੋੜੇ ਸਮੇਂ ਤੱਕ ਸ਼ਾਮ ਦਾ ਖਾਣਾ ਤਿਆਰ ਹੋ ਗਿਆ। ਸਭ ਨੇ ਖਾਣਾ ਖਾਧਾ ਅਤੇ ਆਪੋ ਆਪਣੇ ਟੈਂਟਾਂ ਵਿੱਚ ਸੌਣ ਲਈ ਚਲੇ ਗਏ।

ਅਗਲੇ ਦਿਨ ਸਵੇਰ ਦੇ ਪੰਜ ਵਜੇ ਤੱਕ ਚਿੱਟੀ ਧੁੱਪ ਨੇ ਸਾਡੀਆਂ ਬਰੂਹਾਂ 'ਤੇ ਹਾਜ਼ਰੀ ਭਰ ਦਿੱਤੀ।ਪਹਾੜਾਂ ਦੀਆਂ ਚੋਟੀਆਂ ਸੁਨਹਿਰੀ ਭਾ ਮਾਰ ਰਹੀਆਂ ਸਨ।

ਸਾਡੇ ਟੈਂਟ ਉੱਚੀਆਂ ਪਹਾੜੀਆਂ ਦੇ ਵਿਚਕਾਰ ਘਾਟੀ ਦੀ ਨੀਵੀਂ ਜਗ੍ਹਾ 'ਤੇ ਲੱਗੇ ਹੋਏ ਸਨ।

ਸਾਡੇ ਸਾਹਮਣੇ ਵਿਸ਼ਾਲ ਝਰਨਾ ਆਪਣੀ ਮਸਤ ਚਾਲ ਚੱਲ ਰਿਹਾ ਸੀ। ਪਹਾੜੀ ਘੁੰਘਰਾਂ ਪਾਣੀ ਦੀ ਧਾਰ ਨੂੰ ਤਾੜਾ ਲਾ ਰਹੀਆਂ ਸਨ।ਰੁਪਿਨ ਨਾਲਾ ਆਪਣੇ ਜੋਬਨ 'ਤੇ ਵਗ ਰਿਹਾ ਸੀ। ਵੱਡੇ-ਛੋਟੇ ਦਰੱਖਤਾਂ ਦੀ ਥਾਂ ਖ਼ੁਸ਼ਕ ਘਾਹ ਨੇ ਲੈ ਲਈ ਸੀ।ਅਸੀਂ ਟਰੀ ਲਾਇਨ ਪਾਰ ਕਰਕੇ ਹਾਈ ਐਲਟੀਟਿਊਡ ਵੱਲ ਵਧ ਰਹੇ ਸੀ।ਸੂਰਜ ਝਰਨੇ ਦੇ ਮੋਢਿਆਂ ਉੱਤੋਂ ਦੀ ਅੱਡੀਆਂ ਚੱਕ-ਚੱਕ ਦੇਖ ਰਿਹਾ ਸੀ।ਚੁਫੇਰੇ ਮਨਮੋਹਕ ਦ੍ਰਿਸ਼ ਉਪਜ ਰਿਹਾ ਸੀ।

ਸਾਡਾ ਅੱਜ ਦਾ ਸਫ਼ਰ ਪੰਜ-ਛੇ ਕਿਲੋਮੀਟਰ ਤੱਕ ਹੀ ਲੰਬਾ ਸੀ, ਪਰ ਸਿੱਧੀ ਉਚਾਈ ਚੜ੍ਹਨੀ ਸੀ। ਅਸੀਂ ਜਿਸ ਵਿਸ਼ਾਲ ਝਰਨੇ ਦੇ ਪੈਰਾਂ 'ਚ ਬਿਰਾਜਮਾਨ ਸੀ, ਅੱਜ ਉਹਦੀ ਜੰਮਣ ਭੋਇੰ ਵੱਲ ਵਧਣਾ ਸੀ।

ਅਸੀਂ ਸਵੇਰੇ ਨੌਂ ਵਜੇ ਤੁਰਨਾ ਸ਼ੁਰੂ ਕਰ ਦਿੱਤਾ। ਅਸੀਂ ਕੁਝ ਫਰਲਾਂਗ ਹੀ ਤੁਰੇ ਸੀ ਕਿ ਫਿਰ ਤੋਂ ਸਾਡੇ ਪੈਰਾਂ ਥੱਲੇ ਵਿਸ਼ਾਲ ਰੂਪ 'ਚ ਖਿੱਲਰੀ ਹੋਈ ਬਰਫ਼ ਆ ਗਈ। ਅੱਜ ਦਾ ਰਸਤਾ ਲੰਬਾਈ ਪੱਖੋਂ ਬੇਸ਼ੱਕ ਘੱਟ ਸੀ, ਪਰ ਖ਼ਤਰਨਾਕ ਬਹੁਤ ਸੀ। ਰਸਤੇ 'ਚ ਬਹੁਤ ਥਾਵਾਂ 'ਤੇ ਬਰਫ਼ ਦੇ ਵੱਡੇ ਤੋਦੇ ਪਾਰ ਕਰਨੇ ਸੀ।ਸਾਡੇ ਗਾਇਡ ਸਾਡੇ ਅੱਗੇ ਤੁਰਦੇ ਅਤੇ ਸਾਡੇ ਤੁਰਨ ਲਈ ਬਰਫ਼ 'ਤੇ ਰਾਹ ਬਣਾਉਂਦੇ।

ਤਿੱਖੀ ਚੜ੍ਹਾਈ 'ਚ ਬਰਫ਼ ਤੋਂ ਪੈਰ ਤਿਲਕਣ ਦਾ ਡਰ ਲਗਾਤਾਰ ਬਣਿਆ ਹੋਇਆ ਸੀ। ਬਰਫ਼ ਇਸ ਤਰੀਕੇ ਨਾਲ ਪਹਾੜਾਂ ਦੀਆਂ ਵੱਖੀਆਂ 'ਤੇ ਚਿੰਬੜੀ ਹੋਈ ਸੀ ਕਿ ਜੇਕਰ ਇੱਕ ਵਾਰ ਪੈਰ ਤਿਲਕ ਗਿਆ ਤਾਂ ਕਈ ਸੌ ਫੁੱਟ ਥੱਲੇ ਆ ਕੇ ਹੀ ਰੁਕਿਆ ਜਾਣਾ ਸੀ।

ਦੋ ਘੰਟਿਆਂ ਦੀ ਤਿੱਖੀ ਚੜ੍ਹਾਈ ਵਾਲੇ ਸਫ਼ਰ 'ਚ ਅਸੀਂ ਨੁਕੀਲੀਆਂ ਪਹਾੜੀਆਂ 'ਤੇ ਬਰਫ਼ ਦੇ ਤੋਦੇ ਪਾਰ ਕਰਕੇ ਝਰਨੇ ਦੇ ਅੱਧ ਤੱਕ ਪਹੁੰਚ ਚੁੱਕੇ ਸੀ। ਇੱਥੋਂ ਲੰਬੀ ਨਿਗ੍ਹਾ ਮਾਰਨ 'ਤੇ ਰੁਪਿਨ ਘਾਟੀ ਦਾ ਮਨਮੋਹਕ ਨਜ਼ਾਰਾ ਦਿਲ ਛੂੰਹਦਾ ਸੀ।ਸਾਰੀ ਘਾਟੀ ਨੂੰ ਬਾਹਾਂ 'ਚ ਭਰਨ ਦੀ ਤਮੰਨਾ, ਵਗਦੇ ਪਾਣੀ ਦੀ ਸੀਤਲਤਾ, ਖੁੱਲ੍ਹੇ ਆਸਮਾਨ ਦੀ ਸੰਜੀਦਗੀ ਭਰੀ ਵਿਸ਼ਾਲਤਾ ਅਤੇ ਖੁਸ਼ਕ ਘਾਹ ਦੀ ਮਹਿਕ ਸਾਨੂੰ ਬ੍ਰਹਿਮੰਡ ਵਿੱਚ ਵਿਲੀਨ ਕਰ ਰਹੀ ਸੀ।

ਰਾਹ ਬੇਸ਼ੱਕ ਔਖਾ ਸੀ, ਪਰ ਹਰੇਕ ਕੂਹਣੀ ਮੋੜ 'ਤੇ ਖੁੱਲ੍ਹਦੇ ਨਵੇਂ ਦਰਵਾਜ਼ੇ ਸਾਨੂੰ ਥਕਾਵਟ ਮਹਿਸੂਸ ਨਹੀਂ ਹੋਣ ਦੇ ਰਹੇ ਸੀ।

ਅਸੀਂ ਹੁਣ ਜਿੰਨੀ ਕੁ ਉਚਾਈ 'ਤੇ ਸੀ, ਹਰਿਆਲੀ ਬਿਲਕੁਲ ਖ਼ਤਮ ਹੋ ਚੁੱਕੀ ਸੀ।ਖੁਸ਼ਕ ਪਹਾੜਾਂ 'ਚ ਵਗ ਰਹੇ ਝਰਨੇ ਅਤੇ ਚੋਟੀਆਂ 'ਤੇ ਜੰਮੀ ਬਰਫ਼ ਸਾਨੂੰ ਕੁਦਰਤ ਦੇ ਰੂਬਰੂ ਕਰ ਰਹੀ ਸੀ।

ਏਨੀ ਠੰਢ ਹੋਣ ਦੇ ਬਾਵਜੂਦ ਸਾਡੇ ਕੱਪੜੇ ਪਸੀਨੇ ਨਾਲ ਭਿੱਜ ਰਹੇ ਸਨ।

ਸਵੇਰੇ ਨੌਂ ਵਜੇ ਤੋਂ ਲੈ ਕੇ ਦੁਪਹਿਰ ਦੇ ਇੱਕ ਵਜੇ ਤੱਕ ਅਸੀਂ ਆਪਣੀ ਕੈਂਪ ਸਾਇਟ ਪਹੁੰਚ ਚੁੱਕੇ ਸੀ।ਸਾਡੀ ਇਹ ਕੈਂਪ ਸਾਇਟ ਸਮੁੰਦਰੀ ਤਲ ਤੋਂ 13,300 ਫੁੱਟ ਦੀ ਉਚਾਈ 'ਤੇ ਸੀ। ਠੰਢ ਬਹੁਤ ਜ਼ਿਆਦਾ ਵਧ ਗਈ ਸੀ।ਅਸੀਂ ਸਾਰੇ ਟਰੈਕਰ ਰੋਟੀ ਖਾਣ ਵਾਲੇ ਟੈਂਟ ਵਿੱਚ ਬੈਠ ਗਏ।ਸਾਨੂੰ ਲੱਗ ਰਿਹਾ ਸੀ ਕਿ ਅੱਜ ਸਾਡੇ ਕੋਲ ਬਹੁਤ ਖੁੱਲ੍ਹਾ ਸਮਾਂ ਹੈ, ਪਰ ਜਿਵੇਂ-ਜਿਵੇਂ ਦਿਨ ਢਲ ਰਿਹਾ ਸੀ, ਹਵਾ ਦਾ ਵਹਾਅ ਤੇਜ਼ ਹੋ ਰਿਹਾ ਸੀ। ਅਸੀਂ ਦੁਪਹਿਰ ਦਾ ਖਾਣਾ ਖਾ ਕੇ ਹੀ ਹਟੇ ਸੀ ਕਿ ਹਵਾ ਦਾ ਵਹਾਅ ਇੰਨਾ ਤੇਜ਼ ਹੋ ਗਿਆ ਕਿ ਸਾਡੇ ਨਾਲ ਦੀ ਦੂਜੀ ਟੀਮ ਦੇ ਕੁਝ ਟੈਂਟ ਹਵਾ ਦਾ ਬੁੱਲ੍ਹਾ ਆਪਣੇ ਨਾਲ ਹੀ ਲੈ ਗਿਆ। ਇਕ ਘੰਟੇ ਤੋਂ ਜ਼ਿਆਦਾ ਸਮਾਂ ਹੋ ਗਿਆ ਸੀ, ਪਰ ਹਵਾ ਰੁਕ ਨਹੀਂ ਰਹੀ ਸੀ। ਹਵਾ ਅਤੇ ਉਚਾਈ ਦੇ ਕਾਰਨ ਠੰਢ ਵੀ ਆਪਣੇ ਵਿਕਰਾਲ ਰੂਪ ਵਿੱਚ ਆ ਗਈ ਸੀ। ਅਸੀਂ ਵੱਡੇ ਟੈਂਟ ਦੇ ਅੰਦਰ ਬੈਠੇ ਹਵਾ ਦੀ ਗਤੀ ਨੂੰ ਮਹਿਸੂਸ ਕਰ ਰਹੇ ਸੀ। ਹਵਾ ਤੋਂ ਬਾਅਦ ਮੀਂਹ ਅਤੇ ਫਿਰ ਮੋਟੀਆਂ ਡਲੀਆਂ ਦੇ ਰੂਪ ਵਿੱਚ ਬਰਫ਼ਬਾਰੀ ਸ਼ੁਰੂ ਹੋ ਗਈ। ਹੌਲੀ-ਹੌਲੀ ਇਹ ਡਲੀਆਂ ਵਾਲੀ ਬਰਫ਼ ਰੂੰ ਦੇ ਫੰਬਿਆਂ ਵਾਂਗ ਆਸਮਾਨ ਤੋਂ ਧਰਤੀ 'ਤੇ ਡਿੱਗਣ ਲੱਗੀ।ਸਾਰੀ ਘਾਟੀ ਦੁਧੀਆ ਰੰਗ 'ਚ ਰੰਗੀ ਗਈ। ਸਾਡੇ ਟਰੈਕ ਦੀ ਇਹ ਪਹਿਲੀ 'ਸਨੋਅ ਫਾਲ' ਸੀ। ਲੱਗਭੱਗ ਦੋ ਘੰਟਿਆਂ ਤੱਕ ਲਗਾਤਾਰ ਬਰਫ਼ ਡਿੱਗਦੀ ਰਹੀ।ਜਦ ਬਰਫ਼ਬਾਰੀ ਥੋੜ੍ਹੀ ਘਟੀ ਤਾਂ ਅਸੀਂ ਆਪਣੇ ਟੈਂਟ ਤੋਂ ਬਾਹਰ ਆ ਕੇ ਆਲਾ-ਦੁਆਲਾ ਦੇਖਿਆ। ਪਹਾੜ, ਜ਼ਮੀਨ, ਖਲਾਅ ਸਭ ਕੁਝ ਚਿੱਟੀ ਚਾਦਰ ਦੀ ਬੁੱਕਲ ਵਿੱਚ ਸੀ। ਪਹਾੜਾਂ ਦੀਆਂ ਦੂਰ ਤੋਂ ਦਿਸਦੀਆਂ ਉੱਚੀਆਂ ਚੋਟੀਆਂ 'ਤੇ ਸੰਘਣੀ ਧੁੰਦ ਛਾਈ ਹੋਈ ਸੀ।ਸਾਡੇ ਟੈਂਟਾਂ ਦੀਆਂ ਛੱਤਾਂ 'ਤੇ ਬਰਫ਼ ਦੀ ਮੋਟੀ ਪਰਤ ਚੜ੍ਹ ਚੁੱਕੀ ਸੀ।ਸਨੋਅ ਫਾਲ ਨੇ ਸਾਡਾ ਸਫ਼ਰ ਹੋਰ ਸੁਹਾਵਣਾ ਕਰ ਦਿੱਤਾ ਸੀ।

ਸਾਡੇ ਟਰੈਕ ਦੇ ਲੀਡਰ ਨੇ ਸਭ ਨੂੰ ਆਵਾਜ਼ ਦਿੱਤੀ ਅਤੇ ਖਾਣਾ ਖਾ ਕੇ ਜਲਦੀ ਸੌਣ ਲਈ ਕਿਹਾ। ਸਾਡਾ ਅਗਲਾ ਦਿਨ ਇਸ ਟਰੈਕ ਦਾ ਸਭ ਤੋਂ ਮੁਸ਼ਕਲ ਦਿਨ ਸੀ, ਕਿਉਂਕਿ ਅਗਲੇ ਦਿਨ ਅਸੀਂ ਇਸ ਟਰੈਕ ਦੀ ਸਿਖਰ ਰੁਪਿਨ ਦੱਰਾ ਪਾਰ ਕਰਨਾ ਸੀ।

ਰਾਤ ਨੂੰ ਗਿਆਰਾਂ ਕੁ ਵਜੇ ਤੱਕ ਮੌਸਮ ਸਾਫ ਹੋ ਗਿਆ ਸੀ। ਅਸੀਂ ਸਵੇਰੇ ਤਿੰਨ ਵਜੇ ਉੱਠੇ ਅਤੇ ਚਾਰ ਵਜੇ ਆਪਣਾ ਸਫ਼ਰ ਸ਼ੁਰੂ ਕਰ ਦਿੱਤਾ।ਚੁਫੇਰੇ ਹਨੇਰਾ ਪੱਸਰਿਆ ਹੋਇਆ ਸੀ। ਸਾਰੇ ਟਰੈਕਰਾਂ ਨੇ ਆਪੋ ਆਪਣੇ ਸਿਰਾਂ 'ਤੇ 'ਹੈੱਡ ਲਾਇਟਾਂ' ਲਾਈਆਂ ਹੋਈਆਂ ਸਨ। ਸਾਡੇ ਸਾਹਮਣੇ ਦੋ ਗਰੁੱਪ ਹੋਰ ਇਸ ਪਹਾੜੀ ਦਰ੍ਹੇ ਨੂੰ ਪਾਰ ਕਰਨ ਦੀ ਜੱਦੋ-ਜਹਿਦ ਵਿੱਚ ਸਨ।

ਲਾਇਟਾਂ ਦੇ ਸਹਾਰੇ ਅਸੀਂ ਪਹਾੜੀ ਦੀ ਤਿੱਖੀ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ। ਜਿੱਥੇ-ਜਿੱਥੇ ਲਾਇਟ ਵੱਜਦੀ, ਰਾਤ ਦੀ ਪਈ ਹੋਈ ਤਾਜ਼ੀ ਬਰਫ਼ ਨਰਮੇ ਦੇ ਖਿੜੇ ਖੇਤਾਂ ਵਾਂਗ ਚਮਕਣ ਲੱਗਦੀ। ਅਸੀਂ ਹੁਣ ਕਾਫੀ ਉਚਾਈ 'ਤੇ ਸਫ਼ਰ ਕਰ ਰਹੇ ਸੀ, ਜਿਸ ਕਾਰਨ ਆਕਸੀਜਨ ਦੀ ਕਮੀ ਮਹਿਸੂਸ ਹੋ ਰਹੀ ਸੀ। ਪੰਜ-ਚਾਰ ਕਦਮ ਚੱਲਣ ਤੋਂ ਬਾਅਦ ਰੁਕਣਾ ਪੈ ਰਿਹਾ ਸੀ।ਸਭ ਦੇ ਸਾਹ ਫੁੱਲੇ ਹੋਏ ਸਨ। ਲੱਗਭੱਗ ਦੋ ਘੰਟਿਆਂ ਦੇ ਸਫ਼ਰ ਬਾਅਦ ਪਹਾੜਾਂ ਦੀਆਂ ਚੋਟੀਆਂ ਤੋਂ ਵਿਰਲੀ-ਵਿਰਲੀ ਪਹੁ ਫੁੱਟ ਰਹੀ ਸੀ। ਬਰਫ਼ ਕਾਰਨ ਪਹਾੜਾਂ 'ਤੇ ਤਿਲਕਣ ਹੋ ਰਹੀ ਸੀ। ਸੱਤਰ ਡਿਗਰੀ ਦੀ ਚੜ੍ਹਾਈ ਚੜ੍ਹਦਿਆਂ ਤਕਲੀਫ ਅਤੇ ਰੋਮਾਂਚਿਕਤਾ ਦਾ ਮਿਲਗੋਭਾ ਹੋ ਰਿਹਾ ਸੀ। ਅਸੀਂ ਆਪਣੀਆਂ ਥਰਮੋਸਾਂ ਵਿੱਚ ਝਰਨਿਆਂ ਦਾ ਵਗਦਾ ਠੰਢਾ ਪਾਣੀ ਭਰਦੇ ਤੇ ਪਸੀਨੋ-ਪਸੀਨੀ ਹੋਏ ਪੀਂਦੇ ਰਹਿੰਦੇ।ਸੂਰਜ ਦੀਆਂ ਰਿਸ਼ਮਾਂ ਨੇ ਬਰਫ਼ ਲੱਦੇ ਪਹਾੜਾਂ 'ਤੇ ਦਸਤਕ ਦਿੱਤੀ ਤਾਂ ਸਾਰੇ ਪਹਾੜ ਮਰਮਰੀ ਰੰਗਾਂ 'ਚ ਚਮਕਣ ਲੱਗ ਪਏ। ਦਿਨ ਪੂਰੀ ਤਰ੍ਹਾਂ ਚੜ੍ਹ ਚੁੱਕਾ ਸੀ। ਹੁਣ ਸਾਡੇ ਸਾਹਮਣੇ ਬਰਫ਼ ਲੱਦਿਆ ਪੱਧਰਾ ਮੈਦਾਨ ਸੀ। ਸਭ ਨੇ ਦਸ ਪੰਦਰਾਂ ਮਿੰਟ ਆਰਾਮ ਕੀਤਾ ਅਤੇ ਅੱਗੇ ਤੁਰਨਾ ਸ਼ੁਰੂ ਕਰ ਦਿੱਤਾ। ਜਿਸ ਜਗ੍ਹਾ 'ਤੇ ਸਾਡਾ ਰਾਹ ਤਿੱਖੀਆਂ ਢਲਾਨਾਂ ਤੋਂ ਗੁਜ਼ਰਦਾ ਸਾਡੇ ਗਾਇਡ ਅਤੇ ਟਰੈਕ ਲੀਡਰ ਆਵਦੇ ਹੱਥ ਫੜ ਕੇ ਮਨੁੱਖੀ ਚੇਨ ਬਣਾ ਲੈਂਦੇ, ਜੋ ਸਾਡੇ ਸੁਰੱਖਿਅਤ ਤੁਰਨ ਵਿੱਚ ਮਦਦਗਾਰ ਸਾਬਿਤ ਹੁੰਦੀ।

ਜਿੱਥੋਂ ਤੱਕ ਨਿਗ੍ਹਾ ਜਾਂਦੀ, ਬਰਫ਼ ਦੇ ਢੇਰ ਦਿਖਾਈ ਦਿੰਦੇ। ਬਰਫ਼ ਦੀਆਂ ਲਿਸ਼ਕੋਰਾਂ ਅੱਖਾਂ ਚੁੰਦਿਆ ਰਹੀਆਂ ਸਨ। ਬਰਫ਼ ਦੇ ਅੰਨ੍ਹੇਪਣ (Snow blindness) ਤੋਂ ਬਚਣ ਲਈ ਸਭ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ, ਇਹ ਇੱਕ ਅਜਿਹੀ ਬਿਮਾਰੀ ਹੈ, ਜੋ ਬਰਫ਼ ਤੇ ਸੂਰਜ ਦੀਆਂ ਕਿਰਨਾਂ ਪੈਣ ਨਾਲ ਅੱਖਾਂ ਨੂੰ ਪ੍ਰਭਾਵਿਤ ਕਰਦੀ ਹੈ।

ਸਭ ਲਗਾਤਾਰ ਤੁਰ ਰਹੇ ਸੀ ਅਤੇ ਕੁਦਰਤ ਦੀ ਇਸ ਵਿਲੱਖਣਤਾ ਦਾ ਆਨੰਦ ਮਾਣ ਰਹੇ ਸੀ।

ਦੱਰ੍ਹੇ ਤੱਕ ਪਹੁੰਚਣ ਦਾ ਇਹ ਪੰਜ ਕਿਲੋਮੀਟਰ ਦਾ ਸਫ਼ਰ ਬਹੁਤ ਜੋਖ਼ਮ ਭਰਿਆ ਸੀ। ਸਾਡੇ ਇੱਕ ਪਾਸੇ ਉੱਚੇ ਪਹਾੜ ਅਤੇ ਦੂਜੇ ਪਾਸੇ ਸੈਂਕੜੇ ਫੁੱਟ ਡੂੰਘੀਆਂ ਘਾਟੀਆਂ ਸਨ।

ਸਾਨੂੰ ਦੂਰ ਪਹਾੜੀ ਤੇ ਝੰਡਾ ਉਡਦਾ ਦਿਖਾਈ ਦਿੱਤਾ ਤਾਂ ਗਾਇਡ ਨੇ ਲੰਬੀ ਬਾਂਹ ਕਰਕੇ ਦੱਸਿਆ ਕਿ ਉਹ ਸਾਹਮਣਾ ਮੰਦਰ ਦੱਰ੍ਹੇ 'ਤੇ ਬਣਿਆ ਹੋਇਆ ਹੈ, ਜਿਸ ਨੂੰ ਅਸੀਂ ਅੱਜ ਪਾਰ ਕਰਨਾ ਹੈ।

ਅਸੀਂ ਹੁਣ ਲੱਗਭੱਗ ਚੌਦਾਂ ਹਜ਼ਾਰ ਫੁੱਟ ਦੀ ਚੜ੍ਹਾਈ 'ਤੇ ਸੀ।ਸਾਡੇ ਸੱਜੇ ਹੱਥ ਬਰਫ਼ ਦੇ ਵਿੱਚੋਂ-ਵਿੱਚ ਇਕ ਛੋਟਾ ਜਿਹਾ ਨਾਲਾ ਵਗ ਰਿਹਾ ਸੀ, ਜਿੱਥੋਂ ਅਸੀਂ ਪੀਣ ਲਈ ਪਾਣੀ ਭਰਿਆ।

ਹੁਣ ਅਸੀਂ ਦੱਰ੍ਹੇ ਦੇ ਬਿਲਕੁਲ ਕੋਲ ਪਹੁੰਚ ਚੁੱਕੇ ਸੀ। ਸਾਡੇ ਸਾਹਮਣੇ ਇਸ ਸਫ਼ਰ ਦੀ ਸਭ ਤੋਂ ਵੱਡੀ ਚੁਣੌਤੀ ਸੀ ਰੁਪਿਨ ਦੱਰ੍ਹਾ, ਜੋ ਸਾਡੇ ਤੋਂ ਸਿਰਫ਼ ਢਾਈ-ਤਿੰਨ ਸੌ ਮੀਟਰ ਦੀ ਦੂਰੀ 'ਤੇ ਸੀ।

ਸਮਾਂ ਸਵੇਰ ਦੇ ਛੇ ਵੱਜ ਚੁੱਕੇ ਸਨ। ਸਭ ਨੇ ਆਪੋ-ਆਪਣੇ ਬੂਟਾਂ ਦੇ ਉੱਤੇ ਕਰੈਂਮਪੌਨ (crampons) ਪਹਿਨ ਲਏ। (ਕਰੈਂਮਪੌਨ ਇੱਕ ਤਰ੍ਹਾਂ ਦਾ ਸੈਂਚਾ ਹੁੰਦਾ ਹੈ, ਜੋ ਬੂਟਾਂ ਦੇ ਉੱਪਰ ਚੜ੍ਹ ਜਾਂਦਾ ਹੈ ਅਤੇ ਇਸ ਦੇ ਥੱਲੇ ਮੇਖਾਂ ਦੀ ਤਰ੍ਹਾਂ ਤਿੱਖੀਆਂ ਪੱਤੀਆਂ ਲੱਗੀਆਂ ਹੁੰਦੀਆਂ ਹਨ, ਜੋ ਬਰਫ਼ ਵਿੱਚ ਤੁਰਨ 'ਚ ਸਾਡੀ ਮਦਦ ਕਰਦੀਆਂ ਹਨ।)

ਇਹ ਸਾਡੇ ਸਫ਼ਰ ਦਾ ਸਭ ਤੋਂ ਵੱਧ ਖ਼ਤਰਨਾਕ, ਤਕਲੀਫਦੇਹ, ਰੋਮਾਂਚਿਕ ਅਤੇ ਮਾਣਮੱਤਾ ਸਮਾਂ ਸੀ।

ਇੱਕ ਗਰੁੱਪ ਸਾਡੇ ਅੱਗੇ ਅਤੇ ਇੱਕ ਗਰੁੱਪ ਸਾਡੇ ਪਿੱਛੇ ਆ ਰਿਹਾ ਸੀ। ਸਾਡੇ ਗਾਇਡ ਨੇ ਸਾਨੂੰ ਸਭ ਨੂੰ ਇਸ ਚੜ੍ਹਾਈ ਲਈ ਸੁਚੇਤ ਕੀਤਾ ਅਤੇ ਕੁਝ ਹਦਾਇਤਾਂ ਦਿੱਤੀਆਂ। ਇਸ ਚੜ੍ਹਾਈ 'ਤੇ ਅਸੀਂ ਪੈਰਾਂ ਨਾਲ ਪੈਰ ਜੋੜ ਕੇ ਤੁਰ ਰਹੇ ਸੀ। ਦੋ ਪਲਾਂਘਾਂ ਪੁੱਟਣ ਤੋਂ ਬਾਅਦ ਕੁੱਬੇ ਹੋਏ ਟਰੈਕਰ ਹਫਣ ਲੱਗਦੇ। ਬਰਫ਼ ਦੀ ਮੋਟੀ ਪਰਤ ਨੇ ਸਾਰੇ ਪਹਾੜ ਢਕੇ ਹੋਏ ਸਨ। ਜਿੱਥੋਂ ਤੱਕ ਵੀ ਨਿਗ੍ਹਾ ਜਾ ਰਹੀ, ਸਭ ਕੁਝ ਦੁਧੀਆ ਦਿਸ ਰਿਹਾ ਸੀ। ਇੰਜ ਲੱਗ ਰਿਹਾ ਸੀ ਜਿਵੇਂ ਸਾਰੀ ਧਰਤੀ ਨੂੰ ਕਿਸੇ ਨੇ ਕਲੀ ਕਰ ਦਿੱਤੀ ਹੋਵੇ। ਬੂਟਾਂ ਥੱਲੇ ਬਰਫ਼ ਦੇ ਸਰਕਣ ਦਾ ਅਹਿਸਾਸ ਅਜੀਬ ਲੁਤਫ ਦੇ ਰਿਹਾ ਸੀ।ਇੱਕ ਦੋ ਪੁਲਾਂਘ ਪੁੱਟਦੇ ਤੇ ਸਾਹਮਣੇ ਝੂਲਦੇ ਝੰਡੇ ਵੱਲ ਦੇਖ ਕੇ ਮਨ ਨੂੰ ਹੌਂਸਲਾ ਦੇ ਛੱਡਦੇ। ਵਾਪਸ ਥੱਲੇ ਨਿਗ੍ਹਾ ਮਾਰਦੇ ਤਾਂ ਮਗਰਲੇ ਗਰੁੱਪ ਦੇ ਬੰਦੇ ਬਰਫ਼ 'ਤੇ ਪਏ ਸ਼ਿੰਭ ਜੇ ਪ੍ਰਤੀਤ ਹੁੰਦੇ। ਅੱਧੀ ਕੁ ਚੜ੍ਹਾਈ ਤੱਕ ਸਭ ਠੀਕ ਸੀ, ਪਰ ਉਸ ਤੋਂ ਬਾਅਦ ਕਈ ਜਣੇ ਹਿੰਮਤ ਹਾਰਨ ਲੱਗੇ।ਜਿਹੜਾ ਵੀ ਟਰੈਕਰ ਕਮਜ਼ੋਰ ਪੈਂਦਾ, ਗਾਇਡ ਉਹਨੂੰ ਹੱਲਾਸ਼ੇਰੀ ਦਿੰਦਾ।ਕੁਝ ਟਰੈਕਰਾਂ ਦਾ ਸਟੈਮਨਾ ਬਿਲਕੁਲ ਖ਼ਤਮ ਹੋ ਚੁੱਕਾ ਸੀ। ਗਾਇਡ ਉਹਨਾਂ ਨੂੰ ਬਾਹਾਂ-ਲੱਤਾਂ ਤੋਂ ਫੜਦੇ ਅਤੇ ਧੂਹ ਕੇ ਸਿਖਰ ਵੱਲ ਲੈ ਜਾਂਦੇ। ਇੱਕ-ਦੂਜੇ ਦੀਆਂ ਪੈੜਾਂ 'ਚ ਪੈਰ ਧਰਦੇ ਅਸੀਂ ਹੌਲੀ-ਹੌਲੀ ਅੱਗੇ ਵਧ ਰਹੇ ਸੀ। ਕਈ ਟਰੈਕਰਾਂ ਦੇ ਪੈਰ ਤਿਲਕੇ, ਕਈ ਡਿੱਗੇ, ਪਰ ਗਾਇਡਾਂ ਨੇ ਸਭ ਸਮੇਂ ਸਿਰ ਸੰਭਾਲ ਲਿਆ।ਹੁਣ ਅਸੀਂ ਦੋ ਪਹਾੜਾਂ ਦੇ ਵਿਚਕਾਰ ਬਣੀ ਇੱਕ ਗਲੀ ਵਿੱਚ ਪਹੁੰਚ ਚੁੱਕੇ ਸੀ।ਸਾਡੀ ਮੰਜ਼ਲ ਸਾਡੇ ਤੋਂ ਚਾਲੀ-ਪੰਜਾਹ ਮੀਟਰ ਦੂਰ ਸੀ। ਇਸ ਰਸਤੇ 'ਤੇ ਚੱਲਣਾ ਥੋੜ੍ਹਾ ਆਸਾਨ ਸੀ, ਕਿਉਂਕਿ ਏਥੇ ਬਰਫ਼ ਦੇ ਥੱਲੇ ਵੱਡੇ ਪੱਥਰ ਲੁਕੇ ਹੋਏ ਸਨ। ਅੱਸੀ ਡਿਗਰੀ ਦੀ ਚੜ੍ਹਾਈ, ਬਰਫ਼ ਦੇ ਭਰੇ ਖ਼ਤਰਨਾਕ ਰਾਹ, ਘੱਟ ਆਕਸੀਜਨ ਅਤੇ ਹੱਡ ਠੀਰਵੀਂ ਠੰਢ ਵਿੱਚ ਸਫ਼ਰ ਨਿਰੰਤਰ ਜਾਰੀ ਸੀ। ਸਵੇਰ ਦੇ ਸਾਢੇ ਅੱਠ ਵਜੇ ਅਸੀਂ ਰੁਪਿਨ ਟਰੈਕ ਦੀ ਸਿਖ਼ਰ 'ਤੇ ਪਹੁੰਚ ਚੁੱਕੇ ਸੀ। ਸਾਰੇ ਜਣੇ ਆਪਣੀ ਇਸ ਪ੍ਰਾਪਤੀ 'ਤੇ ਮਾਣ ਕਰ ਰਹੇ ਸੀ ਅਤੇ ਪਹਾੜੀ ਚੋਟੀ ਨੂੰ ਨਮਸਕਾਰ ਕਰ ਰਹੇ ਸੀ।

ਹੁਣ ਸਾਡੇ ਪਿਛਲੇ ਪਾਸੇ ਰੁਪਿਨ ਘਾਟੀ ਅਤੇ ਅਗਲੇ ਪਾਸੇ ਸਾਂਗਲਾ ਘਾਟੀ ਸੀ। ਚਿੱਟੀਆਂ ਹੋਈਆਂ ਪਹਾੜੀ ਲੜੀਆਂ ਡਾਰ 'ਚ ਉੱਡਦੇ ਬਗਲਿਆਂ ਵਾਂਗ ਲੱਗ ਰਹੀਆਂ ਸੀ। ਅਸੀਂ ਪੰਦਰਾਂ ਹਜ਼ਾਰ ਤਿੰਨ ਸੌ ਪੰਜਾਹ ਫੁੱਟ ਦੀ ਉਚਾਈ ਤੋਂ ਕੁਦਰਤ ਨੂੰ ਨਿਹਾਰ ਰਹੇ ਸੀ।ਸਾਰੀ ਟੀਮ ਪੰਦਰਾਂ-ਵੀਹ ਮਿੰਟ ਤੱਕ ਉੱਪਰ ਰੁਕੀ ਅਤੇ ਫਿਰ ਸਾਂਗਲਾ ਵੈਲੀ ਵੱਲ ਥੱਲੇ ਉਤਰਨਾ ਸ਼ੁਰੂ ਕਰ ਦਿੱਤਾ। ਸਾਡਾ ਅਜੇ ਤੱਕ ਬਾਰਾਂ-ਤੇਰਾਂ ਕਿਲੋਮੀਟਰ ਲੰਬਾ ਸਫ਼ਰ ਬਾਕੀ ਸੀ। ਬਰਫ਼ੀਲੇ ਪਹਾੜਾਂ ਤੋਂ ਉਤਰਨਾ ਚੜ੍ਹਨ ਤੋਂ ਵੀ ਜ਼ਿਆਦਾ ਖ਼ਤਰਨਾਕ ਹੁੰਦਾ ਹੈ। ਸਵੇਰੇ ਨੌਂ ਵਜੇ ਦਾ ਸਮਾਂ ਸੀ, ਜਿਵੇਂ-ਜਿਵੇਂ ਧੁੱਪ ਚੜ੍ਹ ਰਹੀ ਸੀ, ਬਰਫ਼ ਨਰਮ ਹੋ ਰਹੀ ਸੀ।ਨਰਮ ਬਰਫ਼ 'ਤੇ ਤਿਲਕਣ ਦਾ ਖ਼ਤਰਾ ਵਧੇਰੇ ਹੋ ਜਾਂਦਾ ਹੈ। ਬਰਫ਼ੀਲੇ ਰਾਹਾਂ 'ਤੇ ਸਫ਼ਰ ਨਿਰੰਤਰ ਜਾਰੀ ਸੀ। ਸਾਡੇ ਪੈਰਾਂ ਥੱਲੇ ਚਿੱਟੀ ਧਰਤੀ ਅਤੇ ਸਿਰ ਉੱਤੇ ਨੀਲਾ ਆਸਮਾਨ ਸੀ।

ਸਵੇਰ ਦੇ ਸਾਢੇ ਦਸ ਗਿਆਰਾਂ ਵਜੇ ਤੱਕ ਧੁੱਪ ਕਾਫੀ ਨਿਕਲ ਚੁੱਕੀ ਸੀ।ਨਾਲਿਆਂ 'ਚ ਜੰਮਿਆ ਪਾਣੀ ਗਤੀਹੀਣ ਪਾਣੀ ਵਾਪਸ ਆਪਣੀ ਗਤੀ ਵਿੱਚ ਆ ਰਿਹਾ ਸੀ।

ਖੁਸ਼ਕ ਬਰਫ਼ ਆਪਣਾ ਰਵੱਈਆ ਨਰਮ ਕਰ ਰਹੀ ਸੀ। ਜਿਵੇਂ ਬਰਫ਼ ਖੁਰ ਰਹੀ ਸੀ, ਸਾਨੂੰ ਤੁਰਨ ਵਿੱਚ ਸਮੱਸਿਆ ਵਧ ਰਹੀ ਸੀ। ਰਸਤੇ 'ਚ ਬਹੁਤ ਥਾਵਾਂ 'ਤੇ ਖ਼ਤਰਨਾਕ ਢਲਾਨਾਂ ਆਈਆਂ, ਜੋ ਅਸੀਂ ਆਪਣੇ ਟਰੈਕ ਲੀਡਰ ਅਤੇ ਗਾਇਡ ਦੀ ਮਦਦ ਨਾਲ ਪਾਰ ਕੀਤੀਆਂ।ਜਿਵੇਂ-ਜਿਵੇਂ ਸਮਾਂ ਬੀਤ ਰਿਹਾ ਸੀ, ਸਾਡਾ ਗਰੁੱਪ ਕਈ ਛੋਟੇ ਗਰੁੱਪਾਂ ਵਿੱਚ ਟੁੱਟ ਰਿਹਾ ਸੀ।ਸਭ ਦੀ ਚਾਲ ਮੱਧਮ ਪੈ ਰਹੀ ਸੀ।ਸਾਡੇ ਵਿੱਚੋਂ ਕੁਝ ਟਰੈਕਰ ਬੁਰੀ ਤਰ੍ਹਾਂ ਥੱਕ ਚੁੱਕੇ ਸਨ।ਚੁਫੇਰੇ ਸੁੰਨ ਪੱਸਰੀ ਹੋਈ ਸੀ।

ਪਹਾੜਾਂ 'ਤੇ ਸਫ਼ਰ ਕਰਦਿਆਂ ਅਜਿਹਾ ਸਮਾਂ ਵੀ ਆਉਂਦਾ ਹੈ, ਜਦ ਕਿਸੇ ਦਾ ਵੀ ਬੋਲਣ ਨੂੰ ਦਿਲ ਨਹੀਂ ਕਰਦਾ ਹੁੰਦਾ। ਅਜਿਹਾ ਘੱਟ ਆਕਸੀਜਨ ਅਤੇ ਵੱਧ ਜ਼ੋਰ ਲੱਗਣ ਕਾਰਨ ਵਾਪਰਦਾ ਹੈ।ਬਾਅਦ ਦੁਪਹਿਰ ਤੱਕ ਟਰੈਕ 'ਤੇ ਹਰਿਆਲੀ ਵਾਪਸ ਆ ਰਹੀ ਸੀ। ਘਾਹ ਦੀਆਂ ਸੁੱਕੀਆਂ ਤਿੜ੍ਹਾਂ ਦਿਸਣ ਲੱਗੀਆਂ ਸਨ।ਬਰਫ਼ੀਲੇ ਮਰਮਰੀ ਰਾਹ ਮਟਮੈਲੇ ਰੰਗਾਂ 'ਚ ਬਦਲ ਗਏ ਸਨ।ਸ਼ਾਮ ਦੇ ਦੋ ਵਜੇ ਤੱਕ ਅਸੀਂ ਹਰੀਆਂ ਚਰਾਂਦਾਂ ਵਿੱਚ ਵਾਪਸ ਆ ਗਏ ਸੀ। ਸਾਡੀ ਅੱਜ ਦੀ ਕੈਂਪ ਸਾਇਟ ਸਾਂਗਲਾ ਸ਼ਹਿਰ ਦੇ ਥੱਲੜੇ ਹਿੱਸੇ ਵਿੱਚ ਸੀ। ਸਵੇਰ ਦੇ ਚਾਰ ਵਜੇ ਤੋਂ ਸ਼ੁਰੂ ਹੋਇਆ ਸਫ਼ਰ ਅਜੇ ਤੱਕ ਜਾਰੀ ਸੀ। ਅਸੀਂ ਵਾਪਸ ਚੀਲ੍ਹ ਦੇ ਰੁੱਖਾਂ ਵਿੱਚ ਪਹੁੰਚ ਚੁੱਕੇ ਸੀ। ਰੁਪਿਨ ਵੈਲੀ ਤੋਂ ਸਾਂਗਲਾ ਵੈਲੀ ਵਿੱਚ। ਸ਼ਾਮ ਚਾਰ ਵਜੇ ਤੱਕ ਕਈ ਖ਼ਤਰਨਾਕ ਰਾਹਾਂ 'ਚੋਂ ਗੁਜ਼ਰਦਿਆਂ ਅਸੀਂ ਆਪਣਾ ਰੋਮਾਂਚਿਕ ਪਹਾੜੀ ਸਫ਼ਰ ਮੁਕੰਮਲ ਕਰ ਲਿਆ ਸੀ। ਅਸੀਂ ਆਪਣੇ ਟੈਂਟਾਂ ਵਿੱਚ ਪਹੁੰਚ ਚੁੱਕੇ ਸੀ।ਕੁਝ ਦੋਸਤ ਸਾਨੂੰ ਰਸਤੇ 'ਤੇ ਆਉਂਦੇ ਹੋਏ ਦਿਸੇ ਅਤੇ ਕੁਝ ਅਜੇ ਉਹਨਾਂ ਤੋਂ ਵੀ ਪਿੱਛੇ ਸਨ। ਸ਼ਾਮ ਤੱਕ ਸਾਰੇ ਜਣੇ ਇਕੱਠੇ ਹੋਏ, ਸਭ ਨੇ ਆਪੋ-ਆਪਣਾ ਤਜਰਬਾ ਸਾਂਝਾ ਕੀਤਾ। ਅਗਲੇਰੇ ਦਿਨ ਸਭ ਆਪੋ ਆਪਣੇ ਘਰਾਂ ਵੱਲ ਰਵਾਨਾ ਹੋ ਗਏ।

—ਦੇਵ ਕੁਰਾਰੀਵਾਲਾ

ਮੋਬਾ. 94134-00053

## ਬਾਲ ਕੋਨਾ




ਸੁਮਨਪ੍ਰੀਤ ਕੌਰ, ਪੰਜਵੀ, ਸ. ਪ੍ਰਾ. ਸ. ਉੱਡਤ ਭਗਤ ਰਾਮ, ਮਾਨਸਾ



ਯਾਸ਼ਿਕਾ ਮਾਹਵਰ, ਦੂਜੀ, ਡਾਲਫਿਨ ਪਲੇਵੇ ਪਬਲਿਕ ਸਕੂਲ, ਸ੍ਰੀ ਮੁਕਤਸਰ ਸਾਹਿਬ

### ਪੰਛੀ ਪਿਆਰੇ

ਸੁਬਹ ਸੁਬਹ ਪੰਛੀ ਚਹਿਚਹਾਉਂਦੇ।
ਸੁਨੇਹਾ ਚਾਨਣ ਦਾ ਲਿਆਉਂਦੇ॥

ਉੱਠੋ ਜਾਗੋ ਚਾਦਰ ਆਲਸ ਦੀ ਹਟਾਓ।
ਕਹਿਣ ਪੰਛੀ ਬੱਚਿਓ ਸਕੂਲ ਜਾਓ॥

ਇਹਨਾਂ ਵਾਂਗ ਲਾਓ ਉੱਚੀ ਉਡਾਰੀ।
ਨਵੀਆਂ ਮੰਜ਼ਿਲਾਂ ਦੀ ਕਰੋ ਤਿਆਰੀ॥

ਪੰਛੀ ਨਾਂ ਮਿਹਨਤ ਤੋਂ ਘਬਰਾਉਂਦੇ।
ਇੱਕਠੇ ਕਰ ਤਿਨਕੇ ਆਲ੍ਹਣੇ ਬਣਾਉਂਦੇ॥

ਸਾਥੋਂ ਚੰਗਾ ਪੰਛੀਆਂ ਦਾ ਭਾਈਚਾਰਾ।
ਰਲ ਮਿਲ ਵੇਖੋ ਇਹ ਕਰਨ ਗੁਜ਼ਾਰਾ॥

ਪਾਣੀ ਰੱਖੋ ਤੇ ਚੋਗਾ ਵੀ ਖਿਲਾਰੋ।
ਬੇਜ਼ੁਬਾਨਾਂ ਨੂੰ ਨਾ ਕਦੇ ਵੀ ਮਾਰੋ॥

ਕਈ ਰੰਗਾਂ ਵਾਲੇ ਨੇ ਪੰਛੀ ਪਿਆਰੇ।
ਅਜ਼ਬ ਜਿਹੇ ਨੇ ਕੁਦਰਤ ਦੇ ਨਜ਼ਾਰੇ॥

ਵਿਵੇਕ ਪੰਛੀ ਨੇ ਮਨ ਨੂੰ ਭਾਉਂਦੇ।
ਬਣ ਜਦੋਂ ਇਹ ਡਾਰ ਨੇ ਆਉਂਦੇ॥

- ਵਿਵੇਕ ਕੋਟ ਈਸੇ ਖਾਂ

